ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free



26 ਦਸੰਬਰ 1893 : ਜਨਮ ਦਿਨ – ਚੀਨੀ ਇਨਕਲਾਬ ਦੇ ਆਗੂ ਮਾਓ ਜ਼ੇ ਤੁੰਗ

ਸਾਲ : 5 ਅੰਕ : 12 Phone : 780 465 9118, 403 830 7007, 204 510 6284 : Fax: 780 465 0661, e-mail: info@nawidunia.com ਦਸੰਬਰ (December) 2014



.... ਸਮਰਪਿਤ ਕੈਲੰਡਰ ਜਾਰੀ ਪੰਨਾ-3



ਫੂਡ ਬੈਂਕ ਨੂੰ ਚੈੱਕ ਅਤੇ ਫੂਡ ਭੇਟ ਪੰਨਾ-9



ਸੂਫ਼ੀਆਨਾ ਗਾਇਕੀ ਨੂੰ ਸਮਰਪਤ ਦੇਵ ਦਿਲਦਾਰ ਪੰਨਾ-27



ਗੁਲਾਬੀ ਗੈਂਗ ਤੇ ਵਿਅਕਤੀ ਦੀ ਨਿਜਤਾ ਪੰਨਾ-48

### ਇਹ ਕੇਹੀ ਇਬਾਦਤ ?

# ਪਾਕਿ ’ਚ ‘ਮਾਸੂਮ ਅੱਲਾ’ ਕਤਲ



## ਪਾਕਿਸਤਾਨ ’ਚ ਤਖ਼ਤਾ ਪਲਟਣ ਦਾ ਖ਼ਦਸ਼ਾ

ਪੇਸ਼ਾਵਰ, (ਨਦਬ) ਬੱਚਿਆਂ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਹੈ ਤੇ ਇਉਂ ਲਗਦਾ ਹੈ ਕਿ ਇਥੋਂ ਦੇ ਆਰਮੀ ਸਕੂਲ ’ਤੇ ਹਮਲਾ ਕਰ ਕੇ ਤਾਲਿਬਾਨਾਂ ਨੇ ਇਬਾਦਤ ਦੇ ਨਾਂਅ ’ਤੇ 132 ਬੱਚਿਆਂ ਨੂੰ ਮਾਰ ਕੇ ‘ਅੱਲਾ’ ਦਾ ਹੀ ਕਤਲ ਕੀਤਾ ਹੈ। ਹਮਲੇ ਨੂੰ ਪਾਕਿਸਤਾਨ ਦਾ ਹੁਣ ਤਕ ਦਾ ਸਭ ਤੋਂ ਘਿਨਾਉਣਾ ਹਮਲਾ ਕਿਹਾ ਜਾ ਰਿਹਾ ਹੈ। ਇਸ ਹਮਲੇ ਵਿਚ ਕੱਟੜਪੰਥੀਆਂ ਨੇ ਸਕੂਲ ’ਚ ਵੜ ਕੇ 132 ਬੱਚਿਆਂ ਸਮੇਤ 142 ਤੋਂ ਜ਼ਿਆਦਾ ਲੋਕਾਂ ਨੂੰ ਮਾਰ ਦਿੱਤਾ। ਇਹ ਵੀ ਖ਼ਬਰਾਂ ਆ ਰਹੀਆਂ ਹਨ ਕਿ ਇਸ ਹਮਲੇ ਤੋਂ ਬਾਅਦ ਪਾਕਿਸਤਾਨ ਵਿਚ ਤਖ਼ਤਾ ਪਲਟਣ ਦਾ ਖ਼ਦਸ਼ਾ ਵੱਧ ਗਿਆ ਹੈ। ਹਮਲੇ ਨੂੰ ਲੈ ਕੇ ਤਾਲਿਬਾਨ ਦੇ ਦੋ ਧੜਿਆਂ ’ਚ ਵੀ ਫੁੱਟ ਦਿਖਾਈ ਦੇ ਰਹੀ ਹੈ।

☛ ਬਾਕੀ ਸਫ਼ਾ 41 ’ਤੇ

## ਸਿਡਨੀ ’ਚ ਦਹਿਸ਼ਤਗਰਦ ਸਣੇ ਤਿੰਨ ਜਣੇ ਹਲਾਕ

ਸਿਡਨੀ (ਨਦਬ) : ਸੈਂਟਰਲ ਸਿਡਨੀ ਦੇ ਮਾਰਟਨ ਪੈਲਿਸ ਵਿਚ ਚੌਕਲੇਟ ਕੈਫ਼ੇ ਵਿਚੋਂ ਬੰਦਕਾਂ ਨੂੰ ਛੁਡਾ ਲਿਆ ਗਿਆ ਹੈ। ਪਰ ਇਸ ਅਪ੍ਰੇਸ਼ਨ ਵਿਚ ਇਕ ਦਹਿਸ਼ਤਗਰਦ ਸਣੇ ਤਿੰਨ ਵਿਅਕਤੀ ਮਾਰੇ ਗਏ ਹਨ। ਛੁਡਾਏ ਗਏ ਬੰਦਕਾਂ ਵਿਚ ਦੋ ਭਾਰਤੀ ਵੀ ਹਨ। ਮਾਰੇ ਜਾਣ ਵਾਲੇ ਵਿਅਕਤੀਆਂ ਵਿਚ ਕੈਫ਼ੇ ਨੇ ਮੈਨੇਜਰ 34 ਸਾਲਾ ਟੋਰੀ ਜਮਸਨ ਤੇ 38 ਸਾਲ ਦੀ ਇਕ ਮਹਿਲਾ ਵਕੀਲ ਕਟਰੀਨਾ ਡਾਵਸਨ ਸ਼ਾਮਲ ਹਨ। ਇਸ ਹਮਲੇ ਵਿਚ ਇਕ ਪੁਲਿਸ ਮੁਲਾਜ਼ਮ ਸਣੇ ਚਾਰ ਜਣੇ ਜ਼ਖ਼ਮੀ ਵੀ ਹੋਏ ਹਨ।

☛ ਬਾਕੀ ਸਫ਼ਾ 41 ’ਤੇ

# ਅਲਬਰਟਾ ਵਿਰੋਧੀ ਧਿਰ ਤੋਂ ਹੋ ਸਕਦਾ ਹੈ ਸੱਖਣਾ

## ਵਾਈਲਡਰੋਜ਼ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਵਿੱਚ ਸ਼ਮੂਲੀਅਤ ਸੰਭਵਨਾ, ਛੇਤੀ ਹੀ ਹੋ ਸਕਦਾ ਹੈ ਐਲਾਨ

ਐਡਮਿੰਟਨ, (ਨਦਬ) : ਅਲਬਰਟਾ ਦੇ ਸਿਆਸੀ ਹਲਕਿਆਂ ਵਿੱਚ ਲੰਮੇ ਸਮੇਂ ਤੋਂ ਇਸ ਗੱਲ ਨੂੰ ਲੈ ਕੇ ਚਰਚਾ ਸੀ ਕਿ ਵਿਰੋਧੀ ਧਿਰ ਵਜੋਂ ਜਾਣੀ ਜਾਂਦੀ ਵਾਈਲਡਰੋਜ਼ ਪਾਰਟੀ ਕਦੇ ਵੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਵਿੱਚ ਸ਼ਾਮਿਲ ਹੋ ਕੇ ਅਲਬਰਟਾ ਨੂੰ ਵਿਰੋਧੀ ਧਿਰ ਤੋਂ ਸੱਖਣਾ ਕਰ ਸਕਦੀ ਹੈ। ਇਸ ਗੱਲ ਦੀ ਸੰਭਾਵਨਾ ਉਦੋਂ ਹੋਰ ਵੀ ਵਧ ਗਈ ਜਦੋਂ ਸੂਬੇ ਦੀ ਵਗਡੋਰ ਜਿਮ ਪ੍ਰੈਨਟਿਸ ਦੇ ਹੱਥਾਂ ਵਿੱਚ ਆਈ। ਕਿਹਾ ਜਾ ਰਿਹਾ ਸੀ ਕਿ ਐਲੀਸਨ ਰੈਡਫੋਰਡ ਨੂੰ ਇਸ ਕਰਕੇ ਹੀ ਪਿੱਛੇ ਹਟਾਇਆ ਗਿਆ ਹੈ ਤਾਂ ਜੋ ਸੂਬੇ ਦੀ ਸਿਆਸਤ ਵਿੱਚ ਵੱਡੀਆਂ ਤਬਦੀਲੀਆਂ ਕੀਤੀਆਂ ਜਾ ਸਕਣ। ਇਸਦੇ ਨਤੀਜੇ ਵੀ ਹੁਣ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਵਾਈਲਡਰੋਜ਼ ਪਾਰਟੀ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਵਿੱਚ ਸ਼ਮੂਲੀਅਤ ਦੀ ਖ਼ਬਰ ਪਿਛਲੇ ਕੁੱਝ ਦਿਨਾਂ ਤੋਂ ਸੂਬੇ ਦੀ ਸਭ ਤੋਂ ਵੱਡੀ ਸਿਆਸੀ ਖ਼ਬਰ ਬਣੀ ਹੋਈ ਹੈ। ਸੂਤਰਾਂ ਮੁਤਾਬਿਕ ਪ੍ਰੀਮੀਅਰ ਜਿਮ ਪ੍ਰੈਨਟਿਸ ਨਾਲ ਇਸ ਮਸਲੇ ਨੂੰ ਲੈ ਕੇ ਲਗਾਤਾਰ ਗੱਲਬਾਤ ਹੋ ਰਹੀ ਹੈ। ਜੇਕਰ ਸੂਤਰਾਂ ਦੀ ਜਾਣਕਾਰੀ ‘ਤੇ ਭਰੋਸਾ ਕੀਤਾ ਜਾਵੇ ਤਾਂ ਸਥਿਤੀ ਇਹ ਹੈ ਕਿ ਜੇਕਰ ਸ਼ਮੂਲੀਅਤ ਦੀ ਗੱਲਬਾਤ ਕਿਸੇ ਕਾਰਣ ਕਰਕੇ ਸਿਰੇ ਨਹੀਂ ਵੀ ਚੜ੍ਹਦੀ ਤਾਂ ਕੁੱਝ ਨੁਕਤਿਆਂ ਨੂੰ ਲੈ ਕੇ ਸਾਂਝ ਦੀ ਗੱਲ ਨਿਸਚਿਤ ਤੌਰ ‘ਤੇ ਹੋਵੇਗੀ।

☛ ਬਾਕੀ ਸਫ਼ਾ 41 ’ਤੇ

Zy Tech
BUILDING SYSTEMS
SAM AWARDS WINNER
SAM AWARDS WINNER
AWARDS WINNER
Roof Trusses
Floor Systems
Lumber
Stairs
Tall Wall
Wall Panel
Floor Panel
ਅਸੀਂ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਬਣਾਉਣ ਵਾਸਤੇ ਰੂਫ ਟਰੱਸਜ਼, ਫਲੋਰ ਸਿਸਟਮ, ਲੰਬਰ ਪੈਕੇਜ ਅਤੇ ਸਟੇਅਰਜ਼ ਸਪਲਾਈ ਕਰਦੇ ਹਾਂ, ਜ਼ਿਆਦਾ ਜਾਣਕਾਰੀ ਲਈ ਸਾਡੀ ਨੇੜੇ ਦੀ ਲੁਕੇਸ਼ਨ ’ਤੇ ਸੰਪਰਕ ਕਰੋ।
ਰਘੁਬੀਰ ਸਿੰਘ ਭੰਡਾਲ 780-980-9192
ਜਸਪਾਲ ਸਿੰਘ ਭੰਡਾਲ: 403-912-3232
BALZAC (CALGARY) 262029 Balzac Blvd Balzac, AB T4B 2T3 Phone: 403-912-3232, Fax: 403-226-8776 Please Contact : Jaspal Bhandal jaspal@zytechtruss.com
Springbrook (Red Deer) Hanger 3, 3800 Airport Drive, Springbrook, AB T4S 0E2. Phone 403-348-0095 Fax 403 348 0096 Email:rdsales@zytechtruss.com HELP WANTED
Leduc (Edmonton) 3907 77th Ave Leduc Alberta T9E 0B7 Phone : 780-980-9192 Fax : 780-980-9193 Please Contact: Raghubir Bhandal garry@zytechtruss.com
Saskatoon Yard #5 Cory Place, RM of Corman Park, Martensville Saskatoon Tel : 306 477 3232 Fax : 306 477 3233 Email:rajeshn@zytechtruss.com HELP WANTED

LUTHRA LAW GROUP
FREE CASE EVALUTION
- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation
Services in Hindi, Punjabi, Urdu & Arabic
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿਚ ਸੇਵਾਵਾਂ ਲਈ ਮਿਲੋ
Sarjan Luthra B.Sc, L.L.B
SARJAN LUTHRA TEAM
Barrister, Solicitor & Notary Public
780-466-4660 Fax : 780-463-4205

3rd in CANADA for Century 21-2005
Century 21 Canada Masters
Hall of fame inductee
Sweg Deol
"Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
Sweg Deol
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell : (780) 951-9873 Bus: (780) 434-4700

Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖ਼ਰੀਦਣ ਲਈ
ਨੁਸਰਤ ਅਲੀ ਅਖ਼ਤਰ ਨੂੰ ਸੰਪਰਕ ਕਰੋ
REALTY EXECUTIVES
780-994-1600 (Cell)
780-450-6300 (24 Hrs)
Fax : 780-450-6670
Nusrat Ali Akhtar
Email : aakhtar@realtyexecutives.com
4107-99 St NW, Edmonton

ANOVA DRIVING SCHOOL
The World Belongs To Your Rear View Mirror
ਕਾਰ ਚਲਾਉਣੀ ਸਿੱਖੋ
Badan Sehrawat
- Class 7 Preparation
- Class 5 GDL Training
- Class 5 Full License
- Class 4 License
- Defensive Driving Course
- Insurance Reduction Certificate
- Basic & Advanced Road Test
- Experienced & Certified Trainers
- Car Available For Road Test
- Transportation Of Dangerous Goods
Phone : 780-709-6525
admin@anovacanada.com
www.anovacanada.com

ALL INDIA
RESTAURANT & SWEETS
Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

- CRIMINAL LAW
- REAL ESTATE LAW
- IMMIGRATION LAW
- FAMILY LAW
- BUSINESS LAW
- WILLS AND ESTATE
- CIVIL LAW
- BUILDERS LIEN
Enter The Courtoom With Confidence
Phone: 780-469-0045/46 Fax: 780-469-0096
If arrested do not give up your rights unless you speak to us. we will fight tough for your rights.
VLG Lawyers*
Barrister & Solicitors and Notaries
Gurpreet Singh Gill*
Kevin E Moore*
Lionel Chartrand*
*AN ASSOCIATION OF INDEPENDENT LAWYERS*
CONTACT OUR OFFICE AT: #204, 9252 34 Ave, Edmonton, AB T6E 5P2
FOR URGENT BAIL AND DEPORTATION MATTERS CALL US AT : 780-982-6806 OR 780-200-8352



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal
In Town
**3 For 1**
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche



Kuldip S. Powar

# POWAR
## HOMES LTD.
Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਬੇਸਮਾਊਂਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ, ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ ਰਣਜੀਤ ਸਿੰਘ ਪਵਾਰ ਅਤੇ ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.



Ranjit S. Powar

Fax: 780-406-6797
Email: ranjit_pawar@hotmail.com

Contact At:
Ph: 780-695-6595

# Indo Canadian Grocery Store & Movies



ਜਿਥੋਂ ਤੁਸੀਂ ਸਾਫ਼ ਸੁਥਰੀ ਤੇ ਵਧੀਆ ਗਰੋਸਰੀ, ਹਰੀਆਂ ਤੇ ਤਾਜ਼ੀਆਂ ਸਬਜ਼ੀਆਂ, ਫਲ-ਫਰੂਟ, ਡੇਅਰੀ, ਪੂਜਾ ਦਾ ਸਾਮਾਨ ਤੇ ਗਿਫ਼ਟ ਆਇਟਮਾਂ ਵਾਜਬ ਰੇਟਾਂ 'ਤੇ ਖਰੀਦ ਸਕਦੇ ਹੋ।

ਨਵੀਆਂ ਤੇ ਪੁਰਾਣੀਆਂ ਹਿੰਦੀ, ਪੰਜਾਬੀ ਮੂਵੀਜ਼ ਦੀ ਸੀ.ਡੀ. ਅਤੇ ਡੀ.ਵੀ.ਡੀ.



Repair for Computer, Laptop & all kind of I-Phones



ਲੈਪਟਾਪ, ਕੰਪਿਊਟਰ ਤੇ ਮੋਬਾਈਲ ਦੀ ਤਸੱਲੀਬਖ਼ਸ਼ ਰਿਪੇਅਰ



Ph. 780-485-5838

ਤੁਸੀਂ ਸਾਡੇ ਕੋਲੋਂ ਕੂਕਰ, ਪਤੀਲੇ, ਪਰਾਤਾਂ, ਗਲਾਸ, ਕੌਲੀਆਂ, ਥਾਲ, ਚਮਚੇ, ਗੜਵੀਆਂ, ਜੱਗ ਅਤੇ ਹਰ ਤਰ੍ਹਾਂ ਦੇ ਬਰਤਨ ਸਸਤੇ ਰੇਟ 'ਤੇ ਲੈ ਸਕਦੇ ਹੋ।

rajan.kumar54@yahoo.com 3305 - 43Ave. Edmonton, AB

# PRITPAL KOONER
CGA PROFESSIONAL CORPORATION
## Certified General Accountant
### Professional Accounting & Tax Services



- Complete Accounting & Book-keeping
- Personal & Corporate Taxation
- Financial Statement Preparation

ਟੈਕਸ ਸੰਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲਈ ਕਾਲ ਕਰੋ।

**Ph:(780) 469-4985**
Fax: (780) 469-4926
Unit# 218, 4128A-97 Street, Edmonton, AB T6E 5Y6
Email: pritpal@koonercpa.com Web: www.koonercpa.com

# EAGLEROCK GOLF COURSE
## 50549, RANGE ROAD 234 EDMONTON, AB

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





Eaglerock GOLF COURSE

ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.
www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**

# ALPHA
## Tent Rentals
All Events Big or Small

We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment,** Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**





# ਸ਼ਹੀਦ ਭਾਈ ਮੇਵਾ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਨੂੰ ਸਮਰਪਤ ਕੈਲੰਡਰ ਜਾਰੀ

ਸਰੀ, (ਨਦਬ) : ਪਿਛਲੇ ਦਿਨੀਂ ਸਰੀ ਵਿੱਚ ਮੇਵਾ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦੀ ਸੌ ਸਾਲਾ ਸ਼ਹਾਦਤ ਨੂੰ ਸਮਰਪਿਤ ਕੈਲੰਡਰ ਜਾਰੀ ਕੀਤਾ ਗਿਆ। ਜ਼ਿਕਰਯੋਗ ਹੈ ਕਿ ਭਾਈ ਮੇਵਾ ਸਿੰਘ ਨੂੰ 11 ਜਨਵਰੀ 1915 'ਚ ਵੈਨਕੂਵਰ ਵਿਖੇ ਇਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਹੌਪਕਿੰਸਨ ਦੇ ਕਤਲ ਦੇ ਦੋਸ਼ ਵਿੱਚ ਫਾਂਸੀ 'ਤੇ ਲਟਕਾਇਆ ਗਿਆ ਸੀ। ਇਸੇ ਤਰ੍ਹਾਂ ਹੀ ਕਰਤਾਰ ਸਿੰਘ ਸਰਾਭਾ ਨੂੰ ਵੀ 16 ਮਈ 1915 ਵਿੱਚ ਬ੍ਰਿਟਿਸ਼ ਰਾਜ ਦੇ ਖਿਲਾਫ਼ ਬਗ਼ਾਵਤ ਕਰਨ ਦੇ ਦੋਸ਼ ਵਿੱਚ ਫਾਂਸੀ ਦਿੱਤੀ ਗਈ ਸੀ। ਇਹਨਾਂ ਦੋਵੇਂ ਕ੍ਰਾਂਤੀਕਾਰੀਆਂ ਦਾ ਸਬੰਧ ਗ਼ਦਰ ਪਾਰਟੀ ਨਾਲ



ਸੀ। ਇਹਨਾਂ ਦੀ ਸ਼ਹਾਦਤ ਨੇ ਅੰਗਰੇਜ਼ਾਂ ਖਿਲਾਫ਼ ਇੱਕ ਵੱਡੀ ਮੁਹਿੰਮ ਨੂੰ ਖੜਾ ਕਰ ਦਿੱਤਾ ਸੀ।

ਇਹ ਕੈਲੰਡਰ ਰੈਡੀਕਲ ਦੇਸੀ ਪਬਲੀਕੇਸ਼ਨਜ਼ ਲਿਮਿਟਡ, ਮਹਿਕ ਪੰਜਾਬ ਦੀ ਅਤੇ ਪੀਪਲਜ਼ ਵਾਇਸ ਨੇ ਸਪਾਈਸ ਰੇਡਿਓ, ਫਰੇਜ਼ਰ ਵੈਲੀ ਪੀਸ ਕੌਂਸਲ ਅਤੇ ਸ਼ਹੀਦ ਮੇਵਾ ਸਿੰਘ ਸੁਸਾਇਟੀ ਦੇ ਸਹਿਯੋਗ ਨਾਲ ਛਾਪ ਕੇ ਜਾਰੀ ਕੀਤਾ ਹੈ। ਕੈਲੰਡਰ 'ਤੇ ਲਾਈਆਂ ਸ਼ਹੀਦਾਂ ਦੀਆਂ ਤਸਵੀਰਾਂ ਮਹਾਨ ਚਿੱਤਰਕਾਰ ਜਰਨੈਲ ਸਿੰਘ ਵੱਲੋਂ ਤਿਆਰ ਕੀਤੀਆਂ ਗਈਆਂ ਹਨ। ਕੈਲੰਡਰ ਨੂੰ ਜਾਰੀ ਕਰਨ ਦੀ ਰਸਮ ਸਾਊਥ ਏਸ਼ੀਅਨ ਕਮਿਊਨਿਟੀ ਐਲਡਰਜ਼, ਗ਼ਦਰੀ ਨਰੰਜਨ ਸਿੰਘ ਪੰਡੋਰੀ ਦੇ ਪੋਤੇ ਮਨਜੀਤ ਢਿੱਲੋਂ ਤੇ ਹਰਜੀਤ ਢਿੱਲੋਂ ਵੱਲੋਂ ਨਿਭਾਈ ਗਈ। ਇਸ ਤੋਂ ਇਲਾਵਾ ਇਸ ਮੌਕੇ ਕਈ ਖੱਬੀਆਂ ਪਾਰਟੀਆਂ ਨਾਲ ਜੁੜੇ ਆਗੂ ਵੀ ਹਾਜ਼ਰ ਸਨ। ਇਸ ਮੌਕੇ ਹਰਜੀਤ ਦੌਧਰੀਆ ਨੂੰ ਐਮਐਲਏ ਹੈਰੀ ਬੈਂਸ ਅਤੇ ਬਰੂਸ ਰਾਲਸਟਨ ਵੱਲੋਂ ਉਹਨਾਂ ਨੂੰ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਉਹਨਾਂ ਨੂੰ ਸਮਾਜਿਕ ਨਿਆਂ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਡਾ. ਬੀਆਰ ਅੰਬਦੇਕਰ ਦੀ ਬਰਸੀ ਨੂੰ ਧਿਆਨ ਵਿੱਚ ਰੱਖਦਿਆਂ ਉਹਨਾਂ ਨੂੰ ਸਰਧਾਂਜਲੀਆਂ ਵੀ ਭੇਟ ਕੀਤੀਆਂ ਗਈਆਂ।

## ਇਮੀਗ੍ਰੇਸ਼ਨ ਵਿਭਾਗ ਵੱਲੋਂ ਐਕਸਪ੍ਰੈਸ ਐਂਟਰੀ ਦੀਆਂ ਤਿਆਰੀਆਂ

ਓਟਾਵਾ, (ਨਦਬ) : ਕਨੇਡਾ ਸਿਟੀਜਨਸ਼ਿਪ ਅਤੇ ਇਮੀਗ੍ਰੇਸ਼ਨ ਮਨਿਸਟਰ ਕ੍ਰਿਸ ਲੈਗਜ਼ੈਂਡਰ ਵਲੋਂ ਸੂਚਨਾ ਜਾਰੀ ਕੀਤੀ ਗਈ ਹੈ ਕਿ ਸਰਕਾਰ ਵਲੋਂ ਲੇਬਰ ਮਾਰਕਿਟ ਅਤੇ ਕਨੇਡੀਅਨ ਆਰਥਿਕਤਾ ਦੀਆਂ ਮੰਗਾਂ ਨੂੰ ਧਿਆਨ ਵਿਚ ਰੱਖਦੇ ਹੋਏ ਐਕਟਿਵ ਇਮੀਗ੍ਰੇਸ਼ਨ ਰਿਕਰੂਟਮੈਂਟ ਦੀ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ। ਇਸ ਦਾ ਲਾਭ ਲੈਣ ਲਈ ਯੋਗ ਉਮੀਦਵਾਰ ਆਪਣੀ ਪ੍ਰੋਫ਼ਾਈਲ ਪਹਿਲੀ ਜਨਵਰੀ 2015 ਨੂੰ ਪੇਸ਼ ਕਰ ਸਕਦੇ ਹਨ। ਇਸ ਸਬੰਧੀ ਪਹਿਲਾ ਭਾਗ ਕੁੱਝ ਹੀ ਹਫ਼ਤਿਆਂ ਵਿਚ ਜਾਰੀ ਕਰ ਦਿੱਤਾ ਜਾਵੇਗਾ। ਐਕਸਪ੍ਰੈਸ ਐਂਟਰੀ ਰਾਹੀਂ ਹੋਣਹਾਰ ਉਮੀਦਵਾਰਾਂ ਨੂੰ ਉਨ੍ਹਾਂ ਦੀ ਕਾਬਲੀਅਤ ਦੇ ਅਧਾਰ 'ਤੇ ਪਹਿਲ ਦਿੱਤੀ ਜਾਵੇਗੀ। ਇਸ ਯੋਜਨਾ ਅਧੀਨ ਕਿਹੜੇ ਨਿਯਮਾਂ ਦੀ ਪਾਲਨਾ ਕੀਤੀ ਜਾਵੇਗੀ ਅਤੇ ਉਮੀਦਵਾਰਾਂ ਨੂੰ ਕਿਸ ਅਧਾਰ 'ਤੇ ਚੁਣਿਆ ਜਾਵੇਗਾ, ਇਸ ਦੀ ਜਾਣਕਾਰੀ ਕਨੇਡਾ ਗਜਟ ਵਿਚ ਪ੍ਰਕਾਸ਼ਤ ਕੀਤੀ ਗਈ ਹੈ। ਇਸ ਯੋਜਨਾ ਸਬੰਧੀ ਵਧੇਰੇ ਜਾਣਕਾਰੀ ਸੀ.ਆਈ.ਸੀ. ਦੀ ਵੈਬਸਾਈਟ 'ਤੇ ਵੀ ਜਾਰੀ ਕੀਤੀ ਗਈ ਹੈ।

**ਜ਼ਰੂਰਤ ਹੈ**

ਅਦਾਰਾ 'ਨਵੀਂ ਦੁਨੀਆ' ਨੂੰ ਐਡਮਿੰਟਨ ਅਤੇ ਕੈਲਗਰੀ ਤੋਂ ਮਾਰਕੀਟਿੰਗ ਲਈ ਵਿਅਕਤੀ ਦੀ ਲੋੜ ਹੈ।

**ਸੰਪਰਕ ਕਰੋ**

2nd Floor 3448 – 93 Street NW,
Edmonton T6E 6A4, Alberta (Canada)
Phone : 780 906 4497, 403 830 7007
e-mail: info@nawidunia.com

## ਭਾਰਤੀ ਲੜਕੀ ਨਾਲ ਕੁੱਟਮਾਰ ਦੀ ਵੀਡੀਓ ਸਾਹਮਣੇ ਆਈ

ਬਰੈਂਪਟਨ, (ਨਦਬ) : ਕੈਨੇਡੀਅਨ ਸੇਫ਼ ਸਕੂਲ ਨੈਟਵਰਕ ਦੇ ਪ੍ਰਧਾਨ ਵੱਲੋਂ ਪਿਛਲੇ ਦਿਨਾਂ ਵਿਚ ਬਰੈਂਪਟਨ ਸ਼ਹਿਰ ਵਿਚ ਇਕ ਭਾਰਤੀ ਲੜਕੀ ਨਾਲ ਕੀਤੀ ਗਈ ਧੱਕੇਸ਼ਾਹੀ ਦੀ ਜਾਰੀ ਹੋਈ ਵੀਡੀਓ, ਜਿਸ ਨੂੰ ਹੁਣ ਤੱਕ ਕਈ ਹਜ਼ਾਰ ਲੋਕਾਂ ਵੱਲੋਂ ਵੇਖਿਆ ਜਾ ਚੁੱਕਿਆ ਹੈ, ਨੂੰ ਵੇਖ ਕੇ ਇਹ ਬਿਆਨ ਦਿੱਤਾ ਹੈ ਕਿ ਇਸ ਵੀਡੀਓ ਵਿਚ ਬੁਲਿੰਗ ਦਾ ਸ਼ਿਕਾਰ ਹੋਈ ਲੜਕੀ ਵੱਲੋਂ ਉਸ ਔਖੀ ਘੜੀ ਵਿਚ ਵੀ ਬਹੁਤ ਹੀ ਸਹਿਨਸ਼ੀਲਤਾ ਅਤੇ ਸਮਝਦਾਰੀ ਵਰਤੀ ਗਈ ਹੈ। ਉਹਨਾਂ ਕਿਹਾ ਕਿ, "ਇਸ ਲੜਕੀ ਨੇ ਇਸ ਪ੍ਰਸਥਿਤੀ ਨੂੰ ਬਹੁਤ ਹੀ ਵਧੀਆ ਢੰਗ ਨਾਲ ਕਾਬੂ ਕੀਤਾ। ਇਹ ਲੜਕੀ ਬਹਾਦਰੀ ਦੀ ਮਿਸਾਲ ਹੈ।" ਤਿੰਨ ਮਿੰਟ ਦੀ ਇਸ ਵੀਡੀਓ ਵਿਚ ਇਸ ਨੌਜਵਾਨ ਲੜਕੀ ਨੂੰ ਇਕ ਦੀਵਾਰ ਨਾਲ ਧੱਕ ਕੇ ਹੋਰਨਾ ਨੌਜਵਾਨ ਲੜਕੀਆਂ ਇਸ ਨੂੰ ਮੁੱਕੇ ਮਾਰਨ, ਥੱਪੜ ਮਾਰਨ ਦੇ ਨਾਲ ਨਾਲ ਪਕੜ ਕੇ ਬੁਰੀ ਤਰ੍ਹਾਂ ਡਰਾਉਂਦੀਆਂ ਅਤੇ ਧਮਕਾਉਂਦੀਆਂ ਦਿਖ ਰਹੀਆਂ ਹਨ। ਇਕ ਜਗ੍ਹਾ ਉਸ ਤੋਂ ਉਸਦਾ ਸੈੱਲਫ਼ੋਨ ਵੀ ਖੋਹ ਲਿਆ ਗਿਆ ਹੈ।

# ਐਡਮਿੰਟਨ ਦੇ ਪ੍ਰਾਈਵੇਟ ਸੈਕਟਰ ਵਿੱਚ 66700 ਅਸਾਮੀਆਂ ਖਾਲੀ

ਐਡਮਿੰਟਨ- ਸੀਐਫ਼ਆਈਬੀ ਦੀ ਤਾਜ਼ਾ ਜਾਰੀ ਹੋਈ ਇੱਕ ਰਿਪੋਰਟ ਅਨੁਸਾਰ ਸਾਲ ਦੀ ਤੀਸਰੀ ਤਿਮਾਹੀ ਦੌਰਾਨ ਸੂਬੇ ਦੇ ਪ੍ਰਾਈਵੇਟ ਸੈਕਟਰ ਵਿੱਚ 66700 ਅਸਾਮੀਆਂ ਭਰਨ ਵਾਲੀਆਂ ਪਈਆਂ ਹਨ। ਸੂਬੇ ਵਿੱਚ ਇਸ ਵੇਲੇ ਅਸਾਮੀ ਦਰ 3.9 ਪ੍ਰਤੀਸ਼ਤ ਹੈ। ਦੱਸਣਾ ਬਣਦਾ ਹੈ ਕਿ ਪਿਛਲੀ ਤਿਮਾਹੀ ਦੌਰਾਨ ਵੀ ਅਸਾਮੀ ਦਰ ਇਹੀ ਸੀ। ਇਸ ਮਾਮਲੇ ਵਿੱਚ ਦੇਸ਼ ਭਰ ਵਿੱਚ ਦੂਜਾ ਨੰਬਰ ਸਸਕੈਚਵਨ ਦਾ ਆਉਂਦਾ ਹੈ। ਉਸਦਾ ਆਸਾਮੀ ਦਰ 3.7 ਪ੍ਰਤੀਸ਼ਤ ਹੈ। ਜ਼ਿਕਰਯੋਗ ਹੈ ਕਿ ਰਾਸ਼ਟਰੀ ਪੱਧਰ 'ਤੇ ਇਹ ਦਰ 2.7 ਪ੍ਰਤੀਸ਼ਤ ਹੈ। ਰਾਸ਼ਟਰੀ ਪੱਧਰ 'ਤੇ ਪ੍ਰਾਈਵੇਟ ਸੈਕਟਰ ਵਿੱਚ ਇੱਕ ਅੰਦਾਜ਼ੇ ਮੁਤਾਬਿਕ 322000 ਅਸਾਮੀਆਂ ਯੋਗ ਵਿਅਕਤੀਆਂ ਲਈ ਖਾਲੀ ਪਈਆਂ ਹਨ।



ਸੀਐਫ਼ਆਈਬੀ ਦੇ ਆਰਥਿਕ ਮਾਮਲਿਆਂ ਦੇ ਚੀਫ਼ ਟੈਡ ਮੈਲਟ ਦਾ ਕਹਿਣਾ ਹੈ ਕਿ ਜਦੋਂ ਲੇਬਰ ਮਾਰਕਿਟ ਵਿੱਚ ਬਹੁਤ ਜ਼ਿਆਦਾ ਤਣਾਅ ਹੋਵੇ ਤਾਂ ਇਸਦਾ ਮਤਲਬ ਇਹ ਹੁੰਦਾ ਹੈ ਕਿ ਜਿਨ੍ਹਾਂ ਵਿਅਕਤੀਆਂ ਨੇ ਮੁਲਾਜ਼ਮ ਰੱਖਣੇ ਹੁੰਦੇ ਹਨ, ਉਹਨਾਂ ਨੂੰ ਯੋਗ ਮੁਲਾਜ਼ਮ ਨਹੀਂ ਲੱਭ ਰਹੇ ਹੁੰਦੇ। ਏਜੰਸੀ ਅਨੁਸਾਰ ਪਿਛਲੇ ਕੁੱਝ ਸਮੇਂ ਵਿੱਚ ਅਸਾਮੀ ਦਰ ਘਟਣ ਦੀ ਬਿਜਾਏ ਵਧੀ ਹੈ। 2009 ਅਤੇ 2010 ਦੇ ਸ਼ੁਰੂ ਵਿੱਚ ਅਸਾਮੀ ਦਰ 1.7 ਪ੍ਰਤੀਤਸ ਸੀ। 2012 ਵਿੱਚ ਵਧ ਕੇ ਇਹ ਦਰ 2.6 ਪ੍ਰਤੀਸ਼ਤ ਤੱਕ ਪੁੱਜ ਗਈ। ਜ਼ਿਕਰਯੋਗ ਹੈ ਕਿ ਮੰਦਵਾੜੇ ਦੇ ਦੌਰਾਨ ਇਹ ਦਰ ਤਿੰਨ ਪ੍ਰਤੀਸ਼ਤ ਤੋਂ ਉੱਪਰ ਰਹੀ ਹੈ।

ਏਜੰਸੀ ਦੇ ਅਲਬਰਟਾ ਤੋਂ ਨਿਰਦੇਸ਼ਕ ਰਿਚਰਡ ਟਰੂਸਕੌਟ ਦਾ ਕਹਿਣਾ ਹੈ ਕਿ ਅਲਬਰਟਾ ਵਿੱਚ ਇਹ ਦਰ ਹਮੇਸ਼ਾ ਹੀ ਜ਼ਿਆਦਾ ਰਹੀ ਹੈ। ਹੁਣ ਵੀ ਸੂਬੇ ਵਿੱਚ ਇਸ ਖੇਤਰ 'ਚ ਹਾਲਾਤ ਸੁਖਾਵੇਂ ਨਹੀਂ ਹਨ।






# "ਕਾਮਾਗਾਟਾ ਮਾਰੂ-ਸਫ਼ਰ ਜਾਰੀ ਹੈ" ਨਾਟਕਾਂ ਦੀ ਲੜੀ ਫ਼ਰਜ਼ਿਨੋ 'ਚ ਸਮਾਪਤ











ਫ਼ਰਜ਼ਿਨੋ (ਨਦਬ) ਕਾਮਾਗਾਟਾ ਮਾਰੂ ਜਹਾਜ ਦੇ ਦੁਖਾਂਤ ਨੂੰ ਵਾਪਰਿਆ ਪੂਰਾ 100 ਸਾਲ ਹੋ ਚੁੱਕਾ ਹੈ ਪਰ ਅਜ ਵੀ ਬਹੁਤੇ ਲੋਕ ਇਸ ਇਤਿਹਾਸਿਕ ਤ੍ਰਾਸਦੀ ਅਤੇ ਇਹਦੇ ਨਾਲ ਜੁੜੇ ਪੱਖਾ ਤੋਂ ਅਣਜਾਣ ਹਨ। ਇਸੇ ਗਲ ਨੂੰ ਮਹਿਸੂਸ ਕਰਦਿਆਂ ਪ੍ਰਸਿਦ ਫਿਲਮਸਾਜ ਅਤੇ ਨਾਟਕਕਾਰ ਸ੍ਰੀ ਦਵਿੰਦਰ ਦਮਨ ਹੁਰਾਂ ਨੇ ਇਸ ਘਟਨਾ ਨਾਲ ਜੁੜੇ ਸਾਰੇ ਪੱਖਾ ਦੀ ਘੋਖ ਕਰਕੇ ਇਕ ਨਾਟਕ 'ਕਾਮਾਗਾਟਾ ਮਾਰੂ – ਸਫਰ ਜਾਰੀ ਹੈ' ਲਿਖਿਆ ਹੈ। ਇਸ ਨਾਟਕ ਨੂੰ ਪ੍ਰੋਗਰੈਸਿਵ ਆਰਟ ਐਸੋਸ਼ੀਏਸਨ ਐਲਬਰਟਾ ਦੇ ਕਲਾਕਾਰਾ ਨੇ ਬਾਖੂਬੀ ਨਿਭਾਇਆ ਹੈ। ਜੋ ਹੁਣ ਤੱਕ ਕੈਨੇਡਾ ਵਿਚ ਕਈ ਸ਼ਹਿਰਾਂ ਵਿਚ ਇਹ ਨਾਟਕ ਖੇਡ ਚੁਕੇ ਹਨ। ਇਹ ਨਾਟਕ ਇਕ ਵਖਰੇ ਕੋਣ ਤੋਂ ਲਿਖਿਆ ਗਿਆ ਹੈ ਤੇ ਇਸ ਵਿਚ ਉਸ ਵਕਤ ਦੀ ਕੈਨੇਡਾ ਸਰਕਾਰ ਦੀਆਂ ਪੱਖਪਾਤੀ ਅਤੇ ਅਨਿਆ ਵਾਲੀਆ ਪਾਲਸੀਆ ਤੋਂ ਪਰਦਾ ਉਠਾਇਆ ਗਿਆ ਹੈ। ਕੱਲਕਤੇ ਦੇ ਬਜ ਬਜ ਘਾਟ ਤੇ ਜਹਾਜ ਦੇ ਮੁਸਾਫਰਾ ਤੇ ਹੋਈ ਗੋਲੀਬਾਰੀ ਦੇ ਦਰਿਸ਼ ਨਾਲ ਸ਼ੁਰੂ ਹੁੰਦਾ ਇਹ ਨਾਟਕ ਜਹਾਜ ਕਰਾਏ ਤੇ ਲੈਣ ਅਤੇ ਕੈਨੇਡਾ ਰਵਾਨਾ ਹੋਣ ਤੋਂ ਪਹਿਲਾ ਦੀ ਕਨੂੰਨੀ ਜਦੋ ਜਹਿਦ ਨੂੰ ਬਾਖੂਬੀ ਪੇਸ਼ ਕਰਦਾ ਹੈ। ਇਸੇ ਤਰਾਂ ਕੈਨੇਡਾ ਸਰਕਾਰ ਵਲੋਂ ਕੰਢੇ ਤੇ ਲੱਗਣ ਤੋਂ ਪਹਿਲਾਂ ਰੋਕ ਕੇ ਮੁਸਾਫਰਾ ਨਾਲ ਕੀਤੇ ਦੁਰਵਿਵਹਾਰ ਨੂੰ ਅਤੇ ਮੁਸਾਫਰਾ ਦੀ ਭੁਖ ਪਿਆਸ ਨਾਲ ਕੀਤੀ ਜਦੋ ਜਹਿਦ ਨੂੰ ਵੀ ਬੜੀ ਬਾਰੀਕੀ ਨਾਲ ਨਿਭਾਇਆ ਹੈ। ਇਹ ਨਾਟਕ ਗਦਰ ਪਾਰਟੀ ਵਲੋਂ ਜਹਾਜ ਦੇ ਮੁਸਾਫਰਾ ਲਈ ਹਰ ਤਰਾਂ ਕੀਤੀ ਹੋਈ ਸਹਾਇਤਾ ਨੂੰ ਵੀ ਦਰਸ਼ਕਾ ਸਾਹਮਣੇ ਰਖਦਾ ਹੈ। ਸਾਰੇ ਕਲਾਕਾਰਾਂ ਨੇ ਆਪਣਾ ਆਪਣਾ ਰੋਲ ਬੜੀ ਮਾਹਰਤਾ ਨਾਲ ਕੀਤਾ ਹੈ। ਬਾਬਾ ਗੁਰਦਿਤ ਸਿੰਘ ਦੇ ਮੁਖ ਰੋਲ ਵਿਚ ਜੋਗਿੰਦਰ ਸਿੰਘ ਰੰਧਾਵਾ ਹੁਣਾ ਦਾ ਕੰਮ ਬੇਹੱਦ ਪ੍ਰਭਾਵਸ਼ਾਲੀ ਹੈ।

ਇਸ ਨਾਟਕ ਨੂੰ ਕੈਲੇਫੋਰਨੀਆਂ ਦੇ ਵੱਖ ਵੱਖ ਸ਼ਹਿਰਾ ਵਿਚ ਕਰਵਾਉਣ ਦਾ ਜਿੰਮਾ ਗਦਰ ਪਾਰਟੀ ਦੇ ਕਾਜ ਨੂੰ ਪ੍ਰਣਾਈਆ ਕੈਲੇਫੋਰਨੀਆ ਦੀਆ ਜੰਥੇਬੰਦੀਆ ਗਦਰ ਮੈਮੋਰੀਅਲ ਫਾਉਡੇਸ਼ਨ ਆਫ ਅਮੈਰੀਕਾ, ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਬੇ ਏਰੀਆ ਅਤੇ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜਨੋ ਨੇ ਨਿਭਾਇਆ ਹੈ। ਇਸ ਲੜੀ ਦਾ ਪਹਿਲਾ ਨਾਟਕ ਬੇ ਏਰੀਆ ਦੇ ਸ਼ਹਿਰ ਹੇਵਰਡ ਵਿਚ ਦਸੰਬਰ 5 ਨੂੰ ਖੇਡਿਆ ਗਿਆ। ਦਸੰਬਰ 6 ਨੂੰ ਇਹ ਨਾਟਕ ਗਦਰ ਮੈਮੋਰੀਅਲ ਫਾਉਡੇਸ਼ਨ ਆਫ ਅਮੈਰੀਕਾ ਵਲੋ ਸੈਕਰਾਮੈਂਟੋ ਵਿਚ ਕਰਵਾਏ ਗਏ ਗਦਰੀ ਬਾਬਿਆ ਦੇ ਮੇਲੇ ਦਾ ਮੁਖ ਆਕਰਸ਼ਨ ਬਣਿਆ।ਇਸ ਲੜੀ ਦਾ ਆਖਰੀ ਨਾਟਕ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਦਸੰਬਰ 7 ਨੂੰ ਫਰਿਜ਼ਨੋ ਵਿਚ ਪੇਸ਼ ਕੀਤਾ ਗਿਆ। ਸਨੀ ਸਾਈਡ ਹਾਈ ਸਕੂਲ ਦੇ ਆਡੀਟੋਰੀਅਮ ਵਿਚ ਹੋਏ ਇਸ ਨਾਟਕ ਦਾ ਸਮੂਹ ਲੋਕਾਂ ਨੇ ਭਰਪੂਰ ਅਨੰਦ ਮਾਣਿਆ।

ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਇਸਤਰੀ ਵਿੰਗ ਦੀ ਦਸੰਬਰ 13 ਹੋਈ ਇਕ ਮੀਟਿੰਗ ਵਿਚ ਇਸ ਨਾਟਕ ਨੂੰ ਦੇਖਣ ਲਈ ਪਹੁੰਚਣ ਵਾਲੇ ਅਤੇ ਇਸ ਨਾਟਕ ਦੀ ਸਫਲਤਾ ਲਈ ਹਰ ਤਰਾਂ ਦੀ ਸਹਾਇਤਾ ਕਰਨ ਵਾਲੇ ਲੋਕਾਂ ਦਾ ਧੰਨਵਾਦ ਕੀਤਾ ਗਿਆ। ਇਹਦੇ ਨਾਲ ਹੀ ਸ੍ਰੀ ਦਵਿਦਰ ਦਮਨ ਅਤੇ ਪ੍ਰੋਗਰੈਸਿਵ ਆਰਟ ਐਸੋਸੀਏਸ਼ਨ ਦੇ ਕਲਾਕਾਰਾ ਦਾ ਵੀ ਧੰਨਵਾਦ ਕੀਤਾ।

For your all Real State need.
NIRMAL (SONY) GILL
BUY OR SELL
Century 21 A.L.L. Stars Realty Ltd.
MLS REALTOR
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ
ਨਿਰਮਲ (ਸੋਨੀ) ਗਿੱਲ ਨੂੰ ਫ਼ੋਨ ਕਰੋ
780 937 9067
OFF: 780 434 4700
nirmalgill@live.com
SOLD 3229 22 st. Edmonton
SOLD 13039 165 Ave. Edmonton
SOLD 16520 131 st. Edmonton
#4-1820 34 Ave $285,000
*In Wildrose:* This Beautiful 2 story 2012 built Town House with single car attached Garage on sale. Very low condo fee. Fully landscape front & back. Main flood has beautiful kitchen, living area with fire place & half wash room. Upper level has 3 bedrooms with 2 full washrooms. This condo comes with 5 appliances. Unfinished basement. Close to all amenities. Ready to move in.

Rajbir Singh
BMO Bank of Montreal
(Mortgage Specialist)
Home financing expertise available at your convenience
ਮੌਰਗੇਜ਼ ਦੇ ਵਧੀਆ ਰੇਟ ਤੇ ਭਰੋਸੇਯੋਗ ਸੇਵਾਵਾਂ ਲਈ ਕਾਲ ਕਰੋ
Cell: 780-868-8690
raj.wander@bmo.com
Ask about.....Personal Services
- First Time Home Buyer
- Best Mortgage Rates
- Flexible Options
- Construction Mortgage
- Self- Employed
- Line of Credit

# ਮੋਬਾਈਲ ਦੀ ਸੀਮਤ ਤਲਾਸ਼ੀ ਲੈਣ ਦੀ ਪ੍ਰਵਾਨਗੀ



ਵੈਨਕੂਵਰ: ਸੁਪਰੀਮ ਕੋਰਟ ਨੇ ਇਕ ਅਹਿਮ ਫ਼ੈਸਲੇ ਰਾਹੀਂ ਪੁਲਸ ਨੂੰ ਕਿਸੇ ਵੀ ਸ਼ੱਕੀ ਦੋਸ਼ੀ ਦੇ ਮੋਬਾਈਲ ਦੀ ਸੀਮਤ ਤਲਾਸ਼ੀ ਲੈਣ ਦੀ ਪ੍ਰਵਾਨਗੀ ਦੇ ਦਿੱਤੀ ਹੈ ਅਜਿਹੀ ਤਲਾਸ਼ੀ ਲਈ ਪੁਲਸ ਅਧਿਕਾਰੀਆਂ ਨੂੰ ਕਿਸੇ ਵੀ ਵਾਰੰਟ ਦੀ ਲੋੜ ਨਹੀਂ ਪਵੇਗੀ, ਪਰ ਅਜਿਹਾ ਕਰਦੇ ਸਮੇਂ ਉਨ੍ਹਾਂ ਨੂੰ ਸਖ਼ਤ ਨਿਯਮਾਂ ਦੀ ਪਾਲਣਾ ਹਰ ਹਾਲਤ 'ਚ ਕਰਨੀ ਹੋਵੇਗੀ ਅਦਾਲਤ ਨੇ ਆਪਣੇ ਅੰਤਿਮ ਫ਼ੈਸਲੇ 'ਚ ਕਿਹਾ ਕਿ ਮੋਬਾਈਲ ਦੀ ਤਲਾਸ਼ੀ ਸਿੱਧੇ ਤੌਰ 'ਤੇ ਕਿਸੇ ਵਿਅਕਤੀ ਦੀ ਗ੍ਰਿਫ਼ਤਾਰੀ ਸਮੇਂ ਹਾਲਾਤ 'ਤੇ ਨਿਰਭਰ ਹੋਵੇਗੀ। ਜੇਕਰ ਪੁਲਸ ਮੌਕੇ 'ਤੇ ਤਲਾਸ਼ੀ ਲੈਣ ਦਾ ਫ਼ੈਸਲਾ ਲੈਂਦੀ ਹੈ ਤਾਂ ਪੁਲਸ ਨੂੰ ਅਜਿਹੀ ਤਲਾਸ਼ੀ ਦੇ ਸਾਰੇ ਵੇਰਵੇ ਰਿਕਾਰਡ 'ਚ ਜ਼ਰੂਰ ਰੱਖਣੇ ਹੋਣਗੇ। ਆਮ ਜਨਤਾ ਜਾਂ ਪੁਲਸ ਨੂੰ ਕੋਈ ਵੀ ਵੱਡਾ ਖ਼ਤਰਾ ਹੋਵੇ ਜਾਂ ਹਾਲਾਤ ਤੋਂ ਇਹ ਜਾਪਦਾ ਹੋਵੇ ਕਿ ਸ਼ੱਕੀ ਦੋਸ਼ੀ ਕਿਤੇ ਸਬੂਤ ਨਸ਼ਟ ਨਾ ਕਰ ਦੇਵੇ, ਅਜਿਹੇ ਹਾਲਾਤ 'ਚ ਪੁਲਸ ਨੂੰ ਉਸ ਆਧਾਰ 'ਤੇ ਹੀ ਇਹ ਫ਼ੈਸਲਾ ਲੈਣਾ ਹੋਵੇਗਾ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਪੁਲਸ ਅਧਿਕਾਰੀ ਇਸ ਫ਼ੈਸਲੇ ਤੋਂ ਬਾਅਦ ਇਹ ਵੀ ਨਹੀਂ ਕਰ ਸਕਣਗੇ ਕਿ ਜਿਸ ਮਰਜ਼ੀ ਨਾਲ ਵਿਅਕਤੀ ਦੇ ਮੋਬਾਈਲ ਦੀ ਤਲਾਸ਼ੀ ਲੈਣ ਲੱਗ ਪੈਣ ਮੋਬਾਈਲ ਦੀ ਭੇਤਦਾਰੀ ਬਾਰੇ ਸੁਪਰੀਮ ਕੋਰਟ ਦਾ ਇਹ ਪਹਿਲਾ ਫ਼ੈਸਲਾ ਹੈ।

# ਸਾਲਾਨਾ 31 ਬਿਲੀਅਨ ਡਾਲਰ ਦਾ ਖਾਣਾ ਵਿਅਰਥ ਸੁੱਟਿਆ ਜਾਂਦਾ ਹੈ : ਰਿਪੋਰਟ



ਓਟਾਵਾ, (ਨਦਬ) : ਤਾਜ਼ਾ ਜਾਰੀ ਹੋਈ ਇਕ ਰਿਪੋਰਟ ਅਨੁਸਾਰ ਕੈਨੇਡਾ ਵਿਚ ਹਰ ਸਾਲ ਲਗਭਗ 31 ਬਿਲੀਅਨ ਡਾਲਰ ਦੀ ਕੀਮਤ ਦਾ ਖਾਣਾ ਵਿਅਰਥ ਸੁੱਟ ਦਿੱਤਾ ਜਾਂਦਾ ਹੈ। ਇਹ ਨਵੀਂ ਰਿਪਰਟ ਅੰਤਰਰਾਸ਼ਟਰੀ ਪੱਧਰ ਦੀ ਇਕ ਵੈਲਯੂ ਚੇਂਜ ਮੈਨੇਜਮੈਂਟ ਕੰਪਨੀ ਰਾਹੀਂ ਜਾਰੀ ਕੀਤੀ ਗਈ ਹੈ। ਇਸ ਰਿਪੋਰਟ ਵਿਚ ਦਰਜ ਹੈ ਕਿ ਜਿਸ ਖਾਣੇ ਦੇ ਅਧਾਰ 'ਤੇ ਇਹ ਰਿਪੋਰਟ ਤਿਆਰ ਕੀਤੀ ਗਈ ਹੈ, ਉਸ ਵਿਚ ਸਿਰਫ਼ ਘਰਾਂ, ਰੈਸਟੋਰੈਂਟਾਂ, ਗਰੌਸਰੀ ਸਟੋਰਾਂ ਅਤੇ ਫ਼ਾਰਮਾਂ ਦੀ ਸੂਚੀ ਹੀ ਸ਼ਾਮਲ ਹੈ। ਉਹਨਾਂ ਕਿਹਾ ਕਿ ਉਹ ਸਾਰੇ ਖਾਣੇ ਦੀ ਸੂਚੀ ਇਸ ਵਿਚ ਸ਼ਾਮਲ ਕਰਨ ਤੋਂ ਅਸਮਰੱਥ ਸਨ, ਜੋ ਹਸਪਤਾਲਾਂ, ਸਕੂਲਾਂ, ਜੇਲ੍ਹ ਘਰਾਂ ਵਿਚ ਵਿਅਰਥ ਸੁੱਟਿਆ ਜਾਂਦਾ ਹੈ। ਜੇਕਰ ਉਹਨਾਂ ਨੂੰ ਵੀ ਇਸ ਰਿਪੋਰਟ ਵਿਚ ਸ਼ਾਮਲ ਕੀਤਾ ਜਾਂਦਾ ਤਾਂ ਇਹ ਅੰਕੜਾ ਹੋਰ ਵੀ ਜ਼ਿਆਦਾ ਵੱਡਾ ਹੁੰਦਾ। ਵਿਅਰਥ ਜਾਣ ਵਾਲੇ ਖਾਣੇ ਵਿਚ ਸਭ ਤੋਂ ਵੱਡਾ ਹਿੱਸਾ ਉਹ ਹੈ, ਜੋ ਉਪਭੋਗਤਾਵਾਂ ਵੱਲੋਂ ਖਰੀਦਣ ਤੋਂ ਬਾਅਦ ਵਿਅਰਥ ਕੀਤਾ ਜਾਂਦਾ ਹੈ। ਇਸ ਸੂਚੀ ਵਿਚ ਕਨਜ਼ੀਅਮਰਜ਼ ਵੱਲੋਂ 47 ਫ਼ੀਸਦੀ, ਅੰਤਰਰਾਸ਼ਟਰੀ ਕੇਟਰਰਜ਼ ਵੱਲੋਂ 20 ਫ਼ੀਸਦੀ, ਫ਼ਾਰਮਾਂ ਵੱਲੋਂ 10 ਫ਼ੀਸਦੀ ਖਾਣੇ ਨੂੰ ਹਰ ਸਾਲ ਵਿਅਕਰਥ ਕਰ ਦਿੱਤਾ ਜਾਂਦਾ ਹੈ।

# ਏਅਰ ਕੈਨੇਡਾ ਵੱਲੋਂ ਦਿੱਲੀ ਤੱਕ ਨਵੀਂ ਸਿੱਧੀ ਉਡਾਨ ਸ਼ੁਰੂ ਕਰਨ ਦਾ ਐਲਾਨ




ਓਟਾਵਾ, (ਨਦਬ) : ਏਅਰ ਕਨੇਡਾ ਵੱਲੋਂ ਕਨੇਡਾ ਤੋਂ ਦਿੱਲੀ ਤੱਕ ਇਕ ਨਵੀਂ ਨੌਨ ਸਟੌਪ ਉਡਾਨ ਸ਼ੁਰੂ ਕੀਤੇ ਜਾਣ ਦਾ ਐਲਾਨ ਕੀਤਾ ਗਿਆ ਹੈ। ਇਹ ਉਡਾਨ ਏਅਰ ਕਨੇਡਾ ਦੇ ਬੋਇੰਗ 787-9 ਸੀਰੀਜ਼ ਦੇ ਜਹਾਜ਼ ਲਈ ਪਹਿਲੀ ਉਡਾਨ ਹੋਵੇਗੀ। ਏਅਰ ਕਨੇਡਾ ਦੇ ਪ੍ਰਧਾਨ ਅਤੇ ਚੀਫ਼ ਐਗਜ਼ੇਕਿਊਟਿਵ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ "ਟੋਰਾਂਟੋ ਪੀਅਰਸਨ ਹੱਬ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਕਨੇਡਾ ਦੀ ਸ਼ਾਖ਼ ਨੂੰ ਹੋਰ ਵਧਾਉਣ ਲਈ ਲਏ ਜਾ ਰਹੇ ਫ਼ੈਸਲਿਆਂ ਵਿਚ ਹੀ ਇਹ ਫ਼ੈਸਲਾ ਵੀ ਸ਼ਾਮਲ ਹੈ। ਆਪਣੀਆਂ ਉਡਾਨਾਂ ਵਿਚ ਦਿੱਲੀ ਦੇ ਰੂਟ ਨੂੰ ਸ਼ਾਮਲ ਕਰਨ ਦਾ ਫ਼ੈਸਲਾ ਵੀ ਸੰਸਾਰ ਪੱਧਰ 'ਤੇ ਆਪਣੇ ਨੈਟਵਰਕ ਨੂੰ ਵਧਾਉਣ ਲਈ ਹੀ ਲਿਆ ਗਿਆ ਹੈ। ਅਸੀਂ ਆਪਣੇ ਨਵੇਂ ਬੋਇੰਗ 787 ਨਾਲ ਦਿੱਲੀ ਨੂੰ ਨੌਨ ਸਟੌਪ ਉਡਾਨ ਸ਼ੁਰੂ ਕਰਾਂਗੇ, ਜੋ ਆਪਣੇ ਆਪ ਵਿਚ ਪਹਿਲੀ ਹੋਵੇਗੀ। ਇਹ ਉਡਾਨ ਬੋਇੰਗ ਵਰਗੇ ਵੱਡੇ ਜਹਾਜ਼ਾਂ ਨੂੰ ਲੈ ਕੇ ਸ਼ੁਰੂ ਕੀਤੀਆਂ ਜਾਂਦੀਆਂ ਉਡਾਨਾਂ ਲਈ ਇਕ ਵਧੀਆ ਉਦਾਹਰਣ ਹੋਵੇਗੀ।" ਇਸ ਸਰਵਿਸ ਦਿੱਲੀ ਰਹਿਣ ਵਾਲੇ ਅਤੇ ਉੱਥੇ ਵਪਾਰ ਲਈ ਯਾਤਰਾ ਕਰਨ ਵਾਲੇ ਦੋਵੇਂ ਕਿਸਮ ਦੇ ਕਸਟਮਰਜ਼ ਲਈ ਲਾਭਕਾਰੀ ਹੋਵੇਗੀ। ਸਰਕਾਰ ਵੱਲੋਂ ਸੰਸਾਰ ਪੱਧਰ 'ਤੇ ਅੰਤਰਰਾਸ਼ਟਰੀ ਬਜ਼ਾਰਾਂ ਵੱਲ ਆਪਣੀ ਪਹੁੰਚ ਨੂੰ ਸੁਖਾਲਾ ਬਣਾਉਣ ਦੀ ਮੁਹਿੰਮ ਨੂੰ ਤੇਜ਼ ਕਰਨ ਲਈ ਏਅਰ ਕਨੇਡਾ ਵੱਲੋਂ ਹਰ ਮੁਮਕਿਨ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਵਿਚ ਸਰਕਾਰ ਵੀ ਇਸਦਾ ਸਾਥ ਦੇ ਰਹੀ ਹੈ। ਦਿੱਲੀ, ਭਾਰਤ ਵਿਖੇ ਸਿੱਧੀ ਉਡਾਨ ਸ਼ੁਰੂ ਕਰਨ ਦਾ ਫ਼ੈਸਲਾ ਨਾ ਸਿਰਫ਼ ਭਾਰਤ ਨਾਲ ਕਨੇਡਾ ਦੇ ਵਪਾਰਕ ਸੰਬੰਧਾਂ ਨੂੰ ਸੁਖਾਲਾ ਬਣਾਏਗਾ, ਸਗੋਂ ਇਹ ਭਵਿੱਖ ਵਿਚ ਵੀ ਹੋਰ ਕਈ ਨਵੇਂ ਰਾਹ ਖੋਲ੍ਹੇਗਾ।

**Punjabi Cultural Association of Alberta**
*Serving community by engaging people*
*PCA hall, located at #101, 9158-23 Ave, is ready for community use for small parties, gatherings, display shows and many more events. For more information, please contact at*
**780-994-1996 or 780-995-5475**

**ਡਰਾਈਵਰਾਂ ਦੀ ਲੋੜ**
ਏ.ਕੇ. ਨਿੱਝਰ ਟਰੱਕਿੰਗ ਲਿਮ. ਕੰਪਨੀ ਨੂੰ ਲੌਂਗ ਹਾਲ, ਸੈਂਡ ਐਂਡ ਗਰੈਵਲ ਟਰੱਕਾਂ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਘੱਟੋ ਘੱਟ ਤਿੰਨ ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ। ਵਧੀਆ ਤਨਖ਼ਾਹ।

ਸੰਪਰਕ : 780-271-5061
Email : v.nijjar@yahoo.ca

Emergency Service 24x7
Free Estimate with Treatment
GOLDEN ARROW PEST CONTROL INC.

CALL @ 780 462 6669
**Specializing in:**
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.
PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts
ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।
**M.S. (Sunny)**
Expert Certified Service Technician
**780 243 6705**
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

ਇਸਤਰੀਆਂ ਅਤੇ ਮਰਦਾਂ ਦੇ ਹਰ ਕਿਸਮ ਦੇ ਕਪੜਿਆਂ ਨੂੰ ਠੀਕ ਕਰਵਾਉਣ (Alternation) ਲਈ ਸੰਪਰਕ ਕਰੋ। ਮਰਦਾਂ ਦੇ ਪਜਾਮੇ ਕੁੜਤੇ, ਪਠਾਣੀ ਸੂਟ, ਨਾਈਟ ਸੂਟ ਸਿਲਾਉਣ ਲਈ ਮਿਲੋ

**ਰਵੀ ਵਰਮਾ**
780-995-4461

SOHAIL QUADRI, MLA
EDMONTON – MILL WOODS
LEGISLATIVE SECRETARY TO THE PREMIER

SEASON'S GREETINGS

Cordially invites you and your family to the Annual celebration of the Festive Season

Sunday, December 21st, 2014 @ 5pm
Maharaja Banquet Hall
9257, 34A Ave NW, Edmonton
(Dinner will be served)

Kindly RSVP by Wednesday, December 17th, 2014 on
Edmonton.millwoods@assembly.ab.ca




# ਕੈਬਨਿਟ ਮੰਤਰੀ ਦਾ ਭਰਾ ਡਰੱਗ ਮਾਮਲੇ 'ਚ ਗ੍ਰਿਫ਼ਤਾਰ

ਐਡਮਿੰਟਨ: ਪਿਛਲੇ ਮਹੀਨੇ ਸਥਾਨਿਕ ਪੁਲਸ ਨੇ ਇਕ ਡਰੱਗ ਦੇ ਮਾਮਲੇ 'ਚ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ, ਜਿਨ੍ਹਾਂ ਵਿਚ ਕੈਨੇਡਾ ਦੇ ਕੈਬਨਿਟ ਮੰਤਰੀ ਟਿਮ ਉੱਪਲ ਦੇ ਛੋਟੇ ਭਰਾ ਰੇਅਮਨਪ੍ਰੀਤ ਵੀ ਸ਼ਾਮਲ ਹੈ। ਦੂਜੇ ਪਾਸੇ ਟਿਮ ਉੱਪਲ ਇਸ ਗੱਲ ਤੋਂ ਅਨਜਾਣ ਸੀ। ਉਨ੍ਹਾਂ ਨੂੰ ਇਸ ਬਾਰੇ ਮੀਡੀਆ ਰਾਹੀਂ ਪਤਾ ਲੱਗਾ। ਟਿਮ ਉੱਪਲ ਨੇ ਕਿਹਾ ਕਿ ਉਨ੍ਹਾਂ ਨੇ ਸਦਾ ਹੀ ਨਸ਼ਿਆਂ ਦੇ ਖਿਲਾਫ ਪ੍ਰਚਾਰ ਕੀਤਾ ਹੈ ਅਤੇ ਅੱਗੇ ਤੋਂ ਵੀ ਅਜਿਹਾ ਕਰਦਾ ਰਹਾਂਗਾ। ਇਸ ਮਾਮਲੇ ਵਿਚ ਕੋਈ ਵੀ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ। ਟਿਮ ਦਾ 28 ਸਾਲਾ ਭਰਾ ਰੇਅਮਨਪ੍ਰੀਤ ਸਿੰਘ ਡਰੱਗ ਮਾਮਲੇ ਦੇ ਨਾਲ-ਨਾਲ ਹਥਿਆਰ ਰੱਖਣ ਦੇ ਮਾਮਲੇ ਦਾ ਸਾਹਮਣਾ ਕਰੇਗਾ। ਪੁਲਸ ਨੇ ਰੇਅਮਨਪ੍ਰੀਤ ਤੋਂ ਦੋ ਹੈਂਡਗਨ, ਇਕ ਤਾਕਤਵਾਰ ਹੋਰ ਹਥਿਆਰ, ਕੋਕੀਨ, ਮਰੀਜ਼ੁਆਨਾ ਅਤੇ ਕੈਸ਼ ਬਰਾਮਦ ਕੀਤਾ ਹੈ।

# ਪੁਸਤਕ 'ਅੱਗ ਤੇ ਪਾਣੀ ਨਾਲੋ ਨਾਲ' ਰਿਲੀਜ਼

ਚੰਡੀਗੜ੍ਹ (ਨਦਬ) : ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੀ ਨਵੰਬਰ ਮਹੀਨੇ ਦੀ ਮਾਸਿਕ ਇਕੱਤਰਤਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਪੰਜਾਬੀ ਦੇ ਪ੍ਰੋਫੈਸਰ ਡਾ. ਗੁਰਪਾਲ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਹੋਈ। ਪ੍ਰਧਾਨਗੀ ਮੰਡਲ ਵਿਚ ਪੰਜਾਬੀ ਭਵਨ ਦੇ ਨਿਰਦੇਸ਼ਕ ਡਾ. ਬਲਦੇਵ ਸਿੰਘ ਬੱਧਣ, ਮਨਮੋਹਣ ਬਾਵਾ, ਕਿਰਪਾਲ ਕਜ਼ਾਕ, ਪ੍ਰੋ. ਗੁਰਚਰਨ ਸਿੰਘ ਅਰਸ਼ੀ, ਰਾਜਿੰਦਰ ਪਰਦੇਸੀ, ਸਾਧੂ ਸਿੰਘ ਆਂਚਲ, ਹਿੰਦੀ ਕਵੀ ਮੰਗਲੇਸ਼ ਡਬਰਾਲ ਅਤੇ ਸੁਰਿੰਦਰ ਕੌਰ ਬਿਰਾਜਮਾਨ ਸਨ। ਪੰਜਾਬੀ ਭਵਨ ਦੇ ਨਿਰਦੇਸ਼ਕ ਡਾ. ਬਲਦੇਵ ਸਿੰਘ 'ਬੱਧਣ' ਵੱਲੋਂ ਆਏ ਲਿਖਾਰੀਆਂ ਅਤੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਦੇ ਪ੍ਰੋਫੈਸਰ ਡਾ. ਰਵੇਲ ਸਿੰਘ ਨੇ ਪੁਸਤਕਾਂ ਦਾ ਇਕ ਸੈਟ ਭੇਂਟ ਕਰਕੇ ਡਾ. ਗੁਰਪਾਲ ਸਿੰਘ ਸੰਧੂ ਦਾ ਸਵਾਗਤ ਕੀਤਾ। ਸਮਾਗਮ ਦੇ ਸ਼ੁਰੂ ਵਿਚ ਨਿਊ ਬੁੱਕ ਕੰਪਨੀ ਜਲੰਧਰ ਵੱਲੋਂ ਪ੍ਰਕਾਸ਼ਿਤ ਅਤੇ ਸ੍ਰੀ ਰਾਜਿੰਦਰ ਪਰਦੇਸੀ ਵੱਲੋਂ ਸੰਪਾਦਿਤ ਭਾਰਤੀ, ਪਾਕਿਸਤਾਨੀ ਅਤੇ ਪ੍ਰਵਾਸੀ ਚੋਣਵੀ ਸ਼ਾਇਰੀ ਦੀ ਪੁਸਤਕ 'ਅੱਗ ਤੇ ਪਾਣੀ ਨਾਲੋ-ਨਾਲ' ਪ੍ਰਧਾਨਗੀ ਮੰਡਲ ਵੱਲੋਂ ਸਾਂਝੇ ਤੌਰ 'ਤੇ ਰਿਲੀਜ਼ ਕੀਤੀ ਗਈ। ਸਭ ਤੋਂ ਪਹਿਲਾਂ ਰਾਜਿੰਦਰ ਪਰਦੇਸੀ ਨੂੰ ਕਵਿਤਾ ਪੜ੍ਹਨ ਦਾ ਸੱਦਾ ਦਿੱਤਾ ਗਿਆ। ਉਨ੍ਹਾਂ ਚਾਰ ਗ਼ਜ਼ਲਾਂ ਪੇਸ਼ ਕੀਤੀਆਂ। ਗ਼ਜ਼ਲ ਦੇ ਹਰ ਸ਼ਿਅਰ ਨੂੰ ਉਹਨਾਂ ਨੇ ਵਧੀਆ ਅੰਦਾਜ਼ ਵਿਚ ਪੇਸ਼ ਕਰਕੇ ਚੰਗਾ ਰੰਗ ਬੰਨ੍ਹਿਆ। ਮੰਗਲੇਸ਼ ਡਬਰਾਲ ਨੇ ਹਿੰਦੀ ਕਵਿਤਾਵਾਂ 'ਬਚੀ ਹੁਈ ਜਗਹੇਂ', 'ਟਾਰਚ', 'ਯਹ ਨੰਬਰ ਮੌਜੂਦ ਨਹੀਂ', 'ਸੰਗੀਤਕਾਰ' ਅਤੇ 'ਗੁਮਸ਼ੁਦਾ' ਪੜ੍ਹੀਆਂ। ਪ੍ਰੋਫੈਸਰ ਗੁਰਚਰਨ ਸਿੰਘ ਅਰਸ਼ੀ ਨੇ 'ਸਾਹਾਂ ਦਾ ਜੰਗਲ', 'ਬਰਸਾਤ ਵਿਚ', 'ਰਫ਼ਤਾ-ਰਫ਼ਤਾ ਲਮਹਾ ਲਮਹਾ', 'ਹੈ ਫਕੀਰਾਨਾ ਤਬੀਅਤ', 'ਪਰ ਮੈਂ ਦੀਵਾਨਾ ਨਹੀਂ' ਆਦਿ ਕਵਿਤਾਵਾਂ/ਗ਼ਜ਼ਲਾਂ ਪੜ੍ਹੀਆਂ। ਸਾਧੂ ਸਿੰਘ ਆਂਚਲ ਨੇ 'ਯਾਦ', 'ਯਾਰਾਂ ਨਾਲ ਬਹਾਰਾਂ', ਜਦੋਂ ਕਿ ਸੁਰਿੰਦਰ ਕੌਰ ਨੇ 'ਗੁਰੂ ਨਾਨਕ ਦੇਵ ਜੀ ਲਈ', 'ਭਾਰਤੀ ਔਰਤ ਨੂੰ' ਅਤੇ 'ਨਸ਼ੇ ਦੇ ਵਪਾਰੀ' ਕਵਿਤਾਵਾਂ ਪੜ੍ਹੀਆਂ। ਮਨਮੋਹਨ ਬਾਵਾ ਨੇ ਕਹਾਣੀ (ਮਾਵਾਂ-ਧੀਆਂ) ਅਤੇ ਕਿਰਪਾਲ ਕਜ਼ਾਕ ਨੇ (ਜੜ੍ਹਾਂ) ਕਹਾਣੀਆਂ ਪੜ੍ਹੀਆਂ।

ਡਾ. ਗੁਰੁਪਾਲ ਸਿੰਘ ਸੰਧੂ ਨੇ ਪ੍ਰਧਾਨਗੀ ਭਾਸ਼ਨ ਦਿੰਦਿਆਂ ਇਸ ਗੱਲ ਤੇ ਡੂੰਘੀ ਖ਼ੁਸ਼ੀ ਪ੍ਰਗਟ ਕੀਤੀ ਕਿ ਇਸ ਇਕੱਤਰਤਾ ਵਿਚ ਸ਼ਾਨਦਾਰ ਅਤੇ ਵੱਖੋ-ਵੱਖਰੀ ਨੁਹਾਰ ਵਾਲੀਆਂ ਰਚਨਾਵਾਂ ਦੀ ਪੇਸ਼ਕਾਰੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ, ਲੇਖਕਾਂ ਦੀ ਬਹੁਤ ਪੁਰਾਣੀ ਜਥੇਬੰਦੀ ਹੈ। ਇਸ ਵੱਲੋਂ ਸਮੇਂ ਸਮੇਂ ਤੇ ਮਾਂ ਬੋਲੀ ਪੰਜਾਬੀ ਦੇ ਵਿਕਾਸ ਵਿਚ ਅਹਿਮ ਯੋਗਦਾਨ ਦਿੱਤਾ ਜਾਂਦਾ ਰਿਹਾ ਹੈ। ਇਸ ਨੇ ਲਿਖਾਰੀਆਂ ਨੂੰ ਸਦਾ ਨਰੋਈ ਸੇਧ ਦੇਣ ਦਾ ਕੰਮ ਕੀਤਾ ਹੈ। ਸ੍ਰੀ ਮਨਮੋਹਨ ਬਾਵਾ ਅਤੇ ਕਿਰਪਾਲ ਕਜ਼ਾਕ ਦੀਆਂ ਕਹਾਣੀਆਂ 'ਮਾਵਾਂ-ਧੀਆਂ' ਅਤੇ 'ਜੜ੍ਹਾਂ' ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਕਿਹਾ ਕਿ ਮਾਂ ਦੇ ਰਿਸ਼ਤੇ ਨੂੰ ਲੈ ਕੇ ਲਿਖੀਆਂ ਗਈਆਂ ਇਹ ਦੋਵੇਂ ਉਚਕੋਟੀ ਦੀਆਂ ਰਚਨਾਵਾਂ ਹਨ। ਇਕ ਵਿਚ ਜਿਥੇ ਪਿੰਡ ਵਸਦੀ ਮਾਂ ਅਤੇ ਧੀ ਦੇ ਸਬੰਧਾਂ ਦੀ ਕੰਨੀ ਖੋਲ੍ਹੀ ਗਈ ਹੈ ਉਥੇ ਦੂਜੀ ਵਿਚ ਸ਼ਹਿਰ ਵਸਦੇ ਪੁੱਤ ਅਤੇ ਮਾਂ ਵਿਚਲੇ ਰਿਸ਼ਤੇ ਤੇ ਝਾਤ ਪਾਈ ਗਈ ਹੈ। ਦੋਵੇਂ ਕਹਾਣੀਆਂ ਉਮਦਾ ਸਨ। ਸਮਾਗਮ ਦੌਰਾਨ ਸ੍ਰੀ ਸਾਧੂ ਸਿੰਘ ਆਂਚਲ ਅਤੇ ਪ੍ਰੋ. ਗੁਰਚਰਨ ਸਿੰਘ ਅਰਸ਼ੀ ਨੇ ਪੰਜਾਬੀ ਸਾਹਿਤ ਨਾਲ ਸ਼ੁਰੂ ਤੋਂ ਚਲੇ ਆ ਰਹੇ ਆਪਣੇ ਨਿੱਘੇ ਸਬੰਧਾਂ ਦੀ ਵਿਸਥਾਰ ਨਾਲ ਚਰਚਾ ਵੀ ਕੀਤੀ। ਇਕੱਤਰਤਾ ਵਿਚ ਡਾ. ਰਵੇਲ ਸਿੰਘ, ਅਸ਼ੋਕ ਵਸ਼ਿਸ਼ਟ, ਜਸਵੰਤ ਸਿੰਘ ਸੇਖਵਾਂ, ਡਾ. ਸਤਪਾਲ ਕੌਰ, ਡਾ. ਪ੍ਰਿਥਵੀ ਰਾਜ ਥਾਪਰ, ਡਾ. ਕਰਨਜੀਤ ਸਿੰਘ ਨੇ ਭਾਗ ਲਿਆ।


## ਟਰੈਕਟਰ ਟਰੇਲਰ ਵਿਕਾਊ

2009 ਦਾ ਕੈਨਵਰਥ ਟਰੈਕਟਰ
2010 ਦੇ ਸਾਈਡ ਡੰਪ
2008 ਟਰੇਲਰ ਕਵਾੜ
2008 ਦਾ ਟਰੱਕ ਕੈਨਵਰਥ
ਨਵੇਂ ਟਾਇਰ, ਨਵੇਂ ਬਰੇਕ, ਘੱਟ ਚਲੇ, ਸੇਫ਼ਟੀ ਸਟਿੱਕਰ ਸਮੇਤ ਵਿਕਾਊ ਹਨ

ਸੰਪਰਕ : 780-993-3476



## General Insurance Agent Required

*We are seeking a qualified professional to join our Team in a full time position. A General Level 1 Insurance License is required. Salary depending on experience.*

*If you are motivated to succeed, appreciate a great team environment and want to work in a real career, we would love to hear from you. English is must, knowledge of other Languages are assets. Please reply to this advertisement, if you have the following license: General Level 1.*

**Fax your Resume: 780-465-0661**

Email your Resume: vnijjar@deolinsurance.com



# HERBALIFE Independent Distributor

Health Nutrition, Fitness & Skincare

Natural Weight Management!!

ਕੀ ਤੁਸੀਂ ਆਪਣੇ ਵਧੇ ਹੋਏ ਭਾਰ ਤੋਂ ਪ੍ਰੇਸ਼ਾਨ ਹੋ ? ਕਿਉਂਕਿ ਵਧਿਆ ਭਾਰ ਆਪਣੇ ਨਾਲ ਸੌ ਬਿਮਾਰੀਆਂ ਲੈ ਕੇ ਆਉਂਦਾ ਹੈ ? ਜਾਂ ਤੁਸੀਂ ਸਭ ਕੁਝ ਕਰ ਕੇ ਥੱਕ ਚੁੱਕੇ ਹੋ ਤੇ ਭਾਰ ਘਟਣ ਦਾ ਨਾਮ ਨਹੀਂ ਲੈ ਰਿਹਾ ਤਾਂ ਫਿਕਰ ਨਾ ਕਰੋ। ਹੁਣੇ ਹੀ ਰਸ਼ਮਿੰਦਰ ਦਿਓਲ ਨਾਲ ਗੱਲ ਕਰੋ। ਉਹ ਕੁਦਰਤੀ ਤਰੀਕੇ ਨਾਲ ਭਾਰ ਘਟਾਉਣ ਵਿਚ ਤੁਹਾਡੀ ਮਦਦ ਕਰਨਗੇ। ਉਹ ਹਰ ਹਫ਼ਤੇ ਤੁਹਾਡੇ ਭਾਰਤ ਨੂੰ ਮੋਨੀਟਰ ਵੀ ਕਰਨਗੇ।

*Rashminder Deol*

have lots of energy, feel & look great

BUSINESS OPPORTUNITY



**Tel : 403-293-0162 Cell : 403-477-4547**



J. Oza & Associates

# Immigration Services

Office : 204-480-1891, 204-227-0720
Unit 10 – 998 Keewatin Street, Winnipeg

- PNP
- Family & Spouse Sponsership
- Super/ Vistor Visa
- Study & Work Permit
- Affidavits
- Free Passport Photo with all secvices
- ਇੰਮੀਗਰੇਸ਼ਨ ਅਤੇ ਪਾਸਪੋਰਟ ਫੋਟੋ ਲਈ ਮਿਲੋ

Email : info@thecicg.com

*Licensed Immigration Advocate & Practitioner*

*Member of ICCRC & Commis-sioner for Oaths.*

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਜੇਲ੍ਹਾਂ ਵਿੱਚੋਂ ਭੀੜ ਘਟਾਉਣ ਦੀ ਗ੍ਰਹਿ ਮੰਤਰਾਲੇ ਦੀ ਮੁਹਿੰਮ ਪੰਜਾਬ ’ਚ ਬੇਅਸਰ

ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਜੇਲ੍ਹਾਂ ਦੀ ਭੀੜ ਘਟਾਉਣ ਦੀ ਮੁਹਿੰਮ ਨੂੰ ਪੰਜਾਬ ਵਿਚ ਬੂਰ ਨਹੀਂ ਪੈ ਸਕਿਆ। ਗ੍ਰਹਿ ਮੰਤਰਾਲੇ ਨੇ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਲਿਖਿਆ ਸੀ ਅਤੇ ਡੀ.ਜੀ.ਪੀ (ਜੇਲ੍ਹਾਂ) ਨੂੰ ਹਦਾਇਤ ਕੀਤੀ ਸੀ ਕਿ ਹਵਾਲਾਤੀਆਂ ‘ਚੋਂ ਜੋ ਆਪਣੇ ਕੀਤੇ ਜੁਰਮ ਦੀ ਬਨਦੀ ਸਜ਼ਾ ‘ਚੋਂ ਅੱਧਾ ਸਮਾਂ ਜੇਲ੍ਹਾਂ ਵਿਚ ਬਿਤਾ ਚੁੱਕੇ ਹਨ, ਉਨ੍ਹਾਂ ਨੂੰ ਰਿਹਾਅ ਕਰਕੇ ਜੇਲ੍ਹਾਂ ਨੂੰ ਸਾਹ ਦਿਵਾਇਆ ਜਾਵੇ। ਜੇਲ੍ਹ ਵਿਭਾਗ, ਪੰਜਾਬ ਵਲੋਂ ਜਦੋਂ ਜੇਲ੍ਹਾਂ ਵਿਚ ਅਜਿਹੇ ਬੰਦੀਆਂ ਦੀ ਸ਼ਨਾਖ਼ਤ ਕੀਤੀ ਗਈ ਤਾਂ ਸਿਰਫ ਡੇਢ ਦਰਜਨ ਬੰਦੀ ਹੀ ਲੱਭੇ। ਇਨ੍ਹਾਂ ਬੰਦੀਆਂ ਦੀ ਰਿਹਾਈ ਨਾਲ ਜੇਲ੍ਹਾਂ ਦੀ ਭੀੜ ਘਟਣੀ ਮੁਸ਼ਕਲ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੀ ਸੂਚਨਾ ਅਨੁਸਾਰ ਦੇਸ਼ ਭਰ ਦੀਆਂ ਜੇਲ੍ਹਾਂ ਵਿਚ12889 ਬੰਦੀ ਅਜਿਹੇ ਹਨ ਜਿਨ੍ਹਾਂ ਦੇ ਕੇਸ ਤਿੰਨ ਵਰ੍ਹਿਆਂ ਤੋਂ ਵਿਚਾਰ-ਅਧੀਨ ਹਨ। ਸਭ ਤੋਂ ਵੱਧ ਬਿਹਾਰ ਵਿਚ 1707 ਅਜਿਹੇ ਬੰਦੀ ਹਨ।

ਪੰਜਾਬ ਵਿਚ ਕੇਂਦਰੀ ਮੁਹਿੰਮ ਨੂੰ ਉਮੀਦ ਦਾ ਫਲ ਨਹੀਂ ਲੱਗ ਸਕਿਆ। ਬਠਿੰਡਾ ਜੇਲ੍ਹ ਵਿਚ ਸਿਰਫ਼ ਇੱਕ ਹੀ ਅਜਿਹਾ ਬੰਦੀ ਲੱਭਿਆ ਜੋ ਵਿਚਾਰ- ਅਧੀਨ ਮੁਕੱਦਮੇ ਦੌਰਾਨ ਬਣਦੀ ਸਜ਼ਾ ਦਾ ਅੱਧਾ ਸਮਾਂ ਕੱਟ ਚੁੱਕਾ ਹੈ। ਉਂਜ ਉਸ ‘ਤੇ ਇੱਕ ਹੋਰ ਕੇਸ ਦਰਜ ਹੈ ਜਿਸ ਕਰਕੇ ਉਸ ਨੂੰ ਕੇਂਦਰੀ ਮੁਹਿੰਮ ਦਾ ਫਾਇਦਾ ਨਹੀਂ ਮਿਲ ਸਕੇਗਾ। ਕੇਂਦਰੀ ਮੁਹਿੰਮ ਦਾ ਦੂਸਰੇ ਸੂਬਿਆਂ ਦੇ ਅਜਿਹੇ ਬੰਦੀਆਂ ਨੂੰ ਜ਼ਿਆਦਾ ਫਾਇਦਾ ਮਿਲੇਗਾ ਪ੍ਰੰਤੂ ਬਾਕੀ ਸੂਬਿਆਂ ਨਾਲੋਂ ਪੰਜਾਬ ਦੀ ਸਥਿਤੀ ਹੋਰ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਦੀਆਂ ਜੇਲ੍ਹਾਂ ਵਿਚ ਇਸ ਵੇਲੇ ਕੁੱਲ 26790 ਬੰਦੀ ਹਨ ਜਿਨ੍ਹਾਂ ‘ਚੋਂ 12490 ਬੰਦੀ ਤਾਂ ਇਕੱਲੇ ਨਸ਼ਿਆਂ ਦੀ ਤਸਕਰੀ ਵਾਲੇ ਹਨ, ਜੋ ਜੇਲ੍ਹਾਂ ਦੀ ਭੀੜ ਦਾ 47 ਫੀਸਦੀ ਬਣਦੇ ਹਨ। ਐਨ.ਡੀ.ਪੀ.ਐਸ. ਕੇਸਾਂ ਵਾਲੇ 12490 ਬੰਦੀਆਂ ‘ਚੋਂ 8290 ਹਵਾਲਾਤੀ ਹਨ ਜਦੋਂਕਿ 4200 ਸਜ਼ਾ ਯਾਫਤਾ ਹਨ। ਨਸ਼ਿਆਂ ਦੇ ਕੇਸਾਂ ਤੋਂ ਬਾਅਦ ਬਿਨ੍ਹਾਂ ਬਾਕੀ ਕੇਸਾਂ ਵਿੱਚ ਜੇਲ੍ਹਾਂ ਵਿੱਚ ਕੁੱਲ 14300 ਬੰਦੀ ਹਨ ਜਿਨ੍ਹਾਂ ‘ਚੋਂ 7800 ਹਵਾਲਾਤੀ ਹਨ।



ਇਸ ਤਰ੍ਹਾਂ ਦੇਖਿਆ ਜਾਵੇ ਤਾਂ ਪੰਜਾਬ ਦੀਆਂ ਜੇਲ੍ਹਾਂ ਵਿਚ ਹਵਾਲਾਤੀਆਂ ਦੀ ਗਿਣਤੀ 16090 ਹੈ ਜੋ ਕਿ ਕੁੱਲ ਦਾ 60 ਫੀਸਦੀ ਬਣਦੀ ਹੈ। ਜੇਲ੍ਹਾਂ ਵਿਚ ਵੱਡੀ ਭੀੜ ਨਸ਼ਿਆਂ ਦੇ ਤਸਕਰਾਂ ਦੀ ਹੈ ਜਿਸ ਕਰਕੇ ਕੇਂਦਰੀ ਮੁਹਿੰਮ ਬਹੁਤਾ ਅਸਰ ਨਹੀਂ ਦਿਖਾ ਸਕੀ ਹੈ। ਪੰਜਾਬ ਦੀਆਂ ਜੇਲ੍ਹਾਂ ਦੀ ਸਮਰੱਥਾ ਇਸ ਵੇਲੇ 18685 ਬੰਦੀਆਂ ਦੀ ਹੈ ਜਦੋਂਕਿ ਜੇਲ੍ਹਾਂ ਵਿਚ 26790 ਬੰਦੀਆਂ ਦੀ ਭੀੜ ਹੈ। ਇਸ ਵੇਲੇ 73 ਵਿਦੇਸ਼ੀ ਬੰਦੀ ਹਨ ਜਦੋਂ ਕਿ 94 ਸਿਵਲ ਕੇਸਾਂ ਦੇ ਬੰਦੀ ਹਨ। 1585 ਔਰਤਾਂ ਵੀ ਬੰਦੀ ਹਨ। ਬਠਿੰਡਾ, ਮਾਨਸਾ, ਫਿਰੋਜ਼ਪੁਰ, ਫਰੀਦਕੋਟ, ਅੰਮ੍ਰਿਤਸਰ ਤੇ ਸੰਗਰੂਰ ਦੀਆਂ ਜੇਲ੍ਹਾਂ ਵਿਚ ਐਨ.ਡੀ.ਪੀ. ਐਸ. ਕੇਸਾਂ ਦੇ ਬੰਦੀ ਜ਼ਿਆਦਾ ਹਨ।

ਜੇਲ੍ਹ ਵਿਭਾਗ ਵੱਲੋਂ ਬੈਰਕਾਂ ਵਿੱਚ 1600 ਹੋਰ ਬੰਦੀਆਂ ਨੂੰ ਰੱਖਣ ‘ਚ ਵਾਧਾ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਮੁਕਤਸਰ,ਬਠਿੰਡਾ,ਤਰਨਤਾਰਨ ਅਤੇ ਗੋਇੰਦਵਾਲ ਸਾਹਿਬ ਵਿਚ ਚਾਰ ਨਵੀਆਂ ਜੇਲ੍ਹਾਂ ਬਣ ਰਹੀਆਂ ਹਨ ਜਿਸ ਨਾਲ ਚਾਰ ਹਜ਼ਾਰ ਬੰਦੀਆਂ ਨੂੰ ਰੱਖਣ ਦੀ ਸਮਰੱਥਾ ਵਧ ਜਾਣੀ ਹੈ।

## ਕੈਪਟਨ ਤੇ ਬਾਜਵਾ ਦੀ ਫੁੱਟ ਫਿਰ ਹੋਈ ਜੱਗ ਜ਼ਾਹਿਰ

ਕਾਂਗਰਸ ਦੇ ਮੌਜੂਦਾ ਸੰਸਦ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਵੱਖੋ ਵੱਖਰੇ ਤੌਰ ‘ਤੇ ਰਾਮ ਲਾਲ ਈਐਨਟੀ ਹਸਪਤਾਲ ਦਾ ਦੌਰਾ ਕੀਤਾ ਅਤੇ ਅੱਖਾਂ ਦੀ ਰੌਸ਼ਨੀ ਗੁਆਉਣ ਵਾਲੇ ਮਰੀਜ਼ਾਂ ਨੂੰ ਮਿਲੇ। ਦੋਵਾਂ ਆਗੂਆਂ ਨੇ ਪੀੜਤਾਂ ਲਈ ਮੁਆਵਜ਼ੇ ਦੀ ਰਕਮ ਵਧਾਉਣ ਦੀ ਮੰਗ ਕੀਤੀ ਹੈ। ਦੋਵਾਂ ਸੀਨੀਅਰ ਆਗੂਆਂ ਵੱਲੋਂ ਕੁਝ ਮਿੰਟਾਂ ਦੇ ਫ਼ਰਕ ‘ਤੇ ਅੱਗੇ ਪਿੱਛੇ ਵੱਖੋ-ਵੱਖ ਇੱਕ ਹਸਪਤਾਲ ਦਾ ਦੌਰਾ ਕੀਤੇ ਜਾਣ ‘ਤੇ ਦੋਵਾਂ ਵਿਚਲੀ ਦੂਰੀ ਮੁੜ ਜੱਗ ਜ਼ਾਹਰ ਹੋਈ ਹੈ।

ਸ੍ਰੀ ਪ੍ਰਤਾਪ ਸਿੰਘ ਬਾਜਵਾ ਵੱਲੋਂ ਹਸਪਤਾਲ ਦਾ ਦੌਰਾ ਕਰਨ ਦਾ ਇਹ ਪ੍ਰੋਗਰਾਮ ਬੀਤੀ ਰਾਤ ਹੀ ਬਣਿਆ ਹੋਇਆ ਸੀ। ਇਸ ਸਬੰਧੀ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਆਗੂ ਪਹਿਲਾਂ ਦੌਰਾ ਕਰਕੇ ਸਾਰੀ ਸਥਿਤੀ ਦਾ ਵੀ ਪਤਾ ਲਾ ਆਏ ਸਨ। ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਕਿਸੇ ਪ੍ਰੋਗਰਾਮ ਕਾਰਨ ਇੱਥੇ ਆਏ ਸਨ ਤੇ ਉਨ੍ਹਾਂ ਨੇ ਸਵੇਰੇ ਹਵਾਈ ਉਡਾਣ ਰਾਹੀਂ ਚਲੇ ਜਾਣਾ ਸੀ ਪ੍ਰੰਤੂ ਉਨ੍ਹਾਂ ਦੀ ਹਵਾਈ ਉਡਾਣ ਲੇਟ ਹੋ ਗਈ ਅਤੇ ਉਹ ਪ੍ਰਤਾਪ ਸਿੰਘ ਬਾਜਵਾ ਤੋਂ ਪਹਿਲਾਂ ਹੀ ਹਸਪਤਾਲ ਦਾ ਦੌਰਾ ਕਰਨ ਲਈ ਚਲੇ ਗਏ। ਦੋਵੇਂ ਆਗੂ ਕੁਝ ਮਿੰਟਾਂ ਦੀ ਵਿੱਥ ‘ਤੇ ਅੱਗੇ ਪਿੱਛੇ ਹਸਪਤਾਲ ਪੁੱਜੇ ਅਤੇ ਹਸਪਤਾਲ ਵਿੱਚ ਦਾਖ਼ਲ ਮਰੀਜ਼ਾਂ ਨਾਲ ਮੁਲਾਕਾਤ ਕੀਤੀ। ਦੋਵਾਂ ਆਗੂਆਂ ਨਾਲ ਉਨ੍ਹਾਂ ਦੇ ਹਮਾਇਤੀ ਵੀ ਹਾਜ਼ਰ ਸਨ।

ਦੌਰੇ ਦੌਰਾਨ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਪਿੰਡਾਂ ਦੇ ਗਰੀਬ ਤੇ ਬਜ਼ੁਰਗ ਲੋਕਾਂ ਦੀਆਂ ਅੱਖਾਂ ਦੇ ਗਲਤ ਅਪਰੇਸ਼ਨ ਕਰਨ ਲਈ ਜ਼ਿੰਮੇਵਾਰ ਸਮੂਹ ਵਿਅਕਤੀਆਂ ਖ਼ਿਲਾਫ਼ ਅਪਰਾਧਿਕ ਮਾਮਲਾ ਦਰਜ ਹੋਣਾ ਚਾਹੀਦਾ ਹੈ। ਸਰਕਾਰ ਵੱਲੋਂ ਪੀੜਤਾਂ ਨੂੰ ਦੋ ਹਜ਼ਾਰ ਰੁਪਏ ਵਿਸ਼ੇਸ਼ ਪੈਨਸ਼ਨ ਦਿੱਤੇ ਜਾਣ ਦੇ ਐਲਾਨ ਨੂੰ ਨਕਾਰਦਿਆਂ ਉਨ੍ਹਾਂ ਇਸਨੂੰ ਕੋਝਾ ਮਜ਼ਾਕ ਕਰਾਰ ਦਿੱਤਾ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਇਨ੍ਹਾਂ ਪੀੜਤਾਂ ਨੂੰ ਉਚਿਤ ਮੁਆਵਜ਼ਾ ਦੇਵੇ। ਉਨ੍ਹਾਂ ਐਲਾਨ ਕੀਤਾ ਕਿ ਇਨ੍ਹਾਂ ਮਰੀਜ਼ਾਂ ਦੀ ਸਹਾਇਤਾ ਲਈ ਹਸਪਤਾਲ ਵਿੱਚ ਭੋਜਨ ਦਾ ਪ੍ਰਬੰਧ ਕਾਂਗਰਸ ਪਾਰਟੀ ਦੇ ਆਗੂਆਂ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨੇ ਇਰਾਕ ਵਿੱਚ ਬੰਧਕ ਬਣਾਏ ਗਏ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ ਅਤੇ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਕੋਲ ਰੱਖਣਗੇ।

## ਪੰਜਾਬ ’ਚ ਕੇਵਲ 48 ਡਾਕਟਰਾਂ ਜ਼ਿੰਮੇ ਹੈ ਲੋਕਾਂ ਦੀਆਂ ਅੱਖਾਂ ਦਾ ਇਲਾਜ

ਅੱਖਾਂ ਦੇ ਚਾਰ ਦਰਜਨ ਮਾਹਿਰ ਡਾਕਟਰਾਂ ਸਹਾਰੇ ਰਾਜ ਦੇ ਸਵਾ ਦੋ ਸੌ ਸਰਕਾਰੀ ਹਸਪਤਾਲ ਚਲ ਰਹੇ ਹਨ। ਸਿਹਤ ਵਿਭਾਗ ‘ਚ ਅੱਖਾਂ ਦੇ ਮਾਹਿਰ ਡਾਕਟਰਾਂ ਦੀਆਂ 67 ਆਸਾਮੀਆਂ ਹਨ ਅਤੇ ਇਨ੍ਹਾਂ ਵਿਚੋਂ 48 ਸਰਕਾਰੀ ਹਸਪਤਾਲਾਂ ‘ਚ ਤਾਇਨਾਤ ਕੀਤੇ ਗਏ ਹਨ। ਬਲਾਕ ਅਤੇ ਤਹਿਸੀਲ ਪੱਧਰ ਦੇ 195 ਹਸਪਤਾਲ ਅੱਖਾਂ ਦੇ ਮਾਹਿਰਾਂ ਤੋਂ ਬਗ਼ੈਰ ਚਲ ਰਹੇ ਹਨ । ਸਰਕਾਰ ਵਲੋਂ ਸਾਲ 2014 ਦੌਰਾਨ ਇੱਕ ਲੱਖ 84 ਹਜ਼ਾਰ ਲੋਕਾਂ ਦੀਆਂ ਅੱਖਾਂ ਦੇ ਚਿੱਟੇ ਮੋਤੀਆ ਦੇ ਅਪਰੇਸ਼ਨ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਅੱਖਾਂ ਦੇ ਮਾਹਿਰ ਡਾਕਟਰਾਂ ਦੀਆਂ ਕੁੱਲ 67 ਆਸਾਮੀਆਂ ਹਨ ਅਤੇ ਇਨ੍ਹਾਂ ਵਿਚੋਂ 19 ਡਾਕਟਰ ਦੂਜੇ ਕੰਮਾਂ ‘ਤੇ ਲਾਏ ਗਏ ਹਨ। ਇਸ ਤਰ੍ਹਾਂ 48 ਡਾਕਟਰ ਅੱਖਾਂ ਦੀਆਂ ਬਿਮਾਰੀਆਂ ਦੇ ਇਲਾਜ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ ‘ਤੇ ਢੋਅ ਰਹੇ ਹਨ। ਇਹ ਡਾਕਟਰ ਸਕੂਲ ਹੈਲਥ ਪ੍ਰੋਗਰਾਮ ਸਮੇਤ ਹੋਰ ਵੀ ਕਈ ਪ੍ਰਾਜੈਕਟ ਚਲਾ ਰਹੇ ਹਨ। ਵਿਭਾਗ ‘ਚ 29 ਹੋਰ ਅੱਖਾਂ ਦੇ ਮਾਹਿਰ ਡਾਕਟਰ ਤਾਂ ਹਨ ਪਰ ਉਨ੍ਹਾਂ ਦੀ ਨਿਯੁਕਤੀ ਐਮ ਬੀ ਬੀ ਐਸ ਦੇ ਤੌਰ ‘ਤੇ ਕੀਤੀ ਗਈ ਹੈ ਅਤੇ ਉਹ ਡਿਸਪੈਂਸਰੀਆਂ ‘ਚ ਲਾਏ ਗਏ ਹਨ। ਸਿਹਤ ਵਿਭਾਗ ਦੇ ਅੰਕੜੇ ਬੋਲਦੇ ਹਨ ਕਿ ਸਰਕਾਰ ਵਲੋਂ ਅੱਖਾਂ ਦੇ ਮਾਹਿਰ ਡਾਕਟਰਾਂ ਦੀ ਤਾਇਨਾਤੀ ਸਮੇਂ ਵੀ ਕਾਣੀ ਵੰਡ ਕੀਤੀ ਗਈ ਹੈ। ਕਿਸੇ ਜ਼ਿਲ੍ਹੇ ‘ਚ ਆਸਾਮੀਆਂ ਘੱਟ ਹਨ ਪਰ ਅੱਖਾ ਦੇ ਮਾਹਿਰ ਡਾਕਟਰ ਜ਼ਿਆਦਾ ਗਿਣਤੀ ‘ਚ ਲਾਏ ਗਏ ਹਨ ਜਦੋਂ ਕਿ ਕਈ ਜ਼ਿਲ੍ਹਿਆਂ ‘ਚ ਵੱਡੀ ਗਿਣਤੀ ਆਸਾਮੀਆਂ ਖ਼ਾਲੀ ਪਈਆਂ ਹਨ। ਦਿਹਾਤੀ ਖੇਤਰ ਦੇ ਲੋਕਾਂ ਦੀ ਜ਼ਿਆਦਾਤਰ ਟੇਕ ਸਰਕਾਰੀ ਡਾਕਟਰਾਂ ‘ਤੇ ਹੁੰਦੀ ਹੈ ਪਰ ਪਿੰਡਾਂ ਦੇ ਨੇੜੇ ਪੈਂਦੇ ਪ੍ਰਾਇਮਰੀ ਹੈਲਥ ਸੈਂਟਰਾਂ ਅਤੇ ਕਮਿਊਨਿਟੀ ਹੈਲਥ ਸੈਂਟਰਾਂ ‘ਚ ਅੱਖਾਂ ਦੇ ਮਾਹਿਰ ਡਾਕਟਰਾਂ ਦੀ ਪੋਸਟ ਨਹੀਂ ਦਿੱਤੀ ਗਈ ਹੈ। ਘੁਮਾਣ ਦੇ ਨੇੜੇ ਪੈਂਦੇ ਗੱਗੋਮਾਹਲ ਦੇ ਕੈਂਪ ਵਿੱਚ ਜਿਨ੍ਹਾਂ ਲੋਕਾਂ ਦੀਆਂ ਅੱਖਾਂ ਦੀ ਜੋਤ ਚਲੇ ਗਈ ਹੈ ਉਨ੍ਹਾਂ ਸਾਰਿਆਂ ਦਾ ਸਬੰਧ ਦਿਹਾਤ ਨਾਲ ਹੈ। ਵਿਭਾਗ ਦੇ ਰਿਕਾਰਡ ਤੋਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਸਰਕਾਰ ਵਲੋਂ ਚਾਲੂ ਸਾਲ ਵਿੱਚ ਇੱਕ ਲੱਖ 84 ਹਜ਼ਾਰ 352 ਲੋਕਾਂ ਦੀਆਂ ਅੱਖਾਂ ਦੇ ਅਪਰੇਸ਼ਨ ਕਰਨ ਦਾ ਟੀਚਾ ਰੱਖਿਆ ਗਿਆ ਸੀ ਇਨ੍ਹਾਂ ਵਿਚੋਂ 31 ਅਕਤੂਬਰ ਤਕ ਇੱਕ ਲੱਖ 75 ਹਜ਼ਾਰ 135 ਦੀਆਂ ਅੱਖਾਂ ਦੇ ਅਪਰੇਸ਼ਨ ਹੋ ਚੁੱਕੇ ਹਨ। ਅਪਰੇਸ਼ਨ ਕਰਵਾਉਣ ਵਾਲੇ ਕੁੱਲ ਮਰੀਜ਼ਾਂ ਵਿਚੋਂ ਇੱਕ ਲੱਖ ਸੱਤ ਹਜ਼ਾਰ 539 ਦੀ ਅੱਖਾਂ ‘ਚ ਲੈਂਜ਼ ਪਾਏ ਗਏ ਹਨ। ਵਿਭਾਗ ਵਲੋਂ ਇਹ ਨਹੀਂ ਦੱਸਿਆ ਗਿਆ ਹੈ ਕਿ ਇਹ ਅਪਰੇਸ਼ਨ ਸਰਕਾਰੀ ਡਾਕਟਰਾਂ ਵਲੋਂ ਕੀਤੇ ਗਏ ਹਨ ਜਾਂ ਇਸ ‘ਚ ਸਮਾਜ ਸੇਵੀ ਸੰਸਥਾਵਾਂ ਵਲੋਂ ਲਾਏ ਕੈਂਪਾਂ ‘ਚ ਮੁਫ਼ਤ ਅਪਰੇਸ਼ਨ ਕਰਵਾਉਣ ਵਾਲੇ ਮਰੀਜ਼ਾਂ ਦੀ ਗਿਣਤੀ ਵੀ ਸ਼ਾਮਲ ਹੈ। ਇੱਕ ਹੋਰ ਜਾਣਕਾਰੀ ਤੋਂ ਇਹ ਵੀ ਪਤਾ ਲੱਗਾ ਹੈ ਕਿ ਸਮਾਜ ਸੇਵੀ ਸੰਸਥਾਵਾਂ ਨੂੰ ਅਪਰੇਸ਼ਨਾ ਦਾ ਡਾਟਾ ਅਪਡੇਟ ਕਰਨ ਵਾਸਤੇ ਡੇਢ ਕਰੋੜ ਦੀ ਰਕਮ ਅਦਾ ਕੀਤੀ ਗਈ ਹੈ। ਸਿਹਤ ਵਿਭਾਗ ਦੇ ਇੱਕ ਅਧਿਕਾਰੀ ਦਾ ਅੰਦਾਜ਼ਾ ਹੈ ਕਿ ਰਾਜ ਭਰ ‘ਚ ਅੱਖਾਂ ਦੇ ਹੋ ਰਹੇ ਅਪਰੇਸ਼ਨਾਂ ‘ਚੋਂ 70 ਫ਼ੀਸਦ ਸਮਾਜ ਸੇਵੀ ਸੰਸਥਾਵਾਂ ਕਰ ਰਹੀਆਂ ਹਨ। ਇਹ ਵੱਖਰੀ ਗੱਲ ਹੈ ਕਿ ਅਪਰੇਸ਼ਨ ਉੱਤੇ ਨਿਗਰਾਨੀ ਰੱਖਣ ਵਾਸਤੇ ਕੋਈ ਯੋਜਨਾ ਨਹੀਂ ਬਣਾਈ ਗਈ। ਵਿਭਾਗ ਵਲੋਂ ਡਾਕਟਰਾਂ ਵਾਸਤੇ ਅਪਰੇਸ਼ਨਾਂ ਦੀ ਜ਼ਿਲ੍ਹਾਵਾਰ ਗਿਣਤੀ ਵੀ ਮੁਕੱਰਰ ਕੀਤੀ ਗਈ ਹੈ। ਸਿਹਤ ਮਾਮਲਿਆਂ ਦੇ ਮਾਹਿਰ ਡਾਕਟਰ ਪਿਆਰੇ ਲਾਲ ਗਰਗ ਅਨੁਸਾਰ ਸਰਕਾਰ ਨੂੰ ਆਪਣੀਆਂ ਨੀਤੀਆਂ ‘ਤੇ ਮੁੜ ਤੋਂ ਗੌਰ ਕਰਨ ਦੀ ਲੋੜ ਹੈ। ਸਿਹਤ ਵਿਭਾਗ ਦੇ ਡਾਇਰੈਕਟਰ ਡਾਕਟਰ ਕਰਨਜੀਤ ਸਿੰਘ ਨੇ ਕਿਹਾ ਹੈ ਕਿ ਪਿੰਡ ਗੱਗੋਮਾਹਲ ਦੇ ਦਾਖਾਂਤ ਤੋਂ ਬਾਅਦ ਸਰਕਾਰ ਵਲੋਂ ਅੱਖਾਂ ਦੇ ਮੁਫ਼ਤ ਅਪਰੇਸ਼ਨ ਲਈ ਇੱਕ ਵਿਸ਼ੇਸ਼ ਨੀਤੀ ਬਣਾਈ ਜਾ ਰਹੀ ਹੈ ਜਿਸ ਲਈ ਇੱਕ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ।

## ਕਬੱਡੀ ਕੱਪ: ਬੱਲੇ ਬੱਲੇ ਸਰਕਾਰ ਦੀ ਅਤੇ ਅੰਨ ਪਾਨੀ ‘ਬਾਬਿਆਂ’ ਦਾ



ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਹਰ ਸਾਲ ਵਿਸ਼ਵ ਕਬੱਡੀ ਕੱਪ ਕਰਵਾ ਕੇ ਇਸ ‘ਤੇ ਕਰੋੜਾਂ ਰੁਪਏ ਖਰਚ ਕਰਕੇ ਵਾਹ ਵਾਹ ਖੱਟੀ ਜਾ ਰਹੀ ਹੈ ਪਰ ਸੂਬੇ ਦੇ ਵੱਖ ਵੱਖ ਸ਼ਹਿਰਾਂ ਵਿੱਚ ਕਰਵਾਏ ਜਾ ਰਹੇ ਮੈਚਾਂ ਦੇ ਪ੍ਰਬੰਧਾਂ ਲਈ ਅਨੇਕ ਖ਼ਰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆਉਂਦੇ ਗੁਰੂ ਘਰਾਂ ਦੀਆਂ ਗੋਲਕਾਂ ‘ਤੇ ਪਾਏ ਜਾ ਰਹੇ ਹਨ ਜਾਂ ਪ੍ਰਸ਼ਾਸਨ ਵੱਲੋਂ ਲੋਕਾਂ ਤੋਂ ਵਗਾਰਾਂ ਲੈ ਕੇ ਕੰਮ ਚਲਾਇਆ ਜਾ ਰਿਹਾ ਹੈ।

ਖੰਨਾ ਵਿੱਚ ਅੱਜ ਵਿਸ਼ਵ ਕਬੱਡੀ ਕੱਪ ਦੇ ਮੈਚ ਹੋ ਰਹੇ ਹਨ ਅਤੇ ਮੈਚਾਂ ਦੇ ਪ੍ਰਬੰਧਾਂ ਲਈ ਪਿਛਲੇ ਤਿੰਨ ਦਿਨਾਂ ਤੋਂ ਖੰਨਾ ਪੁਲੀਸ ਜ਼ਿਲ੍ਹੇ ਦੇ ਸੈਂਕੜੇ ਕਰਮਚਾਰੀ ਸਾਰੇ ਕੰਮਕਾਜ ਛੱਡ ਕੇ ਵੀ.ਆਈ.ਪੀ ਸੁਰੱਖਿਆ ਤੇ ਆਮ ਲੋਕਾਂ ਦੀ ਸੁਰੱਖਿਆ ਵਿੱਚ ਜੁਟੇ ਹੋਏ ਹਨ। ਸੈਂਕੜੇ ਪੁਲੀਸ ਕਰਮਚਾਰੀਆਂ ਲਈ ਖਾਣ ਪੀਣ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਜਾਣਾ ਚਾਹੀਦਾ ਹੈ ਪਰ ਇਹ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਅਧੀਨ ਆਉਂਦੇ ਗੁਰਦੁਆਰਿਆਂ ਵਿੱਚੋਂ ਲੰਗਰ ਤਿਆਰ ਕਰਕੇ ਅਤੇ ਪੈਕ ਕਰਕੇ ਖੰਨਾ ਭੇਜਿਆ ਗਿਆ ਹੈ। ਬੇਸ਼ੱਕ ਕਿਸੇ ਵੀ ਵਿਅਕਤੀ ਨੂੰ ਗੁਰੂ ਘਰ ਦਾ ਲੰਗਰ ਖੁਆਉਣਾ ਇਤਰਾਜ਼ਯੋਗ ਗੱਲ ਨਹੀਂ ਹੈ ਪਰ ਗੁਰਦੁਆਰੇ ਵਿੱਚ ਮੱਥਾ ਟੇਕਣ ਆਉਣ ਵਾਲੇ ਸ਼ਰਧਾਲੂ ਲੰਗਰ ਹਾਲ ਵਿੱਚ ਬੈਠ ਕੇ ਲੰਗਰ ਛਕਣ ਦੀ ਮਰਿਆਦਾ ਹੈ, ਨਾ ਕੀ ਸਰਕਾਰ ਦੇ ਹੁਕਮਾਂ ‘ਤੇ ਗੁਰਦੁਆਰੇ ਵਿੱਚੋਂ ਲੰਗਰ ਤਿਆਰ ਕਰਕੇ ਸਰਕਾਰੀ ਸਮਾਗਮਾਂ ‘ਤੇ ਸਰਕਾਰੀ ਕਰਮਚਾਰੀਆਂ ਨੂੰ ਖੁਆਇਆ ਜਾਵੇ। ਇਹ ਵੀ ਜਾਣਕਾਰੀ ਮਿਲੀ ਹੈ ਕਿ ਖੰਨਾ ਵਿੱਚ ਕਰਵਾਏ ਜਾ ਰਹੇ ਮੈਚਾਂ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਟੈਂਟ, ਕੁਰਸੀਆਂ ਤੇ ਦਰਸ਼ਕਾਂ ਲਈ ਹੋਰ ਪ੍ਰਬੰਧ ਵੀ ਸਰਕਾਰੀ ਖਰਚੇ ਦੀ ਬਜਾਏ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਇਲਾਕੇ ਦੇ ਪਤਵੰਤੇ ਅਤੇ ਪੁਲੀਸ ਪ੍ਰਸ਼ਾਸਨ ਨਾਲ ਨੇੜਤਾ ਰੱਖਣ ਵਾਲੇ ਰਈਸਾਂ ਨੂੰ ਵਗਾਰਾ ਪਾ ਕੇ ਕੀਤੇ ਹਨ। ਗੁਰਦੁਆਰਿਆਂ ਵਿੱਚੋਂ ਸਰਕਾਰੀ ਸਮਾਗਮਾਂ ਲਈ ਤਾਇਨਾਤ ਸੁਰੱਖਿਆ ਕਰਮਚਾਰੀਆਂ ਲਈ ਜਾ ਰਹੇ ਲੰਗਰ ਬਾਰੇ ਗੁਰਦੁਆਰਾ ਪ੍ਰਬੰਧਕਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪੁਲੀਸ ਵੱਲੋਂ ਗੁਰਦੁਆਰਿਆਂ ਨੂੰ ਲੰਗਰ ਲਈ ਰਾਸ਼ਨ ਦੇ ਦਿੱਤਾ ਗਿਆ ਸੀ ਤੇ ਉਨ੍ਹਾਂ ਵੱਲੋਂ ਉਸ ਨੂੰ ਪਕਾ ਕੇ ਪੈਕ ਕਰਕੇ ਭੇਜਿਆ ਗਿਆ ਹੈ।

## ਕੇਂਦਰੀ ਪੰਜਾਬੀ ਲੇਖਕ ਸਭਾ ਨੇ ਪੰਜਾਬੀ ਸਪਤਾਹ ਦੇ ਪ੍ਰਬੰਧਾਂ ’ਤੇ ਅਸੰਤੁਸ਼ਟੀ ਪ੍ਰਗਟਾਈ

ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬ ਨੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਮਨਾਏ ਗਏ ਪੰਜਾਬੀ ਸਪਤਾਹ ਦੇ ਪ੍ਰਬੰਧਾਂ ਅਤੇ ਕਾਰਜ ਅਮਲਾਂ ‘ਤੇ ਅਸੰਤੁਸ਼ਟੀ ਅਤੇ ਰੋਸ ਪ੍ਰਗਟ ਕੀਤਾ ਹੈ। ਸਭਾ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ ਅਤੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਦੋਸ਼ ਲਾਇਆ ਕਿ ਪੰਜਾਬੀ ਸਪਤਾਹ ਦੌਰਾਨ ਕਰਵਾਈਆਂ ਗੋਸ਼ਟੀਆਂ ਅਤੇ ਸਮਾਗਮਾਂ ਤੋਂ ਪੰਜਾਬ ਪੱਧਰ ਦੀਆਂ ਸਾਹਿਤਕ ਜਥੇਬੰਦੀਆਂ ਨੂੰ ਦੂਰ ਰੱਖਿਆ ਗਿਆ ਹੈ। ਸਭਾ ਨੇ ਇਨ੍ਹਾਂ ਸਮਾਗਮਾਂ ਲਈ ਮਿਲੇ ਲੱਖਾਂ ਰੁਪਏ ਨੂੰ ਗੋਸ਼ਟੀਆਂ ਮੌਕੇ ਪੈਸੇ ਦੇ ਕੇ ਕੀਤੇ ਇਕੱਠ ‘ਤੇ ਵੀ ਇਤਰਾਜ਼ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸਮਾਗਮਾਂ ਦਾ ਪੱਧਰ ਅਜਿਹਾ ਹੋਣਾ ਚਾਹੀਦਾ ਸੀ ਕਿ ਬਜਟ ਦਾ ਵੱਡਾ ਹਿੱਸਾ ਇਕੱਠ ਕਰਨ ‘ਤੇ ਨਾ ਲੱਗੇ। ਇਸ ਤੋਂ ਇਲਾਵਾ ਮਨਮਰਜ਼ੀ ਨਾਲ ਲੋਈਆਂ ਦੇਣ ਉਪਰ ਵੀ ਖਰਚਾ ਕਰਨਾ ਉਚਿਤ ਨਹੀਂ ਹੈ।

# All hopes lost...

**Ricku Bassi**
bassi.rajkaren@live.com

When I was growing up in Canada, I was always fascinated by the big shiny semi-trucks that were owned by the parents of my friends, and many I would see driving down the highway during our family vacations. I always wondered what it must be like to drive one of these giant trucks and how much pride one must have in owning such a shiny and chromed out truck. I thought these folks driving the big trucks were in respectable professions just like the folks who fly airplanes, are doctors, or do any other “respectable jobs.”. Little did I know what our community thought about us?

Although I graduated from university with a degree in a totally unrelated field, I too chose to become a truck driver. This was against the views of many of my family members, but I chose to do it because I had a thing for nice trucks. I wasn’t going into it just because I needed to make ends meet, but because I truly enjoyed the job and most of the things that came with it. I wasn’t going to let nobody stop me from doing what I love. The job was great, I travelled all over the U.S and Canada, I loved it up until I encountered the Punjabi truck drivers and businessmen.

Ripped off, taken advantage of, lied to multiple times, and I can go on with a list of negative words for the people that are unfortunately now big players in the trucking industry. I thought to myself “hmm, I thought if you wore a turban you were supposed to be a bit more trustworthy in our community or respected”. But it seemed like a turban has nowadays become a mask or license to do bad things to other people, or to benefit yourself. I drove on the highway for a turbaned man who named his companies using religious names. I was lured in by his promise of no nonsense and the fact that he was a “giani.” This giani turned out to be one of the biggest crooks in the industry, having ripped in excess of 20 drivers. All the five fingers are not equal, means not every turbaned man is bad like this man, who gave me such experience that I think twice to talk with turbaned man.

My other story involves a “mona” (clean shave) trucking company owner. This man also lied to me over and over, about the smallest little things, just to take my money, delay it, and keep whatever he could. I couldn’t believe it. I could not believe that my people were doing things like these to their own people! What has this industry become? Rip everyone off, fill our stomach, and let the others around you starve? Perhaps that should be the motto of many of these East Indian trucking companies.

The industry now has a tarnished image mainly due to our Punjabi community and how they do things. Not only when it comes to money, but the fact that 80% of the Punjabi drivers cannot speak clear English and cannot communicate properly. This also hinders their ability to read and understand the rules of the road, and it is also a safety issue. Most non Punjabi drivers, the Caucasian folks, cannot stand our people. The Caucasian folks say “these east Indians bring their poor driving habits over from India, and drive like its Punjab. They have no consideration for anyone else, lack common sense, and they park their big trucks anywhere they please.” If you want to drive a truck here, please be able to at least grasp Basic English language skills. Stop driving like its India. Learn English, as you are in a country where it is the main language. Be courteous, polite, and friendly. The image of the trucking industry may then change. But for now, it seems like all hope is lost.

The industry now has a tarnished image mainly due to our Punjabi community and how they do things. Not only when it comes to money, but the fact that 80% of the Punjabi drivers cannot speak clear English and cannot communicate properly.

# HYPOCRISY

**Amrit Riar**

As we talk about living in a modern world and accepting people. Some communities still hold on to the traditions of their ancestors, which is a beautiful thing. Children are being taught the culture their parents grew up with, but is it making them hypocrite too?

Minor communities usually talk about being the victim of racism, or feeling like an outsider. But are minority communities really accepting others too? How could be expected to be accepted, when they aren’t doing the same. As a part of the small Indian community, I see our people judging every single community and complaining about it too. Hypocrisy has become a problem that none of us wants or ready to talk about. We get so defensive when it comes to our community that sometimes we ignore the fact that what we are doing could be wrong. Even if the topic comes up, we judge others on the basis of their skin colour. Racism isn’t the topic we are being a hypocrite about. There are many other examples like generation gap and gender discrimination. If a girl wants to live the way she likes she would be judged by almost everyone within her own community whereas boys have almost no restrictions. We do hold onto the traditions of our ancestors, which are a beautiful thing, but are we really being fair. We are using culture as an excuse. Our culture doesn’t say that girl cannot be independent. Guru Nanak Dev Ji, the founder of Sikhism has said himself, “So Kyu Manda Aakhiye Jit Janmey Rajaan”, which means that men and women are equal and therefore women cannot be considered socially or spiritually inferior. If we are really following our tradition and teachings, how could we leave this one out?

The generation gap is another problem. Parents need to understand that time has changed and with that it’s also changed how society thinks. Parents need to let children make their mistakes to learn lessons. They can’t be with them every single second. If parents are too uptight, children sneak out and make bigger mistakes. Children feel afraid to share their secrets and problems. Parents need to become more understanding of their children’s problems like peer pressure. They need to know they can help their kids by talking to them not by forcing their decisions.

# Reducing Waste through Technology



**Harpreet**

In today’s world Technology advances by the minutes but have you ever thought about using it to our advantage. In Winnipeg there are 700,000 people , Every month every citizen in Winnipeg receives a electricity bill , that’s 700,000 paper bills unless some receive through computer but in this assumption I will assume no one does that . That means 700,000 paper bills are sent and that not even including the packaging and the extra promotional letters. It is estimated a average tree produces 80,500 sheets of paper, so that means that we cut down approximately 8 tress every month just for our bills, that’s 96 tress cut down just from our bills . To change this we can easily ask the companies to email the bill instead of sending it through mail. This may not be a big improvement but it’s a step to lessen our impact on our environment.

Technology can do both things it can lessen our impact but it can also increase it as well. Big Corporations like Microsoft, Rogers, Bell, Dell etc... , these corporations extract rare earth metals like Cerium, Europium and Terbium to make their products (Computers, Phones). Rare earth metals take thousands and thousands of years to be renewable. Wanting the next big phone or computer is the kind of lifestyle we Winnipeggers have but not only us is this the same throughout the world. The more things we are going to consume the less resources there will be to produce what we consume. Our culture is based on having the next thing we’re forgetting that a next big thing has maybe one or two differences from the last product. To change this, the next time you go to buy a computer or a phone just ask or look up how efficient it is and how it was made. If we as consumers change our choice and ask for more a greener product then the producers will do their job and give us a greener product. Also Technology is advancing every day but will it be able to advance if we don’t have the right materials to advance?

# ਫੂਡ ਬੈਂਕ ਨੂੰ 64023 ਡਾਲਰ ਦਾ ਚੈੱਕ ਭੇਟ



ਐਡਮਿੰਟਨ (ਨਦਬ) : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਲੋੜਵੰਦ ਲੋਕਾਂ ਦੀ ਸਹਾਇਤਾ ਲਈ ਸਮੂਹ ਸਿੱਖ ਭਾਈਚਾਰੇ ਅਤੇ ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਅਲਬਰਟਾ ਵਲੋਂ ਐਡਮਿੰਟਨ ਫੂਡ ਬੈਂਕ ਲਈ ਨਗਦ ਰਾਸ਼ੀ ਅਤੇ ਫੂਡ ਇਕੱਠਾ ਕਰਨ ਦਾ ਉਪਰਾਲਾ ਕੀਤਾ ਗਿਆ ਜਿਸ ਵਿਚ ਸੰਗਤਾਂ ਵਲੋਂ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਗਿਆ। ਐਡਮਿੰਟਨ ਫੂਡ ਬੈਂਕ ਲਈ 64 ਹਜ਼ਾਰ ਤੋਂ ਉਪਰ ਡਾਲਰ ਨਗਦ ਅਤੇ ਕਈ ਟਨ ਫੂਡ ਇਕੱਠਾ ਕਰ ਕੇ ਐਡਮਿੰਟਨ ਫੂਡ ਬੈਂਕ ਦੇ ਅਧਿਕਾਰੀਆਂ ਨੂੰ ਸੌਂਪਿਆ ਗਿਆ। ਆਲ ਇੰਡੀਆ ਸਵੀਟਸ ਐਂਡ ਰੈਸਟੋਰੈਂਟ ਵਿਖੇ ਇਸ ਸਬੰਧੀ ਆਯੋਜਿਤ ਇਕ ਸਮਾਗਮ ਦੌਰਾਨ ਅਲਬਰਟਾ ਵਿਧਾਨ ਸਭਾ ਦੇ ਸਪੀਕਰ ਜੀਨ ਜਵਸਡੈਸਕੀ, ਐਸੋਸੀਏਟ ਮਨਿਸਟਰ ਨਰੇਸ਼ ਭਾਰਦਵਾਜ, ਵਿਧਾਇਕ ਸੁਹੇਲ ਕਾਦਰੀ, ਐਡਮਿੰਟਨ ਫੂਡ ਬੈਂਕ ਦੇ ਅਧਿਕਾਰੀ, ਪੰਜਾਬੀ ਮੀਡੀਆ ਐਸੋਸੀਏਸ਼ਨ ਦੇ ਮੈਂਬਰ ਅਤੇ ਭਾਈਚਾਰੇ ਦੇ ਲੋਕ ਹਾਜ਼ਰ ਸਨ। ਇਸ ਸਮੇਂ ਸਪੀਕਰ ਜੀਨ ਜਵਸਡੈਸਕੀ ਨੇ ਸਮੂਹ ਭਾਈਚਾਰੇ ਅਤੇ ਪੰਜਾਬੀ ਮੀਡੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਐਡਮਿੰਟਨ ਫੂਡ ਬੈਂਕ ਤੋਂ ਵੱਡੀ ਗਿਣਤੀ 'ਚ ਲੋਕ ਲਾਭ ਲੈ ਰਹੇ ਹਨ। ਇਸ ਸੰਸਥਾ ਦੀ ਸਹਾਇਤਾ ਕਰਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਦੀ ਸਹੀ ਪੂਰਤੀ ਹੈ। ਮਨਿਸਟਰ ਨਰੇਸ਼ ਭਾਰਦਵਾਜ ਅਤੇ ਵਿਧਾਇਕ ਸੁਹੇਲ ਕਾਦਰੀ ਨੇ ਵੀ ਫੂਡ ਬੈਂਕ ਲਈ ਇਕੱਠੀ ਕੀਤੀ ਰਾਸ਼ੀ ਅਤੇ ਫੂਡ ਦੀ ਸ਼ਲਾਘਾ ਕੀਤੀ।

ਇਸਸਮੇਂ ਪੰਜਾਬੀ ਮੀਡੀਆ ਐਸੋਸੀਏਸ਼ਨ ਦੇ ਜਨਰਲ ਸਕੱਤ ਗੁਰਭਲਿੰਦਰ ਮਾੜੀਮੇਘਾ ਨੇ ਸਟੇਜ ਦੀ ਕਾਰਵਾਈ ਚਲਾਉਂਦਿਆਂ ਐਸੋਸੀਏਸ਼ਨ ਦੇ ਯਤਨਾਂ ਅਤੇ ਰੇਡੀਓ ਸੁਰ ਸੰਗਮ ਅਤੇ ਰੇਡੀਓ ਦੇਸ਼ ਪੰਜਾਬ 'ਤੇ ਕੀਤੀ ਰੇਡੀਓ ਥੋਨ ਅਤੇ ਸੰਗਤਾਂ ਵਲੋਂ ਮਿਲੇ ਵੱਡੇ ਸਹਿਯੋਗ ਬਾਰੇ ਜਾਣਕਾਰੀ ਦਿੱਤੀ। ਡਾ. ਪੀ.ਆਰ. ਕਾਲੀਆ ਪ੍ਰਧਾਨ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਮੀਤ ਪ੍ਰਧਾਨ ਗੁਰਸ਼ਰਨ ਬੁੱਟਰ ਨੇ ਧੰਨਵਾਦ ਕੀਤਾ। ਸ੍ਰੀ ਬੁੱਟਰ ਨੇ ਕਿਹਾ ਕਿ ਸੰਗਤਾਂ ਵਲੋਂ ਮਿਲੇ ਸਹਿਯੋਗ ਲਈ ਧੰਨਵਾਦ ਲਈ ਸ਼ਬਦ ਨਹੀਂ ਹਨ। ਗੁਰਸ਼ਰਨ ਬੁੱਟਰ ਨੇ ਬੋਲਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਵੀ ਪੰਜਾਬੀ ਮੀਡੀਆ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਸਮਾਜ ਭਲਾਈ ਦੇ ਕੰਮ ਕੀਤੇ ਜਾਣਗੇ। ਇਸ ਸਮੇਂ ਨਵਤੇਜ ਬੈਂਸ ਨਵੀਂ ਦੁਨੀਆ ਅਖ਼ਬਾਰ, ਹਰਪ੍ਰੀਤ ਸਿੰਘ ਸੰਧੂ ਏਸ਼ੀਅਨ ਵਿਜ਼ਨ ਅਖ਼ਬਾਰ, ਰਾਜਵਿੰਦਰ ਕੌਰ ਕਲੇਰ ਰੇਡੀਓ ਸੁਰ ਸੰਗਮ, ਸਿੱਖ ਫੈਡਰੇਸ਼ਨ ਵਲੋਂ ਜੋਰਾ ਸਿੰਘ ਝੱਜ, ਦਲਬੀਰ ਸਾਂਘਿਆਣ, ਮਿੱਟੂ ਕਾਹਲੋਂ, ਕੈਲ ਤੂਰ, ਸੈਮ ਕਾਲੀਆ, ਇਕਬਾਲ ਧੰਜੂ, ਰੌਕੀ ਧੰਜੂ, ਦੇਵ ਮਾਨ, ਰਣਜੀਤ ਪਵਾਰ ਚੜਦੀ ਕਲਾ ਅਖ਼ਬਾਰ ਵਲੋਂ ਹਾਜ਼ਰ ਸਨ। ਆਲ ਇੰਡੀਆ ਰੈਸਟੋਰੈਂਟ ਦੇ ਮਾਲਕ ਇਕਬਾਲ ਧੰਜੂ ਵਲੋਂ ਆਈਆਂ ਸੰਗਤਾਂ ਲਈ ਚਾਹ ਪਕੌੜਿਆਂ ਦੀ ਸੇਵਾ ਕੀਤੀ ਗਈ।

# ਪੰਜਾਬੀ ਮੀਡੀਆ ਐਸੋਸੀਏਸ਼ਨ ਦੀ ਸਰਬਸੰਮਤੀ ਨਾਲ ਚੋਣ

## ਡਾ. ਕਾਲੀਆ ਸਰਪ੍ਰਸਤ, ਬੁੱਟਰ ਪ੍ਰਧਾਨ, ਸੰਘਾ ਅਤੇ ਦਿਓਲ ਮੀਤ ਪ੍ਰਧਾਨ, ਮਾੜੀਮੇਘਾ ਜਨਰਲ ਸਕੱਤਰ, ਜਸਬੀਰ ਸਿੰਘ ਸਪੋਕਸਮੈਨ ਅਤੇ ਸੰਧੂ ਖ਼ਜ਼ਾਨਚੀ ਬਣੇ



ਐਡਮਿੰਟਨ (ਨਦਬ) : ਪਿਛਲੇ 7 ਸਾਲਾਂ ਤੋਂ ਐਡਮਿੰਟਨ ਵਿਚ ਚਲਦੀ ਆ ਰਹੀ ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਅਲਬਰਟਾ ਦੇ ਸਾਰੇ ਮੈਂਬਰਾਂ ਦੀ ਮੀਟਿੰਗ ਹੋਈ। ਮੀਟਿੰਗ ਵਿਚ ਸੰਸਥਾ ਵਲੋਂ ਹੁਣ ਤਕ ਕੀਤੇ ਕੰਮਾਂ 'ਤੇ ਵਿਚਾਰ-ਚਰਚਾ ਕੀਤੀ ਗਈ ਜਿਨ੍ਹਾਂ ਵਿਚ ਚਾਰ ਵਾਰ ਐਡਮਿੰਟਨ ਫੂਡ ਬੈਂਕ ਇੱਤਰ ਕਰਨਾ, ਕਈ ਸੈਮੀਨਾਰ ਅਤੇ ਹੋਰ ਕੀਤੇ ਕੰਮਾਂ 'ਤੇ ਤਸੱਲੀ ਪ੍ਰਗਟ ਕਰਦਿਆਂ ਅੱਗੇ ਵੀ ਮੀਡੀਆ ਦੀ ਜ਼ਿੰਮੇਵਾਰੀ ਚੰਗੇ ਢੰਗ ਲਾਲ ਨਿਭਾਉਣ ਲਈ ਅਤੇ ਭਾਈਚਾਰੇ ਦੀ ਸੇਵਾ ਲਈ ਹਰ ਸਮੇਂ ਤੱਤਪਰ ਰਹਿਣ ਲਈ ਸਹਿਮਤੀ ਕੀਤੀ ਗਏ। ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਅਲਬਰਟਾ ਦੀ ਅਗਲੇ ਦੋ ਸਾਲ ਲਈ ਨਹੀਂ ਕਮੇਟੀ ਦੀ ਚੋਣ ਸਰਬ ਸੰਮਤੀ ਨਾਲ ਕੀਤੀ ਗਈ, ਜਿਸ ਵਿਚ ਪਿਛਲੇ 7 ਸਾਲ ਤੋਂ ਲਗਾਤਾਰ ਪ੍ਰਧਾਨ ਦੀ ਜ਼ਿੰਮੇਵਾਰੀ ਨਿਭਾਉਂਦੇ ਆ ਰਹੇ ਡਾ. ਪੀ.ਆਰ. ਕਾਲੀਆ ਵਲੋਂ ਸੰਸਥਾ ਲਈ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਗਈ ਅਤੇ ਧੰਨਵਾਦ ਕੀਤਾ ਗਿਆ। ਉਨ੍ਹਾਂ ਨੂੰ ਸੰਸਥਾ ਦਾ ਸਰਪ੍ਰਸਤ ਨਿਯੁਕਤ ਕੀਤਾ ਗਿਆ। 17 ਨਵੰਬਰ 2014 ਤੋਂ ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਅਲਬਰਟਾ ਦੀ ਨਵੀਂ ਕਮੇਟੀ ਜਿਸ ਵਿਚ ਗੁਰਸ਼ਰਨ ਬੁੱਟਰ ਪ੍ਰਧਾਨ, ਕੁਲਮੀਤ ਸਿੰਘ ਸੰਘਾ ਮੀਤ ਪ੍ਰਧਾਨ, ਜਸਬੀਰ ਦਿਓਲ ਮੀਤ ਪ੍ਰਧਾਨ, ਗੁਰਭਲਿੰਦਰ ਮਾੜੀ ਮੇਘਾ ਜਨਰਲ ਸਕੱਤਰ, ਹਰਪ੍ਰੀਤ ਸਿੰਘ ਸੰਧੂ ਖ਼ਜ਼ਾਨਚੀ ਅਤੇ ਜਸਬੀਰ ਸਿੰਘ ਸਪੋਕਸਮੈਨ ਚੁਣੇ ਗਏ। ਬੋਰਡ ਮੈਂਬਰ ਪਰਦੁਮਣ ਸਿੰਘ ਗਿੱਲ, ਨਵਤੇਜ ਸਿੰਘ ਬੈਂਸ, ਰਾਜਵਿੰਦਰ ਕੌਰ ਕਲੇਰ, ਦਵਿੰਦਰ ਦੀਪਤੀ ਅਤੇ ਰਣਜੀਤ ਸਿੰਘ ਪਵਾਰ ਹਨ। ਪੰਜਾਬੀ ਮੀਡੀਆ ਐਸੋਸੀਏਸ਼ ਦੇ ਸਰਪ੍ਰਸਤ ਪੀ.ਆਰ. ਕਾਲੀਆ ਨੇ ਸਭ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅਸੀਂ ਪਹਿਲਾਂ ਦੀ ਤਰ੍ਹਾਂ ਮੀਡੀਆ ਦੀ ਜ਼ਿੰਮੇਵਾਰੀ ਵੀ ਮਿਹਨਤ ਨਾਲ ਨਿਭਾਵਾਂਗੇ। ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਅਲਬਰਟਾ ਦੇ ਨਵੇਂ ਬਣੇ ਪ੍ਰਧਾਨ ਗੁਰਸ਼ਰਨ ਬੁੱਟਰ ਨੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੋ ਸਾਰੇ ਮੈਂਬਰਾਂ ਨੇ ਮੇਰੇ 'ਚ ਵਿਸ਼ਵਾਰ ਪ੍ਰਗਟ ਕਰ ਕੇ ਮੈਨੂੰ ਜ਼ਿੰਮੇਵਾਰੀ ਦਿੱਤੀ ਹੈ, ਉਹ ਮੈਂ ਆਪ ਸਭ ਦੇ ਸਹਿਯੋਗ ਨਾਲ ਚੰਗੇ ਢੰਗ ਨਾਲ ਨਿਭਾਉਣ ਦੀ ਹਰ ਸੰਭਵ ਕੋਸ਼ਿਸ਼ ਕਰਾਂਗਾ ਅਤੇ ਇਸ ਲਈ ਸਾਰੇ ਮੈਂਬਰਾਂ ਦਾ ਸਾਥ ਚਾਹੀਦਾ ਹੈ। ਸ੍ਰੀ ਬੁੱਟਰ ਨੇ ਕਿਹਾ ਕਿ ਅਸੀਂ ਆਉਣ ਵਾਲੇ ਸਮੇਂ 'ਚ ਹੋਰ ਸਾਰਥਕ ਪ੍ਰੋਗਰਾਮ ਕਰਵਾਉਂਦੇ ਰਹਾਂਗੇ ਜਿਸ ਨਾਲ ਸਮਾਜ ਨੂੰ ਸੇਧ ਮਿਲਦੀ ਰਹੇਗੀ। ਨਵੀਂ ਬਣੀ ਕਮੇਟੀ ਵਲੋਂ ਮੀਡੀਆ ਐਸੋਸੀਏਸ਼ਨ ਦਾ ਕੰਮ ਸੰਭਾਲ ਲਿਆ ਗਿਆਹੈ। ਭਾਈਚਾਰੇ ਦੀ ਕਿਸੇ ਵੀ ਖ਼ਬਰ ਲਈ ਐਸੋਸੀਏਸ਼ਨ ਦੀ ਈਮੇਲ punjabimedia.ab@gmail.com 'ਤੇ ਜਾਣਕਾਰੀ ਭੇਜੀ ਜਾ ਸਕਦੀ ਹੈ।





- Full HD.
- Slim and very nice design.
- Colour LCD.
- 100 to 240 V Ac power adaptor.
- HDMI and RCA connectors.
- Adjustable contrast and brightness.
- Wired or Wireless internet connection.
- Set as you like- You can set your box either to show Icon or List.
- Watch weather forecast.
- Press and Play – Just press the channel number NRI-IPTV Box gives you the feel of real TV.
- Quality that stands out - better processing engine gives you better quality. You can watch up to 1080P HD Picture.
- Nice audio- Listen to the Audio in True HD Dolby Sound.
- Nice remote control with ease of handling and using.

- **What is IP TV?**
Definition of IP TV: Internet Protocol television (IPTV) is a system through which Internet television services are delivered using the architecture and networking methods of the Internet Protocol Suite over a packet-switched network infrastructure. In other words, this system allows you to watch digital TV through your IP Suite. It is like cable TV, but uses a broadband connection to deliver the programmes instead of a cable.

- **Television is changing:**
Over the last decade, the growth of satellite service, the rise of digital cable, and the birth of HDTV have all left their mark on the television landscape. Now, a new delivery method threatens to shake things up even more powerfully. Internet Protocol Television (IPTV) has arrived, and backed by the deep pockets of the telecommunications industry, it's poised to offer more interactivity and bring a hefty dose of competition to the business of selling TV.
- IPTV describes a system capable of receiving and displaying a video stream encoded as a series of Internet Protocol packets. If you've ever watched a video clip on your computer, you've used an IPTV system in its broadest sense. When most people discuss IPTV, though, they're talking about watching traditional channels on your television, where people demand a smooth, high-resolution, lag-free picture, and it's the telcos that are jumping headfirst into this market. Once known only as phone companies, the telcos now want to turn a "triple play" of voice, data, and video that will retire the side and put them securely in the batter's box.
- Though IP can (and will) be used to deliver video over all sorts of networks, including cable systems, we'll focus in this article on the telcos, which are the most aggressive players in the game. They're pumping billions into new fiber rollouts and backend infrastructure (AT&T alone inked a US$400 million deal for Microsoft's IPTV Edition software last year, for instance, and a US$1.7 billion deal with hardware maker Alcatel). Why the sudden enthusiasm for the TV business? Because the telcos see that the stakes are far higher than just some television: companies that offer the triple play want to become your household's sole communications link, and IPTV is a major part of that strategy.

For More Info Contact Raman : 204-905-1001 Email : athwal_raman@yahoo.com

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7′ x 12′ ONLY 00.50 ¢/SQ FT
CARPET REM OVER 7′ x 12′ ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8″ 3.99 / SF (4,000 SF IN STOCK)

SUPER BLOWOUT SALE!

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5″ x 13.5″ 1.29/SF (8870 IN STOCK) 2 COLORS TO CHOOSE
PORCELEIN TILE 13″ x 13″ 1.79/ SF (20,239 SF IN STOCK) 4 COLORS TO CHOOSE

CALL BALBIR SINGH JAGGI
780 435 9410
Fax: 780 435 2596






A-WIN Insurance

What we Offer

- Home
- Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage
- E & O Insurance

ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ, ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ, ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਫ਼ੋਨ ਕਰੋ

Quick Quotes When You Need Them



Discounts up to 60%
Payment Options available

Western Canada's

Biggest Brokers Team, designed to serve Canadian's with solutions for your personal and professional insurance needs.

When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.







A-WIN: MAKING LIFE EASY

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ।
We Provide Services In English, Punjabi, Hindi & Urdu.

SMI SASKATCHEWAN MUTUAL INSURANCE COMPANY
100 YEAR & BEYOND
PROVIDING PEACE OF MIND

Edmonton: 780-465-6900
ਜਸਵੀਰ ਦਿਓਲ, ਨਵਤੇਜ ਬੈਂਸ, ਰਮਨ ਗਿੱਲ, ਰਾਜਬੀਰ ਸਿੰਘ, ਮਨਿੰਦਰ ਕੌਰ, ਜ਼ੌਸ਼ ਡੈਨੀਅਲ, ਅਮਨ ਖਰੌੜ

Calgary: 403-775-2100
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

**ADVANCED Roofing Systems Ltd.**

RESIDENTIAL COMMERCIAL

Residential/Commercial Insurance Claims ▪ Asphalt & Specialty Shingles ▪ Siding, Soffits, Fascia ▪ 2 Ply Membranes (SBS) ▪ Cedar Shakes New & Re-Roof Specialists ▪ Condominums Welcome ▪ Steep Roofs Welcome Licaenced & Insured ▪ Pine Shake Replacement ▪ Roof Top Snow removel ▪ FREE Estimates

ADVANCED Roofing Systems Ltd.

Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

**Gurkeerat Holding Ltd.**

- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

**G DRIVING SCHOOL LTD.**

Authorised teach Certification Course

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu

Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area

G DRIVING SCHOOL LTD.

Gurcharan Singh Garcha (M.Sc. M.Ed.)

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

**PIZZA 99**

Serving for over 16 years

Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

ਪਰਮਜੀਤ ਸਿੰਘ ਬਾਠ

www.pizza99.com

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE 1543 Millwoods Road East, Edmonton AB.

**Sidhu Stucco Ltd.**

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ ।

Stucco is a versatile, beautiful, durable and fire resistant cladding.

All kind of Stucco
Acrylic & Rain Screen

Harinder Dhaliwal (780) 297-9165

**Red Deer Econo Lodge Inn & Suites**

Econo Lodge BY CHOICE HOTELS

www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca

Varinder Sidhu
President

37433 Highway 2 South, East Side Gasoline Alley
Red Deer, Alberta T4E 1B3

**$299,900**

Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000

ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE
No Down Payment, No Problem
Call Rennie @ 780-966-1688
rennie1688@gmail.com

# ਅਮਰੀਕੀ ਨਾਗਰਿਕ ਵੱਲੋਂ ਕਈ ਥਾਂ ਗੋਲੀਬਾਰੀ; 6 ਹਲਾਕ

ਨਿਊਯਾਰਕ, (ਨਦਬ) ਅਮਰੀਕਾ ਦੇ ਫਿਲਾਡੈਲਫੀਆ ਸ਼ਹਿਰ ਦੇ ਨੇੜਲੇ ਖੇਤਰਾਂ ਵਿੱਚ ਇਕ ਬੰਦੂਕਧਾਰੀ ਨੇ ਕਈ ਥਾਈਂ ਗੋਲੀਬਾਰੀ ਕਰਕੇ ਛੇ ਲੋਕ ਮਾਰ ਦਿੱਤੇ ਤੇ ਇਕ ਹੋਰ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਪੁਲੀਸ ਹਮਲਾਵਰ ਦੀ ਭਾਲ ਕਰ ਰਹੀ ਹੈ। ਉਸ ਦੀ ਪਛਾਣ ਬਰੈਡਲੇ ਵਿਲੀਅਮ ਸਟੋਨ (35) ਵਜੋਂ ਹੋਈ ਹੈ ਤੇ ਮਰਨ ਵਾਲੇ ਸਾਰੇ ਤੇ ਜ਼ਖਮੀ ਉਸ ਦੇ ਪਰਿਵਾਰਕ ਮੈਂਬਰ ਦੱਸੇ ਜਾ ਰਹੇ ਹਨ। ਮੋਂਟਗੁੰਮਰੀ ਕਾਊਂਟੀ ਪੈਨੀਸਿਲਵੈਨੀਆਂ ਦੇ ਪ੍ਰਾਸੀਕਿਊਟਰਾਂ ਨੇ ਕੱਲ੍ਹ ਇਹ ਜਾਣਕਾਰੀ ਦਿੱਤੀ। ਪੁਲੀਸ ਦੇ ਕਹਿਣ ਅਨੁਸਾਰ ਸਟੋਨ, ਜੋ ਸੰਭਾਵੀ ਤੌਰ ’ਤੇ ਫੌਜੀ ਪੁਸ਼ਾਕ ਵਿੱਚ ਸੀ, ਨੂੰ ‘ਹਥਿਆਰਬੰਦ ਤੇ ਬਹੁਤ ਖਤਰਨਾਕ’ ਮੰਨਿਆ ਜਾਣਾ ਚਾਹੀਦਾ ਹੈ। ਉਸ ਦੇ ਪੀੜਤਾਂ ’ਚ ਇਕ ਔਰਤ ਵੀ ਦੱਸੀ ਜਾਂਦੀ ਹੈ, ਜੋ ਅੱਧੀ ਰਾਤ ਨੂੰ ਆਪਣੇ ਘਰ ਵਿੱਚ ਮਾਰ ਦਿੱਤੀ ਗਈ। ਔਰਤ ਦੇ ਗੁਆਂਢੀਆਂ ਅਨੁਸਾਰ ਮਸ਼ਕੂਕ ਉਸ ਦੇ ਘਰੋਂ ਉਸ ਦੇ ਬੱਚੇ ਲੈ ਕੇ ਚਲਿਆ ਗਿਆ ਸੀ।

# ਕਨੇਡੀਅਨ ਮੌਜਿਕ ਆਰਟਿਸਟ ਐਸੋਸੀਏਸ਼ਨ ਦੀ ਨਵੀਂ ਕਮੇਟੀ ਦੀ ਚੋਣ



ਐਡਮਿੰਟਨ (ਨਦਬ) : ਪਿਛਲੇ ਦਿਨੀਂ ਕਨੇਡੀਅਨ ਮੌਜਿਕ ਆਰਟਿਸਟ ਐਸੋਸੀਏਸ਼ਨ ਆਫ਼ ਐਡਮਿੰਟਨ ਦੀ ਇਕ ਮੀਟਿੰਗ ਫ਼ੈਨਸੀ ਡੋਰ ਐਂਡ ਮੋਲਡਿੰਗ ਰੁਪਰ ਰੋਡ ਐਡਮਿੰਟਨ ਵਿਖੇ ਹੋਈ। ਮੀਟਿੰਗ ਵਿਚ ਸੰਸਥਾ ਦੇ ਸਾਰੇ ਮੈਂਬਰ ਜਿਨ੍ਹਾਂ ਵਿਚ ਉਪਿੰਦਰ ਮਠਾੜੂ, ਲਾਡੀ ਪੱਡਾ, ਦੇਵ ਮਾਨ, ਲਾਡੀ ਸੂਸਾਵਾਲਾ, ਬਲਵੰਤ ਸਿੰਘ, ਮਨਜੀਤ ਸਿੰਘ, ਪਵਨ ਪ੍ਰੀਤ, ਬਲਜੀਤ ਕਲਸੀ, ਓਮੀ ਬਾਵਾ ਆਦਿ ਸ਼ਾਮਲ ਸਨ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਨਵੀਂ ਕਮੇਟੀ ਦੀ ਚੋਣ ਕੀਤੀ ਗਈ। ਇਸ ਤੋਂ ਇਲਾਵਾ ਜੁਲਾਈ 2015 ਦੇ ਸਾਲਾਨਾ ਪ੍ਰੋਗਰਾਮ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਨਵੀਂ ਕਮੇਟੀ ਵਿਚ ਲਾਡੀ ਪੱਡਾ ਨੂੰ ਚੇਅਰਮੈਨ, ਉਪਿੰਦਰ ਮਠਾੜੂ ਨੂੰ ਪ੍ਰਧਾਨ, ਦੇਵ ਮਾਨ ਨੂੰ ਸਕੱਤਰ, ਬਲਵੰਤ ਸਿੰਘ (ਤਾਇਆ ਬੰਤਾ) ਨੂੰ ਖ਼ਜ਼ਾਨਚੀ, ਲਾਡੀ ਸੂਸਾਵਾਲਾ ਨੂੰ ਸਟੇਜ ਸੈਕਟਰੀ ਅਤੇ ਬਲਜੀਤ ਕਲਸੀ ਨੂੰ ਕਲਚਰ ਡਇਰੈਕਟਰ ਚੁਣਿਆ ਗਿਆ।

# ਬ੍ਰਿਟਿਸ਼ ਕੋਲੰਬੀਆ ਦੇ ਦੋ ਹੋਰ ਫ਼ਾਰਮਾਂ ਵਿਚ ਏਵੀਆਨ ਵਾਇਰਸ ਹੋਣ ਦੀ ਪੁਸ਼ਟੀ

ਬ੍ਰਿਟਿਸ਼ ਕੋਲੰਬੀਆ, (ਨਬਦ) : ਬੁੱਧਵਾਰ ਨੂੰ ਕੈਨੇਡੀਅਨ ਫ਼ੂਡ ਇਨਸਪੈਕਸ਼ਨ ਅਜੰਸੀ ਵੱਲੋਂ ਦਿੱਤੀ ਗਈ ਸੂਚਨਾ ਅਨੁਸਾਰ ਸੱਦਰਨ ਵੈਸਟ ਬ੍ਰਿਟਿਸ਼ ਕੋਲੰਬੀਆ ਦੇ ਦੋ ਹੋਰ ਫ਼ਾਰਮਾਂ ਵਿਚ ਚੂਜ਼ਿਆਂ ਦੇ ਕਿਤੇ ਗਏ ਟੈਸਟਾਂ ਵਿਚ ਏਵੀਅਨ ਵਾਇਰਸ ਨਾਲ ਪ੍ਰਭਾਵਿਤ ਹੋਣ ਦੀ ਪੁਸ਼ਟੀ ਹੋਈ ਹੈ। ਇਹ ਵਾਇਰਸ ਪਿਛਲੇ ਹਫ਼ਤੇ ਫ਼ੈਲਣਾ ਸ਼ੁਰੂ ਹੋਇਆ, ਜਦੋਂ ਫ਼੍ਰੇਜ਼ਰ ਵੈਲੀ ਵਿਖੇ ਦੋ ਫ਼ਾਰਮਾਂ ਵਿਚ ਟਰਕੀ ਅਤੇ ਮੁਰਗੀਆਂ ਦੇ ਚੂਜ਼ਿਆਂ ਨੂੰ ਇਸ ਵਾਇਰਸ ਨਾਲ ਪ੍ਰਭਾਵਿਤ ਪਾਇਆ ਗਿਆ ਸੀ। ਹੁਣ ਤੱਕ ਇਹ ਵਾਇਰਸ ਕੁਲ ਅੱਠ ਜਗ੍ਹਾ ‘ਤੇ ਸੱਟ ਫ਼ਾਰਮਾਂ ਵਿਚ ਮਿਲ ਚੁੱਕਿਆ ਹੈ। ਜਿਸ ਨਾਲ ਹੁਣ ਤੱਕ 155,000 ਚੂਝੇ ਜਾਂ ਤਾਂ ਮਾਰੇ ਜਾ ਚੁੱਕੇ ਹਨ ਅਤੇ ਜਾਂ ਫ਼ਿਰ ਉਹਨਾਂ ਨੂੰ ਵਾਇਰਸ ਦੇ ਫ਼ੈਲਣ ਦੇ ਡਰ ਤੋਂ ਆਪਣ ਮਾਰ ਕੇ ਦੱਬਿਆ ਜਾ ਚੁੱਕਿਆ ਹੈ। ਇਸ ਵਾਇਰਸ ਦੇ ਫ਼ੈਲਣ ਤੋਂ ਬਾਅਦ ਹੁਣ ਤੱਕ ਲਗਭਗ ਅੱਧੇ ਸੂਬੇ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਬੀ.ਸੀ. ਤੋਂ ਜਾਣ ਵਾਲੇ ਚੂਜ਼ਿਆਂ ਦੀ ਮਾਤਰਾ ਵਿਚ ਵੀ ਕਮੀ ਆਈ ਹੈ।

# ਅਸਮਾਨ ਛੂਹੰਦੀਆਂ ਫੀਸਾਂ ਕਾਰਨ ਵਿਦਿਆਰਥੀ ਭੁੱਖੇ ਰਹਿਣ ਲਈ ਮਜਬੂਰ

ਟੋਰਾਂਟੋ, (ਨਦਬ) : ਐਨ.ਡੀ.ਪੀ. ਸਿਖਲਾਈ, ਕਾਲੇਜ ਅਤੇ ਯੂਨੀਵਰਸਟੀਆਂ ਦੀ ਅਲੋਚਕ ਪੈਗੀ ਸੈਟਲਰ ਨੇ ਅੱਜ ਹਾਊਸ ਅੰਦਰ ਸਵਾਲ ਕੀਤਾ ਕਿ ਸਰਕਾਰ ਕਾਲੇਜ ਅਤੇ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਆਪਣਾ ਗੁਜ਼ਾਰਾ ਕਰਨ ਵਾਸਤੇ ਫੂਡ ਬੈਂਕ ਤੇ ਕਿਉਂ ਨਿਰਭਰ ਹੋਣ ਦੇ ਰਹੀ ਹੈ।

ਉਨ੍ਹਾਂ ਕਿਹਾ ਕਿ ਉਨਟਾਰੀਓ ਵਿਚ ਪਾਰਟ-ਟਾਈਮ ਜਾਂ ਫੂਲ ਟਾਈਮ ਕੰਮ ਕਰਕੇ ਵੀ ਵਿਦਿਆਰਥੀ ਹੋਣਾ ਬਹੁਤ ਮੁਸ਼ਕਲ ਹੋ ਗਿਆ ਹੈ। ਉਨਟਾਰੀਓ ਦੀਆਂ ਫੀਸਾਂ ਇਸ ਵਕਤ ਕੈਨੇਡਾ ਵਿਚੋਂ ਸੱਭ ਤੋਂ ਵੱਧ ਹਨ। ਔਰ ਉਸ ਤੋਂ ਵੀ ਵੱਧ ਮੁਸ਼ਕਲ ਉਦੋਂ ਹੁੰਦੀ ਹੈ ਜਦੋਂ ਇਹ ਵਿਦਿਆਰਥੀ ਭੁੱਖੇ ਢਿੱਡ ਇਹ ਸੱਭ ਕੁਝ ਕਰਨ ਦੀ ਕੋਸ਼ਿਸ਼ ਕਰਦੇ ਹਨ। ਸੈਟਲਰ ਨੇ ਕਿਹਾ ਕਿ ਪੋਸਟ ਸਕੈਂਡਰੀ ਵਿਦਿਆਰਥੀ ਇਸ ਵਕਤ ਤੇਜ਼ੀ ਨਾਲ ਫੂਡ ਬੈਂਕ ਉਪਰ ਨਿਰਭਰ ਹੋਣਾ ਸ਼ੁਰੂ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਸ ਵਕਤ ਇਕ ਵੀ ਐਸਾ ਕਾਲੇਜ ਜਾਂ ਯੂਨੀਵਰਸਿਟੀ ਨਹੀਂ ਹੈ ਜੋ ਕਿਸੇ ਨਾ ਕਿਸੇ ਢੰਗ ਨਾਲ ਫੂਡ ਬੈਂਕ ਦੀ ਮਦਦ ਨਾ ਲੈ ਰਿਹਾ ਹੋਵੇ ਅਤੇ ਕਈ ਫੂਡ ਬੈਂਕ ਪੋਸਟ ਸਕੈਂਡਰੀ ਵਿਦਿਆਰਥੀਆਂ ਲਈ ਉਚੇਚੇ ਟਾਈਮ ਵੀ ਨਿਰਧਾਰਿਤ ਕਰ ਰਹੇ ਹਨ।

ਉਨਟਾਰੀਓ ਐਸੋਸੀਏਸ਼ਨ ਔਫ ਫੂਡ ਬੈਂਕ ਵਲੋਂ ਇਕ ਰਿਪੋਰਟ ਵਿਚ ਇਹ ਦੋਸ਼ ਲਗਾਇਆ ਗਿਆ ਕਿ ਫੂਡ ਬੈਂਕਾਂ ਉਪਰ ਵਿਦਿਆਰਥੀਆਂ ਦੀ ਵੱਧ ਰਹੀ ਨਿਰਭਰਤਾ ਸਿਖਿਆ ਸੰਬੰਧੀ ਫੀਸਾਂ ਦਾ ਵਧਣਾ ਹੈ। ਰਿਪੋਰਟ ਮੁਤਾਬਕ ਪਿਛਲੇ 7 ਸਾਲਾਂ ਵਿਚ ਉਨਟਾਰੀਓ ਦੀਆਂ ਫੀਸਾਂ ਤਕਰੀਬਨ 40 ਫੀਸਦੀ ਵੱਧ ਗਈਆਂ ਹਨ।

ਸੈਟਲਰ ਨੇ ਦੋਸ਼ ਲਾਇਆ ਕਿ ਲਿਬਰਲ ਸਰਕਾਰ ਦੀ ਅਸਮਾਨ ਛੋਹ ਰਹੀਆਂ ਸਿਖਿਆ ਨੀਤੀਆਂ ਕਾਰਣ ਵਧੇਰੇ ਵਿਦਿਆਰਥੀਆਂ ਨੂੰ ਭੁੱਖੇ ਰਹਿਣਾ ਪੈ ਰਿਹਾ ਹੈ ਜਾਂ ਫੇਰ ਉਨ੍ਹਾਂ ਨੂੰ ਉਚੇਰੀ ਸਿਖਿਆ ਛੱਡਣੀ ਪੈ ਰਹੀ ਹੈ। ਸੈਟਲਰ ਨੇ ਪ੍ਰੀਮੀਅਰ ਵਾਸਤੇ ਪ੍ਰਸ਼ਨ ਛਡਿਆ ਕਿ ਕੀ ਵਿਦਿਆਰਥੀਆਂ ਦਾ ਸਿਖਿਆ ਪ੍ਰਾਪਤ ਕਰਨ ਲਈ ਫੂਡ ਬੈਂਕ ਉਪਰ ਆਸ਼ਰਿਤ ਰਹਿਣਾ ਮੁਨਾਸਿਬ ਹੈ ?






# ਕਨੇਡੀਅਨ ਪਾਰਲੀਮੈਂਟ ’ਤੇ ਹਮਲੇ ਦੌਰਾਨ ਸ਼ਹੀਦ ਹੋਏ ਜਵਾਨ ਨੂੰ ਸ਼ਰਧਾਂਜਲੀ

ਕੈਲਗਰੀ (ਨਦਬ) : ਪੰਜਾਬੀ ਮੀਡੀਆ ਕਲੱਬ ਕੈਲਗਰੀ ਕਨੇਡਾ ਦੇ ਮੈਂਬਰਾਂ ਦੀ ਮੀਟਿੰਗ ਸ਼ਹਿਰ ਦੇ ਬੀਕਾਨੇਰ ਸਵੀਟਸ ਰੈਸਟੋਰੈਂਟ ਵਿਚ ਕਲੱਬ ਦੇ ਪ੍ਰਧਾਨ ਰਣਜੀਤ ਸਿੱਧੂ ਤੇ ਜਨਰਲ ਸਕੱਤਰ ਰਜੇਸ਼ ਅੰਗਰਾਲ ਦੀ ਸਾਂਝੀ ਪ੍ਰਤੀਨਿਧਤਾ ਹੇਠ ਹੋਈ। ਕਲੱਬ ਦੇ ਪ੍ਰਧਾਨ ਰਣਜੀਤ ਸਿੱਧੂ ਨੇ ਸਭ ਹਾਜ਼ਰ ਮੈਂਬਰਾਂ ਨੂੰ ਜੀ ਆਇਆਂ ਆਖਿਆ ਤੇ ਮੀਟਿੰਗ ਦਾ ਆਗਾਜ਼ ਕੀਤਾ। ਮੀਟਿੰਗ ਵਿਚ ਕਨੇਡਾ ਦੀ ਪਾਰਲੀਮੈਂਟ ’ਤੇ ਹਮਲੇ ਦੌਰਾਨ ਸ਼ਹੀਦ ਹੋਏ ਫ਼ੌਜੀ ਜਵਾਨ ਨੇਥਨ ਸਰੋਲੇ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਇਸ ਹਮਲੇ ਦੀ ਨਿੰਦਾ ਕੀਤੀ ਗਈ। ਰਣਜੀਤ ਸਿੱਧੂ ਅਤੇ ਰਾਜੇਸ਼ ਅੰਗਰਾਲ ਨੇ ਸਭ ਦੀ ਸਹਿਮਤੀ ਤੋਂ ਬਾਅਦ ਕਲੱਬ ਦਾ ਸੰਵਿਧਾਨ ਜਨਰਲ ਮੀਟਿੰਗ ਵਿਚ ਪਾਸ ਕਰ ਦਿੱਤਾ ਗਿਆ। ਰਣਜੀਤ ਸਿੱਧੂ ਨੇ ਕਿਹਾ ਕਿ ਰੇਡੀਓ ਰੈੱਡ. ਐਫ.ਐਮ ਕੈਲਗਰੀ ਵਲੋਂ ਪਿਛਲੇ ਦਿਨਾਂ ਵਿਚ ਸ਼ਹਿਰ ਦੇ ਪੀਟਰ



ਲਾਗਹਿਡ ਸੈਂਟਰ ਹਸਪਤਾਲ ਵਿਚ ਨਿੱਕੇ ਬੱਚਿਆਂ ਦੀ ਸੰਭਾਲ ਲਈ ਬਣਨ ਜਾ ਰਹੇ ਕੇਅਰ ਯੂਨਿਟ ਦਾ ਨਾਮ ‘ਮਾਤਾ ਤ੍ਰਿਪਤਾ ਯੂਨਿਟ’ ਰੱਖਣ ਲਈ ਰੇਡੀਓਥੌਨ ਕਰ ਕੇ, ਜੋ ਫੰਡ ਇਕੱਠਾ ਕਰਨ ਦਾ ਉਪਰਾਲਾ ਕੀਤਾ ਗਿਆ, ਪੰਜਾਬੀ ਮੀਡੀਆ ਕਲੱਬ ਕੈਲਗਰੀ ਉਨ੍ਹਾਂ ਦੇ ਇਸ ਯਤਨ ਲਈ ਦੀ ਸ਼ਲਾਘਾ ਕਰਦਾ ਹੈ। ਇਸ ਤੋਂ ਬਿਨਾਂ ਇਸ ਮੀਟਿੰਗ ਵਿਚ ਕਲੱਬ ਵਲੋਂ ਆਉਣ ਵਾਲੇ ਸਮੇਂ ਵਿਚ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ’ਤੇ ਵੀ ਵਿਚਾਰ ਚਰਚਾ ਕੀਤੀ ਗਈ, ਜਿਸ ਉਪਰ ਮੈਂਬਰਾਂ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਸਤਵਿੰਦਰ ਸਿੰਘ (ਖਜ਼ਾਨਚੀ), ਸੱਤਪਾਲ ਕੌਸ਼ਲ, ਗੁਰਮੀਤ ਸਰਪਾਲ, ਗੁਰਬਚਨ ਬਰਾੜ, ਬਲਜਿੰਦਰ ਸੰਘਾ, ਹਰਭਜਨ ਸਿੰਘ ਢਿੱਲੋਂ, ਚੰਦ ਸਿੰਘ ਸਦਿਓੜਾ, ਸ਼ਾਨ ਅਲੀ ਅਤੇ ਸੁਰਿੰਦਰ ਰੰਦੇਵ ਸ਼ਾਮਲ ਸਨ।

# ਸ਼ਾਇਰ ਗੁਰਚਰਨ ਰਾਮਪੁਰੀ ਦੀ ਜੀਵਨੀ ’ਤੇ ਆਧਾਰਤ ਡਾਕੂਮੈਂਟਰੀ ਸੀ.ਡੀ. ਰਿਲੀਜ਼

## ਹਮਦਰਦਵੀਰ ਨੌਸ਼ਹਿਰਵੀ ਨੂੰ ਲਾਈਫ਼-ਟਾਈਮ ਐਚੀਵਮੈਂਟ ਐਵਾਰਡ



ਕੈਲਗਰੀ (ਨਦਬ) : ਅਰਪਨ ਲਿਖਾਰੀ ਸਭਾ ਦੀ ਮੀਟਿੰਗ ਕੋਸੋ ਹਾਲ ਵਿਚ ਕੇਸਰ ਸਿੰਘ ਨੀਰ, ਪੰਜਾਬ ਤੋਂ ਆਏ ਸਾਹਿਤਕਾਰ ਪ੍ਰੋ. ਹਮਦਰਦਵੀਰ ਨੌਸ਼ਹਿਰਵੀ, ਇੰਦਰਜੀਤ ਕੌਰ ਪੰਨੂ ਅਤੇ ਡਾ. ਮਨਜੀਤ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਹੋਈ। ਇਸ ਦੀ ਕਾਰਵਾਈ ਜਨਰਲ ਸਕੱਤਰ ਡਾ. ਲਖਬੀਰ ਰਿਆੜ ਨੇ ਚਲਾਈ। ਸਭ ਤੋਂ ਪਹਿਲਾਂ ਦਰਸ਼ਕਾਂ ਨੂੰ 50 ਮਿੰਟ ਦੀ ਸੀ.ਡੀ. ਦਿਖਾਈ ਗਈ। ਇਸ ਵਿਚ ਰਾਮਪੁਰੀ ਦੇ ਆਪਣੇ ਪਿੰਡ ਤੋਂ ਲੈ ਕੇ ਕੈਨੇਡਾ ’ਚ ਗੁਜ਼ਾਰੇ ਜੀਵਨ ਬਾਰੇ ਵੇਰਵਾ ਹੈ। ਪੰਜਾਬ ਦੀ ਵੰਡ ਤੋਂ ਲੈ ਕੇ ਸੰਸਾਰ ਵਿਚ ਵੱਖ ਵੱਖ ਚੱਲੀਆਂ ਰਾਜਨੀਤਕ ਲਹਿਰਾਂ ਦਾ ਜ਼ਿਕਰ ਅਤੇ ਚਰਚਾ ਵੀ ਹੋਈ। ਇਸ ਫ਼ਿਲਮ ਤੋਂ ਸਹਿਜੇ ਹੀ ਪਤਾ ਲੱਗਦਾ ਹੈ ਕਿ ਗੁਰਚਰਨ ਰਾਮਪੁਰੀ ਦਾ ਜੀਵਨ ਰਾਜਨੀਤਕ ਉਥਲ ਪੁਥਲ ਦਾ ਦੌਰ ਸੀ।

ਪ੍ਰੋਗਰਾਮ ਦੇ ਦੂਜੇ ਦੌਰ ਵਿਚ ਸਭਾ ਦੇ ਪ੍ਰਧਾਨ ਕੇਸਰ ਸਿੰਘ ਨੀਰ ਨੇ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸਭਾ ਵਲੋਂ ਪ੍ਰੋ. ਨੌਸ਼ਹਿਰਵੀ ਨੂੰ ਯਾਦਗਾਰੀ ਪਲੈਕ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮਗਰੋਂ ਪ੍ਰੋ. ਹਮਦਰਦਵੀਰ ਨੇ ਆਪਣੀ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਬਾਰੇ ਦੱਸਿਆ। ਭਾਰਤੀ ਫੌਜ ਦੀ ਨੌਕਰੀ ਦੌਰਾਨ ਹੋਏ ਵਿਤਕਰੇ ਭਰੀ ਲੂ-ਕੰਡੇ ਖੜ੍ਹੇ ਕਰਨ ਵਾਲੀ ਦਾਸਤਾਨ ਵੀ ਸਾਂਝੀ ਕੀਤੀ।

ਇਸ ਤੋਂ ਬਾਅਦ ਗੁਰਨਾਮ ਸਿੰਘ ਗਿੱਲ, ਬਚਿੱਤਰ ਸਿੰਘ ਗਿੱਲ, ਇਕਬਾਲ ਖ਼ਾਨ, ਕੁਲਵੀਰ ਸਿੰਘ ਸ਼ੇਰਗਿਲ, ਜਰਨੈਲ ਸਿੰਘ ਤੱਗੜ ਨੇ ਆਪੋ ਆਪਣੀਆਂ ਰਚਨਾਵਾਂ ਸੁਣਾਈਆਂ। ਰੈੱਡ.ਐੱਫ਼.ਐਮ. ਤੋਂ ਰਿਸ਼ੀ ਨਾਗਰ, ਰਮਨਜੀਤ ਸਿੱਧੂ, ਮੁਖਤਿਆਰ ਸਿੰਘ ਬੱਡੂਵਾਲੀਆ, ਹਰਭਜਨ ਸਿੰਘ ਢਿੱਲੋਂ ਸਤਨਾਮ ਸਿੰਘ ਢਾਅ ਹੋਰਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਇਨ੍ਹਾਂ ਤੋਂ ਇਲਾਵਾ ਕੇਹਰ ਸਿੰਘ ਸਿੱਧੂ, ਪ੍ਰਸ਼ੋਤਮ ਭਾਰਦਵਾਜ, ਕੇ.ਡੀ. ਕੌਸ਼ਲ, ਸੂਰਤ ਸਿੰਘ ਸਿੱਧੂ, ਹਰਬਖ਼ਸ਼ ਸਰੋਆ, ਸੁਖਵਿੰਦਰ ਸਿੰਘ ਤੂਰ, ਜੋਗਿੰਦਰ ਸਿੰਘ ਢਿੱਲੋਂ ਗੁਰਦਿਆਲ ਸਿੰਘ ਖ਼ਹਿਰਾ, ਨਰਿੰਦਰ ਸਿੰਘ, ਅਮਰ ਸਿੰਘ ਕਿੰਗਰਾ, ਗੁਰਦੀਪ ਗਹੀਰ, ਕੁਲਦੀਪ ਕੌਰ ਘਟੌੜਾ, ਆਦਰਸ਼ ਘਟੌੜਾ, ਜਗਦੀਪ ਬਰਾੜ, ਸੁਰਿੰਦਰ ਰਣਦੇਵ ਅਤੇ ਹੋਰ ਸਾਹਿਤਕ ਰਸੀਆਂ ਨੇ ਭਰਪੂਰ ਹਾਜ਼ਰੀ ਭਰੀ। ਪੰਜਾਬੀ ਮੀਡੀਆ ਤੋਂ ਪੰਜਾਬੀ ਅਖ਼ਬਾਰ ਦੇ ਮਾਲਕ ਹਰਬੰਸ ਬੁੱਟਰ ਨੇ ਵਿਸ਼ੇਸ਼ ਹਾਜ਼ਰੀ ਲਗਵਾਈ। ਅਖ਼ੀਰ ’ਚ ਸਭਾ ਦੇ ਪ੍ਰਧਾਨ ਕੇਸਰ ਸਿੰਘ ਨੀਰ ਨੇ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਡਾ. ਰਵੀ ਦੀ ਪੁਸਤਕ ‘ਸੰਗੀਤਾਚਾਰੀਆ ਭਾਈ ਕਾਨ੍ਹ ਸਿੰਘ ਨਾਭਾ” ਰਿਲੀਜ਼



ਨਾਭਾ (ਨਦਬ) : ਪੰਜਾਬੀ ਯੁਨੀਵਰਸਿਟੀ, ਪਟਿਆਲਾ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਵਲੋਂ ਸ਼ਾਸਤਰੀ ਸੰਗੀਤ ਦੀ ਗਾਇਕਾ ਅਤੇ ਸਿਤਾਰ ਵਾਦਕ ਡਾ. ਰਵਿੰਦਰ ਕੌਰ ਰਵੀ ਦੁਆਰਾ ਲਿਖਤ ਪੁਸਤਕ ‘ਸੰਗੀਤਾਚਾਰੀਆ ਭਾਈ ਕਾਨ੍ਹ ਸਿੰਘ ਨਾਭਾ’ ਰਿਲੀਜ਼ ਕੀਤੀ ਗਈ। ਡਾ. ਰਵੀ ਜੋ ਕਿ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵਿਚ ਸਹਾਇਕ ਪ੍ਰੋਫੈਸਰ ਵਜੋਂ ਸੇਵਾ ਨਿਭਾ ਰਹੇ ਹਨ, ਪਹਿਲਾਂ ਦੋ ਪੁਸਤਕਾਂ (ਬਿਖਰੇ ਮੋਤੀ ਅਤੇ ਇਤਿਹਾਸ ਖਾਨਦਾਨ ਰਈਸ ਬਾਗੜੀਆਂ) ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕੇ ਹਨ ਅਤੇ ਹੁਣ ਇਸ ਪੁਸਤਕ ਰਾਹੀਂ ਲੰਮੀ ਖੋਜ ਉਪਰੰਤ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਸਮੁੱਚੀਆਂ ਲਿਖਤਾਂ ਵਿਚ ਦਰਜ ਸੰਗੀਤਕ ਜਾਣਕਾਰੀ ਨੂੰ ਪੁਸਤਕ ਰੂਪ ਵਿਚ ਪਾਠਕਾਂ ਸਾਹਮਣੇ ਪ੍ਰਸਤੁਤ ਕੀਤਾ ਹੈ। ਇਸ ਮੌਕੇ ਭਾਈ ਕਾਨ੍ਹ ਸਿੰਘ ਨਾਭਾ ਪੜਪੋਤਰੇ ਮੇਜਰ ਏ.ਪੀ. ਸਿੰਘ, ਡਾ. ਗੁਰਨਾਮ ਸਿੰਘ , ਮੁਖੀ ਗੁਰਮਤਿ ਸੰਗੀਤ ਵਿਭਾਗ, ਡਾ. ਨਵਜੋਤ ਕੌਰ ਕਸੇਲ, ਡੀਨ ਫੇਕਲਟੀ ਆਫ ਆਰਟਸ ਐਂਡ ਕਲਚਰ,ਡ ਾ. ਯਸ਼ਪਾਲ ਸ਼ਰਮਾ, ਸਾਬਕਾ ਡੀਨ, ਡਾ. ਜਯੋਤੀ ਸ਼ਰਮਾ, ਕੈਪਟਨ ਜੇ.ਪੀ.ਐਸ. ਰੰਧਾਵਾ ਅਤੇ ਡਾ. ਜਗਮੇਲ ਭਾਠੂਆਂ (ਦਿੱਲੀ) ਵੀ ਮੌਜੂਦ ਸਨ।

# ਸਾਂਝਾ ਜਨਮ ਦਿਨ ਸਮਾਗਮ

ਐਡਮਿੰਟਨ (ਨਦਬ): ਮਿਲਵੁੱਡਜ਼ ਕਲਚਰਲ ਸੁਸਾਇਟੀ ਵਲੋਂ ਅਕਤੂਬਰ ’ਚ ਪੈਦਾ ਹੋਏ ਮੈਂਬਰਾਂ ਦਾ ਜਨਮ ਦਿਨ 30 ਅਕਤੂਬਰ ਨੂੰ ਮਨਾਇਆ ਗਿਆ। ਜ਼ਿਕਰਯੋਗ ਹੈ ਕਿ ਇਸ ਸੁਸਾਇਟੀ ਵਿਚ ਜ਼ੋਰਾ ਸਿੰਘ ਝੱਜ ਦੀ ਪ੍ਰਧਾਨਗੀ ਵਿਚ ਜਨਮ ਦਿਨ ਕਮੇਟੀ ਬਣੀ ਹੋਈ ਹੈ, ਜਿਹੜੀ ਹਰ ਮਹੀਨੇ ਮੈਂਬਰਾਂ ਦਾ ਜਨਮ ਦਿਨ ਮਨਾਉਣ ਦਾ ਪ੍ਰਬੰਧ ਕਰਦੀ ਹੈ। ਜਨਮ ਦਿਨ ਵਾਲੇ ਮੈਂਬਰਾਂ ਦਾ ਬੜੇ ਸਤਿਕਾਰ ਨਾਲ ਸਵਾਗਤ ਕੀਤਾ ਜਾਂਦਾ ਹੈ। ਕਈ ਮੈਂਬਰਾਂ ਦੇ ਪਰਿਵਾਰਕ ਮੈਂਬਰ ਵੀ ਪਾਰਟੀ ਵਿਚ ਸ਼ਾਮਲ ਹੁੰਦੇ ਹਨ। ਜਨਮ ਦਿਨ ਦੀਆਂ ਬਾਕਾਇਦਾ ਤਸਵੀਰਾਂ ਖਿੱਚ ਕੇ ਉਨ੍ਹਾਂ ਨੂੰ ਭੇਟ ਕੀਤੀਆਂ ਜਾਂਦੀਆਂ ਹਨ। ਇਸ ਸਮਾਗਮ ਨੂੰ ਇਸ ਕਰ ਕੇ ਵੀ ਮਹੱਤਤਾ ਦਿੱਤੀ ਜਾਂਦੀ ਹੈ ਤਾਂ ਕਿ ਬਜ਼ੁਰਗਾਂ ਦਾ ਪਰਿਵਾਰ ਵਿਚ ਸਤਿਕਾਰ ਵਧੇ। ਹਲਕੇ ਦੇ ਵਿਧਾਇਕ ਨਰੇਸ਼ ਭਾਰਦਵਾਜ ਹਰ ਵਾਰ ਕੇਕ ਦਾ ਪ੍ਰਬੰਧ ਕਰਦੇ ਹਨ। ਇਸ ਵਾਰ ਸਮਾਗਮ ਦੇ ਮੁੱਖ ਮਹਿਮਾਨ ਹਰਚੰਦ ਸਿੰਘ ਗਰੇਵਾਲ ਸਨ। ਅੰਤ ਵਿਚ ਸੁਸਾਇਟੀ ਦੇ ਕਾਰਜਕਾਰੀ ਪ੍ਰਧਾਨ ਜਸਵੰਤ ਸਿੰਘ ਭੰਗੂ ਨੇ ਮੈਂਬਰਾਂ ਨੂੰ ਜਨਮ ਦਿਨ ਦੀ ਵਧਾਈ ਦਿੱਤੀ।




PAKISTANI & EAST AFRICAN MENU

BEEF RIB, MOGO,
MISHKAKI, CHOPS,
CHAPPALI KABAB,
SEEKH KABAB

Shah Tandoori Grill

Party Hall Available

Catering in Town or Out of Town

Tuesday Closed

ASK For

(780) 4º2-355º

3444-93 Street Edmonton, AB TºB ºA4, Fax : (780) 4º2-3575, Toll Free : 1-8ºº-3º2-355º

# ਮੈਡੀਕਲ ਦੀ ਪੜ੍ਹਾਈ ਪੰਜਾਬੀ 'ਚ ਕਰਵਾਉਣ ਦਾ ਸਵਾਗਤ

ਜਲੰਧਰ (ਨਦਬ) : ਪੰਜਾਬ ਸਰਕਾਰ ਵਲੋਂ ਮੈਡੀਕਲ ਕੋਰਸਾਂ ਦੀ ਪੜ੍ਹਾਈ ਨੂੰ ਮਾਤ ਭਾਸ਼ਾ ਪੰਜਾਬੀ ਵਿਚ ਕਰਵਾਏ ਜਾਣ ਦੇ ਫ਼ੈਸਲੇ ਦਾ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਸਵਾਗਤ ਕੀਤਾ ਹੈ। ਕੇਂਦਰੀ ਸਭਾ ਲੰਬੇ ਸਮੇਂ ਤੋਂ ਮੈਡੀਕਲ, ਇੰਜਨੀਅਰਿੰਗ ਅਤੇ ਹੋਰ ਸਾਇੰਸ ਦੇ ਵਿਸ਼ਿਆਂ ਨੂੰ ਪੰਜਾਬੀ ਵਿਚ ਪੜ੍ਹਾਉਣ ਦੀ ਵਕਾਲਤ ਕਰਦੀ ਰਹੀ ਹੈ ਪਰ ਸਮਾਜ ਦੇ ਕੁਝ ਤੱਤ ਇਸ ਦਾ ਸਦਾ ਵਿਰੋਧ ਕਰਦੇ ਰਹੇ ਹਨ। ਰਾਜਨੀਤਕ ਨੇਤਾ ਵੀ ਪੂਰੀ ਪ੍ਰਤੀਬੱਧਤਾ ਨਹੀਂ ਦਿਖਾਉਂਦੇ ਰਹੇ। ਦੁਨੀਆ ਭਰ ਦੇ ਮਨੋਵਿਗਿਆਨੀ ਇਸ ਗੱਲ ਨੂੰ ਪ੍ਰਵਾਨ ਕਰਦੇ ਹਨ ਕਿ ਬੱਚੇ ਨੂੰ ਮੁੱਢਲੀ ਸਿੱਖਿਆ ਮਾਂ ਬੋਲੀ ਵਿਚ ਹੀ ਦੇਣੀ ਚਾਹੀਦੀ ਹੈ। ਉਸ ਤੋਂ ਬਾਅਦ ਉਹ ਦੂਸਰੀਆਂ ਭਾਸ਼ਾਵਾਂ ਨੂੰ ਆਸਾਨੀ ਨਾਲ ਸਿੱਖ ਸਕਦਾ ਹੈ। ਮੁੱਢਲੀ ਮੈਡੀਕਲ ਦੀ ਸਿੱਖਿਆ ਜਾਂ ਹੋਰ ਵਿਸ਼ਿਆਂ ਦੀ ਸਿੱਖਿਆ ਜੇ ਮਾਤ ਭਾਸ਼ਾ ਵਿਚ ਦਿੱਤੀ ਜਾਵੇ ਤਾਂ ਵਿਦਿਆਰਥੀ ਇਸ ਦਾ ਗਿਆਨ ਸਹਿਜੇ ਅਤੇ ਛੇਤੀ ਹੀ ਗ੍ਰਹਿਣ ਕਰ ਲੈਂਦਾ ਹੈ। ਬਾਅਦ ਵਿਚ ਉਸ ਨੂੰ ਕਿਸੇ ਵੀ ਹੋਰ ਭਾਸ਼ਾ ਵਿਚ ਪ੍ਰਗਟਾਉਣ ਦੀ ਉਸ ਵਿਚ ਸਮੱਰਥਾ ਬਣ ਜਾਂਦੀ ਹੈ। ਸਰਕਾਰ ਵਲੋਂ ਕੀਤੇ ਗਏ ਫੈਸਲੇ ਤੋਂ ਬਾਅਦ ਅਗਰੇਲੀ ਕਾਰਵਾਈ ਲਈ ਕੋਰਸਾਂ ਨੂੰ ਪੰਜਾਬੀ ਵਿਚ ਤਿਆਰ ਕਰਨ ਲਈ ਡਾ. ਹਰਸ਼ਿੰਦਰ ਕੌਰ ਨੂੰ ਜ਼ਿੰਮੇਵਾਰੀ ਦਿੱਤੀ ਹੈ, ਜਿਨ੍ਹਾਂ ਅਨੁਸਾਰ ਪੰਜ ਸਾਲ ਵਿਚ ਉਹ ਇਸ ਕਾਰਜ ਨੂੰ ਸਿਰੇ ਚਾੜ੍ਹ ਲੈਣਗੇ। ਪੰਜਾਬੀਆਂ ਵਲੋਂ ਬਹੁਤ ਦੇਰ ਤੋਂ ਕੀਤੀ ਗਈ ਮੰਗ ਮੰਨ ਕੇ ਪੰਜਾਬ ਸਰਕਾਰ ਨੇ ਸ਼ਲਾਘਾਯੋਗ ਕੰਮ ਕੀਤਾ ਹੈ। ਕੇਂਦਰੀ ਸਭਾ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ ਅਤੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸਰਕਾਰ ਨੂੰ ਵਿਰੋਧੀਆਂ ਵੱਲ ਧਿਆਨ ਦਿੱਤੇ ਬਗੈਰ ਇਸ ਕਾਰਜ ਨੂੰ ਨੇਪਰੇ ਚਾੜ੍ਹਨਾ ਚਾਹੀਦਾ ਹੈ ਅਤੇ ਸਰਕਾਰੀ ਗ਼ੈਰ ਸਰਕਾਰੀ ਹਰ ਅਦਾਰੇ ਵਿਚ ਪੰਜਾਬੀ ਲਾਗੂ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਮੈਡੀਕਲ ਭਾਈਚਾਰੇ ਦੇ ਕੁਝ ਹਿੱਸੇ ਵਲੋਂ ਇਸ ਫ਼ੈਸਲੇ ਦਾ ਵਿਰੋਧ ਕੀਤੇ ਜਾਣ ਨੂੰ ਵੀ ਮੰਦਭਾਗਾ ਦੱਸਿਆ ਹੈ। ਲੇਖਕ ਸਭਾ ਉਮੀਦ ਕਰਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਲਾਅ ਅਤੇ ਦੂਸਰੇ ਵਿਸ਼ੇ ਵੀ ਪੰਜਾਬੀ ਵਿਚ ਪੜ੍ਹਾਉਣ ਦੀ ਪਹਿਲ ਕੀਤੀ ਜਾਵੇਗੀ।

# ਮਾਝੇ ਦੇ ਪਰਿਵਾਰਾਂ ਦੀ 11ਵੀਂ ਸਾਲਾਨਾ ਪਾਰਟੀ ਸ਼ਫਲਤਾ ਪੂਰਵਕ ਸਮਾਪਤ

ਐਡਮਿੰਟਨ (ਨਦਬ) : ਪਿਛਲੇ 11 ਸਾਲਾਂ ਤੋਂ ਮਾਝੇ ਦੇ ਪਰਿਵਾਰਾਂ ਦੀ ਇਕੱਤਰਤਾ ਹਰ ਸਾਲ ਮਹਾਰਾਜਾ ਬੈਂਕੁਇੰਟ ਹਾਲ ਐਡਮਿੰਟਨ ਵਿਖੇ ਕੀਤੀ ਜਾਂਦੀ ਰਹੀ ਹੈ਼ ਇਸ ਸਾਲ ਬਹੁਤ ਸਫ਼ਲਤਾ ਨਾਲ ਸਮਾਪਤ ਹੋਈ ਜਿਸ ਵਿਚ 300 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਮਾਝੇ ਦੇ ਪਰਿਵਾਰਾਂ ਦੀਪਾਰਟੀ ਦੀ ਸ਼ੁਰੂਆਤ ਵਤਨ ਟੀ.ਵੀ. ਦੇ ਪ੍ਰਡਿਊਸਰ ਅਤੇ ਹੋਸਟ ਹਰਜੀਤ ਸੰਧੂ ਨੇ ਕਰਦਿਆਂ ਪੰਜਾਬੀ ਹੈਰੀਟੇਜ ਫਾਉਂਡੇਸ਼ਨ ਦੇ ਬੱਚਿਆਂ ਦੇ ਭੰਗੜੇ ਨਾਲ ਕੀਤੀ। ਇਸ ਵਿਚ ਮਨਜੀਤ ਸਿੰਘ ਵਲੋਂ ਤਿਆਰ ਕਰਵਾਏ ਛੋਟੀਆਂ ਬੱਚੀਆਂ ਅਤੇ ਬੱਚਿਆਂ ਨੇ ਆਪਣੀ ਪੇਸ਼ਕਾਰੀ ਨਾਲ ਹਾਜ਼ਰ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਪਾਰਟੀ ਵਿਚ ਮਾਝੇ ਦੇ ਇਤਿਹਾਸ ਬਾਰੇ ਜਾਣਕਾਰੀ ਦੇਣ ਲਈ ਸ. ਸਕੱਤਰ ਸਿੰਘ ਸੰਧੂ ਨੇ ਸਟੇਜ 'ਤੇਆ ਕੇ ਬਹੁਤ ਵੱਡਮੁਲੀ ਜਾਣਕਾਰੀ ਸਾਂਝੀ ਕੀਤੀ। ਇਸ ਸਮੇਂ ਹਾਲ ਪੂਰਾ ਖਚਾਖਚ ਭਰ ਚੁੱਕਾ ਸੀ ਅਤੇ ਗੁਰਸੇਵਕ ਸਿੰਘ ਸਿੱਧੂ ਵਲੋਂ ਤਿਆਰ ਕਰਵਾਈਆਂ ਲੜਕੀਆਂ ਦੇ ਗਿੱਧੇ ਦੀ ਪੇਸ਼ਕਾਰੀ ਕੀਤੀ ਗਈ, ਜੋ ਲੋਕਾਂ ਵਲੋਂ ਬਹੁਤ ਪਸੰਦ ਕੀਤੀ ਗਈ। ਇਸ ਸਮੇਂ ਇਕੱਠ ਨੂੰ ਗੁਰਭਲਿੰਦਰ ਸਿੰਘ ਸੰਧੂ ਮਾੜੀਮੇਘਾ ਨੇ ਸੰਬੋਧਨ ਕਰਦਿਆਂ ਮਾਝੇ ਦੇ ਪਰਿਵਾਰਾਂ ਵਲੋਂ ਕੀਤੀਆਂ ਤਰੱਕੀਆਂ ਅਤੇਸਮਾਜ ਵਿਚ ਪਾਏ ਯੋਗਦਾਨ ਦੀ ਗੱਲਬਾਤ ਸਾਂਝੀ ਕੀਤੀ। ਪ੍ਰੋਗਰਾਮ ਵਿਚ ਭਾਗ ਲੈਣ ਆਏ ਪਰਿਵਾਰਾਂ ਦੀ ਜਾਣਕਾਰੀ ਅਤੇ ਜਾਣ ਪਛਾਣ ਜਸਬੀਰ ਸਿੰਘ ਗਿੱਲ ਨੇ ਕਰਵਾਈ। ਇਸ ਪਾਰਟੀ ਨੂੰ ਕਰਵਾਉਣ ਦਾ ਮੁੱਖ ਮਕਸਦ ਹੈ ਕਿ ਇਥੇ ਮਾਝੇ ਦੇ ਇਲਾਕੇ ਤੋਂ ਆਏ ਲੋਕ ਪਹਿਲਾਂ ਤੋਂ ਇਥੇ ਪਹੁੰਚ ਰਹੇ ਲੋਕਾਂ ਨਾਲ ਆਪਣੀ ਜਾਣ-ਪਛਾਣ ਵਧਾ ਸਕਣ ਜੋ ਬਹੁਤ ਸ਼ਲਾਘਾਯੋਗ ਉਪਰਾਲਾ ਹੈ। ਮਾਝੇ ਦੇ ਪਰਿਵਾਰਾਂ ਦੀ ਪਾਰਟੀ ਦੇ ਮੁੱਖ ਪ੍ਰਬੰਧਕ ਸਕੱਤਰ ਸਿੰਘ ਸੰਧੂ, ਹਰਜੀਤ ਸਿੰਘ ਸੰਧੂ, ਲਾਟ ਭਿੰਡਰ, ਜਸੀਬਰ ਸਿੰਘ ਗਿੱਲ ਹਨ ਜਿਨ੍ਹਾਂ ਨੇ ਬਹੁਤ ਵਧੀਆ ਪ੍ਰਬੰਧ ਕੀਤਾ ਸੀ। ਇਸ ਪਾਰਟੀ ਵਿਚ ਆਏ ਮਹਿਮਾਨਾਂ ਲਈ ਮਹਾਰਾਜਾ ਬੈਂਕੁਇੰਟ ਹਾਲ 'ਚ ਡਾਂਸ ਐਂਡ ਡਿਨਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ ਜਿਥੇ ਪਰਿਵਾਰ ਦੇਰ ਰਾਤ ਤਕ ਮਨੋਰੰਜਨ ਕਰਦੇ ਰਹੇ। ਅਗਲੇ ਸਾਲ ਨਵੰਬਰ 'ਚ ਵਿਸ਼ੇਸ਼ ਪ੍ਰੋਗਰਾਮ ਤਹਿਤ ਮਝੈਲ ਭਾਊਆਂ ਦੀ ਪਾਰਟੀ ਕੀਤੀ ਜਾਵੇਗੀ।

# ਪੀ.ਸੀ.ਏ. ਵਲੋਂ ਭੱਖਦੇ ਮਸਲਿਆਂ 'ਤੇ ਵਿਚਾਰ ਚਰਚਾ

ਕੈਲਗਰੀ (ਨਦਬ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਇਥੋਂ ਦੇ ਜੈਨਸਸ ਸੈਂਟਰ ਵਿਖੇ ਸਮਾਜ ਦੇ ਭਖਦੇ ਮਸਲਿਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਮਨੁੱਖੀ ਅਧਿਕਾਰਾਂ ਦੇ ਹਨਨ ਬਾਰੇ ਗੱਲ ਕਰਦਿਆਂ 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਪਰਹਾਰ ਨੇ ਦੱਸਿਆ ਕਿ ਜਿਹੜੀਆਂ ਸਰਕਾਰਾਂ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨੀ ਸੀ ਉਹੀ ਸਰਕਾਰਾਂ ਅੱਜ ਸੰਸਾਰ ਭਰ 'ਚ ਮਨੁੱਖੀ ਹੱਕਾਂ ਦਾ ਘਾਣ ਕਰਦਿਆਂ ਕਾਲੇ ਕਾਨੂੰਨ ਬਣਾ ਰਹੀਆਂ ਹਨ। ਆਪਣੇ ਹੱਕਾਂ ਦੀ ਰਾਖੀ ਲਈ ਲੋਕਾਂ ਨੂੰ ਇਕਮੁੱਠ ਹੋ ਕੇ ਸੰਘਰਸ਼ ਕਰਨੇ ਪੈਣਗੇ।




ਡੇਰਾਵਾਦ ਤੋਂ ਸਮਾਜ ਨੂੰ ਖਤਰੇ ਬਾਰੇ ਰਿਸ਼ੀ ਨਾਗਰ ਨਿਊਜ਼ ਡਾਇਰੈਕਟਰ ਰੈਡ ਐਫ਼.ਐਮ. ਨੇ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਡੇਰਾਵਾਦ ਨੇ ਜਿਥੇ ਪੰਜਾਬ/ਭਾਰਤ ਵਾਸੀਆਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਹੈ, ਉਥੇ ਪੰਜਾਬ ਨੂੰ ਸਭਿਆਚਾਰਕ ਅਤੇ ਸਮਾਜਕ ਤੌਰ 'ਤੇ ਵੀ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਡੇਰਾਵਾਦ ਦੀ ਪ੍ਰਫੁੱਲਤਾ ਵਿਚ ਸਿਆਸੀ ਪਾਰਟੀਆਂ ਦਾ ਮੁੱਖ ਭੂਮਿਕਾ ਰਹੀ ਹੈ, ਜਿਹੜੀ ਕਿ ਸਮਾਜ ਲਈ ਬਹੁਤ ਹੀ ਘਾਤਕ ਸਿੱਧ ਹੋ ਰਹੀ ਹੈ। 'ਸਰੋਕਾਰਾਂ ਦੀ ਆਵਾਜ਼' ਦੇ ਗੁਰਬਚਨ ਬਰਾੜ ਨੇ ਤੇਲ ਦੀਆਂ ਘੱਟ ਰਹੀਆਂ ਕੀਮਤਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਦੱਸਿਆ ਕਿ ਇਸ ਨਾਲ ਬਹੁਤ ਸਾਰੇ ਕਾਮਿਆਂ ਦੀਆਂ ਨੌਕਰੀਆਂ ਖੁਸ ਰਹੀਆਂ ਹਨ ਤੇ ਇਸ ਤੋਂ ਇਲਾਵਾ ਸਿਹਤ, ਸਿੱਖਿਆ, ਪੈਨਸ਼ਨਾਂ ਆਦਿ 'ਤੇ ਕੱਟ ਲੱਗਣ ਦੇ ਖਤਰੇ ਖੜੇ ਹੋਣਗੇ। ਇਸ ਬਹਾਨੇ ਕੰਪਨੀਆਂ ਬਾਅਦ ਵਿਚ ਘੱਟ ਤਨਖ਼ਾਹ 'ਤੇ ਨਵੇਂ ਵਰਕਰ ਹਾਇਰ ਕਰਨਗੀਆਂ। ਲੋਕਾਂ ਨੂੰ ਇਸ ਸੰਕਟ ਬਾਰੇ ਐਮ.ਐਲ.ਏਜ਼ ਅਤੇ ਐਮ.ਪੀਜ਼ 'ਤੇ ਦਬਾਅ ਵਧਾਉਣਾ ਚਾਹੀਦਾ ਹੈ। ਅਲਬਰਟਾ ਦੀ ਆਰਥਕ ਹਾਲਤ ਤੇਲ 'ਤੇ ਨਿਰਭਰ ਹੋਣ ਕਾਰਨ ਇਥੇ ਸਥਿਤੀ ਹੋਰ ਵੀ ਗੰਭੀਰਤਾ ਵਾਲੀ ਬਣਦੀ ਜਾ ਰਹੀ ਹੈ। ਕਮਲਪ੍ਰੀਤ ਕੌਰ ਪੰਧੇਰ ਨੇ ਭਿਆਨਕ ਰੂਪ ਧਾਰਨ ਕਰਦੀ ਜਾ ਰਹੀ ਬਿਮਾਰੀ ਈਬੋਲਾ ਬਾਰੇ ਬੋਲਦਿਆਂ ਕਿਹਾ ਕਿ ਇਸ ਦੇ ਵਧਣ ਦਾ ਮੁੱਖ ਕਾਰਨ ਮੁਨਾਫ਼ੇ ਲਈ ਅੰਨ੍ਹੇਵਾਹ ਕੀਤੀ ਰਹੀ ਜੰਗਲਾਂ ਦੀ ਕਟਾਈ ਹੈ। ਜੰਗਲਾਂ ਦੀ ਕਟਾਈ ਕਾਰਨ ਚਮਗਿੱਦੜਾਂ ਅਤੇ ਗੁਰੀਲਿਆਂ ਤੋਂ ਇਹ ਵਾਇਰਸ ਮਨੁੱਖਾਂ ਵਿਚ ਪ੍ਰਵੇਸ਼ ਕਰਦਾ ਜਾ ਰਿਹਾ ਹੈ।

ਅਖ਼ੀਰ 'ਚ ਛੋਟੇ ਬੱਚਿਆਂ ਸਾਹਿਬ ਪੰਧੇਰ ਤੇ ਸਹਿਜ ਪੰਧੇਰ ਨੇ ਸਮਾਜ 'ਚ ਕੁਝ ਬਣੀਆਂ ਮਿਥਾਂ ਜਿਨ੍ਹਾਂ ਦਾ ਕੋਈ ਸਾਇੰਟੇਫਿਕ ਅਤੇ ਤਰਕਸ਼ੀਲ ਜਾਂ ਮੈਡੀਕਲ ਗਰਾਉਂਡ 'ਤੇ ਆਧਾਰ ਨਹੀਂ ਹੈ, ਬਾਰੇ ਜਾਣਕਾਰੀ ਸਾਂਝੀ ਕੀਤੀ। ਜਸਵੰਤ ਸਿੰਘ ਸੇਖੋਂ, ਬਲਜਿੰਦਰ ਸਿੰਘ ਸੰਘਾ, ਟੀਨੂੰ ਬਰਾੜ, ਕਮਲਪ੍ਰੀਤ ਕੌਰ ਸ਼ੇਰਗਿੱਲ, ਸੁਖਵਿੰਦਰ ਸਿੰਘ ਤੂਰ, ਨਵਕਿਰਨ ਕੌਰਾ ਢੁੱਡੀਕੇ, ਅਵੀ ਜਸਵਾਲ, ਅਜਾਇਬ ਸਿੰਘ ਸੇਖੋਂ, ਹਰਨੇਕ ਬੱਧਨੀ, ਮਾਸਟਰ ਧਰਮ ਸਿੰਘ ਚੜਿੱਕ ਅਤੇ ਅਜਮੇਰ ਸਿੰਘ ਰੰਧਾਵਾ ਨੇ ਇਨਕਲਾਬੀ ਗੀਤ ਕਵਿਤਾਵਾਂ ਸੁਣਾਈਆਂ। ਸਟੇਜ ਸੰਚਾਲਨ ਮਾ. ਭਜਨ ਸਿੰਘ ਨੇ ਕੀਤਾ। ਪ੍ਰਧਾਨ ਸੋਹਣ ਮਾਨ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਮੈਂ ਸੂਰਜ ਹਾਂ ਡੁਬਾਂਗਾ, ਫੇਰ ਚੜ੍ਹ ਆਵਾਂਗਾ..

ਕੈਲਗਰੀ (ਨਦਬ) ਰਾਈਟਰਜ਼ ਫੋਰਮ, ਕੈਲਗਰੀ ਦੀ ਮਾਸਿਕ ਇਕੱਤਰਤਾ ਪਹਿਲੀ ਨਵੰਬਰ ਨੂੰ ਕਾਊਂਸਲ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਹਾਲ ਵਿਚ ਹੋਈ। ਜਨਰਲ ਸਕੱਤਰ ਜੱਸ ਚਾਹਲ ਨੇ ਪ੍ਰੋ. ਸ਼ਮਸ਼ੇਰ ਸਿੰਘ ਸੰਧੂ, ਜਨਾਬ ਸਬ੍ਹਾ ਸ਼ੇਖ਼ ਅਤੇ ਡਾ. ਮਜ਼ਹਰ ਸਦੀਕੀ ਹੋਰਾਂ ਨੂੰ ਪ੍ਰਧਾਨਗੀ ਮੰਡਲ ਦੀ ਸ਼ੋਭਾ ਬਣਨ ਦੀ ਬੇਨਤੀ ਕੀਤੀ। ਰਫ਼ੀ ਅਹਮਦ ਨੇ 'ਇਨਸਾਫ਼' ਲੇਖ ਰਾਹੀਂ ਭਾਰਤ ਅਤੇ ਪਾਕਿਸਤਾਨ ਵਿਚ ਵਧਦੇ ਜੁਰਮਾਂ ਦੀ ਚਰਚਾ ਕੀਤੀ।

ਪ੍ਰਭਦੇਵ ਗਿੱਲ ਹੋਰਾਂ ਕਨੇਡਾ ਦੇ ਜੀਵਨ ਬਾਰੇ ਗੱਲਬਾਤ ਕਰਦਿਆਂ ਇਨ੍ਹਾਂ ਸਤਰਾਂ ਨਾਲ ਸ਼ੁਰੂਆਤ ਕੀਤੀ- 'ਮੈਂ ਦੀਵਾ ਨਹੀਂ ਹਾਂ, ਜੋ ਤੇਲ ਮੁਕਿਆ ਤੇ ਬੁਝ ਜਾਵਾਂਗਾ/ ਮੈਂ ਸੂਰਜ ਹਾਂ ਡੁਬਾਂਗਾ, ਫੇਰ ਚੜ੍ਹ ਆਵਾਂਗਾ/ ਮੈਂ ਖ਼ੁਦਾ ਦਾ ਅੰਸ਼ ਹਾਂ, ਮੈਂ ਖ਼ੁਦ ਖ਼ੁਦਾ ਹਾਂ।' ਡਾ. ਮਜ਼ਹਰ ਸਦੀਕੀ, ਪ੍ਰੋ. ਸ਼ਮਸ਼ੇਰ ਸਿੰਘ ਸੰਧੂ, ਜਰਨੈਲ ਸਿੰਘ ਤੱਗੜ, ਸਬਾ ਸ਼ੇਖ਼, ਰੋਮੇਸ਼ ਆਨੰਦ, ਜਾਵਿਦ ਨਿਜ਼ਾਮੀ, ਜੱਸ ਚਾਹਲ, ਆਰ.ਐਸ. ਸੈਨੀ, ਬੀਜਾ ਰਾਮ, ਜਗਜੀਤ ਸਿੰਘ ਰਾਹਸੀ, ਡਾ. ਮਨਮੋਹਨ ਸਿੰਘ ਬਾਠ, ਅਮਰੀਕ ਚੀਮਾ ਅਤੇ ਸੁਰਿੰਦਰ ਢਿਲੋਂ ਹੋਰਾਂ ਅਪਣੇ-ਅਪਣੇ ਅੰਦਾਜ਼ ਵਿਚ ਰਚਨਾਵਾਂ ਪੇਸ਼ ਕੀਤੀਆਂ। ਰਾਈਟਰਜ਼ ਫੋਰਮ ਵਲੋਂ ਹਾਜ਼ਰੀਨ ਲਈ ਚਾਹ ਦਾ ਪ੍ਰਬੰਧ ਕੀਤਾ ਗਿਆ ਸੀ।

# ਗਗਨ ਵਿਧੂ ਦੀ ਪੁਸਤਕ 'ਰੱਬ ਦਾ ਫ਼ੋਨ' ਲੋਕ ਅਰਪਣ




ਐਡਮਿੰਟਨ (ਨਦਬ) : ਇਥੇ ਪਿਛਲੇ ਕਈ ਸਾਲਾਂ ਤੋਂ ਰਹਿ ਰਹੇ ਗਗਨੀ ਵਿਧੂ ਵਲੋਂ ਲਿਖੀ ਪੰਜਾਬੀ ਪੁਸਤਕ 'ਰੱਬ ਦਾ ਫੋਨ' ਬੀਤੇ ਦਿਨੀਂ ਮਹਾਰਾਜਾ ਬੈਂਕੁਇਟ ਹਾਲ ਐਡਮਿੰਟਨ ਵਿਚੇ ਮਾਝੇ ਦੇ ਪਰਿਵਾਰਾਂ ਦੀ ਪਾਰਟੀ 'ਚ ਰਿਲੀਜ਼ ਕੀਤੀ ਗਈ। ਇਸ ਪੁਸਤਕ ਵਿਚ ਨਸੀਹਤ ਭਰੀਆਂ ਛੋਟੀਆਂ-ਛੋਟੀਆਂ ਕਹਾਣੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਅਤੇ ਐਡ ਵਰਲਡ ਐਡਵਰਟਾਈਜ਼ਿੰਗ ਕੰਪਨੀ, ਪੱਟੀ ਜ਼ਿਲ੍ਹਾ ਤਰਨ ਤਾਰਨ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਲੇਖਕ ਗਗਨ ਵਿਧੂ ਨੇ ਇਹ ਪੁਸਤਕ ਆਪਣੇ ਪਿੰਡ ਭੋਆ ਦੇ ਨਿਵਾਸੀਆਂ ਨੂੰ ਸਮਰਪਤ ਕੀਤੀ ਹੈ।

New Location of
K.P. ACCOUNTING & TAX SERVICES

SAVE YOUR TAX
FOR FAST REFUND USE E-FILES

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ
ਜਾਣੇ-ਪਛਾਣੇ ਅਕਾਊਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ

Ph. : 780-469-2677 Fax : 780-469-2026
9218 34 Ave in Plaza 34



Kapil Sharma

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਪੇਸ਼ਾਵਰ ਦੀ ਹੂਕ

ਪਾਕਿਸਤਾਨ ਦੇ ਪੇਸ਼ਾਵਰ ਆਰਮੀ ਸਕੂਲ ਵਿਚ ਮੌਤ ਦਾ ਤਾਂਡਵ। 132 ਸਕੂਲੀ ਬੱਚਿਆਂ ਸਣੇ 142 ਜਣਿਆਂ ਨੂੰ ਤਾਲਿਬਾਨੀ ਦਹਿਸ਼ਗਰਦਾਂ ਵਲੋਂ ਮਾਰੇ ਜਾਣ ਦੀ ਕਰਤੂਤ ਨੇ ਸਾਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਓਫ਼! ਏਨੀ ਦਰਿੰਦਗੀ! ਏਨਾ ਵਹਿਸ਼ੀਪਨ! ਨਹੀਂ, ਨਹੀਂ ਇਹ ਕਾਰਾ ਕਰਨ ਵਾਲੇ ਇਨਸਾਨ ਨਹੀਂ ਹੋ ਸਕਦੇ। ਇਹ ਇਨਸਾਨ ਦੇ ਜਾਮੇ ਵਿਚ ਨਿਰੇ-ਪੁਰੇ ਸ਼ੈਤਾਨ ਸਨ; ਜਿਨ੍ਹਾਂ ਨਿੱਕੇ-ਨਿੱਕੇ ਬਾਲਾਂ ਨੂੰ ਹੀ ਨਿਸ਼ਾਨਿਆ ਬਣਾਇਆ ਤੇ ਫੇਰ ਉਨ੍ਹਾਂ ਦੇ ਆਕਾ ਐਲਾਨ ਕਰ ਰਹੇ ਨੇ ਕਿ ਉਨ੍ਹਾਂ ਜੋ ਕੀਤਾ ਸਹੀ ਕੀਤਾ ਹੈ। ਇਹ ਕਿਹੜਾ ਧਰਮ ਹੈ ਜੋ ਮਾਸੂਮਾਂ ਦਾ ਲਹੂ ਪੀਣ ਨੂੰ ਵਾਜਬ ਠਹਿਰਾ ਹੈ? ਨਹੀਂ, ਅਜਿਹਾ ਤਾਂ ਕੋਈ ਧਰਮ ਨਹੀਂ। ਹਾਂ, ਧਰਮ ਦੇ ਨਾਂਅ 'ਤੇ ਸਿਆਸਤ ਕਰਨ ਵਾਲੇ ਜ਼ਰੂਰ ਇਹ ਕੱਝ ਕਰਿਆ ਕਰਦੇ ਹਨ ਤੇ ਉਨ੍ਹਾਂ ਹੀ ਇਹ ਵਹਿਸ਼ੀਆਨਾ ਕਾਰਾ ਕੀਤਾ ਹੈ। ਦੁਨੀਆ ਭਰ ਤੋਂ ਇਸ ਕਾਰੇ ਵਿਰੁੱਧ ਆਵਾਜ਼ ਉੱਠੀ ਹੈ ਤੇ ਇਸ ਆਵਾਜ਼ ਵਿਚ ਸਾਡੀ ਆਵਾਜ਼ ਵੀ ਸ਼ਾਮਲ ਹੈ।

ਸਵਾਲ ਹੈ ਕਿ ਜੇ ਤੁਹਾਡੇ ਘਰ ਦੇ ਇਕ ਕਮਰੇ 'ਚ ਅੱਗ ਲੱਗੀ ਹੋਵੇ ਤਾਂ ਕੀ ਤੁਸੀਂ ਦੂਸਰੇ ਕਮਰੇ 'ਚ ਸੌਂ ਸਕਦੇ ਹੋ; ਜੇ ਤੁਹਾਡੇ ਇਕ ਕਮਰੇ 'ਚ ਲਾਸ਼ ਪਈ ਹੋਵੇ ਤਾਂ ਕੀ ਤੁਸੀਂ ਦੂਸਰੇ ਕਮਰੇ 'ਚ ਗਾ ਸਕਦੇ ਹੋ ਜਾਂ ਜੇ ਤੁਹਾਡੇ ਘਰ ਦੇ ਇਕ ਕਮਰੇ 'ਚ ਲਾਸ਼ਾਂ ਸੜ ਰਹੀਆਂ ਹੋਣ ਤਾਂ ਕੀ ਤੁਸੀਂ ਦੂਸਰੇ ਕਮਰੇ ਵਿਚ ਇਬਾਦਤ ਕਰ ਸਕਦੇ ਹੋ? ਨਹੀਂ ਹੋ ਸਕਦਾ ਨਾ ਇਹ? ਪਰ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਜਿਨ੍ਹਾਂ ਦਰਿੰਦਿਆਂ ਨੇ ਇਹ ਕਾਰਾ ਕੀਤਾ ਹੈ, ਉਨ੍ਹਾਂ ਇਹ ਇਬਾਦਤ ਦੇ ਨਾਂਅ 'ਤੇ ਹੀ ਕੀਤਾ ਹੈ। ਇਸ ਤੋਂ ਵੱਧ ਹੋਰ ਜਨੂੰਨੀਅਤ ਅਤੇ ਬੇਸ਼ਰਮੀ ਕਿਹੜੀ ਹੋ ਸਕਦੀ ਹੈ? ਇਹ ਮਜ਼ਬੀ ਜਨੂੰਨ ਹੀ ਹੈ ਕਿ ਬੰਦਾ, ਬੰਦਾ ਹੀ ਨਹੀਂ ਰਹਿੰਦਾ ਤੇ ਸਿਆਸਤ ਅਜਿਹੀ ਹੋ ਜਾਂਦੀ ਹੈ ਕਿ ਬਾਲ ਵੀ ਬਖ਼ਸ਼ੇ ਨਹੀਂ ਜਾਂਦੇ।

ਪੇਸ਼ਾਵਰ ਸਕੂਲ 'ਤੇ ਹਮਲੇ ਨੇ ਫੌਰੀ ਤੌਰ 'ਤੇ ਪਾਕਿਸਤਾਨ ਲਈ ਨਵਾਂ ਸੰਕਟ ਇਹ ਪੈਦਾ ਕਰ ਦਿੱਤਾ ਹੈ ਕਿ ਉਥੇ ਇਕ ਵਾਰ ਫੇਰ ਤੋਂ ਜਮਹੂਰੀਅਤ ਖ਼ਤਰੇ ਵਿਚ ਪੈ ਗਈ ਹੈ। ਖ਼ਬਰਾਂ ਹਨ ਕਿ ਪਾਕਿਸਤਾਨ ਵਿਚ ਤਖ਼ਤਾ ਪਲਟ ਵੀ ਹੋ ਸਕਦਾ ਹੈ। ਦਰਅਸਲ ਪਾਕਿਸਤਾਨ ਵਿਚ ਪਹਿਲੀ ਵਾਰ ਫੌਜੀ ਅਫ਼ਸਰਾਂ ਦੇ ਬੱਚਿਆਂ ਨੂੰ ਇੰਝ ਨਿਸ਼ਾਨਾ ਬਣਾਇਆ ਗਿਆ ਹੈ। ਪਾਕਿਸਤਾਨੀ ਟੀ ਵੀ ਚੈਨਲ ਦੱਸਦੇ ਹਨ ਕਿ ਇਸ ਘਟਨਾ ਕਰਕੇ ਪਾਕਿਸਤਾਨੀ ਫੌਜ ਖਾਸੀ ਗੁੱਸੇ ਵਿਚ ਹੈ। ਨਵਾਜ਼ ਸ਼ਰੀਫ਼ ਸਰਕਾਰ ਨੂੰ ਤਾਲਿਬਾਨਾਂ ਵਿਰੱਧ ਸਖ਼ਤ ਮੁਹਿੰਮ ਵਿਢਣ ਵਾਸਤੇ ਕਿਹਾ ਗਿਆ ਹੈ ਤੇ ਜੇ ਇਹਦੇ ਵਿਚ ਢਿੱਲਮੱਠ ਹੁੰਦੀ ਹੈ ਤਾਂ ਤਖ਼ਤ ਪਲਟ ਵੀ ਹੋ ਸਕਦਾ ਹੈ। ਦਰਅਸਲ ਇਹ ਹੀ ਪਾਕਿਸਤਾਨ ਦੀ ਹੋਣੀ ਹੈ।

ਯਾਦ ਰੱਖਣ ਵਾਲੀ ਗੱਲ ਹੈ ਕਿ ਦੋ ਦਿਨ ਪਹਿਲਾਂ ਹੀ ਆਸਟਰੇਲੀਆ ਦੇ ਸਿਡਨੀ ਦੇ ਇਕ ਚਾਕਲੇਟ ਕੈਫੇ 'ਤੇ ਵੀ ਇਕ ਦਹਿਸ਼ਗਰਦ ਨੇ ਕਬਜ਼ਾ ਕਰ ਲਿਆ ਸੀ ਤੇ 18 ਘੰਟਿਆਂ ਦੀ ਜੱਦਜਿਹਿਦ ਤੋਂ ਬਾਅਦ 40 ਲੋਕਾਂ ਨੂੰ ਬਚਾਇਆ ਜਾ ਸਕਿਆ ਤੇ ਤਿੰਨ ਜਣਿਆਂ ਦੀ ਜਾਨ ਉੱਥੇ ਵੀ ਚਲੀ ਗਈ ਸੀ। ਹਾਲਾਤ ਇਹ ਬਣ ਗਏ ਹਨ ਕਿ ਅੱਜ ਹੋਰਨਾਂ ਚੀਜ਼ਾਂ ਵਾਂਗ ਦਹਿਸ਼ਤ ਵੀ ਗਲੋਬਲ ਹੋ ਗਈ ਹੈ। ਪਰ ਸਵਾਲ ਇਹ ਹੈ ਕਿ ਇੰਝ ਕਿਉਂ ਤੇ ਕਿਵੇਂ ਹੋ ਰਿਹਾ ਹੈ? ਤਾਂ ਲੋੜ ਇਹ ਸਮਝਣ ਦੀ ਹੈ ਕਿ ਕਿਤੇ ਵੀ ਕੁੱਝ ਵੀ ਸਹਿਵਨ ਹੀ ਨਹੀਂ ਵਾਪਰਿਆ ਕਰਦਾ। ਹਰ ਘਟਨਾ ਦੇ ਪਿੱਛੇ ਇਕ ਪੂਰਾ-ਸੂਰਾ ਵਰਤਾਰਾ ਹੋਇਆ ਕਰਦਾ ਹੈ। ਜਿੱਥੇ ਕਿਤੇ ਵੀ ਧਰਮ ਦੀ ਸਿਆਸਤ ਹੈ, ਉਥੇ ਬਹੁਤ ਕੁੱਝ ਅਜਿਹਾ ਵੀ ਵਾਪਰਦਾ ਹੈ, ਜਿਹਦੇ ਲਈ ਜ਼ਮੀਨ ਬਾਕਾਇਦਾ ਤਿਆਰ ਕੀਤੀ-ਕਾਰਵਾਈ ਜਾਂਦੀ ਹੈ। ਸਿਡਨੀ ਅਤੇ ਪੇਸ਼ਾਵਰ ਦੇ ਆਰਮੀ ਸਕੂਲ ਵਿਚ ਮੌਤ ਦੀ ਖੇਡ ਨੂੰ ਸਮਝਣ ਲਈ ਧਰਮ ਅਤੇ ਸਿਆਸਤ ਦੇ ਖੁੱਲ੍ਹੇ ਗਠਜੋੜ ਦੀਆਂ ਇਕ-ਦੂਜੇ ਵਿਚ ਫਸੀਆਂ ਤੰਦਾਂ ਨੂੰ ਪਛਾਨਣ ਤੇ ਫੜਨ ਦੀ ਲੋੜ ਹੈ।

ਸੱਚ ਇਹ ਹੈ ਕਿ ਦਹਿਸ਼ਤਗਰਦੀ ਦੀਆਂ ਤੰਦਾਂ ਦੇ ਸਿਰੇ ਇਕ ਦੂਜੇ ਨਾਲ ਇਸ ਤਰ੍ਹਾਂ ਜੁੜੇ ਹੋਏ ਹਨ ਕਿ ਦੁਨੀਆ ਵਿਚ ਨਸ਼ਿਆਂ ਦਾ ਕਾਰੋਬਾਰ ਅਫਗਾਨਿਸਤਾਨ ਤੋਂ ਪਾਕਿਸਤਾਨ, ਭਾਰਤ ਹੁੰਦਾ ਹੋਇਆ ਕਨੇਡਾ, ਅਮਰੀਕਾ ਤੱਕ ਪਹੁੰਚਦਾ ਹੈ ਤੇ ਸੰਸਾਰ ਵਿਚ ਸਿਰੇ ਦੇ ਆਧੁਨਿਕ ਹਥਿਆਰ ਅਮਰੀਕਾ ਵਿਚ ਤਿਆਰ ਹੁੰਦੇ ਹਨ ਤੇ ਉਥੋਂ ਚੱਲ ਕੇ ਇਰਾਕ, ਸੀਰੀਆ, ਪਾਕਿਸਤਾਨ ਤੇ ਅਫ਼ਗਾਨਿਸਤਾਨ ਤੱਕ ਅਪੜਦੇ ਹਨ। ਇਸ ਬਾਰੀਕ ਤੰਦ ਨੂੰ ਫੜ ਕੇ ਹੀ ਅਸੀਂ ਦਹਿਸ਼ਤਗਰਦੀ ਦੀ ਜੜ੍ਹ ਤੱਕ ਪਹੁੰਸ ਸਕਦੇ ਹਾਂ ਤੇ ਜਦੋਂ ਤੱਕ ਜੜ੍ਹ ਨਹੀਂ ਫੜੀ ਜਾਂਦੀ ਮਸਲੇ ਹੱਲ ਹੋਣ ਵਾਲੇ ਨਹੀਂ।

ਹੁਣ ਸਵਾਲ ਇਹ ਹੈ ਕਿ ਹਾਲਾਤ ਦਾ ਮੁਕਾਬਲਾ ਕਿਵੇਂ ਕੀਤਾ ਜਾਵੇ? ਇਹ ਚਰਚਾ ਕਰਦਿਆਂ ਸਾਡੀ ਸਮਝ ਵਿਚ ਇਹ ਹੀ ਆਉਂਦਾ ਹੈ ਕਿ ਮਾੜੀਆਂ ਤੋਂ ਮਾੜੀਆਂ ਪ੍ਰਸਥਿਤੀਆਂ ਵਿਚ ਵੀ ਸਦਾ ਹੀ ਅਵਾਮ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਇਆ ਕਰਦੀ ਹੈ। ਦੁਨੀਆ ਦਾ ਹੁਣ ਤੱਕ ਦਾ ਇਤਿਹਾਸ ਇਸ ਗੱਲ ਦੀ ਖੁਲ੍ਹੀ ਗਵਾਹੀ ਭਰਦਾ ਹੈ ਕਿ ਜਦ ਕਦੇ ਵੀ ਮਨੁੱਖਤਾ 'ਤੇ ਕੋਈ ਸੰਕਟ ਆਇਆ ਹੈ ਲੋਕਾਂ ਦੀ ਸਮਝਦਾਰੀ, ਏਕਤਾ ਅਤੇ ਮਾਨਵੀ ਪਹੁੰਚ ਨੇ ਹੀ ਉਸ ਸੰਕਟ ਨੂੰ ਟਾਲਿਆ ਹੈ। ਇਹ ਪੇਸ਼ਾਵਰ ਦੀ ਹੂਕ ਹੈ ਕਿ ਅੱਜ ਭਾਰਤ ਅਤੇ ਪਾਕਿਸਤਾਨ ਨੂੰ ਆਪਣੀ ਅਵਾਮ ਦੇ ਦੁੱਖਾਂ ਸੁੱਖਾਂ ਦੇ ਭਾਈਵਲ ਬਣਨ ਦੀ ਜ਼ਰੂਰਤ ਹੈ ਤੇ ਇਹਦੇ ਲਈ ਹੌਸਲੇ, ਦ੍ਰਿੜ ਵਿਸ਼ਵਾਸ ਅਤੇ ਏਕੇ ਦੀ ਲੋੜ ਹੈ। ਤਬਾਹੀ ਦੇ ਜਮਦੂਤ ਆਟੇ ਵਿਚ ਲੂਣ ਹਨ ਤੇ ਅਮਨ ਦੇ ਰਾਹੀਆਂ ਦਾ ਇਕ ਪੂਰਾ ਕਾਫ਼ਲਾ ਹੈ। ਤੁਸੀਂ-ਅਸੀਂ ਇਸ ਕਾਫ਼ਲੇ ਦਾ ਹਿੱਸਾ ਹਾਂ।

## ਹਾਸ਼ੀਏ ਦੀ ਆਵਾਜ਼

# ਬੇਤਾਲ ਫਿਰ ਉਸੇ ਡਾਲ 'ਤੇ

ਅਨੰਦ ਤੇਲਤੂੰਬੜੇ



ਭਾਜਪਾ ਦੀ ਵਿਦਿਆਰਥੀ ਜਥੇਬੰਦੀ ਅਖਿਲ ਭਾਰਤੀਯ ਵਿਦਿਆਰਥੀ ਪ੍ਰੀਸ਼ਦ ਨੇ ਮੁੰਬਈ ਦੇ ਜੇਵੀਅਰ ਕਾਲਜ ਦੇ ਵਿਦਿਆਰਥੀਆਂ ਵਿਰੁੱਧ ਲਿਖਤੀ ਚਿਤਾਵਨੀ ਜਾਰੀ ਕੀਤੀ, ਕਿਉਂਕਿ ਉਨ੍ਹਾਂ ਨੇ ਆਪਣੇ ਸਾਲਾਨਾ ਸਮਾਗਮ 'ਮਲਹਾਰ' ਵਿਚ ਕਬੀਰ ਕਲਾ ਮੰਚ ਦੀ ਗਾਇਕਾ ਸ਼ੀਤਲ ਸਾਠੇ ਨੂੰ ਬੁਲਾਇਆ ਸੀ। ਕਬੀਰ ਕਲਾ ਮੰਚ ਪੁਣੇ ਦੇ ਦਲਿਤਾਂ ਅਤੇ ਮਜ਼ਦੂਰ ਵਰਗ ਵਿਚਕਾਰ ਕੰਮ ਕਰਨ ਵਾਲੀ ਸਭਿਆਚਾਰਕ ਜਥੇਬੰਦੀ ਹੈ, ਜਿਸ ਨੂੰ ਸੂਬੇ ਨੇ ਨਕਸਲਵਾਦੀ ਜਥੇਬੰਦੀ ਦੇ ਰੂਪ ਵਿਚ ਪ੍ਰਚਾਰਿਆ ਹੈ। ਮਹਾਰਾਸ਼ਟਰ ਪੁਲੀਸ ਨੇ ਐਲਾਨ ਕੀਤਾ ਕਿ ਉਹ ਸੁਰੱਖਿਆ ਮੁਹੱਈਆ ਨਹੀਂ ਕਰਵਾਏਗੀ। ਇਸ ਤੋਂ ਬਾਅਦ ਸ਼ੀਤਲ ਨੂੰ ਉਸ ਪੈਨਲ ਵਿਚੋਂ ਆਪਣਾ ਨਾਮ ਵਾਪਸ ਲੈਣਾ ਪਿਆ। ਸ਼ੀਤਲ ਨੇ 14 ਅਗਸਤ ਨੂੰ 'ਇਨਵਿਜਬਿਲਟੀ ਆਫ਼ ਕਾਸਟ' (ਜਾਤੀ ਦੀ ਅਦ੍ਰਿਸ਼ਟਤਾ) ਵਿਸ਼ੇ 'ਤੇ ਚਰਚਾ ਕਰਨੀ ਸੀ।

ਇਕ ਪਾਸੇ ਜਦਕਿ ਨਰਿੰਦਰ ਮੋਦੀ ਸੰਯੁਕਤ ਪ੍ਰਗਤੀਸ਼ੀਲ ਗਠਜੋੜ ਦੋ ਦੇ ਦੌਰਾਨ ਮਨਮੋਹਨ ਸਿੰਘ ਦੇ ਨਾਕਾਮ ਰਹਿਣ ਤੋਂ ਬਾਅਦ ਕਾਂਗਰਸ ਦੇ ਨਵਉਦਾਰਵਾਦੀ ਵਿਕਾਸ ਦੇ ਏਜੰਡੇ ਨੂੰ ਪੂਰਾ ਕਰਨ ਦੀ ਦਿਸ਼ਾ ਵੱਲ ਤੇਜ਼ੀ ਨਾਲ ਅੱਗੇ ਵੱਧ ਰਹੇ ਹਨ, ਤਾਂ ਦੂਜੇ ਪਾਸੇ ਆਪਣੀ ਹੈਰਾਨ ਕਰ ਦੇਣ ਵਾਲੀ ਜਿੱਤ ਦੇ ਨਸ਼ੇ ਵਿਚ ਮਦਹੋਸ਼ ਹਜ਼ਾਰ ਸਿਰਾਂ ਵਾਲੇ ਸੰਘ ਪਰਿਵਾਰ ਨੇ ਇਸ ਤਰ੍ਹਾਂ ਦੀਆਂ ਹਰਕਤਾਂ ਰਾਹੀਂ ਹਿੰਦੂਤਵ ਦੇ ਆਪਣੇ ਏਜੰਡੇ 'ਤੇ ਅਮਲ ਸ਼ੁਰੂ ਕਰ ਦਿੱਤਾ ਹੈ। ਦਿਲਚਸਪ ਗੱਲ ਇਹ ਹੈ ਕਿ ਉਨ੍ਹਾਂ ਦੇ ਮੁਖੀ ਮੋਹਨ ਭਾਗਵਤ ਮੁਤਾਬਕ ਭਾਰਤ ਪਹਿਲਾਂ ਹੀ ਹਿੰਦੂ ਰਾਸ਼ਟਰ ਹੈ। ਉਨ੍ਹਾਂ ਤੈਅ ਕਰ ਦਿੱਤਾ ਹੈ ਕਿ ਇਹ ਦੇਸ਼ ਹਿੰਦੁਸਤਾਨ ਸੀ ਤੇ ਇਸ ਤਰ੍ਹਾਂ ਇਥੇ ਰਹਿਣ ਵਾਲੇ ਸਾਰੇ ਲੋਕ ਹਿੰਦੂ ਸਨ। ਜੇਕਰ ਅਜਿਹਾ ਹੈ ਤਾਂ ਫਿਰ ਇਹ ਸਵਾਲ ਬਣਦਾ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੀ ਮੁਹਿੰਮ ਤਾਂ ਪਹਿਲਾਂ ਹੀ ਪੂਰੀ ਹੋ ਚੁੱਕੀ ਹੈ, ਜਾਂ ਸ਼ਾਇਦ ਇਹ ਸ਼ੁਰੂਆਤ ਤੋਂ ਹੀ ਗ਼ਲਤ ਸਮਝ 'ਤੇ ਆਧਾਰਤ ਸੀ। ਫਿਰ ਇਸ ਜਥੇਬੰਦੀ ਦੀ ਹੋਂਦ ਦੇ ਪਿਛੇ ਕੀ ਤਰਕ ਹੈ ? ਕੀ ਉਹ ਇਸ ਨੂੰ ਭੰਗ ਕਰ ਕੇ ਹਮੇਸ਼ਾ ਲਈ ਰਿਟਾਇਰ ਹੋਣ ਵਾਲੇ ਹਨ ? ਭਾਗਵਤ ਨੂੰ ਘੱਟੋ-ਘੱਟ ਇਹ ਤਾਂ ਕਰਨਾ ਹੀ ਚਾਹੀਦਾ ਹੈ ਕਿ ਉਨ੍ਹਾਂ ਨੂੰ ਸੰਘ ਪਰਿਵਾਰ ਦੀਆਂ ਬਦਮਾਸ਼ੀਆਂ ਨੂੰ ਅੱਗੇ ਤੋਂ ਬੰਦ ਕਰ ਦੇਣਾ ਚਾਹੀਦਾ ਹੈ ਕਿ ਕਿਤੇ ਉਹ ਮੋਦੀ ਦੀ ਘਾਤਕ ਕਮਜ਼ੋਰੀ ਅਤੇ ਭਾਜਪਾ ਲਈ ਆਤਮਘਾਤੀ ਨਾ ਬਣ ਜਾਣ।

ਹਿੰਦੂਤਵ ਤੇ ਨਵਉਦਾਰਵਾਦ, ਇਨ੍ਹਾਂ ਦੋਵੇਂ ਏਜੰਡਿਆਂ ਦਾ ਆਪਸ 'ਚ ਕੋਈ ਵਿਰੋਧ ਨਹੀਂ ਬਲਕਿ ਜੇਕਰ ਇਨ੍ਹਾਂ ਨੂੰ ਠੀਕ ਤਰ੍ਹਾਂ ਚਲਾਇਆ ਜਾਵੇ ਤਾਂ ਇਹ ਦੋਵੇਂ ਇਕ-ਦੂਜੇ ਦੇ ਪੂਰਕ ਹਨ। ਦੱਖਣ-ਪੰਥੀ ਕੱਟੜਪੰਥੀ ਵਿਚਾਰਧਾਰਾ ਵਜੋਂ ਹਿੰਦੂਤਵ ਕੌਮਾਂਤਰੀ ਰੁਝਾਨ ਦਾ ਹਿੱਸਾ ਹੈ, ਜਿਸ ਦਾ ਸਬੰਧ ਨਵਉਦਾਰਵਾਦ ਨਾਲ ਹੈ। ਦੁਨੀਆ ਭਰ 'ਚ ਅਨੇਕਾਂ ਵਿਦਵਾਨਾਂ ਨੇ ਨਵਉਦਾਰਵਾਦ ਤੇ ਦੱਖਣ-ਪੰਥੀ ਧਾਰਮਕ ਕੱਟੜਵਾਦ ਦੇ ਉਭਾਰ ਦੇ ਵਿਚਕਾਰਲੇ ਰਿਸ਼ਤਿਆਂ ਨੂੰ ਦਰਜ ਕੀਤਾ ਹੈ। ਹਿੰਦੂਤਵ ਵਾਂਗ ਨਵਉਦਾਰਵਾਦ ਦੇ ਵੀ ਅਨੇਕਾਂ ਚਿਹਰੇ ਹਨ, ਜੋ ਉਸ ਦੀ ਬੁਨਿਆਦੀ ਵਿਸ਼ਾ-ਸੂਚੀ ਲੁਕਾਉਣ ਦਾ ਕੰਮ ਕਰਦੇ ਹਨ। ਹਿੰਦੂਤਵ ਦੀ ਬੁਨਿਆਦੀ ਵਿਸ਼ਾ-ਸੂਚੀ ਨੂੰ ਜਿਸ ਤਰ੍ਹਾਂ ਬ੍ਰਾਹਮਣਵਾਦੀ ਸ਼੍ਰੇਸਟਤਾ ਵਜੋਂ ਦੇਖਿਆ ਜਾ ਸਕਦਾ ਹੈ, ਸ਼ਾਸਕ ਵਰਗ ਇਸ ਦਾ ਲਾਭ ਉਠਾਉਂਦਾ ਹੈ, ਜਿਸ ਨੂੰ ਲੋਕਾਂ ਨੂੰ ਵੰਡ ਕੇ ਰੱਖਣ ਤੇ ਉਨ੍ਹਾਂ ਦਾ ਧਿਆਨ ਭਟਕਾਈ ਰੱਖਣ ਦੀ ਜ਼ਰੂਰਤ ਹੁੰਦੀ ਹੈ ਤਾਂਕਿ ਉਸ ਦੀ ਖੇਡ ਚਲਦੀ ਰਹੇ।

ਹਾਲਾਂਕਿ ਇਸ ਪ੍ਰਕਿਰਿਆ ਨਾਲ ਸਾਵਧਾਨੀ ਨਾਲ ਨਜਿੱਠਣ ਦੀ ਜ਼ਰੂਰਤ ਹੁੰਦੀ ਹੈ, ਨਹੀਂ ਤਾਂ ਇਹ ਮੁਸੀਬਤ ਖੜ੍ਹੀ ਕਰ ਸਕਦੀ ਹੈ ਤੇ ਸ਼ਾਂਤੀ ਭੰਗ ਕਰ ਸਕਦੀ ਹੈ। ਜਦਕਿ ਨਵਉਦਾਰਵਾਦ ਤੋਂ ਫ਼ਾਇਦਾ ਲੈ ਰਿਹਾ ਤਬਕਾ ਯਾਨੀ ਕਾਰੋਬਾਰੀ ਭਾਈਚਾਰਾ ਤੇ ਮੱਧ ਵਰਗ ਸ਼ਾਂਤੀ ਚਾਹੁੰਦੇ ਹਨ। ਮੋਦੀ ਨੇ ਜਿਸ ਤਰ੍ਹਾਂ ਗੁਜਰਾਤ ਨੂੰ ਹਿੰਦੂਤਵ ਦੀ ਪ੍ਰਯੋਗਸ਼ਾਲਾ ਤੇ ਨਵਉਦਾਰਵਾਦੀ ਸਬਜ਼ਬਾਗ 'ਚ ਸਫ਼ਲਤਾਪੂਰਨ ਬਦਲਿਆ ਹੈ, ਉਸ ਨਾਲ ਉਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਇਸ ਪ੍ਰਕਿਰਿਆ ਦੇ ਉਸਤਾਦ ਹਨ। ਇਹ ਉਨ੍ਹਾਂ ਦੀ ਮੁਹਾਰਤ ਦੀ ਹੀ ਨਿਸ਼ਾਨੀ ਹੈ ਕਿ ਉਨ੍ਹਾਂ ਨੇ ਪੂਰੇ ਨਵਉਦਾਰਵਾਦੀ ਖੇਮੇ ਨੂੰ ਇਸ ਲਈ ਤਿਆਰ ਕੀਤਾ ਕਿ ਉਹ ਉਨ੍ਹਾਂ ਨੂੰ ਦੇਸ਼ ਦੇ ਸਭ ਤੋਂ ਵੱਡੇ ਅਹੁਦੇ ਲਈ ਆਪਣੀ ਪਸੰਦ ਵਜੋਂ ਪੇਸ਼ ਕਰਨ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਜਿਨ੍ਹਾਂ ਵਰਗਾਂ ਨੇ ਉਨ੍ਹਾਂ 'ਚ ਨਿਵੇਸ਼ ਕੀਤਾ ਹੈ, ਉਨ੍ਹਾਂ ਪ੍ਰਤੀ ਉਨ੍ਹਾਂ ਦਾ ਕੀ ਕਰਤੱਵ ਹੈ। ਇਸ ਤੋਂ ਵੀ ਵੱਡੀ ਗੱਲ ਹੈ ਕਿ ਉਨ੍ਹਾਂ ਦੇ ਸਾਹਮਣੇ ਕੋਈ ਵਿਰੋਧੀ ਨਹੀਂ ਹੈ, ਜਿਸ ਕਾਰਨ ਉਨ੍ਹਾਂ ਨੂੰ ਜਨਤਾ ਦਾ ਧਰੁਵੀਕਰਨ ਕਰਨ ਦੀ ਲੋੜ ਨਹੀਂ ਹੈ। ਹਾਲਾਂਕਿ ਉਨ੍ਹਾਂ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਹੁਣ ਤਕ ਦੀ ਛੋਟੀ ਜਿਹੀ ਮਿਆਦ 'ਚ ਜਿਸ ਤਰ੍ਹਾਂ ਦੀਆਂ ਘਟਨਾਵਾਂ ਵਾਪਰੀਆਂ ਤੇ ਸੰਘ ਪਰਿਵਾਰ ਵਲੋਂ ਜਿਸ ਤਰ੍ਹਾਂ ਦੀ ਬਿਆਨਬਾਜ਼ੀ ਚਲ ਰਹੀ ਹੈ, ਉਹ ਸੰਕੇਤ ਦਿੰਦੀ ਹੈ ਕਿ ਜ਼ਰੂਰੀ ਨਹੀਂ ਕਿ ਸੰਘ ਪਰਿਵਾਰ ਦੇ 180 ਸੰਗਠਨ ਮੋਦੀ ਦੇ ਵਿਚਾਰ ਨਾਲ ਸਹਿਮਤ ਹੋਣ। ਇਹ ਉਹ ਸੰਗਠਨ ਹਨ, ਜਿਨ੍ਹਾਂ ਨੂੰ ਜਾਣ-ਬੁਝ ਕੇ ਵੱਖ-ਵੱਖ ਸੁਰਾਂ 'ਚ ਬੋਲਣ ਲਈ ਹੀ ਬਣਾਇਆ ਗਿਆ ਹੈ। ਸੰਘ ਪਰਿਵਾਰ ਨੂੰ ਸਮਝਣਾ ਚਾਹੀਦਾ ਹੈ ਕਿ ਜਿਹੜੇ ਲੋਕਾਂ ਨੇ ਮੋਦੀ ਨੂੰ ਵੱਡੀ ਜਿੱਤ ਦੁਆਈ ਹੈ, ਉਹ ਲੋਕ ਉਸ ਦੇ ਆਪਣੇ ਭਰੋਸੇਮੰਦ ਜਨ ਆਧਾਰ ਤੋਂ ਬਾਹਰ ਦੇ ਹਨ। ਕੁਲ ਵੋਟਾਂ ਵਿਚ ਭਾਜਪਾ ਦੀ ਹਿੱਸੇਦਾਰੀ 1998 ਤੋਂ ਲੈ ਕੇ ਹੁਣ ਤਕ 22 ਫ਼ੀਸਦੀ ਦੇ ਨੇੜੇ-ਤੇੜੇ ਸਥਿਰ ਬਣੀ ਰਹੀ ਸੀ। ਇਸ ਵਾਰ 9 ਫ਼ੀਸਦੀ ਦੇ ਵਾਧੇ ਨੇ ਹਾਲਾਤ ਬਦਲ ਦਿੱਤੇ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਲਈ 10.27 ਕਰੋੜ ਲੋਕਾਂ ਨੇ ਵੋਟ ਪਾਈ ਸੀ, ਜਦਕਿ ਇਸ ਵਾਰ ਚੋਣਾਂ ਵਿਚ 17.15 ਕਰੋੜ ਲੋਕਾਂ ਨੇ। ਇਸ ਵਾਰ ਨੌਜਵਾਨਾਂ ਨੇ ਵੱਡੀ ਭੂਮਿਕਾ ਨਿਭਾਈ ਹੈ, ਜਿਨ੍ਹਾਂ ਦੀ ਵੋਟ ਭਾਜਪਾ ਲਈ ਓਨੀ ਨਹੀਂ ਸੀ, ਜਿੰਨੀ ਮੋਦੀ ਲਈ ਸੀ। (ਪੂਰੀ ਚੋਣ ਮੁਹਿੰਮ ਰਾਸ਼ਟਰਪਤੀ ਪ੍ਰਣਾਲੀ ਦੀ ਤਰਜ਼ 'ਤੇ ਕੀਤੀ ਗਈ) ਉਨ੍ਹਾਂ ਦੀ ਵੋਟ ਮੋਦੀ ਵਲੋਂ ਕੀਤੀਆਂ ਜਾ ਰਹੀਆਂ ਵਿਕਾਸ ਦੀਆਂ ਵੱਡੀਆਂ-ਵੱਡੀਆਂ ਗੱਲਾਂ ਲਈ ਸੀ। ਇਹ ਨੌਜਵਾਨ ਵੋਟਰ ਤੇ ਇਸ ਵਾਰ ਪਾਲ਼ਾ ਬਦਲਣ ਵਾਲੇ 2.85 ਕਰੋੜ ਵੋਟਰ ਵੀ ਜ਼ਾਹਰ ਤੌਰ 'ਤੇ ਹਿੰਦੂਤਵਪ੍ਰਸਤ ਨਹੀਂ ਸਨ। ਉਨ੍ਹਾਂ ਨੂੰ ਯਕੀਨ ਸੀ ਕਿ ਮੋਦੀ ਤਰੱਕੀ ਲਈ ਮੌਕੇ ਪੈਦਾ ਕਰਨਗੇ, ਮਹਿੰਗਾਈ ਨੂੰ ਕਾਬੂ ਕਰਨਗੇ, ਨੌਕਰੀਆਂ ਵਧਾਉਣਗੇ। ਜੇਕਰ ਮੋਦੀ ਆਪਣੇ ਵਾਅਦੇ ਪੂਰੇ ਨਹੀਂ ਕਰਦੇ ਤਾਂ ਉਹ ਅਗਲੀਆਂ ਚੋਣਾਂ ਚ ਆਸਾਨੀ ਨਾਲ ਉਨ੍ਹਾਂ ਦੀ ਬੇੜੀ ਡੋਬ ਸਕਦੇ ਹਨ। ਇਸੇ ਤਰ੍ਹਾਂ ਕਾਰਪੋਰੇਟ ਭਾਰਤ ਨੇ ਮੋਦੀ ਦੀ ਹਮਾਇਤ 'ਚ ਆਪਣਾ ਖਜ਼ਾਨਾ ਖੋਲ੍ਹ ਰੱਖਿਆ ਸੀ ਤੇ ਉਹ ਨਹੀਂ ਚਾਹੇਗਾ ਕਿ ਫ਼ਿਰਕਾਪ੍ਰਸਤ ਟਕਰਾਅ ਨਾਲ ਨਿਵੇਸ਼ ਦਾ ਮਾਹੌਲ ਵਿਗੜੇ। ਉਨ੍ਹਾਂ ਦੀ ਨਾਖੁਸ਼ੀ ਭਾਜਪਾ ਲਈ ਆਖ਼ਰੀ ਝਟਕਾ ਸਾਬਤ ਹੋ ਸਕਦੀ ਹੈ, ਜਿਸ ਦਾ ਜੋਖ਼ਮ ਉਠਾਉਣ ਦੀ ਸਥਿਤੀ 'ਚ ਅਜੇ ਉਹ ਨਹੀਂ ਹੈ।

ਭਾਜਪਾ ਦਾ ਵੋਟ ਫ਼ੀਸਦੀ ਹੁਣ ਵੀ ਮਹਿਜ਼ 31 ਫ਼ੀਸਦੀ ਹੈ, ਜਿਸ ਦਾ ਮਤਲਬ ਹੈ ਕਿ ਬਾਕੀ ਦੇ 69 ਫ਼ੀਸਦੀ ਵੋਟਰ ਘੱਟ ਤੋਂ ਘੱਟ ਉਨ੍ਹਾਂ ਦੇ ਪੱਖ ਵਿਚ ਨਹੀਂ ਹਨ। ਅਜਿਹਾ ਨਹੀਂ ਲੱਗ ਰਿਹਾ ਕਿ ਹਿੰਦੂਤਵ ਦਾ ਇਹ ਉਭਾਰ ਪੂਰੀ ਤਰ੍ਹਾਂ ਰਣਨੀਤਕ ਹੈ ਅਤੇ ਥੋੜ੍ਹੇ ਸਮੇਂ ਲਈ ਰਹਿਣ ਵਾਲਾ ਹੈ। ਪਰ ਜੇਕਰ ਇਹ ਰਣਨੀਤਿਕ ਵੀ ਹੈ ਤਾਂ ਵੀ ਇਹ ਜੋਖ਼ਮ ਭਰਿਆ ਹੈ, ਕਿਉਂਕਿ ਇਸ ਨੇ ਕੁਝ ਹੀ ਮਹੀਨੇ ਪਹਿਲਾਂ ਜ਼ੋਰ-ਸ਼ੋਰ ਨਾਲ ਦਿੱਤੇ ਜਾ ਰਹੇ ਵਿਕਾਸ ਦੇ ਸੰਦੇਸ਼ ਦਾ ਖੰਡਨ ਕਰ ਦਿੱਤਾ ਹੈ। ਚੋਣਾਂ ਤੋਂ ਬਾਅਦ ਭਾਰਤ ਦੇ ਹਿੰਦੂ ਰਾਸ਼ਟਰ ਹੋਣ ਦਾ ਸ਼ੋਰ-ਸ਼ਰਾਬਾ ਕੱਟੜਪੰਥੀ ਹਿੰਦੂਤਵਵਾਦੀਆਂ ਨੂੰ ਭਾਵੇਂ ਖ਼ੁਸ਼ ਕਰ ਦੇਵੇ ਪਰ ਇਹ ਉਨ੍ਹਾਂ ਬਾਕੀ ਲੋਕਾਂ ਨੂੰ ਪੂਰੀ ਤਰ੍ਹਾਂ ਵੱਖ ਕਰ ਦੇਵੇਗਾ ਜਿਨ੍ਹਾਂ ਨੂੰ ਮਹਿਸੂਸ ਹੋਵੇਗਾ ਕਿ ਉਨ੍ਹਾਂ ਨੂੰ ਪਿਛਲੀਆਂ ਚੋਣਾਂ ਵਿਚ ਧੋਖਾ ਦਿੱਤਾ ਗਿਆ ਹੈ।

ਚੋਣਾਂ ਮਗਰੋਂ ਹਿੰਦੂਤਵ ਬ੍ਰਿਗੇਡ ਦੇ ਫ਼ਿਰਕਾਪ੍ਰਸਤੀ ਹਮਲਿਆਂ 'ਚ ਤੇਜ਼ੀ ਆਈ ਹੈ। ਖ਼ੁਦ ਨੂੰ ਹਿੰਦੂ ਰਾਸ਼ਟਰ ਸੈਨਾ ਕਹਿਣ ਵਾਲੇ ਅਨਜਾਣ ਜਿਹੇ ਸੰਗਠਨ ਨੇ, ਜਿਸ ਦਾ ਮੁਖੀਆ ਪੇਸ਼ੇਵਰ ਅਪਰਾਧੀ ਧਨੰਜੈ ਦੇਸਾਈ ਹੈ, ਨੇ ਪੁਣੇ ਮੁਸਲਿਮ ਨੌਜਵਾਨ ਮੋਹਸਿਨ ਸ਼ੇਖ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ। ਸਹਾਰਨਪੁਰ, ਮੁਰਾਦਾਬਾਦ ਤੇ ਮੇਰਠ 'ਚ ਫ਼ਿਰਕਾਪ੍ਰਸਤੀ ਦੀ ਅੱਗ ਭੜਕਾਈ ਗਈ। ਇੰਡੀਅਨ ਐਕਸਪ੍ਰੈਸ ਨੇ ਆਪਣੀਆਂ ਚਾਰ ਕਿਸ਼ਤਾਂ 'ਚ ਛਾਪੀ ਰਿਪੋਰਟ 'ਚ ਖ਼ਬਰ ਦਿੱਤੀ ਕਿ ਚੋਣ ਨਤੀਜਿਆਂ ਮਗਰੋਂ 10 ਹਫ਼ਤਿਆਂ 'ਚ ਉਤਰ ਪ੍ਰਦੇਸ਼ ਪੁਲੀਸ ਨੇ ਛੋਟੀਆਂ-ਮੋਟੀਆਂ 605 ਫ਼ਿਰਕਾਪ੍ਰਸਤ ਘਟਨਾਵਾਂ ਦਰਜ ਕੀਤੀਆਂ ਹਨ।

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor 3448 – 93 Street NW,
Edmonton T°E °A4,
Alberta (Canada)
Phone : 780 4°5 9118
Fax: 780 4°5 0°°1
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਅਤੇ ਇਸ਼ਤਿਹਾਰਾਂ ਵਿਚ ਵਪਾਰਕ ਅਦਾਰਿਆਂ ਵਲੋਂ ਕੀਤੇ ਦਾਅਵਿਆਂ ਨਾਲ 'ਨਵੀਂ ਦੁਨੀਆ' ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਨਰਿੰਦਰ ਮੋਦੀ ਹਿੰਦੂਤਵ ਵਿਚਾਰਧਾਰਾ ਦਾ ਸਿਖ਼ਰ

ਵਸੀਮਉਲ ਹੱਕ
whaque@shaw.ca



1923 ਵਿੱਚ ਪਹਿਲੀ ਵਾਰ ਹਿੰਦੂਤਵ ਸ਼ਬਦ ਦਾ ਪ੍ਰਯੋਗ ਆਪਣੇ ਆਪ ਨੂੰ ਨਾਸਤਿਕ ਐਲਾਨਣ ਵਾਲੇ ਕ੍ਰਾਂਤੀ ਕਾਰੀ ਵੀਰ ਸਾਵਰਕਰ ਵੱਲੋਂ ਕੀਤਾ ਗਿਆ। ਹਿੰਦੂ ਮਹਾਂਸਭਾ ਦੇ ਪ੍ਰਧਾਨ ਵਜੋਂ ਉਹਨਾਂ ਨੇ ਦੋ ਗੱਲਾਂ ਨੂੰ ਵਿਸ਼ੇਸ਼ ਤੌਰ 'ਤੇ ਉਭਾਰਿਆ। ਉਹਨਾਂ ਕਿਹਾ ਕਿ ਜਿਹੜਾ ਵਿਅਕਤੀ ਇੰਦੂਸ ਦਰਿਆਵਾਂ ਦੇ ਕਿਸੇ ਵੀ ਖਿੱਤੇ 'ਚੋਂ ਆਪਣੇ ਆਪ ਨੂੰ ਭਾਰਤਭੂਮੀ ਨਾਲ ਜੋੜਦਾ ਹੈ, ਉਸਦਾ ਸਬੰਧ ਹਿੰਦੂ ਧਰਮ ਨਾਲ ਹੈ। ਇੱਥੇ ਸਾਵਰਕਰ ਇਹ ਗੱਲ ਵਿਸ਼ੇਸ਼ ਤੌਰ 'ਤੇ ਸਪੱਸ਼ਟ ਕਰਦਾ ਹੈ ਕਿ ਹਿੰਦੂਤਵ ਨਾਲ ਉਸਦਾ ਹੀ ਸਬੰਧ ਹੈ ਜਿਹੜਾ ਇਸ ਪਵਿੱਤਰ ਧਰਤੀ 'ਤ ਰਹਿ ਰਿਹਾ ਹੈ। ਦੂਜੇ ਪਾਸੇ ਉਹਨਾਂ ਨੇ ਕਿਹਾ ਕਿ ਭਾਰਤ ਵਿੱਚ ਸਦੀਆਂ ਤੋਂ ਰਹਿਣ ਵਾਲੇ ਮੁਸਲਮਾਨ, ਇਸਾਈ ਅਤੇ ਪਾਰਸੀ ਇਸ ਦਾਅਵੇ ਦੇ ਦਾਇਰੇ ਤੋਂ ਬਾਹਰ ਰਹਿਣਗੇ ਕਿ ਉਹ ਹਿੰਦੂ ਹਨ। ਗੁਜਰਾਤ ਅਜਿਹਾ ਰਾਜ ਹੈ ਜਿਹੜਾ ਹਿੰਦੂਤਵ ਨਾਲ ਸਬੰਧਿਤ ਕੀਤੇ ਜਾਣ ਵਾਲੇ ਤਜ਼ਰਬਿਆਂ ਲਈ ਲੈਬੋਰਟਰੀ ਬਣਿਆ। ਇੱਥੇ ਹੀ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਆਪਣਾ ਜਨ ਆਧਾਰ ਤਿਆਰ ਕੀਤਾ ਤੇ ਰਾਜ ਪੱਧਰ 'ਤੇ ਆਪਣੇ ਪੈਰ ਮਜ਼ਬੂਤ ਕੀਤੇ। 1980 ਵਿੱਚ ਅਹਿਮਦਾਬਾਦ, ਵਡੋਦਰਾ, ਸੂਰਤ ਅਤੇ ਗੁਜਰਾਤ ਦੇ ਹੋਰ ਸ਼ਹਿਰਾਂ ਵਿੱਚ ਹੋਏ ਫ਼ਿਰਕੂ ਦੰਗਿਆਂ ਨੂੰ ਅਸੀਂ ਦੇਖ ਸਕਦੇ ਹਾਂ। ਇਹਨਾਂ ਦੰਗਿਆਂ ਦੌਰਾਨ ਆਰਐਸਐਸ (ਰਾਸ਼ਟਰੀ ਸਵੈਮ ਸੇਵਕ ਸੰਘ) ਅਤੇ ਵੀਐਚਪੀ (ਵਿਸ਼ਵ ਹਿੰਦੂ ਪ੍ਰੀਸ਼ਦ) ਮਿਲ ਕੇ ਸ਼ਹਿਰੀ ਮੱਧਵਰਗੀ ਜਮਾਤਾਂ ਵਿੱਚ ਫ਼ਿਰਕੂਪੁਣਾ ਪੈਦਾ ਕਰਨ ਵਿੱਚ ਪੂਰੀ ਤਰ੍ਹਾਂ ਸਫ਼ਲ ਰਹੇ।

ਆਰਐਸਐਸ ਅਤੇ ਵੀਐਚਪੀ ਨੇ ਮਿਲ ਕੇ ਨਰਿੰਦਰ ਮੋਦੀ ਲਈ ਰਾਜਨੀਤਿਕ ਏਜੰਡਾ ਤਿਆਰ ਕੀਤਾ। ਉਹ ਆਰਐਸਐਸ ਅਤੇ ਭਾਰਤੀ ਜਨਤਾ ਪਾਰਟੀ ਜਿਹੜੀ ਕਿ ਰਾਸ਼ਟਰੀ ਪੱਧਰ 'ਤੇ ਹਿੰਦੂਤਵ ਦੇ ਏਜੰਡੇ ਦੀ ਪ੍ਰਤੀਨਿਧਤਾ ਕਰਦੀ ਹੈ, ਦੇ ਵਿੱਚ ਹਥਿਆਰਬੰਦ ਵਿੰਗ ਦਾ ਉਮਰ ਭਰ ਲਈ ਮੈਂਬਰ ਹੈ। ਮੋਦੀ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਦੁਨੀਆ ਉਸਨੂੰ ਨੇੜਿਓਂ ਦੇਖ ਰਹੀ ਹੈ। ਭਾਰਤ ਪਾਕਿਸਤਾਨ ਦੀ ਸਰਹੱਦ 'ਤੇ ਹੋਈਆਂ ਤਾਜ਼ੀਆਂ ਝੜਪਾਂ ਇਸ ਗੱਲ ਵੱਲ ਸੰਕੇਤ ਕਰਦੀਆਂ ਹਨ ਕਿ ਸਰਹੱਦ ਤੋਂ ਪਾਰ ਰਹਿਣ ਵਾਲੇ ਲੋਕ ਜਿਹੜੇ ਕਿ ਸਾਂਤੀ ਲਈ ਦੁਆਵਾਂ ਮੰਗਦੇ ਹਨ, ਸ਼ਾਇਦ ਉਹਨਾਂ ਦਾ ਭਵਿੱਖ ਸਾਂਤੀ ਭਰਿਆ ਨਾ ਹੋਵੇ। ਇਹ ਇਸ ਕਰਕੇ ਵੀ ਚਿੰਤਾਜਨਕ ਹੈ ਕਿਉਂਕਿ ਦੋਵੇਂ ਦੇਸ਼ ਪ੍ਰਮਾਣੂ ਸਮਰੱਥਾ ਵਾਲੇ ਹਨ। ਇਸ ਦਰਮਿਆਨ ਮੈਂ ਇਸ ਗੱਲ ਵੱਲ ਵੀ ਰੌਸ਼ਨੀ ਪਾਉਣਾ ਚਾਹੁੰਦਾ ਹਾਂ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਵਿੱਚ ਕਿਸ ਤਰ੍ਹਾਂ ਦੇ ਰਾਜਨੀਤਿਕ ਹਾਲਾਤ ਵਿਕਸਿਤ ਹੋ ਰਹੇ ਹਨ। ਸ਼ਾਇਦ ਭਾਰਤੀ ਰਾਜਨੀਤੀ ਦੇ ਅਸੀਂ ਉਸ ਪੜਾਅ ਦੇ ਗਵਾਹ ਹੋਵਾਂਗੇ ਜਿਸ ਵਿੱਚ ਨਹਿਰੂ ਦੀ ਧਰਮ ਨਿਰਪੇਖ ਵਿਰਾਸਤ ਨੂੰ ਬਦਲ ਦਿੱਤਾ ਜਾਵੇਗਾ। ਭਾਰਤੀ ਰਾਜਨੀਤੀ ਵਿੱਚ ਹਿੰਦੂਤਵ ਦੀ ਵਿਚਾਰਧਾਰਾ ਦਾ ਪ੍ਰਸਾਰ ਕਰਨ ਵਿੱਚ ਭਾਰਤੀ ਜਨਤਾ ਪਾਰਟੀ ਅਤੇ ਆਰਐਸਐਸ ਮੋਹਰੀ ਹੈ। ਆਰਐਸਐਸ ਦੇ ਮੈਂਬਰ ਇਹੀ ਸੌਂਹ ਚੁੱਕਦੇ ਹਨ ਕਿ ਉਹ ਹਿੰਦੂ ਧਰਮ, ਹਿੰਦੂ ਸੱਭਿਆਚਾਰ ਅਤੇ ਹਿੰਦੂ ਭਾਈਚਾਰੇ ਦੀ ਬਿਹਤਰੀ ਲਈ ਕੰਮ ਕਰਨਗੇ ਤੇ ਮਾਤਰਭੂਮੀ ਲਈ ਆਪਣਾ ਸਭ ਕੁੱਝ ਨਿਛਾਵਰ ਕਰ ਦੇਣਗੇ। ਇਸ ਸਿਧਾਂਤ ਅਧੀਨ ਹੀ ਗੁਜਰਾਤ ਨੂੰ ਹਿੰਦੂਤਵ ਨਾਲ ਸਬੰਧਿਤ ਤਜ਼ਰਬਿਆਂ ਦੀ ਲੈਬੋਰਟਰੀ ਲਈ ਵਰਤਿਆ ਗਿਆ ਹੈ।

ਮਾਰਕਸਵਾਦੀ ਵਿਦਵਾਨ ਅਤੇ ਹਿੰਦੂਤਵ ਦੇ ਅਲੋਚਕ ਏਜਾਜ਼ ਅਹਿਮਦ ਨੇ ਆਪਣੀ ਕਿਤਾਬ 'ਓਨ ਕਮਿਊਨਲਿਜ਼ਮ ਐਂਡ ਗਲੋਬਲਾਈਜੇਸ਼ਨ ਓਫੈਨਸਿਵ ਆਫ਼ ਦਾ ਫਾਰ ਰਾਈਟ' ਵਿੱਚ ਹਿੰਦੂਤਵ ਦੇ ਖਤਰੇ ਦੀ ਗੱਲ ਕੀਤੀ ਹੈ। ਉਹਨਾਂ ਨੇ ਦੱਸਿਆ ਹੈ ਕਿ ਕਿਸ ਤਰ੍ਹਾਂ ਹਿੰਦੂਤਵ ਦੇ ਪ੍ਰਸਾਰ ਲਈ ਮਜ਼ਬੂਤ ਢਾਂਚਾ ਤਿਆਰ ਕੀਤਾ ਗਿਆ ਹੈ ਤੇ ਕਿਸ ਤਰ੍ਹਾਂ ਲੁਕਵੇਂ ਢੰਗ ਰਾਹੀਂ ਆਰਥਿਕ, ਸਾਮਜਿਕ ਤੇ ਸੱਭਿਆਚਾਰਕ ਧਾਰਨਾਵਾਂ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਦਾ ਕਹਿਣਾ ਹੈ ਕਿ ਹਿੰਦੂਤਵ ਨੂੰ ਪੂੰਜੀਵਾਦ ਦੇ ਵਧਦੇ ਖ਼ਤਰੇ ਅਤੇ ਗਲੋਬਲ ਸਾਮਰਾਜਵਾਦ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਇਸ ਖਤਰੇ ਬਾਰੇ ਹੋਰ ਗਹਿਰਾਈ ਨਾਲ ਮਾਰਕਸਵਾਦੀ ਰਾਜਨੀਤਿਕ ਕਾਰਕੁੰਨ ਤਾਰਿਕ ਅਲੀ ਨੇ ਚਾਨਣਾ ਪਾਇਆ ਹੈ। ਅਲੀ ਨੇ ਇੱਕ ਮੁਲਾਕਾਤ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਨਹਿਰੂ ਦਾ ਰਾਸ਼ਟਰਵਾਦ ਸਮਾਪਤ ਹੋ ਚੁੱਕਿਆ ਹੈ। ਇਸਦੀ ਥਾਂ ਧਰਮ ਦੇ ਗੌਰਵ ਦੀ ਭਾਵਨਾ ਨੇ ਲੈ ਲਈ ਹੈ। ਬੀਜੇਪੀ ਦਾ ਰਵੱਈਆ ਬਿਲਕੁਲ ਉਸੇ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਦਾ ਰਵੱਈਆ ਮਿਸਰ ਦੇ ਮੁਸਲਮਾਨਾਂ ਦਾ ਹੈ, ਜਿਸਨੂੰ ਮੱਧਵਰਗੀ ਜਮਾਤ ਦਾ ਭਰਪੂਰ ਸਮੱਰਥਨ ਹਾਸਿਲ ਹੈ। ਬੀਜੇਪੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਕੱਟੜ ਅਤੇ ਉਦਾਰਵਾਦੀ ਦੋਵੇਂ ਤਰ੍ਹਾਂ ਦੇ ਵਿਚਾਰ ਰੱਖਣ ਵਾਲੇ ਵਿਅਕਤੀ ਸ਼ਾਮਿਲ ਹਨ ਤੇ ਮੋਦੀ ਦੋਹਾਂ ਧਿਰਾਂ ਦਾ ਚਹੇਤਾ ਬਣ ਗਿਆ ਹੈ। ਭਾਰਤ ਦੇ ਮਸ਼ਹੂਰ ਲੇਖਕ ਅਤੇ ਰਾਜਨੀਤਿਕ ਮਾਹਿਰ ਪੰਕਜ ਮਿਸ਼ਰਾ ਨੇ 16 ਮਈ 2014 ਦੇ 'ਦਾ ਗਾਰਡੀਅਨ' ਅਖ਼ਬਾਰ ਵਿੱਚ ਆਪਣੀ ਇੱਕ ਟਿੱਪਣੀ ਵਿੱਚ ਲਿਖਿਆ ਸੀ ਕਿ ਮੋਦੀ ਰਾਸ਼ਟਰੀ ਸਵੈਮ ਸੇਵਕ ਸੰਘ ਦਾ ਉਮਰ ਭਰ ਲਈ ਮੈਂਬਰ ਹੈ। ਇਹ ਹਿੰਦੂ ਰਾਸ਼ਟਰਵਾਦੀਆਂ ਦਾ ਅਜਿਹਾ ਸੰਗਠਨ ਹੈ ਜਿਸ ਦਾ ਜਨਮ ਯੂਰਪ ਵਿੱਚ ਫਾਸਿਸਟ ਲਹਿਰ ਦੇ ਪ੍ਰਭਾਵ ਹੇਠ ਹੋਇਆ ਸੀ। ਇਸਦੇ ਸੰਸਥਾਪਕਾਂ ਦਾ ਵਿਵਹਾਰ ਅਤੇ ਸੋਚ ਜਰਮਨ ਦੇ ਨਾਜ਼ੀਆ ਵਾਂਗ ਸੀ। ਇਸ ਕਰਕੇ ਹੀ 1948 ਵਿੱਚ ਆਰਐਸਐਸ ਦੇ ਮੈਂਬਰ ਨੱਥੂ ਰਾਮ ਗੌਡਸੇ ਦੁਆਰਾ ਮਹਾਤਮਾ ਗਾਂਧੀ ਦਾ ਕਤਲ ਕੀਤਾ ਗਿਆ ਸੀ, ਕਿਉਂਕਿ ਮੁਸਲਮਾਨਾਂ ਪ੍ਰਤੀ ਮਹਾਤਮਾ ਗਾਂਧੀ ਦਾ ਰਵੱਈਆ ਉਦਾਰਵਾਦੀ ਸੀ।

ਅਰੁੰਧਤੀ ਰੌਏ ਜੋ ਕਿ ਭਾਰਤ ਦੀ ਸਤਿਕਾਰਿਤ ਬੁੱਧੀਜੀਵੀ ਅਤੇ ਸਿਆਸੀ ਕਾਰਕੁੰਨ ਹੈ ਤੇ ਕਾਂਗਰਸ ਅਤੇ ਬੀਜੇਪੀ ਨੂੰ ਬਰਾਬਰ ਤੋਲ 'ਚ ਦੇਖਦੀ ਹੈ, ਉਸ ਅਨੁਸਾਰ ਭਾਰਤ ਦੀ ਰਾਸ਼ਟਰੀ ਰਾਜਨੀਤੀ ਦੋ ਪਾਰਟੀਆਂ ਕਾਂਗਰਸ ਅਤੇ ਬੀਜੇਪੀ ਦੁਆਲੇ ਘੁੰਮਦੀ ਹੈ। ਉਸਦਾ ਕਹਿਣਾ ਹੈ ਕਿ ਕਾਂਗਰਸ ਆਪਣੇ ਆਪ ਨੂੰ ਧਰਮਨਿਰਪੱਖ ਦੱਸ ਕੇ ਘੱਟ ਗਿਣਤੀਆਂ ਜਿਵੇਂ ਕਿ ਮੁਸਲਿਮ, ਸਿੱਖ, ਈਸਾਈਆਂ ਨੂੰ ਆਪਣੇ ਨਾਲ ਜੋੜਦੀ ਹੈ। ਅਮਰੀਕੀ ਭਾਸ਼ਾ ਅਨੁਸਾਰ ਕਾਂਗਰਸ ਦਾ ਚਿਹਰਾ ਲੋਕਤਾਂਤਰਿਕ ਪਾਰਟੀ ਵਾਲਾ ਹੈ। ਦੂਜੇ ਪਾਸੇ ਬੀਜੇਪੀ ਸੱਜੇ ਪੱਖੀ ਪਾਰਟੀਆਂ ਦਾ ਸੰਘ ਹੈ, ਜਿਸਦੀ ਧਾਰਨਾ ਇਹ ਹੈ ਕਿ ਭਾਰਤ ਇੱਕ ਹਿੰਦੂ ਰਾਸ਼ਟਰ ਹੈ। ਪਾਕਿਸਤਾਨ ਪ੍ਰਤੀ ਇਸਦਾ ਰਵੱਈਆ ਗਰਮ ਹੈ। ਇਸ ਨਜ਼ਰੀਏ ਤੋਂ ਬੀਜੇਪੀ ਨੂੰ ਭਾਰਤ ਦੀ ਰੀਪਬਲੀਕਨ ਪਾਰਟੀ ਕਿਹਾ ਜਾ ਸਕਦਾ ਹੈ। ਮੁੰਬਈ ਦੇ ਪੱਤਰਕਾਰ ਫਰਜ਼ਾਨਾ ਵਰਸੇ ਦੁਆਰਾ ਅਪ੍ਰੈਲ 2014 'ਚ ਟਿੱਪਣੀ ਕੀਤੀ ਗਈ ਸੀ ਜਿਸ ਵਿੱਚ ਉਸਨੇ ਕਿਹਾ ਸੀ ਕਿ ਬੀਜੇਪੀ ਦਾ ਸਪੱਸ਼ਟ ਤੌਰ 'ਤੇ ਇਹ ਵਿਚਾਰ ਹੈ ਕਿ ਹਿੰਦੁਸਤਾਨ ਹਿੰਦੂਆਂ ਦਾ ਦੇਸ਼ ਹੈ..... ਦੂਜੇ ਧਰਮਾਂ ਦੇ ਲੋਕਾਂ ਨੂੰ ਇੱਥੇ ਦੂਜੇ ਦਰਜੇ ਦੇ ਨਾਗਰਿਕ ਬਣ ਕੇ ਰਹਿਣਾ ਪਏਗਾ।

ਇਸ ਤੋਂ ਕਈ ਮਹੀਨਿਆਂ ਬਾਅਦ ਅਕਤੂਬਰ 2014 ਵਿੱਚ ਸੀਐਨ ਨਿਊਜ਼ 'ਤੇ ਇੱਕ ਮੁਲਾਕਾਤ ਦੌਰਾਨ ਸ਼ੋਅ ਦੇ ਹੋਸਟ ਫਰੀਦ ਜਕਰੀਆ ਨੇ ਮੋਦੀ ਦੀ ਇਸ ਗੱਲ 'ਤੇ ਕਿ ਭਾਰਤੀ ਮੁਸਲਿਮ ਭਾਰਤ ਲਈ ਜੀਣਗੇ ਤੇ ਭਾਰਤ ਲਈ ਹੀ ਮਰਨਗੇ, ਉਹ ਭਾਰਤ ਦੇ ਸੰਦਰਭ ਵਿੱਚ ਕਦੇ ਵੀ ਬੁਰਾ ਨਹੀਂ ਸੋਚ ਸਕਦੇ, ਸੁਆਲ ਉਠਾਉਂਦਿਆਂ ਮੋਦੀ ਨੂੰ ਕਿਹਾ ਸੀ ਕਿ ਤੁਹਾਡੀ ਜ਼ਿੰਦਗੀ ਦਾ ਵੱਡਾ ਹਿੱਸਾ ਰਾਸ਼ਟਰੀ ਸਵੈਮ ਸੇਵਕ ਸੰਘ ਲਈ ਕੰਮ ਕਰਦਿਆਂ ਗੁਜ਼ਰਿਆ ਹੈ ਤੇ ਹੁਣ ਵੀ ਤੁਸੀਂ ਸੰਘ ਲਈ ਕੰਮ ਕਰ ਰਹੇ ਹੋ, ਫਿਰ ਇਸ ਹਾਲਤ ਵਿੱਚ ਤੁਸੀਂ ਉਹਨਾਂ ਮੁਸਲਮਾਨਾਂ ਨੂੰ ਕਿੱਦਾਂ ਵਿਸ਼ਵਾਸ ਵਿੱਚ ਲੈ ਸਕਦੇ ਹੋ ਜਿਹੜੇ ਆਰਐਸਐਸ ਦੇ ਮੁਖੀ ਦੇ ਇਸ ਦਾਅਵੇ ਤੋਂ ਡਰੇ ਹੋਏ ਹਨ ਕਿ ਭਾਰਤ ਇੱਕ ਹਿੰਦੂ ਰਾਸ਼ਟਰ ਹੈ। ਜ਼ਿਕਰਯੋਗ ਹੈ ਕਿ ਮੋਹਨ ਭਾਗਵਤ ਨੇ ਕਿਹਾ ਸੀ ਕਿ ਹਿੰਦੂਤਵ ਸਾਡੇ ਰਾਸ਼ਟਰ ਦੀ ਪਹਿਚਾਣ ਹੈ ਤੇ ਹਿੰਦੁਸਤਾਨ ਹਿੰਦੂਆਂ ਦਾ ਦੇਸ਼ ਹੈ।

ਮੋਦੀ ਦੇ ਰਾਜਨੀਤਿਕ ਵਿਰੋਧੀ ਵੀ ਇਸ ਬਿਆਨ ਤੋਂ ਡਰੇ ਹੋਏ ਹਨ। ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਦਿਗਵਿਜੈ ਸਿੰਘ ਨੇ ਮੋਹਨ ਭਾਗਵਤ ਦੇ ਇਸ ਬਿਆਨ 'ਤੇ ਟਿੱਪਣੀ ਕਰਦਿਆਂ ਕਿਹਾ ਸੀ ਕਿ ਮੇਰਾ ਸੋਚਣਾ ਹੈ ਕਿ ਇਸ ਇੱਕ ਹਿਟਲਰ ਤੋਂ ਬਚਾਉਣ ਲਈ ਭਾਰਤ ਨੂੰ ਦੋ ਰੱਬ ਚਾਹੀਦੇ ਹਨ।



ਇਸ ਸੰਦਰਭ ਵਿੱਚ ਮੋਦੀ ਭਾਵੇਂ ਭਾਗਵਤ ਦੀ ਇਸ ਟਿੱਪਣੀ ਦਾ ਜਨਤਕ ਤੌਰ 'ਤੇ ਸਮੱਰਥਨ ਨਹੀਂ ਕਰਦਾ ਪਰ ਇਸ ਮਾਮਲੇ ਵਿੱਚ ਉਹ ਭਾਗਵਤ ਤੋਂ ਅਸਹਿਮਤ ਵੀ ਨਹੀਂ ਹੈ। 2002 ਵਿੱਚ ਗੁਜਰਾਤ 'ਚ ਹੋਏ ਮੁਸਲਿਮ ਵਿਰੋਧੀ ਦੰਗਿਆਂ ਵਿੱਚ ਮੋਦੀ ਦੀ ਭੂਮਿਕਾ ਸਪੱਸ਼ਟ ਤੌਰ 'ਤੇ ਜ਼ਾਹਿਰ ਹੋਈ ਹੈ। ਰੁਝਾਨਾਂ ਦੇ ਨਜ਼ਰੀਏ ਤੋਂ ਦੇਖੀਏ ਤਾਂ 1970 ਤੋਂ ਹੁਣ ਤੱਕ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਨਫ਼ਰਤ ਘਟਣ ਦੀ ਥਾਂ ਵਧੀ ਹੈ ਤੇ ਇਸ ਦਰਮਿਆਨ ਮੋਦੀ ਦੀ ਮਸ਼ਹੂਰੀ ਵਿੱਚ ਲਗਾਤਾਰ ਵਾਧਾ ਹੋਇਆ ਹੈ। ਸ਼ਾਇਦ ਇਸਦਾ ਕਾਰਣ ਹਿੰਦੂਤਵ ਨਾਲ ਮੋਦੀ ਦਾ ਸਬੰਧ ਹੈ।

ਮਾਹਿਰਾਂ ਅਤੇ ਰਾਜਨੀਤਿਕ ਕਾਰਕੁੰਨਾਂ ਦੀਆਂ ਉੱਪਰ ਦਿੱਤੀਆਂ ਟਿੱਪਣੀਆਂ ਪਾਠਕਾਂ ਲਈ ਇਸ ਗੱਲ ਵਿੱਚ ਸਹਾਈ ਹੋਣਗੀਆਂ ਕਿ ਉਹ ਹਿੰਦੂਤਵ ਦੇ ਫਲਸਫ਼ੇ ਦਾ ਰਾਜਨੀਤਿਕ ਅਤੇ ਵਿਚਾਰਧਾਰਕ ਇਤਿਹਾਸ ਜਾਣ ਸਕਣ। ਇਸ ਸੰਖੇਪ ਜਾਣਕਾਰੀ ਨਾਲ ਪਾਠਕਾਂ ਨੂੰ ਹਿੰਦੂਤਵ ਦੇ ਮੁੱਖ ਤੱਥਾਂ ਅਤੇ ਘਟਨਾਕ੍ਰਮ ਬਾਰੇ ਲਾਜ਼ਮੀ ਕੁੱਝ ਚਾਨਣਾ ਹੋਵੇਗਾ। ਪਿਛਲੇ ਕੁੱਝ ਸਮੇਂ ਦਰਮਿਆਨ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਐਲ ਕੇ ਅਡਵਾਨੀ ਦੇ ਹੱਥਾਂ ਵਿੱਚ ਰਹੀ ਹੈ। ਐਲ ਕੇ ਅਡਵਾਨੀ ਨੇ ਲੋਕਤਾਂਤਰਿਕ ਰਾਸ਼ਟਰਵਾਦ ਅਤੇ ਧਰਮਨਿਰਪੱਖਤਾ ਦੇ ਵਿਰੋਧ ਵਿੱਚ ਲਗਾਤਾਰ ਆਪਣਾ ਫੈਸ਼ਨਮੁਖੀ ਪ੍ਰਵਚਨ ਜਾਰੀ ਰੱਖਿਆ ਹੈ। ਉਹਨਾਂ ਦੀ ਅਗਵਾਈ ਵਿੱਚ ਰਾਮ ਮੰਦਿਰ ਮੁਹਿੰਮ ਅਤੇ ਸੱਭਿਆਚਾਰਕ ਰਾਸ਼ਟਰਵਾਦ ਹਿੰਦੂਤਵ ਪੱਤੇ ਦੀ ਰਾਜਨੀਤੀ ਦੇ ਮੁੱਖ ਧੁਰਾ ਰਹੇ ਹਨ। ਇਸੇ ਕੱਟੜਤਾ ਕਰਕੇ ਹੀ ਐਲ ਕੇ ਅਡਵਾਨੀ ਦੁਆਰਾ ਕੱਢੀ ਗਈ ਰਥਯਾਤਰਾ ਦਰਮਿਆਨ ਫ਼ਿਰਕੂ ਦੰਗੇ ਹੋਏ ਸਨ। ਨਰਿੰਦਰ ਮੋਦੀ ਇਸੇ ਮਹੌਲ ਦੀ ਪ੍ਰੋਡਕਸ਼ਨ ਹੈ। ਨਰਿੰਦਰ ਮੋਦੀ ਨੇ ਗੁਜਰਾਤ ਦੇ ਪਹਿਲੇ ਮੁੱਖ ਮੰਤਰੀ ਦੇ ਕਾਰਜਕਾਲ 2002-2007 ਦੌਰਾਨ ਹੀ ਹਿੰਦੂਤਵ ਦਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਮਾਰਚ 2002 'ਚ ਗੋਧਰਾ ਰੇਲ ਕਾਂਡ ਨੇ ਨਰਿੰਦਰ ਮੋਦੀ ਨੂੰ ਉਹ ਮੌਕਾ ਪ੍ਰਦਾਨ ਕਰ ਦਿੱਤਾ ਜਿਸ ਰਾਹੀਂ ਮੁਸਲਮਾਨਾਂ ਪ੍ਰਤੀ ਆਪਣੀ ਹਿੰਸਾਤਮਕ ਸੋਚ ਦਾ ਪ੍ਰਗਟਾਵਾ ਕਰ ਸਕਦਾ ਸੀ। ਤੱਥਾਂ ਤੋਂ ਇਹ ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਜੇਕਰ ਨਰਿੰਦਰ ਮੋਦੀ ਚਾਹੁੰਦੇ ਤਾਂ ਇਹ ਦੰਗੇ ਟਲ ਸਕਦੇ ਸਨ ਪਰ ਉਹਨਾਂ ਨੇ ਹਿੰਦੂਆਂ ਵਿੱਚ ਆਪਣਾ ਕੱਦ ਹੋਰ ਵੱਡਾ ਕਰਨ ਲਈ ਅਜਿਹਾ ਹੋਣ ਦਿੱਤਾ।

ਮੋਦੀ ਦੀ ਮਸ਼ਹੂਰੀ ਉਦੋਂ ਹੋਰ ਵਧ ਗਈ ਜਦੋਂ ਕਾਰਪੋਰੇਟ ਸੈਕਟਰ ਨੇ ਸਪੱਸ਼ਟ ਤੌਰ 'ਤੇ ਉਸਦਾ ਸਮੱਰਥਨ ਕਰਨਾ ਸ਼ੁਰੂ ਕਰ ਦਿੱਤਾ। ਵਪਾਰਿਕ ਘਰਾਣਿਆਂ ਦੇ ਇਸ ਸਮੱਰਥਨ ਨੇ ਬੀਜੇਪੀ ਦੀ ਜਿੱਤ ਨੂੰ ਪੂਰੀ ਤਰ੍ਹਾਂ ਨਿਸਚਿਤ ਕਰ ਦਿੱਤਾ। ਕਾਰਪੋਰੇਟ ਦੇ ਮੀਡੀਆ ਨੇ ਨਰਿੰਦਰ ਮੋਦੀ ਨੂੰ ਆਗਾਮੀ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਪ੍ਰੋਜੈਕਟ ਕਰ ਦਿੱਤਾ ਤੇ 2002 ਦੇ ਮੁਸਲਿਮ ਵਿਰੋਧੀ ਦੰਗਿਆਂ ਵਿੱਚੋਂ ਕਲੀਨ ਚਿੱਟ ਦੇ ਦਿੱਤੀ। ਇਸ ਨਵੇਂ ਰੱਖਿਅਕ ਅਤੇ ਮੁਕਤੀਦਾਤਾ ਦੇ ਸਬੰਧ ਵਿੱਚ ਜਨਵਰੀ 2009 ਵਿੱਚ ਕਾਰਪੋਰੇਟ ਸੈਕਟਰ ਦੀ ਵੱਡੀ ਰੈਲੀ ਹੋਈ, ਜਿਸ ਵਿੱਚ ਅਨਿਲ ਅੰਬਾਨੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਰਿੰਦਰ ਮੋਦੀ ਨੇ ਗੁਜਰਾਤ ਲਈ ਕਿੰਨਾ ਕੁੱਝ ਕੀਤਾ ਹੈ, ਤੁਸੀਂ ਸੋਚੋ ਕਿ ਜੇ ਉਸਨੂੰ ਰਾਸ਼ਟਰ ਦੀ ਵਗਡੋਰ ਫੜਾ ਦਿੱਤੀ ਜਾਵੇ ਤਾਂ ਉਹ ਦੇਸ਼ ਲਈ ਕਿੰਨਾ ਕੁੱਝ ਕਰ ਸਕਦਾ ਹੈ। ਅਜਿਹਾ ਵਿਅਕਤੀ ਹੀ ਦੇਸ਼ ਦਾ ਅਗਲਾ ਆਗੂ ਹੋਣਾ ਚਾਹੀਦਾ ਹੈ। ਭਾਰਤੀ ਗਰੁੱਪ ਦੇ ਮੁਖੀ ਸੁਨੀਲ ਮਿੱਤਲ ਨੇ ਕਿਹਾ ਕਿ ਮੁੱਖ ਮੰਤਰੀ ਮੋਦੀ ਨੂੰ ਸੀਈਓ ਵਜੋਂ ਜਾਣਿਆ ਜਾਂਦਾ ਹੈ, ਹਾਲਾਂਕਿ ਉਹ ਸੀਈਓ ਨਹੀਂ ਹਨ ਕਿਉਂਕਿ ਉਹ ਕੋਈ ਕੰਪਨੀ ਨਹੀਂ ਚਲਾਉਂਦੇ ਪਰ ਉਹ ਪ੍ਰਾਂਤ ਚਲਾ ਰਹੇ ਹਨ ਤੇ ਪੂਰੇ ਰਾਸ਼ਟਰ ਨੂੰ ਚਲਾਉਣ ਦੀ ਸਮਰੱਥਾ ਰੱਖਦੇ ਹਨ। ਦੱਸਣਾ ਬਣਦਾ ਹੈ ਕਿ 2013 ਵਿੱਚ ਇਸ ਰਾਗ਼ ਦੀ ਆਵਾਜ਼ ਬਹੁਤ ਉੱਚੀ ਹੋ ਗਈ ਸੀ। ਮੁਕੇਸ਼ ਅੰਬਾਨੀ, ਰਤਨ ਟਾਟਾ, ਅਦੀ ਗੋਦਰੇਜ਼, ਗੌਤਮ ਅਦਾਨੀ ਅਤੇ ਬੈਂਕਿੰਗ ਕੰਪਨੀਆਂ ਦੇ ਹੋਰ ਬਹੁਤ ਸਾਰੇ ਮੁਖੀਆਂ ਦੁਆਰਾ ਨਰਿੰਦਰ ਮੋਦੀ ਅਤੇ ਗੁਜਰਾਤ ਮਾਡਲ ਦੀ ਖੁੱਲ ਕੇ ਪ੍ਰਸ਼ੰਸਾ ਕੀਤੀ ਗਈ। 2013 ਦੀ ਵਾਰਤਾ ਵਿੱਚ ਅਨਿਲ ਅੰਬਾਨੀ ਨੇ ਨਰਿੰਦਰ ਮੋਦੀ ਨੂੰ ਸਰਦਾਰ ਪਟੇਲ ਅਤੇ ਮਹਾਤਮਾ ਗਾਂਧੀ ਤੋਂ ਵੀ ਵੱਡਾ ਆਗੂ ਦੱਸਿਆ, ਉਸਨੂੰ ਰਾਜਿਆਂ ਦਾ ਰਾਜਾ ਕਹਿ ਕੇ ਸੰਬੋਧਨ ਕੀਤਾ। ਇੱਥੇ ਇਹ ਵਿਸ਼ੇਸ਼ ਤੌਰ 'ਤੇ ਦੱਸਣਯੋਗ ਹੈ ਕਿ ਇਸ ਬੁਰਜੂਆ ਜਮਾਤ ਦਾ ਸਿਆਸੀ ਹਲਕਿਆਂ ਵਿੱਚ ਵੱਡੇ ਪੱਧਰ 'ਤੇ ਦਖ਼ਲ ਹੈ। ਸੱਤਾਧਾਰੀ ਜਮਾਤ ਦਾ ਭਵਿੱਖ ਨਿਸਚਿਤ ਕਰਨ ਵਿੱਚ ਇਹਨਾਂ ਦੀ ਵੱਡੀ ਭੂਮਿਕਾ ਹੁੰਦੀ ਹੈ। ਇਹ ਜਮਾਤ ਉਦਾਰਵਾਦੀ ਨੀਤੀਆਂ ਤੋਂ ਬਾਅਦ ਬਹੁਤ ਮਜ਼ਬੂਤ ਹੋਈ ਹੈ ਤੇ ਸਿਆਸੀ ਰੁਝਾਨਾਂ ਨੂੰ ਆਪਣੇ ਹਿੱਤਾਂ ਅਨੁਸਾਰ ਨਿਸਚਿਤ ਕਰਦੀ ਹੈ।

ਇੱਥੇ ਇੱਕ ਗੱਲ ਵਿਸ਼ੇਸ਼ ਤੌਰ 'ਤੇ ਕਰਨੀ ਬਣਦੀ ਹੈ ਕਿ ਸੱਤਾ 'ਚ ਰਹਿੰਦਿਆਂ ਮੋਦੀ ਨੂੰ ਸਾਧਾਰਣ ਨਾਗਰਿਕਾਂ ਦੇ ਬਹੁਤ ਸਾਰੇ ਸੁਆਲਾਂ ਦਾ ਸਾਹਮਣਾ ਕਰਨਾ ਪਵੇਗਾ। ਜਿਵੇਂ ਕਿ ਧਰਮ, ਰਾਜਨੀਤੀ ਅਤੇ ਕਾਰਪੋਰੇਟ ਸੈਕਟਰ ਨਾਲ ਮਿਲ ਕੇ ਕੀ ਮੋਦੀ ਨਵੇਂ ਭਾਰਤ ਦਾ ਉਥਾਨ ਕਰ ਸਕੇਗਾ। ਕੀ ਮੋਦੀ ਦਾ ਭਾਰਤ ਵੱਖੋ-ਵੱਖਰੇ ਧਰਮਾਂ ਅਤੇ ਨਸਲਾਂ ਦੇ ਲੋਕਾਂ ਦੀ ਏਕਤਾ ਦਾ ਪ੍ਰਤੀਕ ਬਣ ਸਕੇਗਾ। ਕੀ ਉਹ ਕਾਰਪੋਰੇਟ ਸੈਕਟਰ ਦੇ ਜਬਾੜੇ 'ਚੋਂ ਗਰੀਬਾਂ ਦੀ ਜ਼ਮੀਨ ਨੂੰ ਬਚਾ ਸਕੇਗਾ। ਕੀ ਮੁੰਬਈ ਵਿੱਚ ਲਗਤਾਰ ਬੇਘਰਾਂ ਦੀ ਵਧ ਰਹੀ ਆਬਾਦੀ ਲਈ ਉਹ ਕੁੱਝ ਕਰ ਸਕੇਗਾ, ਕੀ ਸੜਕ 'ਤੇ ਸੌਣ ਵਾਲਿਆਂ ਨੂੰ ਘਰ ਨਸੀਬ ਹੋਣਗੇ। ਕੀ ਘਰਾਂ ਦੀਆਂ ਕੀਮਤਾਂ ਘੱਟ ਹੋਣਗੀਆਂ। ਕੁੱਲ ਮਿਲ ਕੇ ਸਭ ਤੋਂ ਵੱਡਾ ਸੁਆਲ ਇਹ ਹੈ ਕਿ ਕੀ ਉਹ ਆਮ ਭਾਰਤੀ ਨਾਗਰਿਕ ਦੇ ਭਵਿੱਖ ਲਈ ਕੁੱਝ ਕਰ ਸਕਦਾ ਹੈ।

ਨਵੀਂ ਦੁਨੀਆ



# ਬਾਲਗ ਹਵਸ ਅਤੇ ਨਾਬਾਲਗ ਅਪਰਾਧੀ

ਸੰਜੇ ਜੋਠੇ

ਪਿਛਲੇ ਕੁਝ ਵਰ੍ਹਿਆਂ ਦੌਰਾਨ ਜਿਸ ਤਰ੍ਹਾਂ ਬਲਾਤਕਾਰ ਦੀਆਂ ਘਟਨਾਵਾਂ ਵਧੀਆਂ ਹਨ ਅਤੇ ਉਨ੍ਹਾਂ ਵਿਚ ਨਾਬਾਲਗਾਂ ਦੀ ਸ਼ਮੂਲੀਅਤ ਸਾਹਮਣੇ ਆਈ ਹੈ, ਉਸ ਤੋਂ ਕੁਝ ਨਵੇਂ ਤਰ੍ਹਾਂ ਦੇ ਸਵਾਲ ਪੈਦਾ ਹੋ ਰਹੇ ਹਨ। ਇਕ ਪਾਸੇ ਜਿੱਥੇ ਕਾਨੂੰਨ ਵਿਵਸਥਾ ਅਤੇ ਜਮਹੂਰੀ ਸਮਾਜ ਵਿਚ ਇਸਤਰੀ ਦੇ ਸਵਤੰਤਰ ਜੀਵਨ ਬਾਰੇ ਸਵਾਲ ਹੈ, ਤਾਂ ਦੂਸਰੇ ਪਾਸੇ ਬਾਲਗ-ਨਾਬਾਲਗ ਦੀ ਵੰਡ ਤੇ ਇਸ ਵੰਡ ਨਾਲ ਪੈਦਾ ਹੋਈ ਦੁਚਿੱਤੀ ਬਾਰੇ ਵੀ ਸਵਾਲ ਉਠ ਰਹੇ ਹਨ। ਪਹਿਲਾ ਸਵਾਲ ਜਿੱਥੇ ਦੇਸ਼ ਵਿਚ ਕਾਨੂੰਨ, ਪੁਲੀਸ ਅਤੇ ਵਿਵਸਥਾ ਨਾਲ ਸਬੰਧਤ ਹੈ, ਉੱਥੇ ਦੂਸਰਾ ਸਵਾਲ ਉਸ ਕਾਨੂੰਨ ਦੇ ਦਾਇਰੇ ਵਿਚ ਬਾਲਗ-ਨਾਬਾਲਗ ਦੇ ਆਧਾਰ ’ਤੇ ਚੋਣ ਕਰਨ ਨਾਲ ਸਬੰਧਤ ਹੈ। ਦੂਸਰੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਪਹਿਲਾ ਸਵਾਲ ਖ਼ੁਦ ਕਾਨੂੰਨ ਵਿਵਸਥਾ ਦੀ ਮੌਜੂਦਗੀ ਜਾਂ ਗੈਰ ਮੌਜੂਦਗੀ ਨਾਲ ਜੁੜਿਆ ਹੈ ਤੇ ਦੂਸਰਾ ਸਵਾਲ ਇਸ ‘ਮੌਜੂਦ ਤੇ ਸਰਗਰਮ’ ਕਾਨੂੰਨ ਵਿਵਸਥਾ ਦੇ ਅਪਰਾਧੀ ਪ੍ਰਤੀ ਵਿਹਾਰ ਦੀ ਚੋਣ ਨਾਲ ਸਬੰਧਤ ਹੈ।

ਜ਼ਿਆਦਾ ਸਰਲ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਸਵਾਲ ਦਾ ਸਬੰਧ ਉਨ੍ਹਾਂ ਦੋ ਵੱਖ ਵੱਖ ਵਿਹਾਰਾਂ ਨਾਲ ਹੈ, ਜੋ ਇਕ ਅਜਿਹੇ ਅਪਰਾਧ (ਇੱਥੇ ਬਲਾਤਕਾਰ) ਲਈ ਬਾਲਗ ਅਤੇ ਨਾਬਾਲਗ ਵਰਗੀਆਂ ਸ਼੍ਰੇਣੀਆਂ ਨਾਲ ਕੀਤਾ ਜਾ ਰਿਹਾ ਹੈ। ਇਕ ਬਾਲਗ ਲਈ ਉਸੇ ਬਲਾਤਕਾਰ ਦੀ ਸਜ਼ਾ ਕਠੋਰ ਤੋਂ ਕਠੋਰ ਹੋ ਸਕਦੀ ਹੈ ਅਤੇ ਇਹੀ ਅਪਰਾਧ ਜੇਕਰ ਨਾਬਾਲਗ ਨੇ ਕੀਤਾ ਹੈ ਤਾਂ ਇਸ ਦੀ ਸਜ਼ਾ ਕਠੋਰ ਤਾਂ ਬਿਲਕੁਲ ਹੀ ਨਹੀਂ ਹੁੰਦੀ, ਸਗੋਂ ਉਸ ਨੂੰ ਸੁਧਾਰ ਗ੍ਰਹਿ ਵਿਚ ਭੇਜ ਕੇ ਉਸ ਦੇ ਸੁਧਰਨ ਦੀ ਉਮੀਦ ਕੀਤੀ ਜਾਂਦੀ ਹੈ। ਇਹ ਨਜ਼ਰੀਆ ਹੁਣ ਹੌਲੀ-ਹੌਲੀ ਸਵਾਲਾਂ ਨਾਲ ਘਿਰਨ ਲੱਗਾ ਹੈ। ਜਿਸ ਤਰ੍ਹਾਂ ਦੀ ਪਸ਼ੂਤਾ ਨਾਲ ਇਨ੍ਹਾਂ ਅਪਰਾਧਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ, ਉਸ ਨੂੰ ਦੇਖ ਕੇ ਲਗਦਾ ਹੈ ਕਿ ਬਲਾਤਕਾਰ ਲਈ ਬਾਲਗ ਤੇ ਨਾਬਲਗ ਦੀ ਇਸ ਵੰਡ ਖ਼ਿਲਾਫ਼ ਸਮਾਜ ਵਿਚ ਇਕ ਸਪਸ਼ਟ ਰਾਏ ਜਲਦੀ ਹੀ ਬਣਾਏ ਜਾਵੇਗੀ। ਇਸ ਸਪਸ਼ਟ ਰਾਏ ਦਾ ਅਰਥ ਹੋਵੇਗਾ ਨਾਬਾਲਗਾਂ ਨੂੰ ਦਿੱਤੀ ਗਈ ਵਿਸ਼ੇਸ਼ ਰਿਆਇਤ ਅਤੇ ਛੋਟ ਦਾ ਅੰਤ, ਜਿਸ ਤੋਂ ਬਾਅਦ ਉਹ ਵੀ ‘ਖ਼ਤਰਨਾਕ ਅਪਰਾਧ ਦੇ ਮਾਹਰ ਤੇ ਸਮਰਥ ਦੋਸ਼ੀ’ ਮੰਨੇ ਜਾਣਗੇ, ਜਿੱਥੇ ਕਾਨੂੰਨ ਦੀਆਂ ਕਠੋਰ ਤੋਂ ਕਠੋਰ ਸਜ਼ਾਵਾਂ ਨੂੰ ਉਨ੍ਹਾਂ ਤਕ ਪਹੁੰਚਣ ਤੋਂ ਕੋਈ ਨਹੀਂ ਰੋਕ ਸਕੇਗਾ। ਵੈਸੇ ਵੀ ਕੇਂਦਰ ਸਰਕਾਰ ਇਸ ਤਰ੍ਹਾਂ ਕਾਨੂੰਨਾਂ ’ਤੇ ਵਿਚਾਰ ਕਰ ਰਹੀ ਹੈ ਅਤੇ ਜਿਸ ਤਰ੍ਹਾਂ ਕੇਂਦਰੀ ਮੰਤਰੀ ਮੇਨਕਾ ਗਾਂਧੀ ਕਰ ਰਹੀ ਹੈ, ਬਹੁਤ ਸੰਭਵ ਹੈ ਕਾਨੂੰਨ ਇਹ ਰੂਪ ਲੈਣ ਵਿਚ ਦੇਰ ਨਾ ਲਗਾਏ।

ਪਰ ਕੀ ਇਹ ਦੋ ਸਵਾਲ ਹਨ, ਜੋ ਇਨ੍ਹਾਂ ਘਟਨਾਵਾਂ ਤੋਂ ਉਭਰਦੇ ਹਨ? ਕੀ ਅਜਿਹਾ ਹੋ ਸਕਦਾ ਹੈ ਕਿ ਕੋਈ ਅਜਿਹੇ ਅਪਰਾਧ ਜੋ ਦੋਹਾਂ ਧਿਰਾਂ ਲਈ ਜੀਵਨ ਅਤੇ ਮਰਨ ਦਾ ਸਵਾਲ ਬਣ ਜਾਂਦਾ ਹੈ, ਉਸ ਦੇ ਅਰਥ ਏਨੇ ਸੀਮਤ ਹੋਣਗੇ ਕਿ ਉਹ ਕਾਨੂੰਨ ਵਿਵਸਥਾ ਅਤੇ ਨਾਗਰਿਕ ਅਧਿਕਾਰ ਦੀ ਬਹਿਸ ਵਿਚ ਸਿਮਟ ਜਾਣ? ਜਾਂ ਕਠੋਰਤਮ ਦੰਡ ਦੇ ਹੱਲ ਨਾਲ ਇਸ ਸਮੱਸਿਆ ਦਾ ਹੱਲ ਕਰ ਦੇਣ। ਨਹੀਂ! ਅਜਿਹਾ ਬਿਲਕੁਲ ਨਹੀਂ ਹੋ ਸਕਦਾ। ਬਲਾਤਕਾਰ ਇਕ ਆਮ ਅਪਰਾਧ ਨਹੀਂ ਮੰਨਿਆ ਗਿਆ ਹੈ। ਨਾ ਸਿਰਫ਼ ਇਸ ਅਪਰਾਧ ਦੀ ਪ੍ਰਵਿਰਤੀ ਕਾਰਨ ਇਹ ਵੱਖ ਮੰਨਿਆ ਜਾਂਦਾ ਹੈ, ਬਲਕਿ ਇਸ ਤੋਂ ਕਿਤੇ ਅੱਗੇ ਵੱਧ ਕੇ ਇਸ ਅਪਰਾਧ ਨਾਲ ਜੋੜ ਦਿੱਤੀ ਗਈ ਸੁੱਚਤਾ, ਪਵਿੱਤਰਤਾ, ਸਨਮਾਨ ਵਰਗੀਆਂ ਧਾਰਨਾਵਾਂ ਕਾਰਨ ਇਹ ਵਿਸ਼ੇਸ਼ ਅਪਰਾਧ ਜਾਂ ਹਾਦਸਾ ਬਣ ਜਾਂਦਾ ਹੈ। ਉਪਰ ਗਿਣਾਏ ਗਏ ਦੋ ਸਵਾਲ ਖ਼ੁਦ ਹੀ ਅਸੰਗਤ ਹੋ ਜਾਣਗੇ, ਜੇਕਰ ਅਸੀਂ ਇਸ ਤੀਸਰੇ ਸਵਾਲ ’ਤੇ ਠੀਕ ਵਿਚਾਰ ਕਰੀਏ ਤਾਂ। ਤੀਸਰਾ ਸਵਾਲ ਹੈ ਕਿ ਕੀ ਅਸਲ ਵਿਚ ਬਲਾਤਕਾਰ ਘੋਰ ਅਪਰਾਧ ਹੈ? ਕੀ ਇਸ ਤੋਂ ਪੀੜਤ ਅਤੇ ਪੀੜਕ ਦੋਹਾਂ ਨੂੰ ਓਨੀ ਹੀ ਹਾਨੀ ਝਲਣੀ ਚਾਹੀਦੀ ਹੈ, ਜਿੰਨੀ ਉਹ ਹੁਣ ਵੀ ਉਠਾਉਂਦੇ ਆ ਰਹੇ ਹਨ?

ਇਸ ਤਰ੍ਹਾਂ ਉਠਾਉਣ ’ਤੇ ਇਹ ਸਵਾਲ ਕਾਨੂੰਨ, ਵਿਵਸਥਾ, ਨਾਰੀ ਅਧਿਕਾਰ ਆਦਿ ਦੀਆਂ ਛੋਟੀਆਂ ਗਲੀਆਂ ’ਚੋਂ ਨਿਕਲ ਕੇ ਧਰਮ, ਸੰਸਕ੍ਰਿਤ, ਨੈਤਿਕਤਾ, ਸਦਾਚਾਰ ਅਤੇ ਪਰੰਪਰਾ ਦੇ ਜੰਗਲ ਵਿਚ ਦਾਖ਼ਲ ਕਰ ਜਾਂਦਾਹੈ। ਇਕ ਅਜਿਹਾ ਜੰਗਲ ਜਿਸ ਵਿਚ ਹਜ਼ਾਰਾਂ ਸਾਲਾਂ ਤੋਂ ਛੋਟੀਆਂ-ਛੋਟੀਆਂ ਪਗਡੰਡੀਆਂ ਬਣੀਆਂ ਹਨ ਤੇ ਉਨ੍ਹਾਂ ਦਾ ਨਕਸ਼ਾ ਸਿਰਫ਼ ਪਰੰਪਰਾਵਾਦੀਆਂ ਨੂੰ ਹੀ ਪਤਾ ਹੈ। ਉਹ ਉਨ੍ਹਾਂ ਦਾ ਖੇਤਰ ਹੈ ਅਤੇ ਉਹ ਹੀ ਉਥੋਂ ਜਿੱਤਦੇ ਆਏ ਹਨ। ਇਕ ਜਮਹੂਰੀ ਰਾਜਮਾਰਗ, ਜਿਸ ’ਤੇ ਹੋ ਕੇ ਖੁੱਲ੍ਹੇਪਣ ਅਤੇ ਬਰਾਬਰੀ ਦੀ ਬਹਿਸ ਲੰਘ ਸਕੇ, ਅਜਿਹੀ ਕੋਈ ਸੁਵਿਧਾ ਇਸ ਜੰਗਲ ਵਿਚ ਨਹੀਂ ਹੈ। ਜਦੋਂ ਔਰਤ ਦੇ ਅਧਿਕਾਰਾਂ ਦਾ ਸਵਾਲ ਆਉਂਦਾ ਹੈ, ਉਦੋਂ ਇਹ ਪਗਡੰਡੀਆਂ ਹੋਰ ਵਧੇਰੇ ਉਲਝ ਜਾਂਦੀਆਂ ਹਨ। ਇਸ ’ਤੇ ਵੀ ਜੇਕਰ ਯੋਨ ਸ਼ੁੱਚਤਾ, ਕੁਆਰੇਪਣ ਦੀ ਗੱਲ ਨਿਕਲ ਆਏ ਤਾਂ ਸਾਰੇ ਰਸਤੇ ਲਗਭਗ ਬੰਦ ਹੀ ਹੋ ਜਾਂਦੇ ਹਨ। ਹੈਰਾਨੀ ਇਹ ਨਹੀਂ ਕਿ ਪੀੜਤ ਔਰਤ ਲਈ ਹੀ ਇਹ ਰਸਤੇ ਬੰਦ ਹੁੰਦੇ ਹਨ, ਸਗੋਂ ਚਮਤਕਾਰ ਤਾਂ ਇਹ ਹੈ ਕਿ ਬਲਾਤਕਾਰੀ ਲਈ ਵੀ ਓਨਾ ਹੀ ਅੰਧਕਾਰ ਬਣ ਜਾਂਦਾ ਹੈ, ਉਹ ਵੀ ਸਦਾ ਲਈ ਸਮਾਜਕ ਅਛੂਤ ਬਣ ਜਾਂਦਾ ਹੈ।

ਹੁਣ ਇਹ ਅਜੀਬ ਜਿਹੀ ਗੱਲ ਹੈ ਕਿ ਬਲਾਤਕਾਰ ਮਾਮਲੇ ਵਿਚ ਪੀੜਤ ਅਤੇ ਪੀੜਕ ਦੋਵੇਂ ਹੀ ਪਰੰਪਰਾ ਦੇ ਨਜ਼ਰੀਏ ਤੋਂ ਇਕੋ ਜਿਹੇ ਪਤਿਤ ਸਮਝੇ ਜਾਂਦੇ ਹਨ। ਹੋਰ ਕਿਸੇ ਅਪਰਾਧ ਜਿਵੇਂ ਚੋਰੀ ਜਾਂ ਧੋਖਾਧੜੀ ਵਿਚ ਚੋਰੀ ਅਤੇ ਧੋਖੇਬਾਜ਼ ਦੀ ਨਿੰਦਾ ਹੁੰਦੀ ਹੈ ਤੇ ਪੀੜਤ ਵਿਅਕਤੀ ਨੂੰ ਹਮਦਰਦੀ ਮਿਲਦੀ ਹੈ। ਪਰ ਬਲਾਤਕਾਰ ਜਾਂ ਕਿਸੇ ਹੋਰ ਤਰ੍ਹਾਂ ਦੇ ਯੋਨ ਅਪਰਾਧ ਦੀ ਸੂਰਤ ਵਿਚ ਦੋਹਾਂ ਹੀ ਧਿਰਾਂ ਨੂੰ ਹਮਦਰਦੀ ਨਹੀਂ ਮਿਲਦੀ। ਨਾ ਸਿਰਫ਼ ਏਨੀ ਹੀ, ਬਲਕਿ ਪੀੜਤ ਨੂੰ ਇਸ ਵਿਚ ਅਪਰਾਧੀ ਨਾਲੋਂ ਵੱਧ ਸਜ਼ਾ ਭੁਗਤਨੀ ਪੈਂਦੀ ਹੈ। ਇਹ ਸਜ਼ਾ ਨਿਸ਼ਚਤ ਹੀ ਉਹ ਸਜ਼ਾ ਨਹੀਂ ਹੈ, ਜੋ ਨਿਆਂ ਅਤੇ ਵਿਵਸਥਾ ਦਿੰਦੀ ਹੈ। ਨਿਆਂ ਵਿਵਸਥਾ ਵਲੋਂ ਜੋ ਸਜ਼ਾ ਅਪਰਾਧੀ ਨੂੰ ਮਿਲਦੀ ਹੈ, ਉਹ ਜੇਲ੍ਹ ਤੋਂ ਲੈ ਕੇ ਸਜ਼ਾ-ਏ-ਮੌਤ ਹੋ ਸਕਦੀ ਹੈ। ਪਰ ਇਸ ਨਾਲ ਵੱਧ ਵਿਚਾਰਨ ਵਾਲੀ ਉਹ ਸਜ਼ਾ ਹੈ ਜੋ ਪੀੜਤ ਨੂੰ ਮਿਲਦੀ ਹੈ। ਇਹ ਵੱਧ ਭਿਆਨਕ ਅਤੇ ਤਕਲੀਫ਼ਦੇਹ ਸਜ਼ਾ ਹੈ, ਜੋ ਨਾ ਸਿਰਫ਼ ਪੀੜਤ ਵਿਅਕਤੀ ਨੂੰ ਬਲਕਿ ਉਸ ਦੇ ਪੂਰੇ ਪਰਿਵਾਰ ਨੂੰ ਭੋਗਣੀ ਪੈਂਦੀ ਹੈ। ਹੁਣ ਸਵਾਲ ਇਹ ਉਠਦਾ ਹੈ ਕਿ ਇਹ ਸਜ਼ਾ ਉਨ੍ਹਾਂ ਨੂੰ ਕੌਣ ਦਿੰਦਾ ਹੈ? ਕੀ ਉਨ੍ਹਾਂ ਦੀ ਆਪਣੀ ਮਾਨਤਾ ਇਨ੍ਹਾਂ ਨੂੰ ਇਹ ਦੁੱਖ ਦਿੰਦੀ ਹੈ? ਜਾਂ ਫਿਰ ਸਾਡੇ ਸਮੂਹਕ ਮਨੋਵਿਗਿਆਨ ਵਿਚ ਕੁਝ ਕਮਜ਼ੋਰੀ ਲੁਕੀ ਹੈ, ਜੋ ਪਤਾ ਨਹੀਂ ਕਿੰਨੇ ਹਨੇਰੇ ਮਾਰਗਾਂ ਨਾਲ ਇਸ ਭਿਆਨਕ ਸਥਿਤੀ ਦਾ ਨਿਰਮਾਣ ਕਰ ਦਿੰਦੀ ਹੈ।

ਗੌਰ ਨਾਲ ਦੇਖਿਆ ਜਾਵੇ ਤਾਂ ਇਹੀ ਅਸਲੀ ਸਵਾਲ ਹੈ। ਅਸੀਂ ਕਿਉਂ ਬਲਾਤਕਾਰ ਨੂੰ ਇਕ ਘੋਰ ਅਪਰਾਧ ਦੀ ਸ਼੍ਰੇਣੀ ਵਿਚ ਰੱਖਦੇ ਹਨ? ਇਸਤਰੀ ਜਾਂ ਪੁਰਸ਼ ਦੀ ਯੌਨ ਸ਼ੁੱਚਤਾ ਅਤੇ ਪਵਿੱਤਰਤਾ ਮਹੱਤਵਪੂਰਨ ਕਿਉਂ ਹੈ? ਪਰੰਪਰਾ ਜਾਂ ਸਮਾਜ ਦੀ ਵਿਵਸਥਾ ਇਸ ਨੂੰ ਏਨਾ ਤੂਲ ਕਿਉਂ ਦਿੰਦੀ ਹੈ? ਇਹ ਉਹ ਸਵਾਲ ਹਨ, ਜਿਨ੍ਹਾਂ ਦੇ ਜਵਾਬ ਨਾ ਸਿਰਫ਼ ਕਾਨੂੰਨ ਵਿਵਸਥਾ ਅਤੇ ਨਿਆਂ ਦਾ ਵਿਹਾਰ ਨਿਰਭਰ ਕਰਦਾ ਹੈ, ਬਲਕਿ ਇਨ੍ਹਾਂ ਸਵਾਲਾਂ ’ਤੇ ਯੌਨ ਹਮਲਿਆਂ ਨਾਲ ਜੁੜੀ ਮਾਨਸਿਕ ਪੀੜਾ ਵੀ ਨਿਰਭਰ ਕਰਦੀ ਹੈ। ਜੇਕਰ ਇਹ ਸਵਾਲ ਹਲ ਹੋ ਜਾਣ ਤਾਂ ਨਿਆਂ ਵਿਵਸਥਾ ਲਈ ਵੀ ਇਸ ਨੂੰ ਇਕ ਸਾਧਾਰਨ ਅਪਰਾਧ ਵਾਂਗ ਦੇਖਣ ਦੀ ਸੁਵਿਧਾ ਹੋਵੇਗੀ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਨਾਲ ਪੀੜਤ ਧਿਰ ਨੂੰ ਵੀ ਅਪਵਿੱਤਰਤਾ ਅਤੇ ਸ਼ੀਲਭੰਗ ਵਰਗੀਆਂ ਮੂਰਖਤਾਵਾਂ ਦੇ ਚਲਦਿਆਂ ਪਰਿਵਾਰਕ ਅਤੇ ਸਮਾਜਕ ਤ੍ਰਿਸਕਾਰ ਤੋਂ ਮੁਕਤੀ ਮਿਲੇਗੀ।

ਅਸਲ ਵਿਚ ਬਲਾਤਕਾਰ ਨੂੰ ਖ਼ੁਦ ਇਕ ਸਮੱਸਿਆ ਵਾਂਗ ਦੇਖਣ ਦੀ ਸਾਡੀ ਦ੍ਰਿਸ਼ਟੀ ਹੀ ਗ਼ਲਤ ਹੈ। ਬਲਾਤਕਾਰ ਖ਼ੁਦ ਵਿਚ ਕੋਈ ਸਮੱਸਿਆ ਨਹੀਂ ਹੈ, ਬਲਕਿ ਇਹ ਕਿਸੇ ਹੋਰ ਸਮੱਸਿਆ ਦਾ ਲੱਛਣ ਹੈ। ਧਰਮਾਂ ਅਤੇ ਪਰੰਪਰਾਵਾਂ ਨੇ ਲੋਕਾਂ ਦੀ ਸਹਿਜ ਕਾਮਵਾਸਨਾ ’ਤੇ ਜੋ ਕੁਹਾੜੀ ਚਲਾਈ ਹੈ ਅਤੇ ਸੈਕਸ ਨੂੰ ਜਿਸ ਤਰ੍ਹਾਂ ਤਿਜੌਰੀ ਵਿਚ ਬੰਦ ਕਰ ਦਿੱਤਾ ਹੈ, ਅਤੇ ਧਰਮ ਅਤੇ ਜਾਤੀ ਦੇ ਭੇਦ ਪੈਦਾ ਕੀਤੇ ਹਨ, ਡੂੰਘੇ ਅਰਥ ਵਿਚ ਇਹੀ ਅਸਲੀ ਰੋਗ ਹੈ, ਜੋ ਪੂਰੇ ਸਮਾਜ ਦੇ ਖ਼ੂਨ ਵਿਚ ਫੈਲਿਆ ਹੈ। ਬਾਕੀ ਜੋ ਸਾਨੂੰ ਬਾਹਰੀ ਵਿਹਾਰ ਵਿਚ ਨਜ਼ਰ ਆਉਂਦਾ ਹੈ, ਉਹ ਸਭ ਉਪਰ-ਉਪਰ ਦੇ ਫੋੜੇ-ਫਿਨਸੀਆਂ ਵਾਂਗ ਹੈ। ਉਸ ਦਾ ਕੋਈ ਵੱਖਰਾ ਮਹੱਤਵ ਨਹੀਂ ਹੈ। ਹੁਣ ਗੌਰ ਨਾਲ ਦੇਖੀਏ ਤਾਂ ਸਾਫ਼ ਸਮਝ ਆਉਂਦਾ ਹੈ ਹੈ ਕਿ ਇਕ ਸਮਾਜ ਔਸਤ ਰੂਪ ਨਾਲ ਜੇਕਰ ਦੁਖੀ ਤੇ ਅਸੰਤੁਸ਼ਟ ਹੈ, ਤਾਂ ਉਸ ਦੀ ਨਕਾਰਾਤਮਕ ਕਿਸੇ ਨਾ ਕਿਸੇ ਰੂਪ ਵਿਚ ਨਿਕਲੇਗੀ। ਜਿਨ੍ਹਾਂ ਸਮਾਜਾਂ ਵਿਚ ਸਹਿਜ ਪ੍ਰੇਮ ਨੂੰ ਦਬਾਇਆ ਗਿਆ ਹੈ, ਉਥੇ ਛੇੜਛਾੜ ਅਤੇ ਬਲਾਤਕਾਰ ਉਭਰੇਗਾ ਹੀ। ਬਲਾਤਕਾਰ ਸਹਿਜ ਕਾਮ ਅਤੇ ਪ੍ਰੇਮ ਦੇ ਦਮਨ ਦੀ ਇਸ ਪੂਰੀ ਬਿਮਾਰੀ ਦਾ ਇਕ ਟੀਚਾ ਹੈ।

ਦਮਿਤ ਸਮਾਜ ਵਿਚ ਔਰਤਾਂ ਪੀੜਤ ਹੁੰਦੀਆਂ ਹਨ, ਇਹ ਸਭ ਜਾਣਦੇ ਹਨ। ਪਰ ਕੀ ਸੱਚ ਏਨਾ ਹੀ ਹੈ? ਕੀ ਪੁਰਸ਼ ਮਜ਼ੇ ਵਿਚ ਹਨ? ਜੀ ਨਹੀਂ। ਅਜਿਹੇ ਸਮਾਜ ਵਿਚ ਪੁਰਸ਼ ਵੀ ਭਿਆਨਕ ਦੁਰਦਸ਼ਾ ਵਿਚ ਹੀ ਜਿਉਂਦੇ ਹਨ। ਕਮਾਉਣ ਦੀ ਭਿਆਨਕ ਮਾਰਾਮਾਰੀ, ਅਸੁਰੱਖਿਆ, ਤਣਾਅ ਆਦਿ ਵਿਚਾਲੇ ਫਸਿਆ ਪੁਰਸ਼ ਉਬਲਦੇ ਹੋਏ ਜਵਾਲਾਮੁਖੀ ਵਾਂਗ ਬਣ ਗਿਆ ਹੈ। ਉਹ ਆਪਣੀ ਸਮੱਸਿਆ ਨੂੰ ਕਿਸੇ ਹੋਰ ’ਤੇ ਨਹੀਂ ਟਾਲ ਸਕਦਾ, ਇਸ ਲਈ ਉਸ ਦੇ ਅੰਤਰਮਨ ਵਿਚ ਭਿਆਨਕ ਉਦਾਸੀ ਹੁੰਦੀ ਹੈ। ਫਿਰ ਹੋਰ ਡੂੰਘਾ ਚਲੀਏ ਤਾਂ ਸਮਾਜ ਦੇ ਕਮਜ਼ੋਰ ਅਤੇ ਸੋਸ਼ਤ ਵਰਗਾਂ ਦੇ ਲੜਕੇ ਵੀ ਹਨ, ਜੋ ਸਭ ਤਰ੍ਹਾਂ ਦੀਆਂ ਖਾਮੀਆਂ ਅਤੇ ਖ਼ਿਆਲਾਂ ਵਿਚ ਜਿਉਂਦੇ ਹਨ। ਉਨ੍ਹਾਂ ਲਈ ਜੀਵਨ ਵਿਚ ਕੋਈ ਆਸ਼ਾ ਨਹੀਂ ਹੁੰਦੀ। ਉਹ ਇਸ ਸਥਿਤੀ ਦਾ ਬਦਲਾ ਕਿਸ ਤੋਂ ਲੈਣਗੇ? ਨਿਸ਼ਚਤ ਤੌਰ ’ਤੇ ਇਸੇ ਸਮਾਜ ਤੋਂ।

ਅਸੀਂ ਜਿਸ ਤਰ੍ਹਾਂ ਦੇ ਸਮੇਂ ਵਿਚ ਜੀ ਰਹੇ ਹਾਂ, ਉਥੇ ਸਰੀਰਕ ਉਮਰ ਅਤੇ ਮਾਨਸਿਕ ਉਮਰ ਦਾ ਸਬੰਧ ਬਦਲ ਚੁੱਕਾ ਹੈ। ਪੁਰਾਣੇ ਸਮੇਂ ਵਿਚ ਜਦਕਿ ਵਿਗਿਆਨ ਅਤੇ ਤਕਨੀਕ ਦਾ ਪ੍ਰਚਾਰ ਘੱਟ ਸੀ, ਬੱਚਿਆਂ ਨੂੰ ਬੱਚੇ ਬਣੇ ਰਹਿਣ ’ਚ ਵੱਧ ਸੁਵਿਧਾ ਸੀ। ਹੁਣ ਉਹ ਸੁਵਿਧਾ ਉਨ੍ਹਾਂ ਤੋਂ ਖੋਹ ਲਈ ਗਈ ਹੈ। ਇੰਟਰਨੈੱਟ ਅਤੇ ਮੋਬਾਈਲ ਦੇ ਇਸ ਯੁੱਗ ਵਿਚ ਹਰ ਬੱਚਾ ਦਿਨ ਵਿਚ ਸੈਂਕੜੇ ਵਾਰ ਹਿੰਸਾ ਅਤੇ ਸੈਕਸ ਦੀ ਖ਼ੁਰਾਕ ਲੈਂਦਾ ਰਹਿੰਦਾ ਹੈ। ਸਾਡੇ ਸਮੇਂ ਵਿਚ ਸਿਹਤ, ਪੋਸ਼ਣ, ਸਿਖਿਆ ਤੇ ਆਵਾਜਾਈ ਵਿਚ ਕਰਾਂਤੀ ਆਉਣ ਨਾਲ ਬੱਚੇ ਮਾਨਵ ਇਤਿਹਾਸ ਦੇ ਹੁਣ ਤਕ ਦੇ ਸਭ ਤੋਂ ਸਿਹਤਮੰਦ ਯੁੱਗ ਵਿਚ ਜਿਉ ਰਹੇ ਹਨ। ਅੱਜ ਅਸੀਂ ਗ਼ਰੀਬੀ ਦੇਖਦੇ ਹਾਂ, ਪਰ ਭੁਖਮਰੀ ਨਹੀਂ ਹੈ। ਇਕ ਔਸਤ ਭਾਰਤੀ ਜਾਂ ਵਿਸ਼ਵ ਨਾਗਰਿਕ ਨੂੰ ਪਹਿਲਾਂ ਦੇ ਮੁਕਾਬਲੇ ਕਿਤੇ ਚੰਗਾ, ਨਿਯਮਤ ਅਤੇ ਪੌਸ਼ਟਿਕ ਭੋਜਨ ਮਿਲ ਰਿਹਾ ਹੈ। ਨਾਲ ਹੀ ਆਮ ਬਿਮਾਰੀਆਂ ਅਤੇ ਵਾਇਰਸ ਜੋ ਲੋਕਾਂ ਨੂੰ ਪਹਿਲਾਂ ਆਸਾਨੀ ਨਾਲ ਮਾਰ ਦਿੰਦੇ ਸਨ, ਉਨ੍ਹਾਂ ਦਾ ਸਸਤਾ ਇਲਾਜ ਉਪਲਬਧ ਹੈ। ਇਸ ਸਭ ਦਾ ਇਹ ਅਰਥ ਹੈ ਕਿ ਸਾਡੀ ਆਮ ਜਨਸੰਖਿਆ ਹੁਣ ਪਹਿਲਾਂ ਨਾਲੋਂ ਵੱਧ ਸਿਹਤਮੰਦ ਅਤੇ ਬਲਸ਼ਾਲੀ ਸਰੀਰ ਅਤੇ ਮਨ ਦੇ ਨਾਲ ਜੀ ਰਹੀ ਹੈ।

ਇਹ ਵੀ ਗੌਰ ਕਰਨ ਲਾਇਕ ਹੈ ਕਿ ਸਮਾਜ ਵਿਚ ਵਿਆਹ ਦੀ ਔਸਤ ਉਮਰ ਵਧਦੀ ਜਾ ਰਹੀ ਹੈ, ਜਿਸ ਨੇ ਸੈਕਸ ਪ੍ਰਤੀ ਖਿਝ ਅਤੇ ਚਿੜਚਿੜੇਪਣ ਦੀ ਸੰਭਾਵਨਾ ਨੂੰ ਵਧਾ ਦਿੱਤਾ ਹੈ। ਹੁਣ ਇਕ ਸਮਰਥ ਅਤੇ ਕਮਜ਼ੋਰ ਸਰੀਰ ਨੂੰ ਲੈ ਕੇ ਜਿਉਣ ਵਾਲੇ ਅਜਿਹੇ ਲੋਕਾਂ ਦਾ ਪ੍ਰਤੀਸ਼ਤ ਵਧਦਾ ਗਿਆ ਹੈ ਜਿਨ੍ਹਾਂ ਦੀਆਂ ਇਛਾਵਾਂ ਨੂੰ ਕਿਤੇ ਕੋਈ ਨਿਕਾਸ ਨਹੀਂ ਮਿਲਦਾ। ਉਸ ’ਤੇ ਸਦਾਚਾਰ, ਕੁਆਰਾਪਣ ਤੇ ਪਵਿਤਰਤਾ ਦੇ ਸਾਡੇ ਪਾਖੰਡ ਉਥੇ ਦੇ ਉਥੇ ਖੜ੍ਹੇ ਹਨ, ਇਸ ਲਈ ਇਕ ਸਹਿਜ ਨਿਕਾਸ ਜੋ ਆਪਸੀ ਸਮਝ ਨਾਲ ਕਿਸ਼ੋਰਾਂ ਨੂੰ ਮਿਲ ਸਕਦਾ ਹੈ, ਉਸ ’ਤੇ ਵੀ ਤਾਲੇ ਲੱਗੇ ਹਨ। ਇਹ ਸਾਰੇ ਨਵੀਂ ਤਰ੍ਹਾਂ ਦੀ ਖਿੱਝ ਤੇ ਨਿਰਾਸ਼ਾ ਪੈਦਾ ਕਰਦੇ ਹਨ।

☛ ਬਾਕੀ ਸਫ਼ਾ 41 ’ਤੇ

ਹੁਣ ਇਹ ਅਜੀਬ ਜਿਹੀ ਗੱਲ ਹੈ ਕਿ ਬਲਾਤਕਾਰ ਮਾਮਲੇ ਵਿਚ ਪੀੜਤ ਅਤੇ ਪੀੜਕ ਦੋਵੇਂ ਹੀ ਪਰੰਪਰਾ ਦੇ ਨਜ਼ਰੀਏ ਤੋਂ ਇਕੋ ਜਿਹੇ ਪਤਿਤ ਸਮਝੇ ਜਾਂਦੇ ਹਨ। ਹੋਰ ਕਿਸੇ ਅਪਰਾਧ ਜਿਵੇਂ ਚੋਰੀ ਜਾਂ ਧੋਖਾਧੜੀ ਵਿਚ ਚੋਰੀ ਅਤੇ ਧੋਖੇਬਾਜ਼ ਦੀ ਨਿੰਦਾ ਹੁੰਦੀ ਹੈ ਤੇ ਪੀੜਤ ਵਿਅਕਤੀ ਨੂੰ ਹਮਦਰਦੀ ਮਿਲਦੀ ਹੈ। ਪਰ ਬਲਾਤਕਾਰ ਜਾਂ ਕਿਸੇ ਹੋਰ ਤਰ੍ਹਾਂ ਦੇ ਯੋਨ ਅਪਰਾਧ ਦੀ ਸੂਰਤ ਵਿਚ ਦੋਹਾਂ ਹੀ ਧਿਰਾਂ ਨੂੰ ਹਮਦਰਦੀ ਨਹੀਂ ਮਿਲਦੀ। ਨਾ ਸਿਰਫ਼ ਏਨੀ ਹੀ, ਬਲਕਿ ਪੀੜਤ ਨੂੰ ਇਸ ਵਿਚ ਅਪਰਾਧੀ ਨਾਲੋਂ ਵੱਧ ਸਜ਼ਾ ਭੁਗਤਨੀ ਪੈਂਦੀ ਹੈ।



# ਨਵਉਦਾਰਵਾਦੀ ਵਿਵਸਥਾ ਦੀ ਦੇਣ ਇਬੋਲਾ

ਇਸ ਵਿਸ਼ਵਵਿਆਪੀ ਦੁਨੀਆ ਵਿਚ ਜਦੋਂ ਪੋਲੀਓ, ਚੇਚਕ ਵਰਗੀਆਂ ਤਮਾਮ ਬਿਮਾਰੀਆਂ 'ਤੇ ਜਿੱਤ ਹਾਸਲ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ, ਉਥੇ 'ਇਬੋਲਾ' ਨਾਂ ਦੇ ਖ਼ਤਰਨਾਕ ਵਾਇਰਸ ਨੇ ਤਾਂਡਵ ਮਚਾਉਣਾ ਸ਼ੁਰੂ ਕਰ ਦਿੱਤਾ ਹੈ। ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਨੇ ਇਸ ਨੂੰ ਮਹਾਮਾਰੀ ਦੀ ਸ਼੍ਰੇਣੀ ਵਿਚ ਰੱਖਿਆ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਇਹ ਹਾਲੀਆ ਚਾਰ ਦਹਾਕਿਆਂ ਦੀ ਸਭ ਤੋਂ ਖ਼ਤਰਨਾਕ ਅਤੇ ਵਿਆਪਕ ਬਿਮਾਰੀ ਹੈ। ਨਵੀਤਮ ਅੰਕੜਿਆਂ ਅਨੁਸਾਰ, ਇਸ ਸਾਲ ਦੀ ਸ਼ੁਰੂਆਤ ਤੋਂ ਹੁਣ ਤਕ ਇਬੋਲਾ ਵਿਸ਼ਾਣੂ ਨਾਲ ਪੀੜਤ ਹੋ ਕੇ ਮਰਨ ਵਾਲਿਆਂ ਦੀ ਸੰਖਿਆ 1500 ਦੇ ਕਰੀਬ ਹੋ ਗਈ ਹੈ, ਜਦਕਿ 2600 ਤੋਂ ਵੱਧ ਲੋਕ ਅਜਿਹੇ ਹਨ, ਜੋ ਇਸ ਰੋਗ ਨਾਲ ਪੀੜਤ ਹੋ ਕੇ ਜ਼ਿੰਦਗੀ ਅਤੇ ਮੌਤ ਵਿਚਾਲੇ ਝੂਲ ਰਹੇ ਹਨ। ਦੱਸਿਆ ਜਾਂਦਾ ਹੈ ਕਿ ਇਬੋਲਾ ਬਿਮਾਰੀ ਇਸ ਸਾਲ ਦੇ ਸ਼ੁਰੂ ਵਿਚ ਗਿਨੀ ਕੋਨਾਕਾਰੀ ਅਤੇ ਉਸ ਤੋਂ ਬਾਅਦ ਲਾਇਬੇਰਈਆ, ਸਿਏਰਾਲੋਨ ਅਤੇ ਨਾਇਜੀਰੀਆ ਵਿਚ ਫੈਲੀ।

## ਲੜਖੜਾਉਂਦਾ ਸਿਹਤ-ਤੰਤਰ ਨਵਉਦਾਰਵਾਦੀ ਅਰਥਵਿਵਸਥਾ ਦੀ ਦੇਣ

ਇਬੋਲਾ ਦੀ ਬਿਮਾਰੀ ਦੇ ਸ਼ਿਕਾਰ ਅਫਰੀਕੀ ਮੁਲਕਾਂ-ਗਿਨੀ, ਲਾਇਬੇਰੀਆ, ਸਿਏਰਾਲੋਨ ਅਤੇ ਨਾਈਜੀਰੀਆ ਨੇ ਵਿਸ਼ਵ ਬੈਂਕ ਅਤੇ ਆਈ.ਐਮ. ਐਫ. ਦੀਆਂ ਸੁਝਾਈਆਂ ਗਈਆਂ ਨੀਤੀਆਂ ਤਹਿਤ ਨਵਉਦਾਰਵਾਦੀ ਨੀਤੀਆਂ ਨੂੰ ਅਪਣਾਇਆ ਹੋਇਆ ਹੈ।

ਅੱਸੀ ਅਤੇ ਨੱਬੇ ਦੇ ਦਹਾਕੇ ਵਿਚ ਇਨ੍ਹਾਂ ਅਫਰੀਕੀ ਮੁਲਕਾਂ ਨੇ ਆਪਣੇ ਸਿਹਤ ਬਜਟ ਵਿਚ ਭਾਰੀ ਕਟੌਤੀ ਕੀਤੀ ਅਤੇ ਉਪਯੋਗਕਰਤਾ ਫੀਸ ਦੀ ਸ਼ੁਰੂਆਤ ਕੀਤੀ। ਢਾਂਚਾਗਤ ਯੋਜਨਾਬੱਧ ਪ੍ਰੋਗਰਾਮ (ਐਸ.ਏ.ਪੀ.) ਤਹਿਤ ਇਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਜਨਤਕ ਸੇਵਾਵਾਂ ਦਾ ਬਜਟ ਵੀ ਲਗਾਤਾਰ ਘੱਟ ਕਰਨਾ ਪਿਆ, ਜਿਸ ਨਾਲ ਜਨਤਕ ਸੇਵਾਵਾਂ ਅਤੇ ਸਿਹਤ ਪ੍ਰਣਾਲੀ ਕਮਜ਼ੋਰ ਹੁੰਦੀ ਗਈ। ਸਰਕਾਰ ਨੇ ਲਗਭਗ ਮੁਢਲੀਆਂ ਅਤੇ ਜ਼ਰੂਰੀ ਸਿਹਤ ਸੇਵਾਵਾਂ ਤੋਂ ਆਪਣੇ ਹੱਥ ਖਿੱਚ ਲਏ ਹਨ। ਇਸ ਦਾ ਸਿੱਟਾ ਇਹ ਹੋਇਆ ਕਿ ਵੱਖ ਵੱਖ ਰੋਗਾਂ-ਸੰਚਾਰੀ ਤੇ ਗੈਰ ਸੰਚਾਰੀ ਦੀ ਰੋਕਥਾਮ ਦੀ ਪ੍ਰਣਾਲੀ ਦਿਨ-ਪ੍ਰਤੀ-ਦਿਨ ਖ਼ਰਾਬ ਹੁੰਦੀ ਚਲੀ ਗਈ। ਤਮਾਮ ਬਿਮਾਰੀਆਂ ਦੇ ਫੈਲਣ ਨੂੰ ਰੋਕਣ ਦੀ ਨਾਕਾਮੀ ਦੀ ਜੜ੍ਹ ਵਿਚ ਬਚਾਅ ਪ੍ਰਣਾਲੀ ਦਾ ਤਹਿਸ-ਨਹਿਸ ਹੋਣਾ ਹੀ ਸੀ।

ਏਨਾ ਹੀ ਨਹੀਂ, ਜਿਸ ਵੱਲ ਇਵਾਨ ਈਲੀਚ ਨੇ ਆਪਣੀ ਕਿਤਾਬ 'ਲਿਮਿਟਸ ਟੂ ਮੈਡੀਸਿਨ' ਵਿਚ ਇਸ਼ਾਰਾ ਕੀਤਾ ਹੈ ਕਿ ਮੌਜੂਦਾ ਪੂੰਜੀਵਾਦੀ-ਨਵਉਦਾਰਵਾਦੀ ਵਿਵਸਥਾ ਵਿਚ ਸਿਹਤ ਦਾ ਵੱਧ ਤੋਂ ਵੱਧ ਤਕਨੀਕੀਕਰਨ ਹੁੰਦਾ ਜਾ ਰਿਹਾ ਹੈ। ਸਿਹਤ ਦੇ ਸਮਾਜਕ ਸਰੋਕਾਰ ਰਾਜ/ਸਰਕਾਰ ਦੀਆਂ ਤਰਜੀਹੀ ਸੂਚੀਆਂ ਵਿਚ ਗਾਇਬ ਹਨ। ਕਿਉਂਕਿ ਰੋਗ ਕੰਟਰੋਲ ਕੋਈ ਮੁਨਾਫ਼ੇ ਵਾਲਾ ਸੌਦਾ ਨਹੀਂ ਹੈ, ਇਸ ਲਈ ਨਿੱਜੀ ਕੰਪਨੀਆਂ ਦਾ ਸਾਰਾ ਧਿਆਨ ਤਕਨੀਕੀ (ਇਲਾਜ) ਵਿਕਾਸ ਵਿਚ ਹੈ, ਨਾ ਕਿ ਬਿਮਾਰੀਆਂ ਦੀ ਰੋਕਥਾਮ ਵਿਚ। ਉਥੇ ਐਸ.ਏ.ਪੀ. ਤਹਿਤ ਸਰਕਾਰ ਨਿਵਾਰਕ ਉਪਾਅ (ਪ੍ਰੀਵੈਂਟਿਵ ਮਾਪਦੰਡ) ਵਿਚ ਸਾਲ-ਦਰ-ਸਾਲ ਘੱਟ ਖ਼ਰਚ ਕਰ ਰਹੀ ਹੈ। ਜ਼ਾਹਰ ਹੈ ਇਸ ਨਾਲ ਰੋਗਾਂ ਤੋਂ ਬਚਾਅ ਦਾ ਤੰਤਰ ਵਿਕਸਤ ਹੀ ਨਹੀਂ ਹੋ ਸਕੇ।

ਹੁਣ ਤਕ ਦੀਆਂ ਹਾਸਲ ਰਿਪੋਰਟਾਂ ਮੁਤਾਬਕ ਅਫਰੀਕਾ ਦੇ ਇਨ੍ਹਾਂ ਮੁਲਕਾਂ ਦੀ ਜਨਤਕ ਸਿਹਤ ਸੇਵਾ ਪ੍ਰਣਾਲੀ ਪੂਰੀ ਤਰ੍ਹਾਂ ਤਹਿਸ-ਨਹਿਸ ਹੋ ਚੁੱਕੀ ਹੈ। ਲਾਇਬੇਰੀਆ ਤੋਂ ਇਲਾਵਾ ਹੋਰ ਦੇਸ਼ ਪਿਛਲੇ ਡੇਢ ਦਹਾਕੇ ਤੋਂ ਜਨਤਕ ਸਿਹਤ ਖ਼ਰਚਿਆਂ ਵਿਚ ਲਗਾਤਾਰ ਕਟੌਤੀ ਕਰ ਰਹੇ ਹਨ। ਭਾਵ ਨਾਇਜੀਰੀਆ ਦੇ ਲੋਕਾਂ ਨੂੰ ਆਪਣੇ ਸਿਹਤ 'ਤੇ ਜੋ ਖ਼ਰਚ ਕਰਨਾ ਪੈਂਦਾ ਹੈ, ਉਸ ਦਾ ਲਾਭ 96 ਫ਼ੀਸਦੀ ਆਪਣੀ ਜੇਬ ਤੋਂ ਖ਼ਰਚ ਕਰਨਾ ਪੈਂਦਾ ਹੈ। ਗੌਰਤਲਬ ਹੈ ਕਿ ਇਨ੍ਹਾਂ ਮੁਲਕਾਂ ਵਿਚ ਗ਼ਰੀਬੀ ਦਾ ਪ੍ਰਕੋਪ ਵੀ ਕਾਫੀ ਹਦ ਤਕ ਹੈ। ਨਾਇਜੀਰੀਆ ਦੇ ਕਰੀਬ 61 ਫ਼ੀਸਦੀ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਹਨ।

ਦੂਸਰੇ ਪਾਸੇ, ਅਫਰੀਕਾ ਵਿਚ ਆਰਥਕ ਨਵਉਦਾਰਵਾਦੀ ਨੀਤੀਆਂ ਨੇ ਪੂਰੇ ਸਿਹਤ ਤੰਤਰ ਨੂੰ ਪ੍ਰਭਾਵਤ ਕੀਤਾ ਹੈ। ਆਮ ਨਾਗਰਿਕਾਂ ਦੀਆਂ ਸਿਹਤ ਸੇਵਾਵਾਂ ਤਕ ਦੀ ਪਹੁੰਚ ਨੂੰ ਸੀਮਤ ਕਰ ਦਿੱਤਾ ਹੈ। ਨਵਉਦਾਰਵਾਦੀ ਆਰਥਕਤਾ 'ਤੇ ਆਧਾਰਤ ਅਰਥ ਵਿਵਸਥਾਵਾਂ ਵਿਚ ਸਿਹਤ ਵੀ ਇਕ ਵਸਤੂ ਜਾਂ ਉਤਪਾਦ ਹੈ। ਇਸ ਲਈ ਲੋਕ ਇਨ੍ਹਾਂ 'ਦਵਾਈਆਂ' 'ਤੇ ਖ਼ਰਚ ਕਰਨ ਅਤੇ ਇਨ੍ਹਾਂ ਨੂੰ ਖ਼ਰੀਦ ਲੈਣ। ਮਤਲਬ ਇਹ ਹੈ ਕਿ ਇਹ ਇਕ ਵਿਅਕਤੀਗਤ ਮਾਮਲਾ ਹੈ। ਰਾਜ ਦੀ ਇਹ ਜ਼ਿੰਮੇਵਾਰੀ ਨਹੀਂ ਹੈ ਕਿ ਉਹ ਲੋਕਾਂ ਤਕ ਸਿਹਤ ਸੇਵਾਵਾਂ ਦੀ ਬਰਾਬਰ ਪਹੁੰਚ ਨਿਸ਼ਚਤ ਕਰਵਾਏ। ਅਜਿਹਾ ਮੰਨਿਆ ਜਾਂਦਾ ਹੈ ਕਿ ਬਾਜ਼ਾਰ ਏਨਾ ਸਮਰਥ ਹੈ ਕਿ ਉਹ ਸੇਵਾਵਾਂ ਨੂੰ ਲੋਕਾਂ ਦੀ ਕ੍ਰਿਆਸ਼ਕਤੀ ਅਨੁਸਾਰ ਉਪਲਬਧ ਕਰਵਾ ਦਏਗਾ। ਲਿਹਾਜ਼ਾ ਸਰਕਾਰ ਦਾ ਧਿਆਨ ਸਿਹਤ ਢਾਂਚਾਗਤ ਵਿਕਸਤ ਨਾ ਕਰ ਕੇ ਕੁਝ ਅਜਿਹਾ ਕਰਨਾ ਹੁੰਦਾ ਹੈ ਕਿ ਅਜਿਹੀ ਵਿਵਸਥਾ ਬਣੇ ਕਿ ਲੋਕ ਖ਼ੁਦ-ਬ-ਖ਼ੁਦ ਇਨ੍ਹਾਂ 'ਪ੍ਰੋਡਟਕਸ' ਨੂੰ ਖ਼ਰੀਦਣਾ ਸ਼ੁਰੂ ਕਰ ਦੇਵੇ-ਉਨ੍ਹਾਂ ਵਿਚਾਲੇ 'ਜ਼ੋਰਦਾਰ ਮੰਗ' ਪੈਦਾ ਕਰਨਾ ਸਰਕਾਰ ਦਾ ਕੰਮ ਹੈ। ਸਿਹਤ ਬੀਮਾ ਕਿਸੇ ਸ਼ਖ਼ਸ ਨੂੰ ਸਿਹਤ ਸੇਵਾਵਾਂ ਦੇ 'ਉਤਪਾਦ' ਖ਼ਰੀਦਣ ਵਿਚ ਸਮਰਥ ਬਣਾਉਂਦਾ ਹੈ। ਸੰਯੁਕਤ ਰਾਜ ਅਮਰੀਕਾ ਵਿਚ ਪ੍ਰਚੱਲਤ 'ਮੈਡੀਕਲੇਮ' ਅਤੇ ਹੋਰ ਸਿਹਤ ਇੰਸ਼ੋਰੈਂਸ ਵਰਗੇ 'ਉਤਪਾਦ' ਇਸੇ ਧਾਰਨਾ ਦੀ ਉਤਪਤੀ ਹਨ। ਇਸੇ ਤਰਜ਼ 'ਤੇ ਅਫਰੀਕੀ ਮੁਲਕਾਂ ਵਿਚ ਵੀ ਸੋਸ਼ਲ ਹੈਲਥ ਇੰਸ਼ੋਰੈਂਸ (ਸਿਹਤ ਬੀਮਾ) ਦੇ ਪ੍ਰੋਗਰਾਮ ਚਲਾਏ ਗਏ।

ਜ਼ਿਕਰਯੋਗ ਹੈ ਕਿ ਅਫਰੀਕੀ ਮੁਲਕਾਂ ਵਰਗੇ ਅਨੇਕਾਂ ਵਿਕਾਸ਼ਸ਼ੀਲ ਦੇਸ਼, ਜਿੱਥੇ ਸਿਹਤ ਸੇਵਾਵਾਂ ਵਿਚ ਨਿੱਜੀ ਖ਼ਰਚ (ਕੁੱਲ ਜੇਬੀ ਖ਼ਰਚ) ਬੇਹੱਦ ਵੱਧ ਹੈ, ਉਥੇ ਬਿਨਾਂ ਕਿਸੇ ਠੋਸ ਵਿਤੀਪੋਸ਼ਣ ਪ੍ਰਣਾਲੀ ਦੀ ਕਮੀ ਵਿਚ ਵਿਆਪਕ ਸਿਹਤ ਉਪਲਬਧ ਹੋਣਾ ਅਸੰਭਵ ਨਹੀਂ ਤਾਂ ਬੇਹੱਦ ਮੁਸ਼ਕਲ ਜ਼ਰੂਰ ਹੈ। ਅਜਿਹੇ ਮੁਲਕਾਂ ਵਿਚ, ਜਿਨ੍ਹਾਂ ਲੋਕਾਂ ਕੋਲ ਸਿਹਤ ਸੇਵਾ ਨੂੰ ਬਾਜ਼ਾਰ ਤੋਂ ਖ਼ਰੀਦਣ ਦੀ ਸਮਰਥਾ ਹੁੰਦੀ ਹੈ, ਉਹ ਅਕਸਰ ਇਨ੍ਹਾਂ ਸੇਵਾਵਾਂ ਨੂੰ ਸਿੱਧਾ ਭੁਗਤਾਨ ਦੇ ਬਿਨਾਂ ਹਾਸਲ ਕਰ ਲੈਂਦੇ ਹਨ। ਇਸ ਦੇ ਉਲਟ ਆਬਾਦੀ ਦਾ ਇਕ ਵੱਡਾ ਹਿੱਸਾ, ਜੋ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਬਿਤਾ ਰਿਹਾ ਹੈ, ਨਿੱਜੀ ਸਿਹਤ ਸੇਵਾ ਵਰਤਣ ਲਈ ਮਜਬੂਰ ਹੈ, ਕਿਉਂਕਿ ਜਨਤਕ ਸਿਹਤ ਸੇਵਾ ਅਢੁਕਵੀਂ ਜਾਂ ਮੌਜੂਦ ਨਹੀਂ ਹੈ, ਅਜਿਹੇ ਵਿਚ ਇਨ੍ਹਾਂ ਲੋਕਾਂ ਨੂੰ ਬਾਜ਼ਾਰ ਤੋਂ ਨਿੱਜੀ ਸਿਹਤ ਸਹੂਲਤਾਂ ਪ੍ਰਾਪਤ ਕਰਨ ਲਈ ਸਿੱਧਾ ਭੁਗਤਾਨ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਲੋੜੀਂਦੇ ਜਨਤਕ ਸਿਹਤ ਨਿਵੇਸ਼ ਦੀ ਕਮੀ ਕਾਰਨ ਨਾ ਸਿਰਫ਼ ਸਿਹਤ ਪ੍ਰਭਾਵਤ ਹੁੰਦੀ ਹੈ, ਬਲਕਿ ਗ਼ਰੀਬੀ ਨੂੰ ਵੀ ਬੜਾਵਾ ਮਿਲਦਾ ਹੈ।

ਦੂਸਰੇ ਪਾਸੇ, ਕੌਮਾਂਤਰੀ ਅਧਿਐਨ ਇਹ ਵੀ ਦੱਸਦੇ ਹਨ ਕਿ ਖ਼ਾਸ ਤੌਰ 'ਤੇ ਵਿਕਾਸ਼ਸ਼ੀਲ ਤੇ ਘੱਟ ਆਮਦਨ ਵਾਲੇ ਦੇਸ਼ਾਂ ਵਿਚ ਸਿਹਤ ਬੀਮਾ ਨੇ ਕੋਈ ਸੰਤੋਸ਼ਜਨਕ ਅਤੇ ਕਾਬੀਲੇ ਕਬੂਲ ਨਤੀਜੇ ਨਹੀਂ ਦਿੱਤੇ ਹਨ। ਉਹ ਦੇਸ਼, ਜਿਨ੍ਹਾਂ ਨੇ 1990 ਦੌਰਾਨ ਸਿਹਤ ਸੇਵਾਵਾਂ ਦੀ ਗੁਵੱਤਾ ਅਤੇ ਲਾਗਤ ਨੂੰ ਘੱਟ ਕਰਨ ਦੇ ਉਦੇਸ਼ ਨਾਲ ਬਾਜ਼ਾਰੀਕਰਨ ਅਤੇ ਬੀਮਾ ਦਾ ਸਹਾਰਾ ਲਿਆ ਸੀ, ਉਹ ਕਰੀਬ-ਕਰੀਬ ਇਸ ਉਦੇਸ਼ ਵਿਚ ਅਸਫਲ ਹੋ ਚੁੱਕੇ ਹਨ। ਮਿਸਾਲ ਵਜੋਂ ਤਿੰਨ ਲਾਤੀਨੀ ਅਮਰੀਕੀ ਦੇਸ਼ਾਂ-ਚਿੱਲੀ, ਕੋਲੰਬੀਆ ਤੇ ਮੈਕਸਿਕੋ ਨੇ ਸਿਹਤ ਸੇਵਾਵਾਂ ਦੇ ਵਿੱਤੀਪੋਸ਼ਣ ਲਈ ਯੂਨੀਵਰਸਲ ਬੀਮਾ ਪ੍ਰਣਾਲੀ ਅਪਣਾਈ ਪਰ ਉਨ੍ਹਾਂ ਨੂੰ ਨਿਰਾਸ਼ਾ ਹੱਥ ਲੱਗੀ। ਇਨ੍ਹਾਂ ਸਾਰੇ ਦੇਸ਼ਾਂ ਵਿਚ ਸਿਹਤ ਸੇਵਾਵਾਂ ਦੀ ਪਹੁੰਚ ਯਕੀਨੀ ਬਣਾਉਣ ਵਿਚ ਯੂਨੀਵਰਸਲ ਬੀਮਾ ਪ੍ਰਣਾਲੀ ਨਾਕਾਮ ਰਹੀ। ਅਜਿਹੇ ਵਿਚ ਅਫਰੀਕੀ ਦੇਸ਼ਾਂ ਵਿਚ ਵੀ ਸਿਹਤ ਬੀਮਾ ਆਪਣੇ ਟੀਚੇ ਨੂੰ ਹਾਸਲ ਨਹੀਂ ਕਰ ਸਕਿਆ ਹੈ।

ਇਨ੍ਹਾਂ ਮੁਲਕਾਂ ਦੇ ਤਜਰਬੇ ਦਸਦੇ ਹਨ ਕਿ ਉਦਾਰੀਕਰਨ ਦੀ ਨਿਰਵਿਵਾਦ ਪ੍ਰਾਪਤੀ ਹੈ, ਸਿਹਤ ਸੇਵਾ ਨੂੰ ਆਕਰਸ਼ਕ ਨਿੱਜੀ ਕਾਰੋਬਾਰ ਵਿਚ ਤਬਦੀਲ ਕਰ ਦੇਣਾ। ਹਾਲਤ ਇਹ ਹੈ ਕਿ ਐਸ.ਏ.ਪੀ. ਅਤੇ ਨਵਉਦਾਰਵਾਦ ਦੀ ਹਨੇਰੀ ਵਿਚ ਜਨਤਕ ਸਿਹਤ ਪ੍ਰਣਾਲੀ ਲਗਭਗ ਤਹਿਸ-ਨਹਿਸ ਹੋ ਚੁੱਕੀ ਹੈ ਤੇ ਇਸ ਦੇ ਬਦਲ ਵਿਚ ਜੋ ਨਿੱਜੀ ਸਿਹਤ ਤੰਤਰ ਵਿਕਸਤ ਹੋਇਆ ਹੈ, ਉਸ ਦਾ ਉਦੇਸ਼ ਹੈ ਜ਼ਿਆਦਾ ਤੋਂ ਜ਼ਿਆਦਾ ਮੁਨਾਫ਼ਾ ਕਮਾਉਣਾ ਨਾ ਕਿ ਬਿਮਾਰੀਆਂ ਤੋਂ ਬਚਾਅ ਦਾ ਤੰਤਰ ਬਣਾਉਣਾ।

**ਆਤਿਫ ਰੱਬਾਨੀ**

## ਬਿਮਾਰੀ ਪੁਰਾਣੀ, ਟੀਕਾ ਹਾਲੇ ਵੀ ਨਹੀਂ!

ਇਸ ਗੱਲ ਦੀ ਚਰਚਾ ਪਹਿਲਾਂ ਕੀਤੀ ਜਾ ਚੁੱਕੀ ਹੈ ਕਿ ਇਹ ਕੋਈ ਨਵੀਂ ਬਿਮਾਰੀ ਨਹੀਂ ਹੈ। ਇਹ ਚਾਲੀ ਸਾਲ ਪੁਰਾਣੀ ਬਿਮਾਰੀ ਹੈ ਪਰ ਇਸ ਦਾ ਹਾਲੇ ਤਕ ਕੋਈ ਟੀਕਾ ਵਿਕਸਤ ਨਹੀਂ ਕੀਤਾ ਜਾ ਸਕਿਆ ਹੈ। ਵੱਡੀਆਂ-ਵੱਡੀਆਂ ਫਾਰਮਾਸਿਊਟੀਕਲ ਕੰਪਨੀਆਂ ਅਤੇ ਖੋਜ ਸੰਸਥਾਵਾਂ ਉਨ੍ਹਾਂ ਦਵਾਈਆਂ ਨੂੰ ਵਿਕਸਤਕਰਨ ਵਿਚ ਦਿਲਚਸਪੀ ਲੈਂਦੀਆਂ ਹਨ, ਜਿਸਨ੍ਹਾਂ ਤੋਂ ਉਨ੍ਹਾਂ ਨੂੰ ਮੋਟੀ ਕਮਾਈ ਹੋ ਸਕੇ। ਜ਼ਾਹਰ ਹੈ, ਗ਼ਰੀਬ ਦੇਸ਼ਾਂ ਵਿਚ ਰਹਿਣ ਵਾਲੇ ਲੋਕ ਆਪਣੀ ਬਿਮਰਾਰੀ 'ਤੇ ਮੋਟੀ ਰਕਮ ਖ਼ਰਚ ਕਰਨ ਦੀ ਹਾਲਤ ਵਿਚ ਨਹੀਂ ਹੁੰਦੇ। ਲਿਹਾਜ਼ਾ ਇਨ੍ਹਾਂ ਦੇਸ਼ਾਂ ਵਿਚ ਹੋਣ ਵਾਲੀਆਂ ਬਿਮਾਰੀਆਂ ਦੀਆਂ ਦਵਾਈਆਂ ਨੂੰ ਹੋਰ ਜ਼ਿਆਦਾ ਵਿਕਸਤ ਅਤੇ ਅਸਰਦਾਰ ਬਣਾਉਣ ਲਈ ਜ਼ਰੂਰੀ ਖੋਜ ਇਨ੍ਹਾਂ ਕੰਪਨੀਆਂ ਦੀ ਤਰਜੀਹੀ ਸੂਚੀ ਵਿਚੋਂ ਬਾਹਰ ਰਹਿੰਦੀਆਂ ਹਨ। ਕਾਲਾਜ਼ਾਰ, ਮਲੇਰੀਆ, ਟੀ.ਬੀ., ਦਸਤ ਤੇ ਚਮੜੀ ਰੋਗਾਂ ਦੀਆਂ ਦਵਾਈਆਂ ਵਿਚ ਨਵੀਂ ਖੋਜ ਲਗਭਗ ਨਾ ਦੇ ਬਰਾਬਰ ਹੈ। ਤੇ ਇਬੋਲਾ ਵਰਗੀਆਂ ਬਿਮਾਰੀਆਂ ਦਾ ਹਊਆ ਖੜਾ ਕਰ ਕੇ ਵਿਕਾਸ਼ਸੀਲ ਦੇਸ਼ਾਂ ਵਿਚ ਆਪਣੀਆਂ ਜ਼ਰੂਰੀ-ਗ਼ੈਰ ਜ਼ਰੂਰੀ ਦਵਾਈਆਂ ਨੂੰ ਵੇਚਣਾ ਇਨ੍ਹਾਂ ਦਾ ਪਸੰਦੀਦਾ ਸ਼ੁਗਲ ਅਤੇ ਮਾਰਕੀਟਿੰਗ ਰਣਨੀਤੀ ਹੈ। ਹਾਲਾਂਕਿ ਅਮਰੀਕਾ ਦਾ ਜਿਸ ਕੰਪਨੀ 'ਜੈਡਮੈਪ' ਨੇ ਇਬੋਲਾ ਦਾ ਟੀਕਾ ਵਿਕਸਤ ਕਰਨ ਵਿਚ ਦਿਲਚਸਪੀ ਦਿਖਾਈ ਹੈ, ਉਹ ਕੋਈ ਬਹੁਤੀ ਵੱਡੀ ਨਹੀਂ ਹੈ।

## ਮਹਾਮਾਰੀ ਦਾ ਹਊਆ ਤੇ ਦਵਾਈਆਂ ਦਾ ਕਾਰੋਬਾਰ

ਅਮਰੀਕੀ ਦਵਾ ਕੰਪਨੀ ਮੈਪ ਬਾਇਓਫਾਰਮਾਸਿਊਟੀਕਲ ਨੇ ਇਬੋਲਾ ਲਈ 'ਜੈਡਮੈਪ' ਨਾਮਕ ਦਵਾਈ ਨੂੰ ਇਸੇ ਮਹੀਨੇ ਦੇ ਪਹਿਲੇ ਹਫ਼ਤੇ ਪੇਸ਼ ਕਰ ਦਿੱਤਾ ਹੈ। ਇਸ ਦਵਾਈ ਨੂੰ ਇਕ ਗੁਪਤ ਸੀਰਮ ਦੱਸਿਆ ਗਿਆ ਹੈ। ਇਹ ਮੈਪ ਬਾਇਓਫਾਰਮਾਸਿਊਟਕੀਲ ਅਤੇ ਕਨੇਡਾ ਦਾ ਕੰਪਨੀ ਡਿਫਾਈਰਜ਼ ਵਲੋਂ ਉਤਪਾਦਤ ਦਵਾਈਆਂ ਦਾ ਕਾਟੇਲ ਹੈ। ਜ਼ਿਕਰਯੋਗ ਹੈ ਕਿ ਜੈਡਮੈਪ ਦਵਾਈ ਦਾ ਪਰੀਖਣ ਹਾਲੇ ਤਕ ਸਿਰਫ਼ ਬਾਂਦਰਾਂ 'ਤੇ ਹੀ ਕੀਤਾ ਗਿਆ ਸੀ। ਇਸ ਦਾ ਮਨੁੱਖਾਂ 'ਤੇ ਪਰੀਖਣ 2015 ਵਿਚ ਪ੍ਰਸਤਾਵਤ ਸੀ, ਪਰ ਇਬੋਲਾ ਦੇ ਅਚਾਨਕ ਪ੍ਰਕੋਪ ਅਤੇ ਬਿਮਾਰੀ ਦੇ ਇਲਾਜ ਦੀ ਕਾਹਲ ਵਿਚ ਇਸ ਨੂੰ ਐਕਸਪੈਰੀਮੈਂਟਲ ਟਰੀਟਮੈਂਟ ਭਾਵ ਪ੍ਰਯੋਗਾਤਮਕ ਇਲਾਜ ਲਈ ਉਤਾਰ ਦਿੱਤਾ ਗਿਆ ਹੈ। ਕਿੰਗਜ਼ ਕਾਲਜ ਲੰਡਨ ਦੇ ਡਿਪਾਰਟਮੈਂਟ ਆਫ਼ ਸੋਸ਼ਲ ਸਾਇੰਸ ਐਂਡ ਹੈਲਥ ਦੀ ਪ੍ਰੋਫੈਸਰ ਅਨੇਤੇ ਰੀਦ ਅਤੇ ਬਾਇਓਐਥਿਕਸ ਦੇ ਮਾਹਰ ਅਮਰੀਕਾ ਵਾਸੀ ਏਜਕੀਲ ਅਮੈਨੁਅਲ ਦਾ ਕਹਿਣਾ ਹੈ ਕਿ ਇਹ ਦਵਾਈਆਂ ਜੋ ਹਾਲੇ ਸਿਰਫ਼ ਟਰਾਈਲ ਦੇ ਪੜਾਅ ਵਿਚੋਂ ਲੰਘ ਰਹੀਆਂ ਹੋਣ, ਉਨ੍ਹਾਂ ਦੀ ਵਰਤੋਂ ਐਕਸਪੈਰੀਮੈਂਟਲ ਟਰੀਟਮੈਂਟ ਲਈ ਕਰਨਾ ਅਨੈਤਿਕ ਤਾਂ ਹੈ ਹੀ, ਨਾਲ ਹੀ ਐਪਾਡੈਮੇਓਲਾਜੀਕਲ ਨਜ਼ਰੀਏ ਤੋਂ ਵੀ ਸਹੀ ਨਹੀਂ ਹੈ। ਉਹ ਵੀ ਉਦੋਂ ਜਦੋਂ ਦਵਾਈ ਦੀ ਅਸਰਦਾਇਕਤਾ ਅਤੇ ਪ੍ਰਭਾਵਸ਼ੀਲਤਾ ਦੋਹਾਂ ਦਾ ਪਰੀਖਣ ਪੂਰੀ ਤਰ੍ਹਾਂ ਪੂਰਾ ਨਾ ਹੋਇਆ ਹੋਵੇ। ਦਵਾਈ ਦੇ ਮੁਕਾਬਲੇ ਸਿਹਤ ਤੰਤਰ ਨੂੰ ਵਿਕਸਤ ਕਰਨ ਦੀ ਜ਼ਿਆਦਾ ਲੋੜ ਹੈ। ਸਿਹਤ ਤੰਤਰ ਅਤੇ ਸਿਹਤ ਢਾਂਚੇ ਦਾ ਵਿਕਾਸ ਇਸ ਬਿਮਾਰੀ 'ਤੇ ਲਗਾਮ ਤਾਂ ਲਾਏਗਾ ਹੀ, ਨਾਲ ਹੀ ਇਹ ਹੋਰਨਾਂ ਬਿਮਾਰੀਆਂ ਦੀ ਰੋਕਥਾਮ ਵਿਚ ਲਾਭ ਦਏਗਾ।



ਗੌਰਤਲਬ ਹੈ ਕਿ ਇਬੋਲਾ ਦੇ ਇਸ ਹਡਬੋਂਗ ਵਿਚਾਲੇ ਫਿਰ ਕੋਈ ਬਹੁਕੌਮੀ ਅਮਰੀਕੀ ਕੰਪਨੀ, ਭਾਵ ਗਲਾਕਸੋਸਮਿਥਲਾਈਨ, ਇਸ ਬਿਮਾਰੀ ਦੀ ਦਵਾਈ ਜਾਂ ਟੀਕਾ ਤਿਆਰ ਕਰੇਗੀ। ਫਿਰ ਇਹ ਦਵਾਈਆਂ ਖ਼ਾਸ ਤੌਰ 'ਤੇ ਵਿਕਾਸ਼ਸੀਲ ਮੁਲਕਾਂ ਵਿਚ ਖਪਾਈਆਂ ਜਾਣਗੀਆਂ। ਮਾਰਕਿਟਿੰਗ ਦੇ ਇਨ੍ਹਾਂ ਹੱਥਕੰਡਿਆਂ ਦੀ ਲੰਬੀ ਫਹਿਰਿਸਤ ਹੈ। ਪਹਿਲਾਂ ਵੀ ਹੈਪੇਟਾਈਟਸ-ਬੀ ਦਾ ਹਊਆ ਖੜਾ ਕੀਤਾ ਗਿਆ ਸੀ ਅਤੇ ਉਸ ਤੋਂ ਬਾਅਦ ਇਸ ਦੇ ਟੀਕੇ ਬਾਜ਼ਾਰ ਵਿਚ ਆ ਗਏ। ਦੇਖਦੇ ਹੀ ਦੇਖਦੇ ਕੰਪਨੀਆਂ ਨੇ ਆਪਣੇ ਮੁਨਾਫ਼ੇ ਦਾ ਜੁਗਾੜ ਪੱਕਾ ਕਰ ਲਿਆ। ਲਗਭਗ ਉਹੀ ਤਰੀਕਾ ਇਨ੍ਹਾਂ ਕੰਪਨੀਆਂ ਨੇ ਪਸ਼ੂ-ਪੰਛੀਆਂ ਵਿਚ ਫੈਲਾਉਣ ਵਾਲੀਆਂ ਬਿਮਾਰੀਆਂ ਬਰਡ ਫਲੂ ਦੇ ਸਿਲਸਿਲੇ ਵਿਚ ਵੀ ਅਪਣਾਇਆ ਸੀ। ਠੀਕ ਇਸੇ ਤਰਜ਼ 'ਤੇ ਸਵਾਈਨ ਫਲੂ ਦਾ ਹਊਆ ਖੜਾ ਕੀਤਾ ਗਿਆ। ਇਸ ਬਿਮਾਰੀ ਤੋਂ ਭੈਅ-ਭੀਤ ਹੋ ਕੇ ਦੇਸ਼ ਦੀ ਤਤਕਾਲੀਨ ਯੂ.ਪੀ.ਏ. ਸਰਕਾਰ ਵਲੋਂ ਸਵਾਈਨ ਫਲੂ ਨਾਲ ਸਿੱਝਣ ਲਈ ਦੇਸ਼ ਦੇ ਹਰੇਕ ਜ਼ਿਲ੍ਹੇ ਲਈ ਦਸ ਹਜ਼ਾਰ ਖੁਰਾਕ ਟੈਮੀਫਲੂ ਨਾਮਕ ਦਵਾਈ ਖਰੀਦੀ ਸੀ। ਬਾਅਦ ਵਿਚ ਨਾ ਬਿਮਾਰੀ ਰਹੀ ਤੇ ਨਾ ਇਨ੍ਹਾਂ ਦਵਾਈਆਂ ਦੀ ਜ਼ਰੂਰਤ। ਅਰਬਾਂ ਰੁਪਏ ਦੀਆਂ ਇਹ ਦਵਾਈਆਂ ਮਿਆਦ ਪੁੱਗ ਜਾਣ ਕਾਰਨ ਨਸ਼ਟ ਕਰਨੀਆਂ ਪਈਆਂ। ਇਸ ਨੂੰ ਦੇਖਦਿਆਂ ਇਹ ਸਵਾਲ ਉਠਣਾ ਸੁਭਾਵਕ ਹੈ ਕਿ ਕਿਤੇ ਇਬੋਲਾ ਬਿਮਾਰੀ ਦਵਾ ਕੰਪਨੀਆਂ ਦਾ ਮਾਰਕਿਟਿੰਗ ਹੱਥਕੰਡਾ ਜਾਂ ਚਾਲ ਤਾਂ ਨਹੀਂ ਹੈ। ਇਹ ਗੱਲ ਬਿਲਕੁਲ ਸ਼ੀਸ਼ੇ ਵਾਂਗ ਸਾਫ਼ ਹੈ ਕਿ ਵਿਸ਼ਵ ਸਿਹਤ ਸੰਗਠਨ, ਸੰਯੁਕਤ ਰਾਸ਼ਟਰ ਅਤੇ ਸੰਸਾਰ ਬੈਂਕ ਵਰਗੀਆਂ ਸੰਸਥਾਵਾਂ ਅਮਰੀਕਾ ਦੀ ਜੇਬੀ ਸੰਸਤਾਵਾਂ ਹਨ। ਅਮਰੀਕਾ ਪਿਛਲੇ ਕਈ ਵਰ੍ਹਿਆਂ ਤੋਂ ਆਰਥਕ ਮੰਦੀ ਦੀ ਜਕੜ ਵਿਚ ਹੈ, ਜਿਸ ਦਾ ਅਸਰ ਇੱਥੋਂ ਦੀ ਦਵਾਈ ਕੰਪਨੀਆਂ 'ਤੇ ਵੀ ਹੈ। ਉਥੋਂ ਦੀਆਂ ਵਿੱਤੀ ਕੰਪਨੀਆਂ ਨੂੰ ਤਾਂ ਬੇਲਆਉਟ ਅਤੇ ਸਿਟਮੁਲਸ ਪੈਕੇਜ ਮਿਲ ਗਏ ਪਰ ਦਵਾ ਕੰਪਨੀਆਂ ਲਗਾਤਾਰ ਮੰਦੀ ਅਤੇ ਵਪਾਰ ਦੇ ਸੰਕਟ ਨਾਲ ਜੂਝ ਰਹੀਆਂ ਹਨ। ਇਸ ਮੰਦੀ 'ਚੋਂ ਨਿਕਲਣ ਦਾ ਸਭ ਤੋਂ ਸੌਖਾ ਰਸਤਾ ਹੈ ਕਿ ਦਵਾਈਆਂ ਅਤੇ ਮੈਡੀਕਲ ਟੈਕਨਾਲੋਜੀ ਦੀ ਵਿਕਰੀ ਵਿਸ਼ਵ ਬਾਜ਼ਾਰ ਵਿਚ ਵਧੇ। ਭਾਰਤ ਸਮੇਤ ਹੋਰ ਵਿਕਾਸ਼ਸੀਲ ਦੇਸ਼ ਇਨ੍ਹਾਂ ਕੰਪਨੀਆਂ ਦੇ ਵੱਡੇ ਬਾਜ਼ਾਰ ਹਨ।

ਇਬੋਲਾ ਦਾ ਹਊਆ ਖੜਾ ਕਰ ਕੇ ਅਮਰੀਕੀ ਮੈਪ ਬਾਇਓਫਾਰਮਾਸਿਊਟੀਕਲ, ਕਨੇਡਾ ਦੀ ਟੇਕਮੀਰਾ ਫਾਰਮਾਸਿਊਟੀਕਲ ਕਾਰਪੋਰੇਸ਼ਨ ਅਤੇ ਡਿਫਾਈਰਸ ਇੰਕ ਵਰਗੀਆਂ ਮਲਟੀਨੈਸ਼ਨਲ ਕੰਪਨੀਆਂ 'ਐਕਸਪੈਰੀਮੈਂਟਲ ਟਰੀਟਮੈਂਟ' ਦੀ ਆੜ ਵਿਚ ਦੱਖਣੀ ਅਫਰੀਕੀ ਮੁਲਕਾਂ ਦੇ ਲੋਕਾਂ ਨੂੰ ਆਪਣਾ ਤਖ਼ਤ-ਏ-ਮਸ਼ਕ ਤਾਂ ਬਣਾ ਹੀ ਰਹੀਆਂ ਹਨ, ਉਥੇ ਦਵਾਈਆਂ ਦੇ ਕਾਰੋਬਾਰ ਵਿਚ ਲੱਗੀਆਂ ਵੱਡੀਆਂ ਕੰਪਨੀਆਂ ਆਪਣਾ ਟੀਕਾ ਅਤੇ ਗ਼ੈਰ ਜ਼ਰੂਰੀ ਦਵਾਈਆਂ ਵੇਚਣ ਦੀ ਕਵਾਇਦ ਵੀ ਕਰ ਹੀ ਰਹੀਆਂ ਹਨ। ਉਨ੍ਹਾਂ ਦੀ ਨਜ਼ਰ ਹਿੰਦੁਸਾਤਨ 'ਤੇ ਵੀ ਹੈ, ਇਸ ਲਈ ਦੇਸ਼ ਦੇ ਹੁਕਮਰਾਨਾਂ ਨੂੰ ਇਸ ਬਾਰੇ ਕਿਸੇ ਵੀ ਫ਼ੈਸਲੇ 'ਤੇ ਬੜੀ ਗੰਭੀਰਤਾ ਨਾਲ ਵਿਚਾਰ ਕਰਨਾ ਹੋਵੇਗਾ। ਨਾਲ ਹੀ, ਇਨ੍ਹਾਂ ਅਫਰੀਕੀ ਦੇਸ਼ਾਂ ਦੀ ਹਾਲਤ ਤੋਂ ਭਾਰਤ ਨੂੰ ਸਬਕ ਵੀ ਲੈਣਾ ਹੋਵੇਗਾ ਕਿ ਕਿਵੇਂ ਨਵਉਦਾਰਵਾਦ ਨੇ ਸਿਹਤ ਤੰਤਰ ਨੂੰ ਪ੍ਰਭਾਵਤ ਕੀਤਾ ਹੈ। ਕਿਉਂਕਿ ਇਸ ਬਿਮਾਰੀ ਤੋਂ ਪਾਰ ਜਾਣ ਲਈ ਸਿਹਤਮੰਦ, ਮਜ਼ਬੂਤ ਅਤੇ ਸੰਗਠਤ ਸਿਹਤ-ਤੰਤਰ ਪਹਿਲੀ ਲੋੜ ਹੈ, ਉਸ ਤੋਂ ਬਾਅਦ ਕੋਈ ਹੋਰ ਚੀਜ਼।

# ਕਦੋਂ ਤਕ ਹੁੰਦਾ ਰਹੇਗਾ 'ਸਿਹਤ ਕੈਂਪਾਂ' ਰਾਹੀਂ ਲੋਕਾਂ ਦੀ ਸਿਹਤ ਦਾ ਘਾਣ ?



ਮੱਖਣ ਕੁਹਾੜ
+91-95013-65522
makhansinghkohar@gmail.com


ਪਿਛਲੇ ਦਿਨੀਂ ਉਪਰੋਂ ਥੱਲੀ ਲੋਕਾਂ ਦੀ 'ਸਿਹਤ ਸੇਵਾ' ਲਈ ਲਾਏ 'ਕੈਂਪਾਂ' ਦੀਆਂ ਦਿਲ ਕੰਬਾਊ ਘਟਨਾਵਾਂ ਵਾਪਰੀਆਂ ਹਨ। ਉਂਜ ਤਾਂ ਛੱਤੀਸਗੜ੍ਹ ਸੂਬੇ ਵਿਚ ਨਸਬੰਦੀ ਅਪ੍ਰੇਸ਼ਨ ਦੌਰਾਨ ਹੋਈਆਂ 14 ਮੌਤਾਂ ਜਿਹੀਆਂ ਘਟਨਾਵਾਂ ਲਗਾਤਾਰ ਕਈ ਚਿਰਾਂ ਤੋਂ ਹੀ ਵਾਪਰ ਰਹੀਆਂ ਹਨ। ਅਕਸਰ ਸਬੰਧਤ ਡਾਕਟਰ ਜਾਂ ਇਕ ਅੱਧ ਹੋਰ ਕਰਮਚਾਰੀ ਨੂੰ ਮੁਅੱਤਲ ਕਰ ਕੇ ਪੜਤਾਲੀਆ ਕਮੇਟੀ ਬਣਾ ਦਿੱਤੀ ਜਾਂਦੀ ਹੈ। ਉਸ ਮੁਅੱਤਲ ਅਧਿਕਾਰੀ ਨੂੰ ਕੁਝ ਸਮਾਂ ਪਾ ਕੇ ਬਹਾਲ ਕਰ ਦਿੱਤਾ ਜਾਂਦਾ ਹੈ। ਉਸ ਪੜਤਾਲੀਆ ਕਮੇਟੀ ਦੀ ਰਿਪੋਰਟ ਕਦੇ ਵੀ ਲੋਕਾਂ ਦੇ ਸਾਹਮਣੇ ਨਹੀਂ ਆਉਂਦੀ। ਇਹ ਸਿਲਸਿਲਾ ਲਗਾਤਾਰ ਚਲੋ-ਚੱਲ, ਚੱਲੋ-ਚੱਲ, ਚਲਦਾ ਰਹਿੰਦਾ ਹੈ।

ਇਹ ਕੈਂਪ ਅਕਸਰ ਗ਼ਰੀਬ ਖੇਤਰਾਂ ਵਿਚ ਗ਼ਰੀਬੀ ਦੇ ਮਾਰੇ ਲੋਕਾਂ ਲਈ ਲਗਦੇ ਹਨ। ਗ਼ਰੀਬ ਕਿਉਂਕਿ ਬਹੁਤ ਮਹਿੰਗੇ ਨਿੱਜੀ ਹਸਪਤਾਲਾਂ ਦਾ ਖ਼ਰਚਾ ਨਹੀਂ ਝੱਲ ਸਕਦੇ, ਇਸ ਕਰ ਕੇ ਇਲਾਜ ਵਿਹੂਣੇ ਹੀ ਰੋਗ ਨਾਲ ਘੁਲਦੇ -ਘੁਲਦੇ ਮੌਤ ਦੇ ਵਿਕਰਾਲ ਜਬਾੜਿਆਂ ਵਲੋਂ ਨਿਗਲ ਲਏ ਜਾਂਦੇ ਹਨ। ਸਰਕਾਰੀ ਹਸਪਤਾਲਾਂ ਦਾ ਪ੍ਰਬੰਧ ਬਹੁਤ ਨਾਕਸ ਹੈ। ਕਈ ਡਾਕਟਰ ਨਹੀਂ, ਸਭ ਅਸਾਮੀਆਂ ਖ਼ਾਲੀ। ਜੋ ਹੈ ਉਸ ਕੋਲ ਕੰਮ ਹੀ ਐਨਾ ਹੁੰਦਾ ਹੈ ਕਿ ਉਹ ਮਰੀਜ਼ਾਂ ਨਾਲ ਇਨਸਾਫ਼ ਨਹੀਂ ਕਰ ਸਕਦਾ। ਸਰਕਾਰੀ ਹਸਪਤਾਲਾਂ ਵਿਚ ਦਵਾਈਆਂ ਹੀ ਨਹੀਂ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਉਪਰੋਂ ਮਿਲਦੇ ਹੁਕਮ ਅਧਿਕਾਰੀਆਂ ਨੂੰ ਹੋਰ ਭ੍ਰਿਸ਼ਟ ਹੋਣ ਲਈ ਮਜਬੂਰ ਕਰ ਦਿੰਦੇ ਹਨ। ਦੂਸਰਾ ਸਹਾਇਕ ਅਮਲਾ ਸਟਾਫ਼ ਨਰਸਾਂ, ਦਰਜਾ ਚਾਰ ਫ਼ਾਰਮਾਸਿਸਟ ਵੀ 'ਜੇਹਾ ਰਾਜਾ ਤੇਹੀ ਪਰਜਾ' ਦੇ ਮਾਹੌਲ ਵਿਚ ਗੁਆਚ ਜਾਂਦੇ ਹਨ। ਜਿਹੜਾ 'ਕੋਈ ਹਰਿਆ ਬੂਟ ਹਰਿਓ ਰੀ' ਅਧਿਕਾਰੀ ਇਸ ਸਾਰੇ ਵਰਤਾਰੇ ਵਿਰੁੱਧ ਨਿਤਰਨਾ ਚਾਹੁੰਦਾ ਹੈ, ਉਸ ਦੀ ਪੇਸ਼ ਹੀ ਨਹੀਂ ਜਾਂਦੀ। ਸਮੁੱਚਾ ਤਾਣਾ ਬਾਣਾ ਹੀ ਇਵੇਂ ਦਾ ਬਣ ਗਿਆ ਹੈ ਕਿ ਗ਼ਰੀਬਾਂ ਨੂੰ ਕਿਧਰੇ ਵੀ ਢੋਈ ਨਹੀਂ ਮਿਲਦੀ। ਪਰ ਗ਼ਰੀਬ ਦਾ ਹੋਰ ਕੋਈ ਆਸਰਾ/ਚਾਰਾ ਵੀ ਨਹੀਂ ਹੁੰਦਾ। ਇਲਾਜ ਤਾਂ ਕਰਾਉਣਾ ਹੀ ਹੋਇਆ। ਚੰਗੀ ਖੁਰਾਕ ਤੇ ਸਾਫ਼ ਸੁਥਰਾ ਵਾਤਾਵਰਣ ਉਨ੍ਹਾਂ ਦੀ ਰੀਝ ਦਾ ਸੁਪਨਾ ਮਾਤਰ ਹੀ ਬਣ ਕੇ ਰਹਿ ਜਾਂਦਾ ਹੈ। ਸਿੱਟੇ ਵਜੋਂ ਉਹ ਸਾਧੂਆਂ, ਸੰਤਾਂ ਤੋਂ ਭਭੂਤੀ ਲੈਣ, ਕਿਸੇ ਸਾਧ ਕੋਲੋਂ ਫਾਂਡੇ ਕਰਾਉਣ, ਡੇਰਿਆਂ ਦੀ ਸ਼ਰਨ ਲੈਣ, ਕਿਸੇ ਬਾਬੇ ਤੋਂ ਜਲ ਲੈਣ ਵਰਗੇ ਅੰਧ ਵਿਸ਼ਵਾਸੀ ਮੱਕੜ ਜਾਲ ਵਿਚ ਫਸ ਜਾਂਦੇ ਹਨ।

ਇਸੇ ਦਾ ਲਾਭ ਸਰਕਾਰਾਂ ਅਤੇ ਅਖੌਤੀ 'ਲੋਕ ਸੇਵਕ' ਸੰਸਥਾਵਾਂ ਉਠਾਉਂਦੀਆਂ ਹਨ। ਆਪਣੀ ਮਸ਼ਹੂਰੀ ਅਤੇ ਹਰਮਨ ਪਿਆਰਤਾ ਵਿਚ ਹੋਰ ਵਾਧਾ ਕਰਨ ਲਈ ਇਹ ਸੰਸਥਾਵਾਂ 'ਕੈਂਪ' ਲਵਾਉਂਦੀਆਂ ਹਨ। ਸਰਕਾਰਾਂ ਇਸ ਤਰ੍ਹਾਂ ਦੇ 'ਕੈਂਪ' ਲੱਗਣ ਤੋਂ ਰੋਕਣ ਦੀ ਥਾਂ ਇਨ੍ਹਾਂ ਨੂੰ ਉਤਸ਼ਾਹਤ ਹੀ ਕਰਦੀਆਂ ਹਨ। ਅਖੌਤੀ 'ਕੈਂਪ' ਲਾ ਕੇ ਹਜ਼ਾਰਾਂ ਗ਼ਰੀਬ-ਗੁਰਬਿਆਂ ਦੇ ਇਲਾਜ ਦਾ ਪ੍ਰਬੰਧ ਕੀਤਾ ਜਾਂਦਾ ਹੈ। ਕਦੇ ਅੱਖਾਂ ਦੇ ਕੈਂਪ, ਕਦੇ ਦੰਦਾਂ ਦੀਆਂ ਬਿਮਾਰੀਆਂ ਲਈ ਕੈਂਪ, ਕਦੇ ਜੋੜ ਦਰਦਾਂ ਦੇ ਕੈਂਪ, ਕਦੇ ਨਸਬੰਦੀ ਅਪ੍ਰੇਸ਼ਨ ਦੇ ਕੈਂਪ, ਕਦੇ ਚਮੜੀ ਰੋਗਾਂ ਦਾ ਕੈਂਪ, ਆਦਿ-ਆਦਿ।

ਆਮ ਤੌਰ 'ਤੇ ਇਨ੍ਹਾਂ ਕੈਂਪਾਂ ਵਿਚ ਇਕ ਹੀ ਡਾਕਟਰ ਹੁੰਦਾ ਹੈ। ਜੇ ਦੂਜਾ ਹੋਵੇ ਵੀ ਤਾਂ ਉਹ ਸਿਖਾਂਦਰੂ ਹੀ ਹੁੰਦਾ ਹੈ। ਬਿਲਕੁਲ ਅਨਟ੍ਰੇਂਡ, ਤਜ਼ਰਬਾ ਰਹਿਤ। ਇਕ ਦੋ ਦਿਨਾਂ ਵਿਚ ਹਜ਼ਾਰਾਂ ਮਰੀਜ਼ਾਂ ਦਾ ਮੁਆਇਨਾ ਕੀਤਾ ਜਾਂਦਾ ਹੈ। ਮੁਆਇਨੇ ਲਈ ਡਾਕਟਰ ਇਕ ਮਰੀਜ਼ ਨੂੰ ਵੱਧ ਤੋਂ ਵੱਧ ਇਕ-ਦੋ ਮਿੰਟ ਦਾ ਹੀ ਸਮਾਂ ਦਿੰਦਾ ਹੈ। ਕੈਂਪ ਵਿਚ ਕੋਈ ਲੈਬੋਰਟਰੀ ਨਹੀਂ ਹੁੰਦੀ, ਆਧੁਨਿਕ ਮਸ਼ੀਨਾਂ ਨਹੀਂ ਹੁੰਦੀਆਂ। ਦਵਾਈਆਂ ਵੀ 'ਦਾਨ' 'ਤੇ ਨਿਰਭਰ ਹੁੰਦੀਆਂ ਹਨ। ਕੈਂਪ ਵਿਚ ਕੋਈ ਅਪ੍ਰੇਸ਼ਨ ਥੀਏਟਰ ਨਹੀਂ ਹੁੰਦਾ। ਸਾਫ਼ ਸਫ਼ਾਈ ਦਾ ਵੀ 'ਅੱਲਾ-ਅੱਲਾ ਖ਼ੈਰ ਸੱਲਾ' ਹੀ ਹੁੰਦਾ ਹੈ। ਐਸੀ ਹਾਲਤ ਵਿਚ ਕੋਈ ਮਰੀਜ਼ ਸਹੀ ਇਲਾਜ ਕਰਾ ਲਵੇ; ਸੰਭਵ ਹੋ ਹੀ ਨਹੀਂ ਸਕਦਾ। ਗ਼ਰੀਬਾਂ ਨੂੰ ਫੇਰ ਨਿੱਜੀ ਹਸਪਤਾਲ ਦਾ ਦਰ ਖੜਕਾਉਣਾ ਪੈਂਦਾ ਹੈ। ਇੰਜ ਉਨ੍ਹਾਂ ਦਾ ਘਰ ਵੀ ਵਿਕ ਜਾਂਦਾ ਹੈ। ਉਂਜ ਵੀ ਇਲਾਜ ਲਈ ਦੇਰ ਹੋ ਚੁੱਕੀ ਹੈ। 'ਕੈਂਪ' ਵਲੋਂ ਮਰੀਜ਼ ਦੀ ਹਾਲਤ ਬੇਹੱਦ ਤਰਸਯੋਗ ਬਣਾ ਦਿੱਤੀ ਜਾਂਦੀ ਹੈ। ਅਖ਼ੀਰ ਮਰੀਜ਼ 'ਕਿਸਮਤ' ਦਾ ਸਹਾਰਾ ਲੈਂਦਾ ਹੈ। ਕੈਂਪਾਂ ਵਿਚ ਲੋਕਾਂ ਦੀਆਂ ਸਿਹਤਾਂ ਨਾਲ ਖਿਲਵਾੜ ਕਰਨ ਵਾਲੇ ਐਨ ਸਾਫ਼ ਬਚ ਨਿਕਲਦੇ ਹਨ। ਗ਼ਰੀਬ ਲੋਕਾਂ ਦੀ ਆਸਥਾ 'ਧਰਮਾਂ', ਕੈਂਪਾਂ, ਅਤੇ 'ਸਰਕਾਰੀ ਹਸਪਤਾਲਾਂ' ਦੇ 'ਰਹਿਮੋ-ਕਰਮ' ਹੀ



ਪੀੜ੍ਹੀ-ਦਰ-ਪੀੜ੍ਹੀ ਬਿਮਾਰੀਆਂ ਦੀ ਗੁਲਾਮ ਬਣ ਕੇ ਰੀਂਘਦੀ ਰਹਿੰਦੀ ਹੈ।

ਪਹਿਲੀ ਘਟਨਾ ਛਤੀਸਗੜ੍ਹ ਸੂਬੇ ਦੇ ਜ਼ਿਲ੍ਹੇ ਬਿਲਾਸਪੁਰ ਦੇ ਪਿੰਡ ਪੇਂਦਰੀ ਕੋਲ ਨਵੇਂ ਬਣੇ 'ਨੇਮੀਚੰਦ ਜੈਨ ਕੈਂਸਰ ਹਸਪਤਾਲ' ਦੀ ਹੈ। ਇਥੇ 8 ਨਵੰਬਰ 2014 ਨੂੰ ਨਸਬੰਦੀ ਅਪ੍ਰੇਸ਼ਨ ਕਰਨ ਲਈ ਕੈਂਪ ਲਾਇਆ ਗਿਆ ਸੀ। ਇਸ ਕੈਂਪ ਵਿਚ ਘੋਰ ਅਣਗਹਿਲੀ ਵਰਤੀ ਗਈ। ਜਿਵੇਂ ਕੈਂਪਾਂ ਵਿਚ ਆਮ ਹੀ ਹੁੰਦਾ ਹੈ। ਜਨਸੰਖਿਆ ਘੱਟ ਕਰਨ ਲਈ ਗ਼ਰੀਬਾਂ ਨੂੰ ਹੀ ਬਲੀ ਦਾ ਬਕਰਾ ਬਣਾਇਆ ਗਿਆ। ਅਮੀਰ ਤਾਂ ਵੱਡੇ ਹਸਪਤਾਲਾਂ ਤੋਂ ਇਹ ਅਪ੍ਰੇਸ਼ਨ ਕਰਾ ਲੈਂਦੇ ਹਨ ਜਾਂ ਉਹ ਹੋਰ ਢੰਗ ਤਰੀਕੇ ਵਰਤ ਕੇ ਇਸ ਅਪ੍ਰੇਸ਼ਨ ਨੂੰ ਬੇਲੋੜਾ ਹੀ ਸਮਝਦੇ ਹਨ। ਜਿਵੇਂ ਭੇਡਾਂ-ਬੱਕਰੀਆਂ ਨੂੰ ਹਰਾ ਚਾਰਾ ਵਿਖਾ ਕੇ ਬੁੱਚੜਖਾਨੇ (ਸਲਾਟਰ ਹਾਊਸ) ਲਿਆਇਆ ਜਾਂਦਾ ਹੈ, ਇਵੇਂ ਹੀ 600 ਰੁਪਏ ਦਾ ਤੋਹਫ਼ਾ ਦੇਣ ਦਾ ਲਾਰਾ ਲਾ ਕੇ ਅਤਿ ਗ਼ਰੀਬ ਪਰਿਵਾਰਾਂ ਦੀਆਂ 83 ਔਰਤਾਂ ਨੂੰ 'ਕੈਂਪ' ਵਿਚ ਲਿਆਂਦਾ ਗਿਆ। ਇਹ ਗੱਲ ਵਖਰੇ ਵਿਸ਼ੇ ਦੀ ਹੈ ਕਿ ਹਰ ਖੇਤਰ ਵਿਚ ਔਰਤਾਂ ਨਾਲ ਹੀ ਜ਼ਿਆਦਤੀ ਕਿਉਂ ਹੁੰਦੀ ਹੈ। ਇਸ ਵਕਤ ਨਸਬੰਦੀ। ਨਲਬੰਦੀ ਅਪ੍ਰੇਸ਼ਨ ਮਰਦ ਔਰਤ ਦਾ ਅਨੁਪਾਤ 1:15 ਹੈ। ਪੂਰੇ ਹਿੰਦੁਸਤਾਨ ਵਿਚ ਐਸਾ ਹੀ ਵਰਤਾਰਾ ਹੈ। ਪਰ ਇਥੇ ਤਾਂ ਵਿਡੰਬਨਾ ਇਹ ਸੀ ਕਿ 83 ਔਰਤਾਂ ਦੇ ਨਸਬੰਦੀ ਅਪ੍ਰੇਸ਼ਨ ਕਰਨ ਲਈ ਸਿਰਫ਼ ਇਕ ਹੀ ਡਾਕਟਰ ਅਤੇ 6 ਘੰਟੇ ਤੋਂ ਵੀ ਘੱਟ ਸਮਾਂ। ਕੀ ਕੋਈ ਅਪ੍ਰੇਸ਼ਨ ਚਾਰ ਮਿੰਟ ਦੇ ਸੀਮਤ ਜਿਹੇ ਸਮੇਂ ਵਿਚ ਹੋ ਸਕਦਾ ਹੈ ? ਦੱਸਿਆ ਜਾ ਰਿਹਾ ਹੈ ਕਿ ਨਸਬੰਦੀ ਕਰਨ ਲਈ ਲੈਪਰੋਸਕੋਪੀ ਸਰਜਨ ਡਾ. ਆਰ. ਕੇ. ਗੁਪਤਾ ਅਤੇ ਇਕ ਹੋਰ ਬਿਲਕੁਲ ਸਿਖਾਂਦਰੂ, ਤਜ਼ਰਬਾਹੀਣ ਸਰਜਨ ਨੂੰ ਬੁਲਾਇਆ ਗਿਆ ਸੀ। ਇਸ ਡਾਕਟਰ ਗੁਪਤਾ ਨੂੰ ਐਸੀ 'ਬਹਾਦਰੀ' ਵਾਲੇ ਕਾਰਨਾਮੇ ਲਗਾਤਾਰ ਕਰਦੇ ਰਹਿਣ ਕਰ ਕੇ ਪਿਛਲੇ ਸਾਲ ਸੁਤੰਤਰਤਾ ਦਿਵਸ 'ਤੇ ਸਨਮਾਨਤ ਵੀ ਕੀਤਾ ਗਿਆ ਦਸਿਆ ਜਾ ਰਿਹਾ ਹੈ। 'ਚੀਰ ਫਾੜ ਕਰੋ, ਚਲੋ ਘਰ ਨੂੰ ਤੋਰੋ'; ਸਰਕਾਰ ਵਲੋਂ ਕਿਸੇ ਵਿਸ਼ੇਸ਼ ਕੰਪਨੀ ਤੋਂ ਉਚੇਚੀ ਖਰੀਦੀ ਕੋਈ ਐਂਟੀਬਾਇਟਿਕ ਦਵਾਈ ਦੇ ਦਿਓ ਤੇ ਫਿਰ ਰੱਬ ਰਾਖਾ। ਅਪ੍ਰੇਸ਼ਨ ਸਮੇਂ ਕੋਈ ਬੇਹੋਸ਼ ਕਰਨ ਦੀ ਲੋੜ ਨਹੀਂ ! ਗ਼ਰੀਬ ਤਾਂ ਪਹਿਲਾਂ ਹੀ ਲੱਖਾਂ ਪੀੜਾਂ ਸਹਿਣ ਕਰਨ ਦੇ ਸਮਰੱਥ ਹਨ। ਫਿਰ ਅਪ੍ਰੇਸ਼ਨ ਲਈ ਸੁੰਨ ਕਰਨ ਦੀ ਕੀ ਲੋੜ ਭਲਾ !

ਇਥੇ ਕਈ ਸਵਾਲ ਖੜੇ ਹੁੰਦੇ ਹਨ - ਕੀ ਅਪ੍ਰੇਸ਼ਨ ਥੀਏਟਰ ਤੋਂ ਬਾਹਰ ਜਾਂ ਅੱਧੇ-ਅਧੂਰੇ, ਸਹੂਲਤ ਰਹਿਤ ਅਪ੍ਰੇਸ਼ਨ ਥੀਏਟਰ ਵਿਚ ਅਪ੍ਰੇਸ਼ਨ ਕਰਨੇ ਵਾਜਬ ਹਨ ? ਕੀ ਅਪ੍ਰੇਸ਼ਨ ਕਰ ਕੇ ਮਰੀਜ਼ ਨੂੰ ਕੁਝ ਦਿਨ ਹਸਪਤਾਲ ਰੱਖਣ ਦੀ ਜ਼ਰੂਰਤ ਨਹੀਂ ਹੁੰਦੀ ? ਕੀ ਦਵਾਈ ਖਵਾਉਣ ਤੋਂ ਪਹਿਲਾਂ ਉਸ ਬੈਚ ਵਾਲੀ ਦਵਾਈ ਦੀ ਕਿਸੇ ਲੈਬੋਰਟਰੀ ਤੋਂ ਬਕਾਇਦਾ ਜਾਂਚ ਕਰਾਉਣੀ ਜ਼ਰੂਰੀ ਨਹੀਂ ?

ਇਥੇ ਇਹ ਸਾਰਾ ਕੁਝ ਗੜਬੜ ਚੌਥ ਹੋ ਗਿਆ। ਹੋਇਆ ਉਹੀ ਜੋ ਮਨਜ਼ੂਰੇ 'ਸਰਕਾਰ' ਹੋਤਾ ਹੈ। ਅਗਲੇ ਹੀ ਦਿਨ ਅਪ੍ਰੇਸ਼ਨ ਕਰਾਉਣ ਵਾਲੀਆਂ ਔਰਤਾਂ ਦੀ ਹਾਲਤ ਵਿਗੜ ਗਈ। ਉਨ੍ਹਾਂ ਆਪਣੇ ਘਰਾਂ ਵਿਚ ਜੋ ਵੀ ਹੋ ਸਕਿਆ ਅਹੁੜ-ਪਹੁੜ ਕੀਤੇ। ਡਾਕਟਰਾਂ ਕੋਲ ਪਹੁੰਚ ਕੀਤੀ। ਨਵੇਂ ਖੁਲ੍ਹੇ 'ਨੇਮੀ ਚੰਦ ਜੈਨ ਕੈਂਸਰ ਹਸਪਤਾਲ' ਜਿਥੇ ਇਹ ਕੈਂਪ ਲੱਗਾ ਸੀ ਅਤੇ ਉਸ ਦਾ ਮਹੂਰਤ ਵੀ ਇਨ੍ਹਾਂ ਅਪ੍ਰੇਸ਼ਨਾਂ ਨਾਲ ਹੀ ਹੋਇਆ ਸੀ, ਅਜੇ ਉਥੇ ਉੱਕਾ ਹੀ ਕੋਈ ਸਹੂਲਤ ਨਹੀਂ ਸੀ। 11 ਨਵੰਬਰ ਨੂੰ 11 ਮੌਤਾ ਹੋ ਗਈਆਂ। ਦੋ ਦਿਨ ਬਾਅਦ ਤਿੰਨ ਹੋਰ ਮੌਤਾਂ ਹੋਣ ਨਾਲ ਕੁਲ 14 ਔਰਤਾਂ ਦੀ ਮੌਤ ਹੋ ਗਈ। ਕੁਝ ਨੇ 600 ਰੁਪਏ ਦੇ ਲਾਲਚ ਵਿਚ ਤੇ ਕੁਝ ਨੇ 'ਹਮ ਦੋ ਹਮਾਰੇ ਦੋ' ਦੀ ਘੁੰਮਣ ਘੇਰੀ ਵਿਚ ਫਸ ਕੇ ਜਾਨ ਗੁਆ ਲਈ। ਸਰਕਾਰ ਵਲੋਂ ਆਰਥਕ ਸਹਾਇਤਾ ਦਾ ਐਲਾਨ ਕਰ ਕੇ ਚੁੱਪ ਕਰਾਉਣ ਦਾ ਕੋਝਾ ਕੰਮ ਕਰਨਾ ਹੀ ਸੀ ਤੇ ਉਹ ਕੀਤਾ ਗਿਆ। ਡਾਕਟਰ ਤੇ ਕੁਝ ਹੋਰ ਅਮਲਾ ਮੁਅੱਤਲ, ਜਾਂਚ ਕਮੇਟੀ ਤਿੰਨ ਮਹੀਨੇ ਵਿਚ ਰਿਪੋਰਟ ਦੇਵੇਗੀ, ਦਾ ਐਲਾਨ। ਇਹ ਸਭ ਇਹ ਲੋਕਾਂ ਦੇ ਅੱਖੀਂ ਘੱਟਾ ਪਾਉਣ ਵਾਲਾ ਢੰਗ ਹੈ। ਹੋਰ ਕੁਝ ਨਹੀਂ।

ਇਕ ਹੋਰ ਵੀ ਘੋਰ ਅਪਰਾਧ ਇਸ 'ਜਨ ਸੰਖਿਆ ਘਟਾਉਣ' ਦੀ ਸਰਕਾਰੀ ਹਿੰਮਤ ਵਿਖਾਉਣ ਤੇ ਸ਼ਾਬਾਸੀ ਲੈਣ ਦੌਰਾਨ ਹੋ ਗਿਆ। ਛੱਤੀਸਗੜ੍ਹ ਜ਼ਿਲ੍ਹੇ ਵਿਚ ਇਕ 'ਬੈਗਾ' ਨਾਂ ਦਾ ਪੁਰਾਣਾ ਕਬੀਲਾ ਹੈ, ਜੋ ਖ਼ਤਮ ਹੋਣ ਕਿਨਾਰੇ ਹੈ। ਪੁਰਾਤਨ ਕਬੀਲਿਆਂ ਨੂੰ ਖ਼ਤਮ ਹੋਣ ਤੋਂ ਬਚਾਉਣ ਲਈ ਸੰਸਾਰ ਪੱਧਰ 'ਤੇ ਉਪਰਾਲੇ ਹੋ ਰਹੇ ਹਨ। ਭਾਰਤੀ ਸੁਪਰੀਮ ਕੋਰਟ ਨੇ ਵੀ ਐਸਾ ਹੀ ਆਦੇਸ਼ ਦਿੱਤਾ ਹੋਇਆ ਹੈ ਕਿ ਪੁਰਾਣੇ ਕਬੀਲਿਆਂ ਦੀ ਹੋਂਦ ਬਚਾਉਣ ਲਈ ਉਨ੍ਹਾਂ ਦਾ ਨਲਬੰਦੀ/ਨਸਬੰਦੀ ਅਪ੍ਰੇਸ਼ਨ ਨਾ ਕੀਤਾ ਜਾਵੇ। ਪਰ ਅਫ਼ਸੋਸ ਕਿ ਇਨ੍ਹਾਂ 83 ਔਰਤਾਂ ਵਿਚ ਇਸ ਕਬੀਲੇ ਨਾਲ ਸਬੰਧਤ ਔਰਤਾਂ ਵੀ ਸ਼ਾਮਲ ਸਨ। ਇਥੋਂ ਤੀਕ ਕਿ ਉਨ੍ਹਾਂ ਵਿਚੋਂ ਦੋ ਦੀ ਮੌਤ ਵੀ ਇਨ੍ਹਾਂ 14 ਦੇ ਨਾਲ ਹੀ ਹੋ ਗਈ। ਇਸੇ ਕਬੀਲੇ ਦੀਆਂ ਅਤੇ ਕੁਝ ਹੋਰ 41 ਔਰਤਾਂ ਹਾਲੇ ਵੀ ਜੀਵਨ-ਮੌਤ ਦੀ ਲੜਾਈ ਲੜ ਰਹੀਆਂ ਹਨ। ਪਹਿਲਾਂ ਵੀ ਇਸ ਕਬੀਲੇ ਦੇ ਕਈ ਮਰਦਾਂ/ਔਰਤਾਂ ਦੇ ਐਸੇ ਅਪ੍ਰੇਸ਼ਨ ਹੋ ਚੁੱਕੇ ਦੱਸੇ ਜਾ ਰਹੇ ਹਨ। ਇਹ ਵੀ ਤਸਦੀਕ ਹੋ ਗਿਆ ਹੈ ਕਿ ਅਪ੍ਰੇਸ਼ਨ ਬਾਅਦ ਜੋ ਔਰਤਾਂ ਨੂੰ ਐਂਟੀਬਾਇਟਿਕ ਦਵਾਈ (ਸਿਪਰੋਸੀਨ-500) ਦੀਆਂ ਗੋਲੀਆਂ ਖਾਣ ਲਈ ਦਿੱਤੀਆਂ ਗਈਆਂ, ਉਨ੍ਹਾਂ ਵਿਚ ਚੂਹੇ ਮਾਰਨ ਵਾਲੀ ਦਵਾਈ (ਜ਼ਿੰਕ ਫਾਸਫ਼ਾਈਡ) ਪਾਈ ਗਈ ਸੀ। ਇਹ ਘੋਰ ਅਪਰਾਧ ਹੈ।

ਇਸ ਨਾਲ ਇਕ ਹੋਰ ਸਵਾਲ ਖੜਾ ਹੋ ਗਿਆ ਹੈ ਕਿ ਇਸ ਤਰ੍ਹਾਂ ਦੀ ਦਵਾ ਕੰਪਨੀ, ਜਿਸ ਦੀਆਂ ਦਵਾਈਆਂ ਮਿਆਰੀ ਨਾ ਹੋਣ ਦੀਆਂ ਪਹਿਲਾਂ ਵੀ ਕਈ ਸ਼ਿਕਾਇਤਾਂ ਸਨ। ਸਬੰਧਤ 'ਡਾਕਟਰ ਸਾਹਿਬ' ਨੇ ਇਹ ਦਵਾਈ ਖ਼ਰੀਦਣ ਤੇ ਦੇਣ ਦੀ ਸਿਫ਼ਾਰਸ਼ ਕਿਉਂ ਕੀਤੀ ? ਦੇਸ਼ ਭਰ ਵਿਚ ਕਿੰਨੀਆਂ ਐਸੀਆਂ ਅਖੌਤੀ ਦਵਾ ਕੰਪਨੀਆਂ ਮੌਜੂਦ ਹੋਣਗੀਆਂ, ਜੋ ਕਈ ਤਰ੍ਹਾਂ ਦੀ ਖੇਹ ਸਵਾਹ ਪਾ ਕੇ ਵੇਚੀ ਜਾ ਰਹੀਆਂ ਹਨ। ਸਪਸ਼ਟ ਹੈ ਕਿ ਇਹ ਖ਼ਰੀਦ ਵੱਧ ਕਮਿਸ਼ਨ ਲੈਣ ਲਈ ਕੀਤੀ ਜਾਂਦੀ ਹੈ। ਹਲਦੀ ਤੇ ਜਵਾਰ ਦਾ ਆਟਾ ਪਾ ਕੇ ਬਣੇ ਤਾਕਤ ਵਾਲੇ ਕੈਪਸੂਲ ਤਾਂ ਕਈਆਂ ਕੰਪਨੀਆਂ ਦੇ ਬਣੇ ਹੋਏ ਸੁਣਦੇ ਰਹੇ ਹਾਂ ਪਰ ਆਹ ਚੂਹੇ ਮਾਰ ਦਵਾਈ ਪਾ ਕੇ 'ਜ਼ਖ਼ਮੋ-ਦਰਦ' ਦੂਰ ਕਰਨ ਵਾਲੀ ਘਟਨਾ ਪਹਿਲੀ ਵਾਰ ਹੀ ਨੋਟਿਸ ਵਿਚ ਆਈ ਹੈ। ਅਜੇ ਪਤਾ ਨਹੀਂ ਨਿੱਜੀ ਮੁਨਾਫ਼ੇ ਦੀ ਦੌੜ ਵਿਚ ਪਾਗ਼ਲ ਹੋਈਆਂ ਕੰਪਨੀਆਂ ਕੀ-ਕੀ ਹੋਰ ਕਾਰੇ ਕਰਦੀਆਂ ਹਨ।

ਆਖ਼ਰ ਕੌਣ ਹੈ ਜ਼ਿੰਮੇਵਾਰ ? ਕੀ ਛੱਤੀਸਗੜ੍ਹ ਦੇ ਭਾਰਤੀ ਜਨਤਾ ਪਾਰਟੀ ਦੇ ਮੁੱਖ ਮੰਤਰੀ ਰਮਨ ਸਿੰਘ ਜਾਂ ਸਿਹਤ ਮੰਤਰੀ ਅਮਰ ਅਗਰਵਾਲ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ ? ਕੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦਾ ਲੋਕ ਰਾਜ, ਉਨ੍ਹਾਂ ਦੀ ਪਾਰਦਰਸ਼ਤਾ ਤੇ ਲੋਕ ਸੇਵਾ ਲੀਰੋ-ਲੀਰ ਨਹੀਂ ਹੋਏ ? ਕੀ ਛੱਤੀਸਗੜ੍ਹ ਦੇ ਜ਼ਿੰਮੇਵਾਰ ਮੰਤਰੀ ਵਿਰੁੱਧ ਕਤਲ ਦਾ ਪਰਚਾ ਦਰਜ ਨਹੀਂ ਹੋਣਾ ਚਾਹੀਦਾ ? ਕੀ ਗਾਰੰਟੀ ਹੈ ਕਿ ਅੱਗੇ ਤੋਂ ਐਸੇ ਖ਼ੂਨੀ ਕੈਂਪ ਨਹੀਂ ਲੱਗਣਗੇ ਅਤੇ ਗ਼ਰੀਬਾਂ ਨਾਲ ਖਿਲਵਾੜ ਨਹੀਂ ਹੋਵੇਗਾ ?

☛ ਬਾਕੀ ਸਫ਼ਾ 41 'ਤੇ


BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries
Umesh Amin
email: unamin@gmail.com

WE CARE YOUR CAR BETTER
Phone:780 463 2886

# ਇਕ ਸਦੀ ਤੋਂ ਨਾਸੂਰ ਬਣਿਆ ਜ਼ਖ਼ਮ

# ਕਾਮਾਗਾਟਾ ਮਾਰੂ

ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com

ਗ਼ਦਰ ਲਹਿਰ ਦੀ ਸ਼ਤਾਬਦੀ ਮਨਾਉਂਦਿਆਂ 'ਕਾਮਾਗਾਟਾ ਮਾਰੂ ਜਹਾਜ਼' ਦਾ ਸਾਕਾ ਵਾਰ-ਵਾਰ ਜ਼ਿਹਨ 'ਤੇ ਹਥੋੜੇ ਵਾਂਗ ਵੱਜਦਾ ਹੈ। ਇਸ ਇਤਿਹਾਸਕ ਘਟਨਾ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਨੂੰ ਨਵੀਂ ਚੇਤਨਾ ਅਤੇ ਚਿੰਤਨ ਦੇ ਰਾਹੇ ਪਾਉਣ ਦੇ ਨਾਲ-ਨਾਲ ਨਵਾਂ ਜੋਸ਼ ਵੀ ਮੁਹੱਈਆ ਕੀਤਾ। 2013 ਜਿਥੇ ਗ਼ਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਰਿਹਾ, ਉਥੇ 2014 ਨੂੰ ਕਾਮਾਗਾਟਾਮਾਰੂ ਦਾ ਸ਼ਤਾਬਦੀ ਵਰ੍ਹਾ ਵੀ ਹੈ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਲੋਂ ਇਸ ਸਬੰਧ ਵਿਚ ਸ਼ਤਾਬਦੀ ਸਮਾਗਮ ਕਰਵਾਏ ਜਾ ਰਹੇ ਹਨ। ਹਥਲੀ ਲਿਖਤ ਵਿਚ ਤੇਜਿੰਦਰ ਵਿਰਲੀ ਦੀ ਸੂਝ ਭਰੀ ਨਜ਼ਰ 'ਕਾਮਾਗਾਟਾ ਮਾਰੂ' ਦੀ ਇਸ ਘਟਨਾ ਦੇ ਆਰ-ਪਾਰ ਦੇਖਦੀ ਹੋਈ, ਇਹਦੇ ਸਾਰੇ ਪਾਸਾਰਾਂ ਦੀ ਪੁਣ-ਛਾਣ ਕਰਦੀ ਹੈ। 'ਨਵੀਂ ਦੁਨੀਆ' ਇਸ ਲਿਖਤ ਨੂੰ ਲੜੀਵਾਰ ਛਾਪਣ ਦੀ ਖ਼ੁਸ਼ੀ ਲੈ ਰਿਹਾ ਹੈ। - ਸੰਪਾਦਕ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਭਾਵੇਂ ਇਨ੍ਹਾਂ ਵਿਚੋਂ ਬਹੁਤੇ ਅਨਪੜ੍ਹ ਸਨ ਤੇ ਮਾੜੀ ਮੋਟੀ ਉਰਦੂ ਤੇ ਪੰਜਾਬੀ ਹੀ ਜਾਣਦੇ ਸਨ, ਪਰ ਇਨ੍ਹਾਂ ਨੂੰ ਜ਼ਿੰਦਗੀ ਦੇ ਕਠੋਰ ਅਨੁਭਵ ਨੇ ਉਹ ਕੁਝ ਸਿਖਾ ਦਿੱਤਾ ਸੀ, ਜਿਸ ਤੋਂ ਭਾਰਤ ਦੀਆਂ ਪੜ੍ਹੀਆਂ ਲਿਖੀਆਂ ਜਮਾਤਾਂ ਵੀ ਬੇਖਬਰ ਸਨ। ਇਹ ਭਾਰਤ ਦੇ ਪੜ੍ਹੇ ਲਿਖੇ ਲੋਕਾਂ ਤੇ ਉਨ੍ਹਾਂ ਦੇ ਨੇਤਾਵਾਂ ਲਈ ਸਬਕ ਸੀ, ਜੋ ਬਰਤਾਨਵੀ ਸਾਮਰਾਜ ਅੱਗੇ ਝੁਕ ਝੁਕ ਸਲਾਮਾਂ ਕਰ ਰਹੇ ਸਨ। ਇਹ ਕਨੇਡਾ ਤੇ ਇੰਗਲੈਂਡ ਵਿਚਲੇ 'ਸਾਮਰਾਜੀ ਦੇਸ਼ ਭਗਤਾਂ' ਲਈ ਵੱਡਾ ਝਟਕਾ ਸੀ। ਭਾਰਤ ਸਰਕਾਰ ਲਈ ਇਹ ਖਤਰੇ ਦੀ ਘੰਟੀ ਸੀ। ਇਸ ਦਾ ਅਰਥ ਸੀ ਕਿ ਸਿੱਖਾਂ ਦੀ ਵਫ਼ਾਦਾਰੀ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ ਸੀ। ਇਸ ਲਈ ਸਾਮਰਾਜੀਆਂ ਦੀ ਚਿੰਤਾ ਸਮਝ ਆਉਣ ਯੋਗ ਸੀ।

ਪਰ ਹੈਰਾਨੀ ਦੀ ਗੱਲ ਇਹ ਹੈ ਕਿ ਕਨੇਡੀਅਨ ਸਰਕਾਰ ਦੁਆਰਾ ਇਸ ਸਮੇਂ ਛਾਪੀਆਂ ਕਿਤਾਬਾਂ ਜਾਂ ਹੋਰ ਭਾਂਤ ਦੇ ਪ੍ਰਚਾਰ ਸਾਹਿਤ ਵਿਚ ਏਡੀ ਵੱਡੀ ਸਿਆਸੀ ਮਹੱਤਤਾ ਵਾਲੇ ਪੱਖ ਦਾ ਕੋਈ ਜ਼ਿਕਰ ਨਹੀਂ ਸੀ ਕੀਤਾ ਗਿਆ। ਸਭ ਸਰਕਾਰੀ ਰਿਪੋਰਟਾਂ ਵਿਚ ਨਵੇਂ ਭਾਰਤੀਆਂ ਦੇ ਕਨੇਡਾ ਵਿਚ ਦਾਖਲੇ ਵਿਰੁੱਧ ਨਸਲੀ ਜਾਂ ਨੈਤਿਕ ਦਲੀਲਾਂ 'ਤੇ ਹੀ ਜ਼ੋਰ ਦਿੱਤਾ ਜਾ ਰਿਹਾ ਸੀ। ਜਨਤਾ ਵਿਚ ਸਾਰੀ ਬਹਿਸ ਸਦਾਚਾਰਕ ਤੇ ਨਸਲੀ ਆਧਾਰ 'ਤੇ ਹੀ ਕੀਤੀ ਜਾਂਦੀ ਸੀ। ਸਿਆਸੀ ਪਹਿਲੂ ਨੂੰ ਸਰਕਾਰੀ ਫਾਈਲਾਂ ਵਿਚ ਗੁਪਤ ਹੀ ਰੱਖਿਆ ਜਾ ਰਿਹਾ ਸੀ। ਕਿੰਗ ਦੀ ਉਪਰੋਕਤ ਰਿਪੋਰਟ ਵਿਚ ਕੁਝ ਵਿਅਕਤੀਆਂ, ਜਿਨ੍ਹਾਂ ਵਿਚੋਂ ਇਕ ਜਾਂ ਦੋ ਬ੍ਰਾਹਮਣ ਸਨ, ਦੀਆਂ ਸਰਗਰਮੀਆਂ ਵਿਚ ਹੀ ਸਰਗਰਮੀਆਂ ਸ਼ਬਦ ਤੋਂ ਪਹਿਲਾਂ 'ਸਿਆਸੀ' ਨਹੀਂ ਸੀ ਲਿਖਿਆ ਗਿਆ। ਇਕ ਵਾਰ ਸਰਸਰੀ ਜਿਹੇ ਤੌਰ 'ਤੇ ਸਟੀਵਨਜ਼ ਨੇ ਸਿੱਖਾਂ ਦੇ 'ਬਾਗ਼ੀ' ਹੋਣ ਦਾ ਜ਼ਿਕਰ ਕੀਤਾ ਸੀ, ਹੋਰ ਕਿਤੇ ਵੀ ਮੈਨੂੰ ਸਿਆਸੀ ਪਹਿਲੂ ਦਾ ਵਰਣਨ ਹੋਇਆ ਨਹੀਂ ਲੱਗਾ।

ਪਰ ਉਪਰੋਕਤ ਤੱਥਾਂ ਤੋਂ ਇਹ ਜ਼ਾਹਰ ਹੋ ਜਾਂਦਾ ਹੈ ਕਿ ਵੈਨਕੂਵਰ ਤੇ ਅਮਰੀਕਾ ਵਿਚ ਭਾਰਤੀ ਵਸਨੀਕਾਂ ਦੇ ਸਿਆਸੀ ਰੁਖ ਅਖ਼ਤਿਆਰ ਕਰਨ ਦੇ ਦੂਰ-ਦੁਰਾਡੇ ਤੇ ਭਾਰਤ ਉਪਰ ਦੂਰ-ਰਸੀ ਪ੍ਰਭਾਵ ਹੀ, ਸ਼ਾਹੀ ਭਾਰਤੀ ਤੇ ਕਨੇਡੀਅਨ, ਸਰਕਾਰਾਂ ਦੁਆਰਾ ਨਵੇਂ ਮੁਸਾਫ਼ਰਾਂ ਦੇ ਕਨੇਡਾ ਵਿਚ ਦਾਖ਼ਲੇ 'ਤੇ ਰੋਕ ਲਾਉਣ ਦੇ ਭਾਰੂ ਕਾਰਨ ਸਨ। ਸਦਾਚਾਰਕ ਤੇ ਨਸਲੀ ਕਾਰਨ ਬੁਨਿਆਦੀ ਨਹੀਂ, ਦੂਜੈਲੇ ਹੀ ਸਨ। ਇਹ ਸਰਕਾਰਾਂ ਨਹੀਂ ਸੀ ਚਾਹੁੰਦੀਆਂ ਕਿ ਹੋਰ ਭਾਰਤੀਆਂ ਨੂੰ ਕਨੇਡਾ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਦੇ ਕੇ, ਉਨ੍ਹਾਂ ਨੂੰ ਵੀ ਰਾਜਸੀ ਜਾਗ ਲੱਗ ਸਕੇ।

1910 ਵਿਚ ਇਕ ਹੋਰ ਪੰਜਾਬੀ, ਬੰਨ ਦੇ ਜੀ.ਡੀ. ਕੁਮਾਰ ਨੇ ਵੈਨਕੂਵਰ ਤੋਂ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਰਸਾਲਾ 'ਸੁਦੇਸ਼ ਸੇਵਕ' ਸ਼ੁਰੂ ਕੀਤਾ। ਇਹ ਮੁੱਖ ਤੌਰ 'ਤੇ ਪੰਜਾਬੀ ਜਾਣਦੇ ਪਾਠਕਾਂ ਲਈ ਹੀ ਸੀ ਤੇ ਇਸ ਦੀ ਉਨ੍ਹਾਂ ਨੂੰ ਸਿੱਧੀ ਅਪੀਲ ਸੀ। ਇਸ ਦਾ ਜ਼ੋਰ ਦੇਸ਼, ਅਮਰੀਕਾ ਤੇ ਕਨੇਡਾ ਵਿਚ ਭਾਰਤੀਆਂ ਉਪਰ ਠੋਸੀਆਂ ਨਮੋਸ਼ੀ ਭਰੀਆਂ ਹਾਲਤਾਂ ਨੂੰ ਬੇਪਰਦ ਕਰਨ ਉਪਰ ਸੀ। ਇਹ ਸਭ ਪਰਚੇ ਆਪਣੀ ਆਰਥਕ, ਸਮਾਜਕ ਤੇ ਦੇਸ਼ ਵਿਦੇਸ਼ ਵਿਚ ਸਿਆਸੀ ਹਾਲਤ ਨੂੰ ਸੁਧਾਰਨ ਲਈ, ਭਾਰਤੀਆਂ ਨੂੰ ਜਥੇਬੰਦ ਹੋ ਕੇ ਜਮਹੂਰੀ ਤੇ ਨਾਗਰਿਕ ਅਧਿਕਾਰਾਂ ਲਈ ਜੂਝਣ ਦਾ ਸੁਨੇਹਾ ਦਿੱਤੇ ਸਨ। ਇਨ੍ਹਾਂ ਦਾ ਮੁੱਖ ਨਾਅਰਾ ਸ਼ਹਿਰੀ ਤੇ ਜਮਹੂਰੀ ਹੱਕਾਂ ਤੇ ਇਨਸਾਨੀ ਵਕਾਰ ਦੀ ਬਰਕਰਾਰੀ ਲਈ ਭਾਰਤੀਆਂ ਨੂੰ ਸੰਗਠਤ ਹੋ ਕੇ ਸੰਗਰਾਮ ਕਰਨ ਦਾ ਸੁਨੇਹਾ ਦੇਣਾ ਸੀ।

ਪਰ ਸਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਇਹ ਸਿਆਸੀ ਜਾਂ ਸਮਾਜਕ ਸਰਗਰਮੀਆਂ ਭਾਰਤੀਆਂ, ਚੀਨੀਆਂ ਤੇ ਜਪਾਨੀਆਂ ਵਿਰੁੱਧ ਕੀਤੇ ਨਸਲੀ ਦੰਗਿਆਂ ਦਾ ਹੀ ਸਿੱਟਾ ਸਨ। ਭਾਰਤੀ ਪਰਵਾਸੀਆਂ ਦੇ ਜੀਵਨ ਵਿਚ ਮੋੜ ਲਿਆਉਣ ਵਾਲਾ ਸਭ ਤੋਂ ਪਹਿਲਾ ਤੇ ਮਹੱਤਵਪੂਰਨ ਨੁਕਤਾ ਇਹ ਦੰਗੇ ਹੀ ਸਨ। ਇਸ ਵੇਲੇ ਤੱਕ, ਕੁਝ ਉਂਗਲੀਆਂ 'ਤੇ ਗਿਣੇ ਜਾ ਸਕਣ ਵਾਲਿਆਂ ਨੂੰ ਛੱਡ ਕੇ ਬਾਕੀ ਸਾਰੇ ਬਰਤਾਨਵੀ ਸਾਮਰਾਜਵਾਦ ਦੀ ਵਫ਼ਾਦਾਰ ਪਰਜਾ ਹੀ ਸਨ ਤੇ ਉਨ੍ਹਾਂ ਦੇ ਮਨਾਂ ਵਿਚ ਸੁਤੰਤਰਤਾ-ਪ੍ਰੇਮੀ ਅਮਰੀਕਨ ਗੋਰਿਆਂ ਲਈ ਬੜੀ ਇੱਜ਼ਤ ਸੀ। ਇਸ ਵਫ਼ਾਦਾਰੀ ਦਾ ਇਕ ਪ੍ਰਮਾਣ ਇਹ ਹੈ : ਕੈਪਟਨ ਵੂਲੀ ਤੇ ਰੂਡਯਾਰਡ ਕਿਪਲਿੰਗ 19 ਅਕਤੂਬਰ,1911 ਨੂੰ ਬਰਤਾਨਵੀ ਅਲੰਬਰਦਾਰਾਂ ਦੀ ਇਕੱਤਰਤਾ ਵਿਚ ਗਏ, ਜਿਸ ਵਿਚ ਤਕਰੀਰ ਕਰਦਿਆਂ ਵੂਲੀ ਨੇ ਕਿਹਾ ਸੀ, 'ਪੜਤਾਲ ਮਗਰੋਂ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਚੀਨੀਆਂ ਤੇ ਜਪਾਨੀਆਂ ਨੇ ਗੋਰਿਆਂ ਵਿਰੁੱਧ ਜਥਾ ਬਣਾਉਣ ਲਈ ਸਿੱਖਾਂ ਕੋਲ ਰਸਾਈ ਕੀਤੀ ਸੀ, ਪਰ ਉਨ੍ਹਾਂ ਜੁਆਬ ਦਿੱਤਾ ਕਿ ਉਹ ਬਰਤਾਨਵੀ ਪਰਜਾ ਹੋਣ ਦੇ ਨਾਤੇ ਉਨ੍ਹਾਂ ਦਾ ਹੀ ਨਮਕ ਹਲਾਲ ਕਰਨਗੇ।



1907 ਦੇ ਦੰਗਿਆਂ ਨੇ ਭਾਰਤੀਆਂ ਦੇ ਸਮੁੱਚੇ ਦ੍ਰਿਸ਼ਟੀਕੋਣ ਨੂੰ ਬਦਲ ਕੇ, ਉਨ੍ਹਾਂ ਨੂੰ ਬਹਿ ਕੇ ਸੋਚਣ ਲਈ ਮਜਬੂਰ ਕੀਤਾ ਤੇ ਫਿਰ ਉਨ੍ਹਾਂ ਵਿਚਕਾਰ ਕਨੇਡਾ ਤੇ ਅਮਰੀਕਾ ਵਿਚ ਆਪਣੀ ਮਾਨਵੀ ਅਣਖ ਦੀ ਬਹਾਲੀ ਤੇ ਭਾਰਤ ਦੀ ਆਜ਼ਾਦੀ ਲਈ ਜੂਝਣ ਹਿਤ ਹਿਲਜੁਲ ਪੈਦਾ ਹੋ ਗਈ।

ਬਰਤਾਨਵੀ ਸਾਮਰਾਜ ਸਰਕਾਰ ਤਾਰਕਨਾਥ ਦਾਸ ਦੇ 'ਫਰੀ ਹਿੰਦੁਸਤਾਨ' ਦੇ ਪ੍ਰਕਾਸ਼ਨ ਨੂੰ ਬੰਦ ਕਰਨ ਲਈ ਨਿਊਯਾਰਕ ਦੀ ਸਰਕਾਰ ਉਪਰ ਦਬਾਅ ਪਾ ਰਹੀ ਸੀ। ਇਸ ਨੂੰ ਇਸ ਕਰ ਕੇ ਇਤਰਾਜ਼ਯੋਗ ਸਮਝਿਆ ਜਾਂਦਾ ਸੀ ਕਿਉਂਕਿ ਇਸ ਵਿਚਲੇ ਬਹੁਤ ਸਾਰੇ ਲੇਖ ਭਾਰਤ ਵਿਚ ਇੰਗਲਸਤਾਨੀ ਹਕੂਮਤ ਵਿਰੁੱਧ ਇਨਕਲਾਬ ਕਰਨ ਦੇ ਸੁਝਾਅ 'ਤੇ ਉਪਦੇਸ਼ ਦੇ ਰਹੇ ਸਨ। 1857-58 ਦੇ ਗ਼ਦਰ ਦੀ ਅਸਫ਼ਲਤਾ ਤੋਂ ਸਬਕ ਲਏ ਜਾ ਰਹੇ ਸਨ। ਇਹ ਕਿਹਾ ਜਾਂਦਾ ਸੀ, ਭਾਰਤ ਦੇ ਸਰਵੋਤਮ ਦਿਮਾਗਾਂ ਵਿਚ ਇਨਕਲਾਬ ਦੀ ਭਾਵਨਾ ਪੈਦਾ ਹੋ ਕੇ ਸਾਰੇ ਭਾਰਤ ਵਿਚ ਜੰਗਲ ਦੀ ਅੱਗ ਵਾਂਗ ਫੈਲ ਰਹੀ ਹੈ.. ਤੇ ਹੁਣ ਲੋਕਾਂ ਦਾ ਇਕ ਹਿੱਸਾ ਬੜੀ ਬਹਾਦਰੀ ਨਾਲ ਇਹ ਐਲਾਨ ਕਰ ਰਿਹਾ ਹੈ ਕਿ ਕਿਸੇ ਵੀ ਸਾਧਨ ਦੀ ਵਰਤੋਂ ਕਰ ਕੇ ਬਦੇਸ਼ੀ ਹਕੂਮਤ ਦਾ ਤਖ਼ਤਾ ਪਲਟਣਾ, ਉਨ੍ਹਾਂ ਦਾ ਹੱਕ ਹੈ। ਕੁਝ ਹਰਮਨ ਪਿਆਰੇ ਦੇਸ਼ ਵਾਸੀਆਂ ਨੇ ਬਰਤਾਨਵੀ ਸਰਕਾਰ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਹੈ ਤੇ ਇਹ ਵਿਚਾਰ ਉਹ ਅਦਾਲਤਾਂ ਸਾਹਮਣੇ ਸ਼ਰੇਆਮ ਪ੍ਰਗਟ ਕਰ ਰਹੇ ਹਨ। ਕੁਝ ਬੰਬਾਂ ਤੇ ਕੁਝ ਪਿਸਤੌਲਾਂ ਦੀ ਵਰਤੋਂ ਕਰ ਰਹੇ ਸਨ ਤੇ ਕੁਝ ਇਕ ਨੇ ਗੱਡੀਆਂ ਨੂੰ ਉਡਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਹੜੇ ਭਾਰਤੀ ਬਰਤਾਨਵੀ ਸਰਕਾਰ ਦੇ ਦੋਸਤ ਜਾਂ ਇਸ ਦੇ ਏਜੰਟ ਹਨ, ਉਨ੍ਹਾਂ ਦੀ ਸਭ ਤੋਂ ਵੱਧ ਗਏ ਗੁਜ਼ਰੇ ਤੇ ਘਿਰਣਾਜਨਕ ਗ਼ੱਦਾਰਾਂ ਦੇ ਤੌਰ 'ਤੇ ਨਿੰਦਾ ਨਿਖੇਧੀ ਕੀਤੀ ਜਾ ਰਹੀ ਹੈ।

ਜ਼ੁਬਾਨੀ ਜਾਂ ਲਿਖਤੀ ਬਰਤਾਨਵੀ ਦਬਾਓ ਅਧੀਨ 'ਫਰੀ ਹਿੰਦੁਸਤਾਨ' ਨਿਊਯਾਰਕ ਦੇ ਗਵਰਨਰ ਐਚ.ਈ. ਚਾਰਲਸ ਈ. ਹੱਗਜ਼ ਦੇ ਧਿਆਨ ਹੇਠ ਲਿਆਂਦਾ ਗਿਆ, ਜਿਸ ਨੇ ਕਾਨੂੰਨੀ ਸਲਾਹ ਲੈਣ ਲਈ ਇਸ ਨੂੰ ਅਗਾਹ ਜ਼ਿਲ੍ਹੇ ਦੇ ਸਰਕਾਰੀ ਵਕੀਲ ਚਾਰਲਸ ਐਸ. ਵਿੱਟਮੈਨ ਕੋਲ ਭੇਜ ਦਿੱਤਾ ਸੀ, ਇਹ ਜਾਣਨ ਲਈ ਕਿ ਕੀ ਫਰੀ ਹਿੰਦੁਸਤਾਨ ਕਿਸੇ ਤਰ੍ਹਾਂ ਨਿਊਯਾਰਕ ਸੂਬੇ ਦੇ ਕਿਸੇ ਕਾਨੂੰਨ ਦੀ ਦਾੜ੍ਹ ਹੇਠ ਆਉਂਦਾ ਹੈ। ਜ਼ਿਲ੍ਹਾ ਵਕੀਲ ਨੇ ਦੰਡਾਵਲੀ ਨੇਮ ਦੀਆਂ ਧਾਰਾਵਾਂ 160 ਤੇ 161 ਦਾ ਬੜਾ ਵੇਰਵਾ ਭਰਪੂਰ ਮੁਤਾਲਿਆ ਕਰ ਕੇ ਇਹ ਰਾਇ ਦਿੱਤੀ—

ਫੌਜਦਾਰੀ ਅਰਾਜਕਤਾ ਦਾ ਅਰਥ ਹੈ ਸੰਗਠਤ ਸਰਕਾਰ ਦੀ ਥਾਂ ਅਰਾਜਕਤਾ ਅਰਥਾਤ ਕਿਸੇ ਵੀ ਸਰਕਾਰ ਦੀ ਗੈਰ-ਮੌਜੂਦਗੀ ਦੀ ਸਥਿਤੀ। ਇਸ ਵਿਚ ਉਨ੍ਹਾਂ ਵਿਅਕਤੀਆਂ ਦੁਆਰਾ ਬਗ਼ਾਵਤ ਜਾਂ ਇਨਕਲਾਬ ਨਹੀਂ ਆਉਂਦਾ ਜੋ ਆਪਣੀ ਵਫ਼ਾਦਾਰੀ ਵਾਲੀ ਸਰਕਾਰ ਨੂੰ ਤਾਨਾਸ਼ਾਹੀ ਸਮਝਦੇ ਹੋਏ ਇਸ ਨੂੰ ਹਿੰਸਕ ਜਾਂ ਕਿਸੇ ਹੋਰ ਢੰਗ ਨਾਲ ਬਦਲਣ ਦੀ ਖਾਹਸ਼ ਰੱਖਦੇ ਹੋਣ।

"..ਇਸ ਲਈ ਮੈਂ ਇਹ ਸਿੱਟਾ ਕੱਢਦਾ ਹਾਂ ਕਿ ਇਸ ਪ੍ਰਕਾਸ਼ਨ ਵਿਚ ਹਾਲ ਦੀ ਘੜੀ ਕੋਈ ਅਜਿਹੀ ਗੱਲ ਨਹੀਂ, ਜੋ ਇਸ ਨੂੰ ਇਸ ਰਾਜ ਵਿਚ ਮਨਾਹੀ ਦੇ ਕਾਨੂੰਨ ਹੇਠ ਲਿਆਉਂਦੀ ਹੋਵੇ ਤੇ ਸਿੱਟੇ ਵਜੋਂ ਇਸ ਨੇ ਕੋਈ ਅਜਿਹਾ ਜੁਰਮ ਨਹੀਂ ਕੀਤਾ, ਜਿਸ ਲਈ ਇਸ ਨੂੰ ਰਾਜ ਦੀਆਂ ਅਦਾਲਤਾਂ ਤਲਬ ਕਰ ਸਕਣ।
ਸਹੀ/ਚਾਰਲਸ ਐਸ ਵਿੱਟਮੈਨ

ਇਸ ਲਈ ਨਿਊਯਾਰਕ ਸੂਬੇ ਦੇ ਦੰਡਾਵਲੀ ਕਾਨੂੰਨਾਂ ਅਧੀਨ 'ਫਰੀ ਹਿੰਦੁਸਤਾਨ' ਆਪਣਾ ਪ੍ਰਕਾਸ਼ਨ ਜਾਰੀ ਰੱਖ ਸਕਦਾ ਸੀ। ਪਰ ਬਰਤਾਨਵੀ ਸ਼ਾਹੀ ਸਰਕਾਰ ਵਲੋਂ ਨਿਊਯਾਰਕ ਦੇ ਗਵਰਨਰ 'ਤੇ ਦਬਾਅ ਵਧ ਰਿਹਾ ਸੀ ਤੇ ਸਿੱਟੇ ਵਜੋਂ ਇਸ ਨੂੰ ਬੰਦ ਕਰਨ ਦਾ ਰਾਹ ਲੱਭ ਲਿਆ ਗਿਆ ਸੀ। ਇਸ ਲਈ ਬਰਤਾਨਵੀ ਖੁਫੀਆ ਪੁਲੀਸ ਦੀ ਕਹਾਣੀ ਸੁਣੋ—

ਫਰੀ ਹਿੰਦੁਸਤਾਨ ਬੰਦ ਕੀਤਾ ਗਿਆ।

ਸਤੰਬਰ 1910 ਵਿਚ 'ਫਰੀ ਹਿੰਦੁਸਤਾਨ' ਦੇ ਪ੍ਰਕਾਸ਼ਨ ਦੇ ਸਿਲਸਿਲੇ 'ਚ ਜ਼ਿਲ੍ਹਾ ਸਰਕਾਰੀ ਵਕੀਲ ਮਿ. ਮੌਸ ਨੇ ਜਾਰਜ ਫਰੀਮੈਨ ਨੂੰ ਆਪਣੇ ਕੋਲ ਤਲਬ ਕੀਤਾ। ਉਹਦੇ ਆਪਣੇ ਵੇਰਵੇ ਅਨੁਸਾਰ ਜ਼ਿਲ੍ਹਾ ਵਕੀਲ ਨੇ ਉਸ ਨੂੰ ਕਿਹਾ, 'ਇਸ ਵਿਚ ਮੁਜਰਮਾਨਾ ਤਾਂ ਕੁਝ ਨਹੀਂ, ਪਰ ਇਸ ਦੇ ਨੇੜੇ ਤੇੜੇ ਦੀ ਗੱਲ ਜ਼ਰੂਰ ਹੈ।' ਇਸ ਪੇਪਰ ਦਾ ਪ੍ਰਕਾਸ਼ਨ ਬੰਦ ਹੋਣ ਤੋਂ ਮਗਰੋਂ ਜਾਰਜ ਫਰੀਮੈਨ ਨੇ ਇਹ ਆਖ ਕੇ ਆਪਣਾ ਪੱਲਾ ਬਚਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਪੈਸੇ ਦੀ ਘਾਟ ਕਾਰਨ ਬੰਦ ਕੀਤਾ ਗਿਆ ਤੇ ਕਿਸੇ ਹੋਰ ਨਾਂ ਹੇਠ ਛੇਤੀ ਹੀ ਮੁੜ ਸ਼ੁਰੂ ਕਰ ਦਿੱਤਾ ਜਾਵੇਗਾ। ਪਰ ਇਹ ਵਾਅਦਾ ਪੂਰਾ ਨਹੀਂ ਸੀ ਕੀਤਾ ਗਿਆ।

(ਚਲਦਾ)

A City Limos Ltd.
Ph: 780-462-4940
Toll Free: 1-888-462-4623
Edmonton-Calgary Vancouver
Wedding
School Proms
Birthday
City Tours
Airport Service
Contact 780-951-7260
e-mail: dhaliwalsd@hotmail.com, www.acitylimousine.com

*'ਨਵੀਂ ਦੁਨੀਆ' ਦੇ ਸਲਾਹਕਾਰ ਮੰਡਲ ਵਿਚ ਸ਼ਾਮਲ ਡਾ. ਕਰਮਜੀਤ ਸਿੰਘ ਮਾਰਕਸਵਾਦੀ ਦਰਸ਼ਨ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਵਿਦਵਾਨ ਹਨ। ਲੋਕ-ਧਾਰਾ ਦੇ ਖੇਤਰ ਵਿਚ ਉਨ੍ਹਾਂ ਵਲੋਂ ਕੀਤਾ ਹੋਇਆ ਕੰਮ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ। 'ਲੋਕ ਗੀਤਾਂ ਦੇ ਨਾਲ-ਨਾਲ' ਕਾਲਮ ਵਿਚ ਪਾਠਕਾਂ ਨੇ ਉਨ੍ਹਾਂ ਦਾ ਇਹ ਕੰਮ ਪੜ੍ਹਿਆ ਅਤੇ ਸਰਾਹਿਆ ਹੈ। ਉਨ੍ਹਾਂ ਕੋਲ ਹਰ ਵਰਤ-ਵਰਤਾਰੇ ਨੂੰ ਮਾਰਕਸੀ ਜੀਵਨ ਦ੍ਰਿਸ਼ਟੀ ਰਾਹੀਂ ਦੇਖਣ ਦੀ ਸੂਝ ਅਤੇ ਪ੍ਰਤੀਬੱਧਤਾ ਹੈ। ਇਸ ਅੰਕ ਤੋਂ ਪਾਠਕ ਡਾ ਕਰਮਜੀਤ ਸਿੰਘ ਵਲੋਂ ਓਸ਼ੋ ਰਜਨੀਸ 'ਤੇ ਇਸੇ ਦ੍ਰਿਸ਼ਟੀਕੋਣ ਤੋਂ ਕੀਤੀ ਹੋਈ ਆਲੋਚਨਾ ਪੜ੍ਹਨਗੇ। ਰਜਨੀਸ਼ ਨੂੰ ਰਜਨੀਸ਼ਵਾਦੀਆਂ ਦੁਆਰਾ ਵੀਹਵੀਂ ਸਦੀ ਦੇ ਸਭ ਤੋਂ ਮਹਾਨ ਚਿੰਤਕ ਦੀ ਉਪਾਧੀ ਦਿੱਤੀ ਜਾਂਦੀ ਹੈ। ਇਹ ਉਪਾਧੀ ਚਿੰਤਕ ਤੋਂ ਅਗੇਰੇ ਤੁਰਦੀ ਤੁਰਦੀ ਰਜਨੀਸ਼ ਨੂੰ ਆਖ਼ੀਰ ਗੁਰੂ ਓਸ਼ੋ ਵਜੋਂ ਸਥਾਪਤ ਕਰਦੀ ਹੈ। ਰਜਨੀਸ਼ ਇਕ ਪੂਰੇ ਪੂਰੇ ਗੁਰੂਡਮ ਦੇ ਸੰਸਥਾਪਕ ਅਤੇ ਸੰਚਾਲਕ ਵਜੋਂ ਸਾਹਮਣੇ ਆਉਂਦਾ ਹੈ। ਉਸ ਦਾ ਚਿੰਤਨ ਉੱਚ ਵਰਗ ਅਤੇ ਉੱਚ ਮੱਧ ਵਰਗ ਦੇ ਇਕ ਹਿੱਸੇ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਦਾ ਹੈ। ਅਜਿਹੇ ਦ੍ਰਿਸ਼ ਵਿਚ ਮਾਰਕਸਵਾਦੀ ਦਰਸ਼ਨ ਨਾਲ ਜੁੜੇ ਚਿੰਤਕਾਂ ਦਾ ਇਸ ਗੱਲ ਲਈ ਸੋਚਣਾ ਜ਼ਰੂਰੀ ਹੋ ਜਾਂਦਾ ਹੈ ਕਿ ਰਜਨੀਸ਼ ਆਪਣੇ ਦਰਸ਼ਨ ਵਿਚ ਕਿਹੜੀਆਂ ਕ੍ਰਾਂਤੀਕਾਰੀ ਨਵੀਆਂ ਗੱਲਾਂ ਕਰ ਰਿਹਾ ਹੈ? ਉਸ ਨੇ ਮਾਰਕਸਵਾਦੀ ਦਰਸ਼ਨ ਦੇ ਮੁਕਾਬਲੇ ਕੀ ਅਜਿਹਾ ਵਿਸ਼ੇਸ਼ ਦੇ ਦਿੱਤਾ ਹੈ ਕਿ ਉਸ ਨੂੰ ਭਵਿੱਖ ਦੇ ਚਿੰਤਕ ਵਜੋਂ ਨਿਰਧਾਰਤ ਕੀਤੇ ਜਾਣ ਦੇ ਯਤਨ ਹੋ ਰਹੇ ਹਨ? ਇਹ ਗੱਲ ਹੀ ਡਾ. ਕਰਮਜੀਤ ਸਿੰਘ ਵਰਗੇ ਮਾਰਕਸਵਾਦੀ ਨੂੰ ਉਤਸ਼ਾਹਿਤ ਅਤੇ ਪ੍ਰੇਰਿਤ ਕਰਦੀ ਹੈ ਕਿ ਰਜਨੀਸ਼ ਦੀ ਫਿਲਾਸਫੀ ਨਾਲ ਸੰਵਾਦ ਛੇੜਿਆ ਜਾਵੇ। ਇਸ ਸੰਵਾਦ ਚਰਚਾ ਵਿਚੋਂ ਜੋ ਉੱਭਰ ਕੇ ਸਾਹਮਣੇ ਆਉਂਦਾ ਹੈ, ਉਸ ਨਾਲ ਰਜਨੀਸ਼ ਦੀ ਫਿਲਾਸਫੀ ਵਿਅਕਤੀਵਾਦ ਦੀਆਂ ਤੰਗ ਵਲਗਣਾਂ ਵਿਚ ਘਿਰੀ ਅੰਤਿਮ ਤੌਰ 'ਤੇ ਅਮਾਨਵੀ ਅਤੇ ਅਰਾਜਕਤਾਵਾਦੀ ਹੋ ਨਿਬੜਦੀ ਹੈ। ਇਸ ਕੇਂਦਰੀ ਤਰਕ ਕਾਰਣ ਹੀ ਇਸ ਤਰਕ ਨੂੰ ਉਭਾਰਨ ਵਾਲੀ ਪੁਸਤਕ ਦਾ ਨਾਮ ਰੱਖਿਆ ਜਾਂਦਾ ਹੈ 'ਰਜਨੀਸ਼ ਬੇਨਕਾਬ'।*

*ਰਜਨੀਸ਼ ਨੂੰ ਬੇਨਕਾਬ ਕਰਨ ਲਈ ਡਾ. ਕਰਮਜੀਤ ਸਿੰਘ ਭਾਵੇਂ ਰਜਨੀਸ਼ ਦੀਆਂ ਦੋ ਸੌ ਤੋਂ ਉੱਪਰ ਉਪਲਬਧ ਪੁਸਤਕਾਂ ਵਿਚੋਂ ਤਿੰਨ ਚਾਰ ਨੂੰ ਹੀ ਆਧਾਰ ਬਣਾਉਂਦੇ ਹਨ। ਪਰ ਉਹ ਇਨ੍ਹਾਂ ਦੇ ਆਧਾਰ ਉੱਪਰ ਹੀ ਰਜਨੀਸ਼ ਦਰਸ਼ਨ ਦੀਆਂ ਜੜ੍ਹਾਂ ਤੱਕ ਪਹੁੰਚ ਜਾਂਦੇ ਹਨ। ਉਹ ਜਰਨੀਸ਼ ਬਾਈਬਲ ਦੀਆਂ ਚਾਰ ਜਿਲਦਾਂ ਦੇ ਵੱਖ ਵੱਖ ਹਿੱਸਿਆਂ ਨਾਲ ਸੰਵਾਦ ਰਚਾਉਂਦੇ ਹਨ। ਇਨ੍ਹਾਂ ਪੁਸਤਕਾਂ ਵਿਚ ਆਏ ਵਿਚਾਰਾਂ ਦੀ ਰੌਸ਼ਨੀ ਵਿਚ ਡਾ. ਕਰਮਜੀਤ ਸਿੰਘ ਬਹੁਤ ਹੀ ਤਰਕ ਨਾਲ ਇਹ ਗੱਲ ਸਥਾਪਤ ਕਰਦੇ ਹਨ ਕਿ ਰਜਨੀਸ਼ 'ਕਿਸੇ ਸਮਾਜਕ ਸੰਸਥਾ, ਰਾਜਨੀਤੀ ਅਤੇ ਸਰਕਾਰ ਵਿਚ ਵਿਸ਼ਵਾਸ਼ ਨਹੀਂ ਰੱਖਦਾ। ਉਹ ਕੇਵਲ ਵਿਅਕਤੀ ਵਿਚ ਵਿਸ਼ਵਾਸ਼ ਰੱਖਦਾ ਹੈ। 'ਨਵੀਂ ਦੁਨੀਆ' - ਰਜਨੀਸ਼ ਬੇਨਕਾਬ- ਪੁਸਤਕ ਵਿਚਲੇ ਇਨ੍ਹਾਂ ਮਹੱਤਵਪੂਰਨ ਲੇਖਾਂ ਨੂੰ ਲੜੀਵਾਰ ਛਾਪਣ ਦੀ ਖ਼ੁਸ਼ੀ ਲੈ ਰਿਹਾ ਹੈ।*

# ਰਜਨੀਸ਼ ਦੇ ਕੁਝ ਆਧਾਰ-ਸਿਧਾਂਤ

ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com



**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਪੰਜਾਬੀ ਜਗਤ ਵਿਚ ਰਜਨੀਸ਼ ਜੀਉਂਦੇ ਜੀਅ ਕਦੇ ਚਰਚਿਤ ਨਹੀਂ ਹੋਇਆ, ਪਰ ਮਰਨ ਤੋਂ ਬਾਅਦ ਪੰਜਾਬੀ ਅਖ਼ਬਾਰਾਂ ਨੇ ਉਸ ਨੂੰ ਖ਼ੂਬ ਉਛਾਲਿਆ। 'ਹਰਕਾਰਾ' ਵਰਗੇ ਤੱਤੇ ਪਰਚੇ ਦਾ ਕੇਵਲ ਰਜਨੀਸ਼ ਲਈ ਪ੍ਰਤੀਬੱਧ ਹੋ ਜਾਣਾ ਬੌਧਿਕ ਹਲਕਿਆਂ ਵਿਚ ਵਿਵਾਦ ਦਾ ਕਾਰਨ ਬਣਿਆ। ਰਜਨੀਸ਼ ਦੀ ਜਪੁਜੀ ਸਾਹਿਬ ਦੀ ਵਿਆਖਿਆ ਨੇ ਧਾਰਮਕ ਹਲਕਿਆਂ ਵਿਚ ਕਾਫੀ ਉਤੇਜਨਾ ਪੈਦਾ ਕੀਤੀ। ਜਿਥੋਂ ਤਕ ਧਾਰਮਕ ਹਲਕਿਆਂ ਦਾ ਸਬੰਧ ਹੈ, ਸਿੱਖ ਕੁਝ ਕਰਨ ਤੋਂ ਬਾਅਦ ਹੀ ਉਸ ਦੇ ਨਤੀਜਿਆਂ ਬਾਰੇ ਸੋਚਦੇ ਹਨ। ਜਦੋਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਰਜਨੀਸ਼ ਸਿੱਖਾਂ ਤੇ ਸਿੱਖ ਗੁਰੂਆਂ ਬਾਰੇ ਕੀ ਸੋਚਦਾ ਸੀ ਤੇ ਜਪੁਜੀ ਦੀ ਵਿਆਖਿਆ ਦੇ ਬਹਾਨੇ ਉਸ ਨੇ ਕੀ ਕੁਝ ਹੋਰ ਵੀ ਪਰੋਸ ਦਿੱਤਾ ਹੈ ਤਾਂ ਉਹ ਇਸ ਉੱਪਰ ਸ਼ਾਇਦ ਫ਼ਤਵਾ ਵੀ ਦੇ ਦੇਣ, ਭਾਵੇਂ ਉਹ ਆਪ ਇਸ ਲਈ ਉਸ ਨੂੰ ਸਿਰੋਪਾ ਵੀ ਦੇ ਚੁੱਕੇ ਸਨ। ਜਦੋਂ ਸਾਹਿਤਕ ਹਲਕਿਆਂ ਵਿਚ, ਬੌਧਿਕ ਲੋਕਾਂ ਵਿਚ 'ਹਰਕਾਰਾ' ਵਰਗੇ ਮੈਗਜ਼ੀਨ ਵਲੋਂ ਰਜਨੀਸ਼ ਦਾ ਸਿੱਧਾ ਪ੍ਰਵੇਸ਼ ਕਰਵਾਉਣ ਦੀ ਕੋਸ਼ਿਸ਼ ਹੋਈ, ਤਾਂ ਇਸ ਦਾ ਗੰਭੀਰ ਨੋਟਿਸ ਲੈਣ ਦੀ ਜ਼ਰੂਰਤ ਸੀ। ਇਸੇ ਦਾ ਨਤੀਜਾ ਹੀ ਇਹ ਪੁਸਤਕ ਹੈ। ਇੱਥੇ ਅਸੀਂ ਉਸ ਦੀਆਂ ਕੁਝ ਦਾਰਸ਼ਨਿਕ ਕਿਸਮ ਦੀਆਂ ਸਥਾਪਨਾਵਾਂ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕਰ ਰਹੇ ਹਾਂ।

ਰਜਨੀਸ਼ ਦਾ ਸੁਝਾਅ/ਉਪਦੇਸ਼ ਇਹ ਹੈ ਕਿ ਆਪਣੇ ਸ਼ੱਕ ਨੂੰ ਕਦੇ ਵੀ ਮਰਨ ਨਾ ਦੇਵੋ। ਬੜਾ ਨੇਕ ਸੁਝਾਅ ਹੈ। ਪਰ ਰਜਨੀਸ਼ ਦਾ ਇਹ ਸੁਝਾਅ ਕਿੱਥੇ ਤਕ ਜਾਂਦਾ ਹੈ, ਇਸ ਨੂੰ ਦੇਖਣਾ ਜ਼ਰੂਰੀ ਹੈ। "ਸ਼ੱਕ ਕਰੋ ਤੇ ਕਰਦੇ ਜਾਉ ਉਦੋਂ ਤਕ ਜਦੋਂ ਤਕ ਤੁਸੀਂ ਕੁਝ ਆਪ ਜਾਣ ਜਾਉਗੇ ਤਾਂ ਤੁਸੀਂ ਸ਼ੱਕ ਨਹੀਂ ਕਰੋਗੇ। ਫਿਰ ਸ਼ੱਕ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਸ਼ੱਕ ਕਰਨ ਦਾ ਕੋਈ ਰਾਹ ਹੀ ਨਹੀਂ ਰਹਿ ਜਾਂਦਾ।" (ਰਜਨੀਸ਼ ਬਾਈਬਲ, ਜਿਲਦ ਪਹਿਲੀ, ਪੰਨਾ-6., ਅਗਾਂਹ ਇਸੇ ਪੁਸਤਕ ਦੇ ਪੰਨੇ ਹੀ ਦਿੱਤੇ ਜਾਣਗੇ।) ਜਿੰਨੀ ਇਹ ਗੱਲ ਕਹਿਣੀ ਸੌਖੀ ਹੈ, ਓਨੇ ਹੀ ਇਸ ਦੇ ਨਤੀਜੇ ਗੰਭੀਰ ਹੋ ਸਕਦੇ ਹਨ। ਪਹਿਲੀ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਰਜਨੀਸ਼ ਆਪਣੇ ਤੋਂ ਪੂਰਵਵਰਤੀ ਹਰ ਧਰਮ ਦੇ ਖ਼ਿਲਾਫ਼ ਹੈ। ਪੈਗੰਬਰ, ਮਸੀਹ, ਰੱਬ, ਤੀਰਥੰਕਰ ਉਨ੍ਹਾਂ ਦੀਆਂ ਪੁਸਤਕਾਂ ਉੱਪਰ ਵਿਸ਼ਵਾਸ ਦੇ ਖ਼ਿਲਾਫ਼ ਹੈ। ਇਹ ਵਿਰੋਧ ਨਫ਼ਰਤ ਦੀ ਹੱਦ ਤਕ



ਜਾਂਦਾ ਹੈ। ਮਹਾਤਮਾ ਬੁੱਧ, ਮਹਾਂਵੀਰ ਨੂੰ ਤਾਂ ਉਹ ਸਭਿਅਕ, ਪੜ੍ਹੇ ਲਿਖੇ ਮੰਨ ਵੀ ਲੈਂਦਾ ਹੈ ਕਿਉਂਕਿ ਉਹ ਰਾਜ ਘਰਾਣਿਆਂ ਵਿਚੋਂ ਆਏ ਹਨ, ਪਰ ਈਸਾ ਨੂੰ ਉਹ ਕਿਤੇ ਵੀ ਨਹੀਂ ਬਖ਼ਸ਼ਦਾ। ਕਿਉਂ? ਕਿਉਂਕਿ ਉਹ ਅਨਪੜ੍ਹ ਹੈ, ਅਸਭਿਅਕ ਹੈ ਤੇ ਦਾਸ ਵੀ ਹੈ। ਉਹ ਭੀੜ ਦਾ ਹਿੱਸਾ ਬਣਨਾ ਚਾਹੁੰਦਾ ਹੈ। ਸਭ ਤੋਂ ਵੱਧ ਮਾੜੀ ਗੱਲ ਕਿ ਉਹ ਕਾਰੀਗਰ ਤਰਖਾਣ ਹੈ। ਰਜਨੀਸ਼ ਦੇ ਭਾਰਤੀ ਸੰਸਕਾਰ ਜਾਤ ਪਾਤ ਵਿਚ ਗ੍ਰਸੇ ਹੋਏ ਹਨ। ਇਸੇ ਲਈ ਉਹ ਕਬੀਰ ਨੂੰ ਵੀ ਈਸਾ ਨਾਲ ਰਲਾ ਦਿੰਦਾ ਹੈ। ਗਰੀਬਾਂ ਪ੍ਰਤੀ/ਲਿਤਾੜਿਆਂ ਪ੍ਰਤੀ, ਉਨ੍ਹਾਂ ਦੇ ਆਗੂਆਂ ਪ੍ਰਤੀ ਇਹੋ ਜਿਹਾ ਵਿਹਾਰ ਰਜਨੀਸ਼ ਦੀ ਕੁਲੀਨ ਵਰਗੀ ਮਾਨਸਿਕਤਾ ਦਾ ਇਜ਼ਹਾਰ ਹੀ ਤਾਂ ਹੈ। ਉਹ ਕਹਿੰਦਾ ਹੈ, "ਈਸਾ ਜਾਂ ਕਬੀਰ ਵਰਗੇ ਕੋਰੇ ਅਨਪੜ੍ਹਾਂ ਲਈ ਦਾਅਵਾ ਕਰਨਾ ਜਾਂ ਪੂਰੇ ਜ਼ੋਰ ਨਾਲ ਕਿਸੇ ਗੱਲ ਦਾ ਇਜ਼ਹਾਰ ਕਰਨਾ ਬੜਾ ਆਸਾਨ ਕੰਮ ਹੈ। ਆਪਣੇ ਆਲੇ ਦੁਆਲੇ ਮੂਰਖਾਂ ਦਾ ਟੋਲਾ ਇਕੱਠਾ ਕਰੋ, ਜੋ ਦੁਨੀਆ ਵਿਚ ਸਭ ਤੋਂ ਆਸਾਨ ਕੰਮ ਹੈ। ਗਲੀ ਵਿਚ ਸਿਰ ਭਾਰ ਖੜੇ ਹੋਵੋ, ਮੂਰਖ ਦੌੜਦੇ ਆਉਣਗੇ।" (ਪੰਨਾ-303.) ਰਜਨੀਸ਼ ਜਦੋਂ ਕਬੀਰ ਬਾਣੀ ਦੀ ਵਿਆਖਿਆ ਕਰਦਾ ਹੈ ਤਾਂ ਉਸੇ ਕਬੀਰ ਦੀ ਬਾਣੀ ਰਾਹੀਂ ਆਪਣੇ ਵਿਚਾਰਾਂ ਨੂੰ ਪੇਸ਼ ਕਰ ਰਿਹਾ ਹੁੰਦਾ ਹੈ। ਉਹ ਬ੍ਰਾਹਮਣਵਾਦ ਵਲੋਂ ਭਾਰਤ ਦੇ ਚੌਥਾਈ ਹਿੱਸੇ ਨੂੰ ਅਛੂਤ ਬਣਾਉਣ ਦੀ ਗੱਲ ਕਰਦਾ ਹੈ, ਪਰ ਬ੍ਰਾਹਮਣ ਦੀ ਬੌਧਿਕ ਉੱਚਤਾ ਨੂੰ ਪ੍ਰਵਾਨ ਕਰ ਕੇ ਅਲੈਗਜ਼ਾਂਡਰ ਤੇ ਉਨ੍ਹਾਂ ਨਾਲ ਜੁੜੀਆਂ ਕਹਾਣੀਆਂ (ਜੋ ਦੰਤ ਕਥਾਵਾਂ ਹਨ) ਸੁਆਦ ਲੈ ਲੈ ਸੁਣਾਉਂਦਾ ਹੈ। ਇਹ ਹੈ ਸਾਰ ਰਜਨੀਸ਼ ਦਾ।

ਰਜਨੀਸ਼ ਜਦੋਂ ਸ਼ੱਕ ਦਾ ਡੰਡਾ ਮਿੱਥਾਂ ਅਤੇ ਦੰਤ ਕਥਾਵਾਂ ਉੱਪਰ ਚਲਾਉਂਦਾ ਹੈ ਤਾਂ ਉਹ ਬੇਹੁਦਗੀ ਦੀ ਹੱਦ ਤਕ ਚਲਾ ਜਾਂਦਾ ਹੈ। ਬਾਈਬਲ ਦੀ ਆਦਮ ਤੇ ਹਵਾ ਦੀ ਮਿੱਥ, ਈਸਾ ਮਸੀਹ ਦੀ ਸੂਲੀ ਚਾੜ੍ਹਨ ਸਮੇਂ ਨਾਲ ਜੁੜੀਆਂ ਦੰਤ ਕਥਾਵਾਂ, ਬੋਧ ਜਾਤਕ ਕਥਾਵਾਂ, ਤੀਰਥੰਕਰਾਂ ਨਾਲ ਜੁੜੀਆਂ ਕਥਾਵਾਂ ਨਾਲ ਉਹ ਬੜੇ ਵੱਡੇ ਭਲਵਾਨਾਂ ਵਾਂਗ ਦੰਗਲ ਵਿਚ ਉੱਤਰਦਾ ਹੈ, ਤੇ ਹਰ ਲੈਕਚਰ ਵਿਚ ਇਨ੍ਹਾਂ ਨਾਲ ਜੂਝਦਾ ਹੈ, ਪਰ ਲੱਗਦਾ ਬੜਾ ਬਚਗਾਨਾ ਹੈ ਕਿਉਂਕਿ ਤੁਸੀਂ ਹਵਾਈ ਦੁਸ਼ਮਣ ਨਾਲ ਲੜਨ ਲਈ ਲੰਗੋਟ ਕੱਸੀ ਫਿਰੋ ਤਾਂ ਤੁਹਾਨੂੰ ਕੋਈ ਭਲਾ-ਮਾਣਸ ਨਹੀਂ ਕਹੇਗਾ। ਹਾਂ, ਤੁਹਾਡੇ ਆਪਣੇ ਏਜੰਟ ਤਾੜੀਆਂ ਮਾਰ ਸਕਦੇ ਹਨ, ਜਾਂ ਘੁੱਗੂ ਬਣ ਕੇ ਸੁਣੀ ਜਾਂਦੇ ਹਨ ਜਾਂ ਫਿਰ ਮੂੰਹ ਤੱਕੀ ਜਾਂਦੇ ਹਨ।

ਜਦੋਂ ਅਸੀਂ ਮਿੱਥਾਂ ਤੇ ਦੰਤ ਕਥਾਵਾਂ ਦੀ ਪ੍ਰਕ੍ਰਿਤੀ ਉੱਪਰ ਵਿਚਾਰ ਕਰਦੇ ਹਾਂ ਤਾਂ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਕਾਲਪਨਿਕ ਸਿਰਜਣਾਵਾਂ ਦੇ ਪੈਰ ਵੀ ਯਥਾਰਥ ਵਿਚ ਹੀ ਹੁੰਦੇ ਹਨ। ਮਨੁੱਖ ਆਪਣੇ ਇਤਿਹਾਸਕ ਕਾਲ ਖੰਡ ਦੀ ਚੇਤਨਾ ਅਨੁਸਾਰ ਹੀ ਸਵਾਲਾਂ ਦੇ ਜਵਾਬ ਲੱਭਦਾ ਹੈ। ਅੱਜ ਤੋਂ ਦੋ ਹਜ਼ਾਰ ਸਾਲ ਪਹਿਲਾਂ ਦੀ ਤਾਂ ਗੱਲ ਛੱਡੋ, ਅੱਜ ਵੀ ਮਨੁੱਖ ਕਈ ਵਾਰ ਵਿਗਿਆਨ ਦੇ ਯੁੱਗ ਵਿਚ ਨਹੀਂ ਸਗੋਂ ਸਦੀਆਂ ਪਹਿਲਾਂ ਦੀ ਮਾਨਸਿਕਤਾ ਵਿਚ ਰਹਿ ਰਿਹਾ ਹੁੰਦਾ ਹੈ, ਇਸੇ ਲਈ ਉਹ ਇਨ੍ਹਾਂ ਮਿੱਥਾਂ, ਦੰਤ ਕਥਾਵਾਂ ਵਿਚ ਵਿਸ਼ਵਾਸ ਕਰਦਾ ਹੈ। ਸਮਾਜਵਾਦੀ ਦੇਸ਼ਾਂ ਦੇ ਤਜਰਬੇ ਵਿਚ ਕੋਸ਼ਿਸ਼ ਹੋਈ ਕਿ ਵਿਗਿਆਨਕ ਸਮਾਜਕ ਮਾਹੌਲ ਦਿੱਤਾ ਜਾਵੇ, ਜਿਸ ਨੂੰ ਅੰਦਰੋਂ ਬਾਹਰੋਂ ਦੁਸ਼ਮਣਾਂ ਨੇ ਬਰਦਾਸ਼ਤ ਨਹੀਂ ਕੀਤਾ। ਰਜਨੀਸ਼ ਵੀ ਇਸ ਦੇ ਖਿਲਾਫ਼ ਹੈ ਤੇ ਜਿਸ ਸਰਮਾਏਦਾਰੀ ਵਿਵਸਥਾ ਦਾ ਉਹ ਆਪ ਬੁਲਾਰਾ ਹੈ, ਉਸ ਵਿਚ ਮੁਨਾਫ਼ੇ ਦੀ ਆਪਾ-ਧਾਪੀ, ਵਿਅਕਤੀਗਤ ਗਰਜ਼ਾਂ ਤੋਂ ਉੱਪਰ ਨਹੀਂ ਉੱਠਣ ਦਿੰਦੀ। ਇਸੇ ਲਈ ਲੋਕਾਂ ਨੂੰ ਵਿਗਿਆਨਕ ਮਾਹੌਲ ਕੌਣ ਦੇਵੇ? ਰਜਨੀਸ਼ ਵਿਅਕਤੀਵਾਦੀ ਹੈ, ਉਹ ਆਪ ਤੋਂ ਉੱਪਰ ਉੱਠਣਾ ਮੂਰਖਤਾ ਮੰਨਦਾ ਹੈ, ਫਿਰ ਤੁਸੀਂ ਜਿੰਨਾ ਮਰਜ਼ੀ ਮਿੱਥਾਂ ਦੇ ਖ਼ਿਲਾਫ਼ ਲਾਠੀਆਂ ਚੁੱਕੀ ਫਿਰੋ, ਉਹ ਮਨੁੱਖਤਾ ਦਾ ਖਹਿੜਾ ਨਹੀਂ ਛੱਡਣਗੀਆਂ। ਮਿੱਥਾਂ ਵਿਚ ਬ੍ਰਹਿਮੰਡ ਸਿਰਜਣਾ ਤੋਂ ਲੈ ਕੇ ਧਰਤੀ ਉੱਪਰ ਮਨੁੱਖ ਦੇ ਆਉਣ ਤਕ ਦੇ ਕਾਰਨ ਲੱਭੇ ਗਏ ਹਨ, ਆਪਣੇ ਇਤਿਹਾਸਕ ਚੌਖਟੇ ਦੀ ਸੋਚ ਵਿਚ ਪਹਿਲਾਂ ਜਾਦੂ ਵਿਚ, ਫਿਰ ਧਰਮ ਵਿਚ, ਤੇ ਅੱਜ ਵਿਗਿਆਨ ਵਿਚ। ਰਜਨੀਸ਼ ਲਈ ਇਤਿਹਾਸਕ ਸੰਦਰਭ ਕੋਈ ਅਰਥ ਨਹੀਂ ਰੱਖਦਾ। ਉਪਰੋਕਤ ਸੋਚ ਅਧੀਨ ਆਦਮ ਹਵਾ ਦੀ ਮਿੱਥ ਸਿਰਜੀ ਗਈ ਹੈ, ਇਸੇ ਤਰ੍ਹਾਂ ਦੀਆਂ ਦੁਨੀਆ ਭਰ ਵਿਚ ਹਜ਼ਾਰਾਂ ਮਿੱਥਾਂ ਪ੍ਰਚੱਲਤ ਹਨ, ਉਨ੍ਹਾਂ ਦਾ ਨਕਾਰਨ ਵਿਗਿਆਨਕ ਸੋਚ ਵਿਚ ਹੈ, ਹਵਾਈ ਲੜਾਈਆਂ ਵਿਚ ਨਹੀਂ।

ਦੂਸਰੀ ਗੱਲ ਸ਼ੱਕ ਦੀ, ਦੰਤ ਕਥਾਵਾਂ ਉੱਪਰ। ਹਰ ਫ਼ਿਰਕਾ ਆਪਣੇ ਇਸ਼ਟ ਦੇਵ ਦੀ ਸਰਵਉੱਚਤਾ ਸਿੱਧ ਕਰਨ ਲਈ ਉਸ ਨਾਲ ਅਸੰਭਵ ਘਟਨਾਵਾਂ, ਦੰਤ ਕਥਾਵਾਂ ਜੋੜਦਾ ਹੈ। ਈਸਾ ਵਲੋਂ ਮੁਰਦਾ ਜਗਾਉਣਾ, ਪਾਣੀ ਦਾ ਸ਼ਰਾਬ ਬਣਾਉਣਾ, ਪੱਥਰ ਨੂੰ ਰੋਟੀ ਵਿਚ ਬਦਲਣਾ, ਪਾਣੀ ਉੱਪਰ ਤੁਰਨਾ ਆਦਿ ਦੰਤ ਕਥਾਵਾਂ ਹਨ, ਜਿਨ੍ਹਾਂ ਉੱਪਰ ਕਿੰਤੂ ਨਹੀਂ ਕੀਤਾ ਜਾਂਦਾ ਤੇ ਨਾ ਹੀ ਈਸਾ ਦੇ ਕੁਆਰੀ ਦੇ ਪੇਟੋਂ ਜੰਮਣ ਉੱਪਰ, ਜਾਂ ਈਸਾ ਦੀ ਸੂਲੀ ਚੜ੍ਹਨ ਤੋਂ ਬਾਅਦ ਕਬਰ ਵਿਚੋਂ ਉੱਠਣ ਬਾਰੇ ਪ੍ਰਸ਼ਨ ਕੀਤਾ ਜਾਂਦਾ ਹੈ। ਉਸ ਤਰ੍ਹਾਂ ਵਿਗਿਆਨਕ ਸੋਚ ਇਨ੍ਹਾਂ ਘਟਨਾਵਾਂ ਦੀ ਅਸਲੀਅਤ ਸਮਝਦੀ ਹੈ। ਪਰ ਇਕ ਮਿੱਥ ਨੂੰ ਤੋੜਨ ਲਈ ਅਨੇਕ ਤਰ੍ਹਾਂ ਦਾ ਹੋਰ ਖੇਹ ਸੁਆਹ ਜੋੜ ਦੇਣਾ, ਮਿੱਥਾਂ ਤੇ ਦੰਤ ਕਥਾਵਾਂ ਨਾਲ ਘੁਲਣ ਲਈ ਗ਼ਲਤ ਦਾਅ ਹੈ, ਜਿਵੇਂ ਬਾਈਬਲ ਦੇ ਸ਼ੈਤਾਨ ਸੱਪ ਦੀ ਭਾਰਤੀ ਸੱਪ ਨਾਲ ਤੁਲਨਾ ਵਿਚ, ਚੰਗਾ ਮੰਨ ਕੇ ਸ਼ੈਤਾਨ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰਨੀਆਂ, ਈਸਾ ਨੂੰ ਮਰਿਆ ਹੀ ਨਾ ਮੰਨ ਕੇ ਕਸ਼ਮੀਰ ਉਸ ਦੀ ਕਬਰ ਲੱਭ ਲੈਣੀ, ਜਾਂ ਕਰਾਈਸਟ ਨੂੰ ਕ੍ਰਿਸ਼ਨ ਦਾ ਬਦਲਿਆ ਰੂਪ ਦੱਸਣਾ, ਕੁਤਰਕ ਕਰਨ ਤੋਂ ਵੱਧ ਕੁਝ ਨਹੀਂ।

**(ਬਾਕੀ ਅਗਲੇ ਅੰਕ 'ਚ)**

GILL HOME INSPECTION LTD.
COMMERCIAL & RESIDENTIAL
Registered Home Inspector **Kulvir Gill**
GHI
Ontario Association of Certified Home Inspectors
OAHI
ਗਰੇਟਰ ਟਰਾਂਟੋ ਵਿੱਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
Cell: 416 839 3436 Ph: 905 479 5807

# ਸ਼ਿਲਪੀ ਹੁਨਰ ਤੇ ਪੁਖ਼ਤਾ ਖ਼ਿਆਲਾਂ ਦਾ ਸ਼ਾਇਰ ਮਨਜੀਤ ਪੁਰੀ



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com



ਮਨਜੀਤ ਪੁਰੀ
+91-98148-15026

ਪੰਜਾਬੀ ਸਾਹਿਤ ਵਿਚ ਅੱਜਕਲ੍ਹ ਗ਼ਜ਼ਲ ਲਿਖਣ ਦਾ ਫ਼ੈਸ਼ਨ ਚੱਲ ਰਿਹਾ ਹੈ। ਸਾਹਿਤ ਪਿੜ ਵਿਚ ਆਉਣ ਵਾਲਾ ਹਰ ਨਵਾਂ ਲੇਖਕ ਪਹਿਲਾਂ ਗ਼ਜ਼ਲ ਨੂੰ ਹੀ ਹੱਥ ਪਾਉਂਦਾ ਹੈ। ਜਦਕਿ ਗ਼ਜ਼ਲ ਸੌਖੀ ਵਿਧਾ ਨਹੀਂ ਹੈ ਪਰ ਸ਼ਾਇਦ ਇਹ ਗ਼ਜ਼ਲ ਦੀ ਮਕਬੂਲੀਅਤ ਹੈ ਕਿ ਜਿਹਦੇ ਕਰ ਕੇ ਨੌਜਵਾਨ ਲੇਖਕਾਂ ਦਾ ਇਹਦੇ ਵੱਲ ਜ਼ਿਆਦਾ ਰੁਝਾਨ ਹੈ। ਪਰ ਪੰਜਾਬੀ ਵਿਚ ਲਿਖੀ ਜਾ ਰਹੀ ਗ਼ਜ਼ਲ ਦਾ ਵੱਡਾ ਹਿੱਸਾ ਸਤੱਈ ਅਤੇ ਕਾਫ਼ੀਆ ਪੈਮਾਈ ਤਕ ਹੀ ਸੀਮਤ ਹੈ। ਗ਼ਜ਼ਲ ਲਿਖਣ/ ਲਿਖਵਾਉਣ ਦੇ ਇਸ ਸ਼ੌਕੀਲੇ ਦੌਰ ਵਿਚ ਕੁਝ ਨੌਜਵਾਨਾਂ ਨੇ ਬੜੇ ਪੁਖ਼ਤਾ ਅੰਦਾਜ਼ ਗ਼ਜ਼ਲ ਦੇ ਖੇਤਰ ਵਿਚ ਪ੍ਰਵੇਸ਼ ਕੀਤਾ ਹੈ। ਇਨ੍ਹਾਂ ਨੌਜਵਾਨਾਂ ਵਿਚੋਂ ਮਨਜੀਤ ਪੁਰੀ ਦਾ ਨਾਂਅ ਉਘੜਵਾਂ ਹੈ। ਮਨਜੀਤ ਪੁਰੀ ਕੋਲ ਜਿਥੇ ਗ਼ਜ਼ਲ ਕਹਿਣ ਦਾ ਸ਼ਿਲਪੀ ਹੁਨਰ ਹੈ, ਉਥੇ ਉਹਦੇ ਖ਼ਿਆਲਾਂ ਵਿਚ ਕਮਾਲ ਦੀ ਪ੍ਰਤੀਬੱਧਤਾ ਵੀ ਝਾਤ-ਝਾਤ ਕਰਦੀ ਹੈ। ਮਨਜੀਤ ਦੀਆਂ ਗ਼ਜ਼ਲਾਂ ਵਿਚ ਸਮਾਜ ਅਤੇ ਸਾਹਿਤ ਵਿਚ ਹੁੰਦੇ ਰਵਾਇਤੀ ਵਰਤਾਰਿਆਂ 'ਤੇ ਤੀਖਣ ਵਿਅੰਗ ਵੀ ਨਜ਼ਰ ਆਉਂਦਾ ਹੈ। ਮਨਜੀਤ ਜਾਣਦਾ ਹੈ ਕਿ ਨਿਰੀ ਕਾਫ਼ੀਆ ਪੈਮਾਈ ਹੀ ਗ਼ਜ਼ਲ ਨਹੀਂ ਹੈ ਸਗੋਂ ਖ਼ਿਆਲਾਂ ਵਿਚ ਪੁਖ਼ਤਗੀ ਦਾ ਨਿਰੰਤਰ ਸਿਲਸਿਲਾ ਹੀ ਕਿਸੇ ਸ਼ਾਇਰ ਨੂੰ ਗ਼ਜ਼ਲ ਦੇ ਖੇਤਰ ਵਿਚ ਨਾਮਣਾ ਦਿਵਾ ਸਕਦਾ ਹੈ। ਅਦਾਰਾ 'ਨਵੀਂ ਦੁਨੀਆ' ਮਨਜੀਤ ਪੁਰੀ ਦੀਆਂ ਗ਼ਜ਼ਲਾਂ ਆਪਣਾ ਪਾਠਕਾਂ ਦੇ ਰੂ-ਬ-ਰੂ ਕਰਨ ਦੀ ਖ਼ੁਸ਼ੀ ਲੈ ਰਿਹਾ ਹੈ।

(1)

ਉਹ ਲੈ ਕੇ ਸ਼ਹਿਰ ਅੰਦਰ ਕਹਿਣ ਨੂੰ ਗੁਲਜ਼ਾਰ ਆਏ ਨੇ।
ਤੇ ਭਰ ਕੇ ਝੋਲੀਆਂ ਵਿਚ ਸੁਲਘਦੇ ਅੰਗਿਆਰ ਆਏ ਨੇ।

ਫੈਲਾਉਂਦੇ ਨ੍ਹੇਰ ਨੇ ਤੇ ਗੀਤ ਪਰ ਚਾਨਣ ਦੇ ਗਾਉਂਦੇ ਨੇ
ਇਹ ਨਕਲੀ ਚਿਹਰਿਆਂ ਵਾਲੇ ਕੇਹੇ ਫ਼ਨਕਾਰ ਆਏ ਨੇ।

ਅਜਬ ਹਾਲਾਤ ਕਿ ਪਹਿਲਾਂ ਅਸਾਡੇ ਸਿਰ ਕਲਮ ਕੀਤੇ
ਤੇ ਮਗਰੋਂ ਤੋਹਫੇ ਦੇ ਵਿੱਚ ਲੈ ਕੇ ਉਹ ਦਸਤਾਰ ਆਏ ਨੇ।

ਸਿਆਸਤ ਤਾਂ ਅਜੇ ਵੀ ਹੱਕ ਬਦਲੇ ਖ਼ੂਨ ਮੰਗਦੀ ਹੈ
ਤੇ ਐਵੇਂ ਕਹਿਣ ਨੂੰ ਹੀ ਗੱਦੀ 'ਤੇ ਗ਼ਮਖਾਰ ਆਏ ਨੇ।

ਜੋ ਕਰਦੇ ਕਤਲ ਨੇ ਰੱਖਦੇ ਮਗਰ ਨੇ ਜਿਉਂਦੀਆਂ ਲਾਸ਼ਾਂ
ਏਹ ਕੇਹੇ ਸ਼ਹਿਰ ਅੰਦਰ ਹਵਸ ਦੇ ਹਥਿਆਰ ਆਏ ਨੇ।

ਸਿਤਮ ਦੀ ਹੱਦ ਹੈ ਸਾਨੂੰ ਅਮਨ ਦੇ ਗੁਰ ਸਿਖਾਉਂਦੇ ਨੇ
ਤੇ ਖ਼ੁਦ ਹੱਥਾਂ 'ਚ ਫੜ ਕੇ ਲਿਸ਼ਕਦੀ ਤਲਵਾਰ ਆਏ ਨੇ।

(2)

ਬਣਾ ਕੇ ਫੁੱਲ ਕਾਗਜ਼ ਦੇ ਮਹਿਕ ਦੀ ਆਸ ਕਰਦਾ ਹੈ।
ਉਹ ਮੁਰਦਾ ਹੋ ਕੇ ਐਵੇਂ ਜੀਣ ਦਾ ਅਭਿਆਸ ਕਰਦਾ ਹੈ।

ਤੁਸੀਂ ਹੋ ਮਖ਼ਮਲੀ ਚੋਲੇ 'ਚੋਂ ਜਿਸਨੂੰ ਲੱਭਦੇ ਫਿਰਦੇ
ਉਹ ਤਾਂ ਝੁੱਗੀਆਂ ਦੇ ਮੈਲੇ ਵਸਤਰਾਂ ਵਿੱਚ ਵਾਸ ਕਰਦਾ ਹੈ।

ਉਹ ਹੈ ਮਨਸੂਰ ਨਕਲੀ ਤੇ ਓਹਦੀ ਸੂਲੀ ਵੀ ਨਕਲੀ ਹੈ
ਤੇ ਸਾਡੇ ਸਾਹਵੇਂ ਨਕਲੀ ਮਰਨ ਦੀ ਉਹ ਰਾਸ ਕਰਦਾ ਹੈ।

ਅਜਬ ਹੈ ਉਹ ਕਿ ਉਡਦੇ ਪੰਛੀਆਂ ਦੇ ਖੰਭ ਕੱਟ ਦੇਵੇ
ਜੋ ਜੰਮਦੇ ਬੋਟਾਂ ਦੀ ਪਰਵਾਜ਼ ਲਈ ਅਰਦਾਸ ਕਰਦਾ ਹੈ।

ਬੜੇ ਕਿਰਦਾਰ ਉਦ੍ਹੇ ਕਿ ਰਾਮ ਬਣ ਕੇ ਪਰਤ ਆਉਂਦਾ ਹੈ
ਕਦੇ ਉਹ ਬੁੱਧ ਬਣ ਕੇ ਮਹਿਲ 'ਚੋਂ ਬਨਵਾਸ ਕਰਦਾ ਹੈ।

ਮੇਰੇ ਖ਼ਾਬਾਂ ਦੀ ਭਾਸ਼ਾ ਉਮਰ ਭਰ ਉਹ ਸਮਝ ਨਹੀਂ ਸਕਦਾ
ਉਹ ਜਿਹੜਾ ਤੋਤਿਆਂ ਦੀ ਬੋਲੀ 'ਤੇ ਵਿਸ਼ਵਾਸ ਕਰਦਾ ਹੈ।

(3)

ਘੜੀ ਸਮਿਆਂ ਦੀ ਫਿਰ ਉਥੇ ਦੀ ਉਥੇ ਹੀ ਖੜ੍ਹੀ ਹੈ।
ਮੇਰੇ ਪਿੱਛੇ ਔਰੰਗੇ, ਸਾਹਮਣੇ ਸਰਸਾ ਚੜ੍ਹੀ ਹੈ।

ਉਦ੍ਹੇ ਆਖੇ ਬੇਦਾਵਾ ਲਿਖਣ ਤੋਂ ਮੁਨਕਰ ਜਾਂ ਹੋਇਆ
ਮੇਰੇ ਘਰ ਨੂੰ ਬਣਾ ਰੱਖਿਆ ਉਨ੍ਹੇ ਕੱਚੀ ਗੜ੍ਹੀ ਹੈ।

ਅਜੇ ਵੀ ਸਿਦਕ ਸਾਡਾ ਓਵੇਂ ਨੀਂਹਾਂ ਵਿੱਚ ਖੜ੍ਹਾ ਹੈ
ਅਜੇ ਵੀ ਅਣਖ ਨੂੰ ਦੱਬਣਾ ਵਜ਼ੀਰੇ ਦੀ ਅੜੀ ਹੈ।

ਤੁਸੀਂ ਇਤਿਹਾਸ ਨੂੰ ਬਸ ਵਾਚਿਆ ਹੈ ਤਖ਼ਤ ਤੀਕਰ
ਅਸੀਂ ਤਾਰੀਖ਼ ਘਰ ਤੋਂ ਜੰਗਲਾਂ ਤੀਕਰ ਪੜ੍ਹੀ ਹੈ।

ਅਸੀਂ ਹੁਣ ਜਾਣਦੇ ਹਾਂ ਬਗਲ ਤੇਰੀ ਵਿਚ ਛੁਰੀ ਹੈ
ਤੇ ਐਵੇਂ ਰਾਸ ਲਈ ਹੀ ਬੰਸਰੀ ਹੱਥੀਂ ਫੜੀ ਹੈ।

'ਹੈ ਲੱਗਦਾ ਕੈਦ ਕਰਨਾ ਪੈਣੈ ਤੈਨੂੰ ਬੁਰਜ ਠੰਢੇ'
ਉਹ ਕਹਿੰਦੇ ਤੇਰੇ ਸੀਨੇ ਵਿਚ ਵੀ ਗਰਮੀ ਬੜੀ ਹੈ।

---------------

(4)

ਮੇਰੇ ਬੱਚੇ ਮੇਰੇ ਤੋਂ ਸ਼ਹਿਰ ਦੇ ਹਾਲਾਤ ਪੁੱਛਦੇ ਨੇ।
ਕਦੋਂ ਹੋਣੀ ਹੈ ਸੜਦੀ ਮਿੱਟੀ 'ਤੇ ਬਰਸਾਤ ਪੁੱਛਦੇ ਨੇ।

ਜਿਨ੍ਹਾਂ ਖ਼ਾਤਰ ਬੜੇ ਮੈਂ ਸੜ ਰਹੇ ਮੌਸਮ ਹੰਢਾਏ ਨੇ,
ਕੀ ਹਾਲੇ ਤੀਕ ਵੀ ਜ਼ਿੰਦਾ ਨੇ ਉਹ ਜਜ਼ਬਾਤ ਪੁੱਛਦੇ ਨੇ।

ਮੇਰਾ ਕੀ ਰੰਗ ਹੈ, ਕੀ ਨਸਲ ਤੇ ਕੀ ਜ਼ਾਤ ਹੈ ਮੇਰੀ
ਇਹ ਪਾਣੀ ਪਿਆਸ ਤੋਂ ਪਹਿਲਾਂ ਮੇਰੀ ਔਕਾਤ ਪੁੱਛਦੇ ਨੇ।

ਘਰਾਂ ਦੀ ਛੱਤ ਥੱਲੇ ਘਿਰ ਗਏ ਹੈਰਾਨ ਹੁੰਦੇ ਨੇ
ਮੈਂ ਅੰਬਰ ਨਾਲ ਕਰਦਾ ਹਾਂ ਕਿਵੇਂ ਗੱਲਬਾਤ ਪੁੱਛਦੇ ਨੇ।

ਕਿਵੇਂ ਆਖਾਂ ਉਨ੍ਹਾਂ ਦੀ ਝਾਕਣੀ ਵਿੱਚ ਫਰਕ ਨਹੀਂ, ਜਿਹੜੇ
ਮੇਰੇ ਸੀਨੇ 'ਚ ਵਗਦੇ ਸਾਹਾਂ ਦੀ ਵੀ ਜ਼ਾਤ ਪੁੱਛਦੇ ਨੇ।

---------------

(5)

ਬਣਾਵੇ ਪਿੰਜਰੇ ਰੱਖੇ ਮਗਰ ਪੰਛੀ ਵੀ ਪਾਲ ਕੇ
ਤੇ ਵੇਚੇ ਸ਼ਹਿਰ ਵਿੱਚ ਤਲਵਾਰ ਨੂੰ ਬੰਸੀ 'ਚ ਢਾਲ ਕੇ

ਬੜਾ ਉਸਤਾਦ ਹੈ ਸਾਨੂੰ ਦਿਖਾ ਕੇ ਤਾਰਿਆਂ ਦੀ ਲੋਅ
ਉਹ ਸਾਡੇ ਵੀ ਘਰਾਂ ਦਾ ਲੈ ਗਿਆ ਸੂਰਜ ਉਧਾਲ ਕੇ

ਬੜੇ ਵਾਰੀ ਉਹ ਸਾਨੂੰ ਛੱਡ ਕੇ ਤੁਰ ਜਾਵੇ ਚੀਕਦੇ
ਬੜੇ ਵਾਰੀ ਸੁਣਾਵੇ ਬਾਤ ਸੁੱਤਿਆਂ ਨੂੰ ਉਠਾਲ ਕੇ

ਉਹ ਆਖੇ ਰੁੱਤ ਸੁੱਕੀ ਨੂੰ ਕਿ ਹੈ ਮੌਸਮ ਬਹਾਰ ਦਾ
ਤੇ ਸਾਨੂੰ ਹੈ ਵਰਾਉਂਦਾ ਪਾਣੀ ਦੀ ਫੋਟੋ ਦਿਖਾਲ ਕੇ

ਹਨ੍ਹੇਰੀ ਵਾਂਗ ਆਉਣਾ ਰੋਜ਼ ਦੀ ਹੀ ਜ਼ਿਦ ਹੈ ਓਸਦੀ
ਅਸਾਡਾ ਵੀ ਸਿਦਕ ਹੈ ਰੋਜ਼ ਦੀਵੇ ਧਰਨੇ ਬਾਲ ਕੇ

---------------

(6)

ਅਸਾਡਾ ਵੀ ਕਿਸੇ ਢੰਗ ਨਾਲ ਇਕ ਸੰਸਾਰ ਬਣ ਜਾਂਦਾ।
ਤੂੰ ਕੁਝ ਨਾ ਕੁਝ ਤਾਂ ਬਣਦਾ ਫੁੱਲ ਨਹੀਂ ਤਾਂ ਖਾਰ ਬਣ ਜਾਂਦਾ।

ਇਹ ਮਲਬਾ ਸੁਪਨਿਆਂ ਦਾ ਇਸ ਤਰ੍ਹਾਂ ਖਿੰਡਦਾ ਚੁਫ਼ੇਰੇ ਨਾ,
ਹਨੇਰੀ ਆਉਣ ਤੋਂ ਪਹਿਲਾਂ ਜੇ ਤੂੰ ਦੀਵਾਰ ਬਣ ਜਾਂਦਾ।

ਮੈਂ ਖ਼ੁਦ ਨੂੰ ਕਰ ਕਰਾ ਕੇ ਜੀਣ ਜੋਗਾ ਕਰ ਹੀ ਲੈਣਾ ਸੀ,
ਤੂੰ ਪਲ ਦੋ ਪਲ ਲਈ ਹੀ ਮੇਰਾ ਜੇ ਇਕ ਵਾਰ ਬਣ ਜਾਂਦਾ।

ਮੈਂ ਤੈਨੂੰ ਰੋਜ਼ ਹੀ ਸੂਹਾ ਗੁਲਾਬ ਇਕ ਭੇਜਦਾਂ ਜਿਹੜਾ,
ਮੇਰੇ ਤਕ ਮੁੜਦਿਆਂ ਖੌਰੇ ਕਿਵੇਂ ਤਲਵਾਰ ਬਣ ਜਾਂਦਾ।

ਤੂੰ ਦੁਸ਼ਮਣ ਸੂਰਜਾਂ ਦਾ ਸੀ ਤੇ ਮੈਂ ਹਨੇਰੇ ਦਾ ਵੈਰੀ ਸਾਂ,
ਨਾ ਮੁਮਕਿਨ ਸੀ ਕਿਵੇਂ ਦੋਹਾਂ ਦਾ ਆਪਣਾ ਪਿਆਰ ਬਣ ਜਾਂਦਾ।

---------------

(7)

ਖ਼ੁਸ਼ਕ ਹੋਠਾਂ ਨੂੰ ਤੂੰ ਪਾਣੀ ਬਖ਼ਸ਼ ਦੇ
ਸਾਨੂੰ ਵੀ ਕੋਈ ਕਹਾਣੀ ਬਖ਼ਸ਼ ਦੇ

ਖੋਭ ਸੀਨੇ ਲਿਸ਼ਕਦਾ ਖੰਜਰ ਕੋਈ
ਮੈਨੂੰ ਮੇਰੀ ਰੂਹ ਦਾ ਹਾਣੀ ਬਖ਼ਸ਼ ਦੇ

ਹੀਰੇ ,ਫਿਰ ਸੈਦੇ ਦੀ ਡੋਲੀ ਬੈਠ ਕੇ
ਪੀੜ ਤੂੰ ਉਹੀ ਪੁਰਾਣੀ ਬਖ਼ਸ਼ ਦੇ

ਤੇਰੇ ਘਰ ਤੇਰੀ ਗਲੀ ਤੇਰੇ ਗਰਾਂ
ਜੋਗੀਆਂ ਨੂੰ ਆਉਣੀ ਜਾਣੀ ਬਖ਼ਸ਼ ਦੇ

ਮਰਨ ਤੇ ਆਈ ਪਿਆਸੀ ਰੇਤ ਹੈ
ਬੱਦਲਾ ਵੇ,ਹੁਣ ਤਾ ਪਾਣੀ ਬਖ਼ਸ਼ ਦੇ

ਸੜਦਿਆਂ ਰੁੱਖਾਂ ਤੇ ਰੋਂਦੀ ਪੌਣ ਨੂੰ
ਪੰਛੀਆਂ ਦੀ ਚਹਿ-ਚਿਹਾਣੀ ਬਖ਼ਸ਼ ਦ

(8)

ਚਲੋ ਹੁਣ ਆਪਣੇ ਆਪ ਨੂੰ ਵੀ ਕੁਝ ਫੋਲਿਆ ਜਾਵੇ।
ਕਿ ਐਵੇਂ ਕੁਰਸੀਆਂ ਦੀ ਬੋਲੀ ਹੀ ਨਾ ਬੋਲਿਆ ਜਾਵੇ।

ਇਹ ਅੱਗ ਅੰਨ੍ਹੀ ਹੈ, ਲਟਬੌਰੀ ਹੈ, ਇਸ ਦਾ ਕੀ ਭਰੋਸਾ ਏ,
ਨਾ ਇਸ ਦੇ ਸਾਹਮਣੇ ਕਾਗ਼ਜ਼ ਦੇ ਤਨ ਨੂੰ ਖੋਲ੍ਹਿਆ ਜਾਵੇ।

ਕਿ ਨਿੱਘੇ ਕਰਨ ਲਈ ਖ਼ੁਦ ਨੂੰ ਬਥੇਰੇ ਸਾੜ ਲਏ ਸਾਏ,
ਚਲੋ ਹੁਣ ਸਹਿਕਦੇ ਬਿਰਖਾਂ 'ਤੇ ਪਾਣੀ ਡੋਲਿਆ ਜਾਵੇ।

ਉਹ ਹੁੰਦੀ ਨਾ ਵਿਕਾਊ ਰੂਹ 'ਚੋਂ, ਜਿਹੜੀ ਹੂਕ ਉਠਦੀ ਹੈ,
ਨਾ ਸ਼ਬਦਾਂ ਨੂੰ ਕਦੇ ਵੀ ਸਿੱਕਿਆਂ ਸੰਗ ਤੋਲਿਆ ਜਾਵੇ।

ਉਦੋਂ ਹੀ ਧਰਤ ਦੇ ਸੀਨੇ 'ਚ ਕੋਈ ਅੱਗ ਫੁਟਦੀ ਹੈ,
ਜਦੋਂ ਵੀ ਮਹਿਕਦੇ ਚਾਵਾਂ ਨੂੰ ਰੇਤੇ ਰੋਲਿਆ ਜਾਵੇ।

(9)

ਇਹ ਡੁਬਦੇ ਸੂਰਜਾਂ ਤੋਂ ਕੱਲ ਦੀ ਪ੍ਰਭਾਤ ਮੰਗ ਲਈਏ।
ਚਲੋ ਜ਼ਿਹਨੀ ਹਨੇਰੇ ਨੂੰ ਚਾਨਣ 'ਚ ਰੰਗ ਲਈਏ।

ਅਸੀਂ ਵੀ ਮੁਰਦਿਆਂ ਜਿਸਮਾਂ 'ਚੋਂ ਤੱਤੀ ਰੱਤ ਲਭਦੇ ਹਾਂ,
ਤੇ ਵਹਿੰਦੇ ਖ਼ੂਨ ਕੋਲੋਂ ਦੀ ਬਚਾ ਕੇ ਅੱਖ ਲੰਘ ਲਈਏ।

ਬੜੇ ਜ਼ਹਿਰੀ ਅਸੀਂ ਹਾਂ, ਦੇ ਗਏ ਹਾਂ ਮਾਤ ਸੱਪਾਂ ਨੂੰ,
ਬਿਗ਼ਾਨੇ ਕੀ ਅਸੀਂ ਤਾਂ ਆਪਣੇ ਸਾਏ ਵੀ ਡੰਗ ਲਈਏ।

ਉਹ ਲੈ ਕੇ ਕੁਰਸੀਆਂ, ਵੋਟਾਂ ਤੇ ਫੜ ਕੇ ਨੋਟ ਕਹਿ ਉਠੇ,
ਜੇ ਵਿਹਲੇ ਹਾਂ ਕੋਈ ਮਨਸੂਰ ਹੀ ਸੂਲੀ 'ਤੇ ਟੰਗ ਲਈਏ।

ਬੜੇ ਸ਼ਾਤਰ ਅਸੀਂ ਹਾਂ ਸਾਹ ਨਈਂ ਕੱਢਦੇ ਕੁਰਸੀਆਂ ਅੱਗੇ,
ਡਰੇ ਲੋਕਾਂ ਦੇ ਬੂਹੇ ਬੈਲੀਆਂ ਦੇ ਖੰਘ ਖੰਘ ਲਈਏ।

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

MILLBOURNE ROAD
MEDICAL CLINIC
WALK-INS WELCOME FAMILY PHYSICIANS



Dr. V.K. Thapar (M.D., CCFP)*
Dr. B.S. Jassar (M.D., Ph.D, CCFP)*
Dr. S. Bananda (M.D.)
Dr. Farhat Siddiqui (M.D.)
By Appointments Only Cell: 780 918 0516

ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।

Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation

WESTFORK Interiors
Specializing in Cabinets & Counter Tops
Kitchen & Vanities,
Custom Cabinets,
Staining & Spraying Doors



ਕੈਬਨਿਟ ਅਤੇ ਕਾਊਂਟਰ ਟੌਪ ਬਣਾਉਣ ਦੇ ਮਾਹਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ
ਵੈਸਟਫੋਰਕ ਇੰਟੀਰੀਅਰਜ਼

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and dellvery.
- One Location-Multiple Considerations.
- Complete Range of Counter tops including laminate.
- Custom Cabinetry
- Execptional Quality Customised Solutions
- Premium Construction at Competitive Price.

Gurmail Matharu : 780-990-9349
Ranjit Matharu : 780-907-9889
Contact
Westfork Interiors, 8307 Argyll Road, Edmonton T6C 4B2
Tel : 780-490-4983 Fax : 780-490-4982
www.westforkinteriors.com
info@westforkinteriors.com

Passport Photos
by:
Kanwal Lyall



All types of Immigration, Passport, PIO, Citizenship Photos
Phone: 780-952-8017 lyallstudio@gmail.com

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
Move to New & Bigger Location for Better Service



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
10365 59 Ave NW, Edmonton AB T6H1E7

FANCY DOORS AND MOULDINGS
LARGEST SHOWROOM IN CANADA




EXTERIOR ENTRY DOORS
INTERIOR PRE-HUNG DOORS
LOCKS & HARDWARE
BATHROOM ACCESSORIES
MDF & WOOD MOULDINGS
HOTELS, HIGH-RISES, CONDOS
COMMERCIAL DOORS & HARDWARE





Ph. : 780-432-7700, Fax : 780-432-7710
NEW LOCATION 4421 ROPER ROAD NW, EDMONTON, AB T6B-3S5

## ਡਾਇਰੀ ਇੱਕ ਪ੍ਰਕਾਸ਼ਕ ਦੀ

# ਜਿਸ ਨੂੰ ਮੈਂ ਭੁੱਲ ਨਾ ਸਕਿਆ

ਐਸ ਬਲਵੰਤ
+44-745-021-1512



### ਖਵਾਜਾ ਅਹਿਮਦ ਅੱਬਾਸ

ਮੁੰਬਈ ਦੀ ਫਿਲਮ ਇੰਡਸਟਰੀ 'ਚ ਜਦੋਂ ਵੀ ਲੇਖਕਾਂ ਦਾ ਨਾਂਅ ਲਿਆ ਜਾਂਦਾ ਤਾਂ ਖਵਾਜਾ ਅਹਿਮਦ ਅੱਬਾਸ ਦਾ ਨਾਂਅ ਉਪਰਲੀਆਂ ਕਤਾਰਾਂ 'ਚ ਹੁੰਦਾ। ਅਮਿਤਾਭ ਬੱਚਨ ਵਰਗੇ ਕਲਾਕਾਰ ਦੀ ਪ੍ਰਤਿਭਾ ਪਹਿਚਾਣਨ ਵਾਲੇ ਅੱਬਾਸ ਮਸ਼ਹੂਰ ਕਲਾਕਾਰ ਤੇ ਨਿਰਦੇਸ਼ਕ ਰਾਜ ਕਪੂਰ ਦੀਆਂ ਬਹੁਤ ਸਾਰੀਆਂ ਫਿਲਮਾਂ ਦੇ ਲੇਖਕ ਵੀ ਸਨ। ਕਮਾਲ ਦੀ ਗੱਲ ਹੈ ਕਿ ਉਹ ਜਦੋਂ ਵੀ ਕਿਸੇ ਹੋਰ ਲਈ ਫਿਲਮ ਲਿਖਦੇ ਤਾਂ ਵਪਾਰਕ ਪੱਖੋਂ ਉਸ 'ਚ ਸਾਰੇ ਮਸਾਲੇ ਹੁੰਦੇ। ਪਰ ਜਦ ਉਹ ਅਪਣੀ ਫਿਲਮ ਬਣਾਉਂਦੇ ਤਾਂ ਉਨ੍ਹਾਂ 'ਚ ਆਮ ਲੋਕਾਂ ਦੀਆਂ ਸਮਸਿਆਵਾਂ ਦਾ ਦਰਦ ਦਰਜ ਹੁੰਦਾ। ਬਹੁਤ ਸਾਰੀਆਂ ਫਿਲਮਾਂ ਲਈ ਉਨ੍ਹਾਂ ਨੂੰ ਵਡੇ-ਵਡੇ ਸਨਮਾਨ ਵੀ ਮਿਲੇ। ਉਨ੍ਹਾਂ ਦਾ ਅਪਣਾ ਸੁਭਾਅ ਸਮਾਜਵਾਦੀ ਹੋਣ ਕਰਕੇ ਉਹ ਸਮੱਸਿਆਵਾਂ ਵੀ ਇਹੋ ਜਿਹੀਆਂ ਹੀ ਲੈਂਦੇ ਤੇ ਰਾਜਕਪੂਰ ਵੀ ਉਨ੍ਹਾਂ ਨੂੰ ਪੂਰੀ ਲਗਨ ਨਾਲ ਫਿਲਮਾਉਂਦੇ। ਅੱਬਾਸ ਦੀਆਂ ਲਿਖੀਆਂ ਤੇ ਰਾਜ ਕਪੂਰ ਦੀਆਂ ਬਣਾਈਆਂ ਫਿਲਮਾਂ ਦੇ ਜੇਕਰ ਨਾਮ ਗਿਣਨੇ ਹੋਣ ਤਾਂ ਉਨ੍ਹਾਂ ਦੀ ਲੜੀ 1951 'ਚ 'ਅਵਾਰਾ' ਫਿਲਮ ਤੋਂ ਸ਼ੁਰੂ ਹੋ ਕੇ 'ਸ਼੍ਰੀ 420', 'ਜਾਗਤੇ ਰਹੋ', 'ਮੇਰਾ ਨਾਮ ਜੋਕਰ', 'ਬੌਬੀ' ਤੇ 'ਹਿਨਾ' ਵਰਗੀਆਂ ਫਿਲਮਾਂ ਗਿਣੀਆਂ ਜਾ ਸਕਦੀਆਂ ਹਨ। ਉਨ੍ਹਾਂ ਦੀਆਂ ਅਪਣੀਆਂ ਫਿਲਮਾਂ 'ਚ 'ਸਾਤ ਹਿੰਦੁਸਤਾਨੀ' ਜਿਸ ਵਿੱਚ ਅਮਿਤਾਭ ਬੱਚਨ ਨੇ ਪਹਿਲੀ ਵਾਰ ਕੈਮਰੇ ਦਾ ਸਾਹਮਣਾ ਕਰਦਿਆਂ ਬਹੁਤ ਸੰਜੀਦਗੀ ਨਾਲ ਕੰਮ ਕੀਤਾ, ਤੇ 'ਸ਼ਹਿਰ ਔਰ ਸਪਨਾ' ਵੀ ਖੂਬ ਚਰਚਾ ਵਿੱਚ ਰਹੀ। ਉਨ੍ਹਾਂ ਹੋਰ ਵੀ ਕਈ ਲੋਕਾਂ ਲਈ ਫਿਲਮਾਂ ਲਿਖੀਆਂ। ਜਿਨ੍ਹਾਂ 'ਚ 'ਅਚਾਨਕ' ਅਤੇ ਹੋਰ ਕਈ ਨਾਮ ਲਏ ਜਾ ਸਕਦੇ ਹਨ।

ਮੇਰੇ ਨਾਲ ਉਨ੍ਹਾਂ ਦੀ ਦੋਸਤੀ ਕਰੀਬ 1980 ਦੇ ਆਸ-ਪਾਸ ਹੋਈ ਸੀ। ਉਦੋਂ ਹੀ ਉਨ੍ਹਾਂ ਦੀ ਪਹਿਲੀ ਕਿਤਾਬ 'ਬੰਬੇ ਮਾਈ ਬੰਬੇ' ਪ੍ਰਕਾਸ਼ਤ ਕੀਤੀ ਸੀ। ਇਹਦੇ 'ਚ ਅਮਿਤਾਭ ਬੱਚਨ ਦੀ ਆਮਦ ਦਾ ਉਨ੍ਹਾਂ ਖੂਬ ਜ਼ਿਕਰ ਕੀਤਾ ਕਿ ਉਹ ਕਿੰਨਾ ਡਿਸਿਪਲਨਡ ਕਲਾਕਾਰ ਹੈ। ਉਸਦੀ ਉਹ ਖੂਬ ਤਾਰੀਫ ਕਰਦੇ। ਉਨ੍ਹਾਂ ਨਾਲ ਅਮਿਤਾਭ ਬਾਰੇ ਹੋਰ ਵੀ ਬਹੁਤ ਗੱਲਾਂ ਹੋਈਆਂ। ਕਲਾ, ਆਗਿਆਕਾਰੀ, ਪ੍ਰੋਫੈਸ਼ਨਲ ਤੇ ਵਧੀਆ ਇਨਸਾਨ ਵੱਜੋਂ ਉਹ ਉਸਦਾ ਜ਼ਿਕਰ ਕਰਦੇ। ਫਿਰ ਉਨ੍ਹਾਂ ਦੀ ਦੂਸਰੀ ਕਿਤਾਬ 'ਦਿ ਵਰਲਡ ਇਜ਼ ਮਾਈ ਵਿਲੇਜ਼' ਪ੍ਰਕਾਸ਼ਤ ਕੀਤੀ। ਇਹ ਕਿਤਾਬ ਉਨ੍ਹਾਂ ਦੀ ਸਵੈ-ਜੀਵਨੀ ਸੀ। ਜੋ 1947 'ਤੇ ਆ ਮੁਕਦੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੀ ਕਿਤਾਬ 'ਇਨਕਲਾਬ' ਕਿਸੇ ਹੋਰ ਪ੍ਰਕਾਸ਼ਕ ਨੇ ਪ੍ਰਕਾਸ਼ਤ ਕੀਤੀ ਸੀ। 1947 ਤੋਂ ਬਾਅਦ ਉਹ ਅੱਗੇ ਲਿਖਣ ਵਾਲੇ ਸਨ, ਜਿਸਨੂੰ ਉਹ ਪੂਰਾ ਨਹੀਂ ਕਰ ਸਕੇ ਤੇ ਸਾਡੇ ਤੋਂ ਵਿਛੜ ਗਏ। ਮੇਰੇ ਨਾਲ ਉਨ੍ਹਾਂ ਦੀਆਂ ਮੁਲਾਕਾਤਾਂ ਅਕਸਰ ਹੁੰਦੀਆਂ। ਉਨ੍ਹਾਂ ਦੇ ਬੰਬਈ ਵਾਲੇ ਫਿਲੋਮਿਨਾ ਅਪਾਰਟਮੇਂਟਸ, ਜੁਹੂ ਜਾਂ ਦਿੱਲੀ 'ਚ ਦੋਸਤਾਂ ਦੇ ਘਰਾਂ 'ਚ ਅਸੀਂ ਮਿਲਦੇ ਤੇ ਖੂਬ ਗੱਲਾਂ ਕਰਦੇ।

ਦਿੱਲੀ 'ਚ ਇਕ ਦਿਨ ਅਸੀਂ ਕਿਸੇ ਦੇ ਘਰ ਬੈਠੇ ਸਾਂ ਤਾਂ ਭਾਰਤ 'ਚ ਐਮਰਜੇਂਸੀ ਬਾਰੇ ਬਹਿਸ ਸ਼ੁਰੂ ਹੋ ਗਈ। ਮੇਰੇ ਇਸ ਵਿਚਾਰ 'ਤੇ ਉਨ੍ਹਾਂ ਦਾ ਗੁੱਸੇ ਨਾਲ ਰੰਗ ਲਾਲ ਹੋ ਗਿਆ ਕਿ 'ਇਹ ਸਮਾਂ ਅਜ਼ਾਦ ਭਾਰਤ 'ਚ ਗੋਲਡਨ ਸਮਾਂ ਸੀ ਜਦੋਂ ਸਰਕਾਰ ਨੂੰ ਸਰਕਾਰ ਸਮਝਿਆ ਜਾਂਦਾ ਸੀ। ਜਦੋਂ ਕਾਨੂੰਨ ਤੇ ਹੁਕਮ ਦੀ ਤਾਮੀਲ ਹੁੰਦੀ ਸੀ। ਅੱਜ ਸਿਰਫ਼ ਤਾਰੀਖ਼ ਮਿਲਦੀ ਹੈ ਤੇ ਸਿਰਫ ਚੱਕਰ ਜੇ ਜੇਬ 'ਚ ਨੋਟ ਨਾ ਹੋਣ...! ਤੇ ਬੰਦਾ ਅੰਦਰ ਸੜਦਾ ਰਹਿੰਦਾ ਹੈ। ਉਦੋਂ ਸਰਕਾਰ ਨੂੰ ਸਰਕਾਰ ਸਮਝਿਆ ਜਾਂਦਾ ਸੀ ਤੇ ਸਰਕਾਰੇ ਦਰਬਾਰੇ ਕਿਸੇ ਦੀ ਹਿੰਮਤ ਨਹੀਂ ਸੀ ਹੁੰਦੀ ਕਿ ਕੋਈ ਆਨਾ-ਕਾਨੀ ਕਰਨ ਦੀ ਕੋਸ਼ਿਸ਼ ਕਰੇ



ਜਾਂ ਰਿਸ਼ਵਤ ਦੀ ਉਮੀਦ ਰੱਖੇ।'

ਪਰ ਉਹ ਅੱਗ ਬਬੂਲਾ ਦਿੱਲੀ ਦੇ ਤੁਰਕਮਾਨ ਗੇਟ ਤੋਂ ਹਟਾਏ ਗਏ ਮੁਸਲਮਾਨਾਂ ਦੇ ਘਰਾਂ ਕਾਰਨ ਹੋਏ ਸਨ। ਉਹ ਕਹਿੰਦੇ- "ਮੁੱਦਤਾਂ ਤੋਂ ਰਹਿ ਰਹੇ ਗਰੀਬ ਲੋਕਾਂ ਤੇ ਬੁਲਡੋਜ਼ਰ ਚਲਾਉਣਾ ਕੋਈ ਇਨਸਾਫ ਹੈ?" ਖੈਰ..ਅਸੀਂ ਵਿਸ਼ਾ ਬਦਲ ਲਿਆ ਮਗਰੋਂ...! ਸਮਾਂ ਲੰਘਦਾ ਗਿਆ ਤੇ ਅੱਜ ਓਹੀ ਲੋਕ ਜੋ ਤੁਰਕਮਾਨ ਗੇਟ ਤੋਂ ਉੱਜੜ ਕੇ ਗਏ ਸਨ, ਉਨ੍ਹਾਂ ਚੋਂ ਕਈ ਦੱਸਦੇ ਹਨ ਕਿ ਸ਼ੁਕਰ ਹੈ ਅਸੀਂ ਬਾਹਰ ਦੀ ਹਵਾ ਚੱਖੀ ਤੇ ਸਾਡੇ ਬੱਚੇ ਪੜ੍ਹ-ਲਿਖ ਕੇ ਕਿਤੇ ਦੇ ਕਿਤੇ ਪਹੁੰਚੇ ਹਨ। ਨਹੀਂ ਤਾਂ ਅਸੀਂ ਵੀ ਤੇ ਉਨ੍ਹਾਂ ਵੀ ਉਸ ਧਾਰਮਕ ਹਵਾੜ੍ਹ 'ਚ ਦਮ ਘੁੱਟ ਦੇਣਾ ਸੀ।

ਹੋਰ ਵੀ ਬਹੁਤ ਸਾਰੀਆਂ ਗੱਲਾਂ ਉਨ੍ਹਾਂ ਨਾਲ ਸਾਂਝੀਆਂ ਹਨ। ਉਨ੍ਹਾਂ ਦੀ ਲਿਖੀ ਕਹਾਣੀ 'ਸਰਦਾਰ' ਬਾਰੇ ਵੀ ਬਹੁਤ ਸਾਰੀਆਂ ਗੱਲਾਂ ਹੋਈਆਂ। ਉਹ ਉਨ੍ਹਾਂ ਪ੍ਰਤੀ ਸਿੱਖ ਸਮਾਜ ਦੇ ਰੋਲ ਦਾ ਅਫਸੋਸ ਕਰਦੇ। ਉਨ੍ਹਾਂ ਦੇ ਪਾਣੀਪਤ ਵਾਲੇ ਘਰ ਬਾਰੇ ਵੀ ਗੱਲਾਂ ਹੁੰਦੀਆਂ, ਫਿਲਮਾਂ ਬਾਰੇ ਵੀ ਤੇ ਸਾਹਿਤ ਬਾਰੇ ਵੀ। ਰਾਜਕਪੂਰ ਬਾਰੇ ਉਹ ਕਹਿੰਦੇ ਸਨ, 'ਮੇਰਾ ਨਾਮ ਜੋਕਰ' ਉਸਨੇ ਬਹੁਤ ਰੂਹ ਨਾਲ ਬਣਾਈ ਸੀ ਪਰ ਉਸਦਾ ਦਿਲ ਟੁੱਟ ਗਿਆ। ਐਨੀ ਕੀਮਤੀ ਤੇ ਐਨੀ ਵਧੀਆ ਫਿਲਮ। ਜ਼ਿੰਦਗੀ ਭਰ ਦਾ ਸਰਮਾਇਆ ਲਗਾ ਕੇ ਉਸ ਤਿਆਰ ਕੀਤੀ ਪਰ ਲੋਕਾਂ ਨੇ ਉਸਨੂੰ ਟਿਚ ਕਰ ਦਿੱਤਾ। ਉਹ ਕਹਿੰਦਾ ਕਿ ਲੋਕਾਂ ਨੂੰ ਫਿਲਮ ਦੇਖਣੀ ਹੀ ਨਹੀਂ ਆਉਂਦੀ। ਫਿਰ ਉਸਨੇ ਕਰਜ਼ਾ ਲਾਹੁਣ ਲਈ ਇੱਕ ਆਮ ਫਿਲਮ ਬਨਾਉਣ ਦਾ ਫੈਸਲਾ ਕੀਤਾ ਤਾਂ ਅੱਬਾਸ ਨੇ 'ਬੌਬੀ' ਫਿਲਮ ਲਿਖੀ ਜੋ ਆਲ ਟਾਈਮ ਹਿੱਟ ਹੋਈ। ਜਿਸ ਫਿਲਮ ਦੀ ਕਮਾਈ ਨਾਲ ਰਾਜ ਕਪੂਰ ਦੇ ਕਰਜ਼ੇ ਤਾਂ ਉੱਤਰ ਗਏ ਪਰ ਉਹ ਬਹੁਤ ਸ਼ਰਾਬ ਪੀਣ ਲੱਗ ਪਿਆ ਤੇ ਅਖੀਰ ਜਹਾਨ ਤੋਂ ਤੁਰ ਗਿਆ। ਇਸ ਗਮ ਨੇ ਹੀ ਇੱਕ ਮਹਾਨ ਕਲਾਕਾਰ ਸਾਡੇ ਤੋਂ ਖੋਹ ਲਿਆ।

ਉਨ੍ਹਾਂ ਦਾ ਇੱਕ ਕਾਲਮ ਛੱਪਦਾ ਹੁੰਦਾ ਸੀ 'ਬਲਿਟਸ' ਅਖਬਾਰ ਦੇ ਆਖਰੀ ਪੰਨੇ 'ਤੇ, ਉਸਦਾ ਨਾਂਅ ਹੀ 'ਬੈਕ ਪੇਜ' ਹੁੰਦਾ ਸੀ। ਮਗਰੋਂ ਉਨ੍ਹਾਂ ਇਸ ਨਾਂਅ ਨੂੰ ਬਦਲ ਕੇ ਉਸਦਾ ਨਾਂਅ 'ਲਾਸਟ ਪੇਜ਼' ਕਰ ਦਿੱਤਾ। ਜਦ ਮੈਂ ਪੁੱਛਿਆ ਕਿ ਇਹ ਤਬਦੀਲੀ ਕਿਉਂ ਤਾਂ ਉਹ ਮੁਸਕੁਰਾ ਕੇ ਕਹਿੰਦੇ, ਲੋਕੀ 'ਬੈਕ' ਦਾ ਗ਼ਲਤ ਮਤਲਬ ਕੱਢ ਲੈਂਦੇ ਹਨ ਤੇ ਅਸੀਂ ਦੋਵੇਂ ਹੱਸ ਪਏ। ਉਨ੍ਹਾਂ ਦੀ ਇੱਕ ਗੱਲ ਮੈਨੂੰ ਹਮੇਸ਼ਾ ਚੇਤੇ ਰਹੀ ਹੈ, ਜੋ ਉਨ੍ਹਾਂ ਇੱਕ ਵਾਰ ਮੇਰੇ ਪੁੱਛਣ 'ਤੇ ਦੱਸੀ, ''ਤੁਸੀਂ ਇੰਨਾ ਲਿਖਿਆ, ਫਿਲਮਾਂ, ਕਿਤਾਬਾਂ, ਅਖਬਾਰਾਂ ਦੇ ਕਾਲਮ। ਲੇਖਕ ਲਈ ਲਿਖਤ 'ਚ ਗੁਣ ਕੀ ਹੋਣਾ ਚਾਹੀਦਾ ਹੈ?'' ਉਨ੍ਹਾਂ ਦਾ ਜਵਾਬ ਸੀ, ''ਲਿਖਤ ਸ਼ੁਰੂ ਦਿਲਚਸਪ ਸ਼ਬਦਾਂ ਨਾਲ ਕਰੋ, ਵਿੱਚਕਾਰ ਜਾ ਕੇ ਗੰਭੀਰ ਹੋ ਜਾਵੋ ਤੇ ਅਪਣੀ ਗੱਲ ਕਹਿ ਦੇਓ ਤੇ ਉਸਦਾ ਅੰਤ ਹਲਕੇ-ਫੁਲਕੇ ਢੰਗ ਨਾਲ ਕਰੋ। ਜਿਸ ਨਾਲ ਪਾਠਕ ਬੱਝਾ ਵੀ ਰਹਿੰਦਾ ਤੇ ਉਸਨੂੰ ਬੋਝ ਵੀ ਨਹੀਂ ਲੱਗਦਾ।

ਮੇਰੀ ਆਖਰੀ ਵੇਰੀ ਉਨ੍ਹਾਂ ਨਾਲ ਮੁਲਾਕਾਤ ਬੰਬਈ ਹੋਈ ਤੇ ਮਗਰੋਂ ਉਹ ਬਿਮਾਰ ਪੈ ਗਏ। ਉਨ੍ਹਾਂ ਦਿਨਾਂ ਵਿੱਚ ਹੀ ਪਤਾ ਲੱਗਾ ਕਿ ਉਨ੍ਹਾਂ ਦਾ ਇੱਕ ਰਿਸ਼ਤੇਦਾਰ ਕਿਤੋਂ ਵਾਰਿਸ ਬਣ ਕੇ ਉੱਗ ਆਇਆ। ਮੇਰੀ ਉਸ ਨਾਲ ਵੀ ਦੋ ਵਾਰ ਮੁਲਾਕਾਤ ਹੋਈ ਤੇ ਜਦੋਂ ਅੱਬਾਸ ਜ਼ਿੰਦਗੀ ਤੇ ਮੌਤ ਦੇ ਵਿਚਕਾਰ ਦਾ ਰਸਤਾ ਤੈਅ ਕਰ ਰਹੇ ਸਨ ਤਾਂ ਪਤਾ ਲੱਗਾ ਕਿ ਉਹੀ ਰਿਸ਼ਤੇਦਾਰ ਅੱਬਾਸ ਦੀਆਂ ਸਾਰੀਆਂ ਵਸੀਅਤਾਂ ਤੇ ਬੈਂਕ ਬੈਲੇਂਸ ਦਾ ਹਿਸਾਬ ਲਗਾ ਰਿਹਾ ਸੀ।

ਅੱਬਾਸ ਸਰੀਰਕ ਤੌਰ 'ਤੇ ਤਾਂ ਸੰਸਾਰ ਤੋਂ ਤੁਰ ਗਏ, ਉਹ ਰਿਸ਼ਤੇਦਾਰ ਨਕਦ ਤੇ ਮਾਲੀ ਅਸਬਾਬ ਲੈ ਕਿਤੇ ਲੁਪਤ ਹੋ ਗਿਆ। ਪਰ ਅੱਬਾਸ ਦੀ ਰੂਹ ਮੈਨੂੰ ਮੇਰੇ ਆਸ-ਪਾਸ ਫਿਰਦੀ ਮਹਿਸੂਸ ਹੁੰਦੀ ਹੈ। ਇਸੇ ਲਈ ਤਾਂ ਉਹ ਬਹੁਤ ਯਾਦ ਆਉਂਦੇ ਨੇ ਤੇ ਮੇਰੇ ਆਸੇ-ਪਾਸੇ ਹੀ ਰਹਿੰਦੇ ਹਨ।

Elite Driving School

Learn to drive with experienced, caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਮੈਂ ਇਕ ਖ਼ਿਲਾਅ ਸਿਰਜ ਰਹੀ ਹਾਂ...

## ਸੁਖਵੰਤ ਕੌਰ ਮਾਨ



ਮੁਲਾਕਾਤੀ : ਜਸਬੀਰ ਭੁੱਲਰ
+91-97810-08582

ਪੰਜਾਬੀ ਦੀ ਬਹੁਚਰਚਿਤ ਲੇਖਿਕਾ ਸੁਖਵੰਤ ਕੌਰ ਮਾਨ ਦਾ ਜਨਮ ਮਾਨਾਵਾਲਾ ਜ਼ਿਲ੍ਹਾ ਸ਼ੇਖ਼ੂਪੁਰਾ (ਹੁਣ ਪਾਕਿਸਤਾਨ) ਵਿਚ ਹੋਇਆ। ਕਹਾਣੀਆਂ ਤੋਂ ਇਲਾਵਾ ਇਨ੍ਹਾਂ ਨੇ ਨਾਵਲ ਅਤੇ ਬਾਲ ਸਾਹਿਤ ਦੇ ਖੇਤਰ ਵਿਚ ਵੀ ਸ਼ਲਾਘਾਯੋਗ ਕੰਮ ਕੀਤਾ। ਇਨ੍ਹਾਂ ਦੀਆਂ ਕਹਾਣੀਆਂ ਦੇ ਵਿਸ਼ੇ ਕਿਸਾਨੀ ਸਮਾਜ ਅਤੇ ਹੇਠਲੇ ਵਰਗ ਨਾਲ ਸਬੰਧਤ ਹੁੰਦੇ ਹਨ। ਇਹ ਪੰਜਾਬੀ ਦੀ ਇਕੋ ਇਕ ਅਜਿਹੀ ਕਥਾਕਾਰ ਹੈ ਜਿਹੜੀ ਔਰਤ ਨੂੰ ਹੋਰ ਇਸਤਰੀ ਲੇਖਕਾਂ ਦੀ ਤਰ੍ਹਾਂ ਬੇਵੱਸ ਅਤੇ ਦਿਆਲਤਾ ਦਾ ਪਾਤਰ ਮੰਨਦੀ। ਉਹ ਔਰਤ ਦੇ ਦੁੱਖਾਂ ਦਾ ਕਾਰਨ ਉਸ ਨਾਲ ਕੀਤੀ ਜਾ ਰਹੀ ਮਰਦ ਵਲੋਂ ਧੱਕੇਸ਼ਾਹੀ ਨੂੰ ਹੀ ਨਹੀਂ ਮੰਨਦੀ ਬਲਕਿ ਇਸ ਨੂੰ ਪੂਰੀ ਆਰਥਕ, ਸਮਾਜਕ ਵਿਵਸਥਾ ਨਾਲ ਜੋੜ ਕੇ ਦੇਖਦੀ ਹੈ। ਉਹ ਪ੍ਰਗਤੀਵਾਦੀ ਯਥਾਰਥਵਾਦੀ ਰਚਨਾ-ਦ੍ਰਿਸ਼ਟੀ ਰੱਖਣ ਵਾਲੀ ਲੇਖਿਕਾ ਹੈ। 'ਭਖੜੇ ਦੇ ਫੁੱਲ' (1981), 'ਤਰੇੜ' (1984), 'ਇਸ ਦੇ ਬਾਵਜੂਦ' (1985), 'ਮਿੱਟੀ ਦਾ ਮੋਹ' (1999), 'ਮਹਿਰੂਮੀਆਂ' (2007) ਉਸ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। 'ਜਿਊਣ ਜੋਗੇ' ਉਸ ਦੀ ਇਕ ਪ੍ਰਤੀਨਿਧ ਕਹਾਣੀ ਹੈ।

? ਅੱਜ-ਕੱਲ੍ਹ ਕੀ ਲਿਖ ਰਹੇ ਹੋ?

ਸੁਖਵੰਤ ਕੌਰ ਮਾਨ : ਲਿਖ ਤਾਂ ਸਿਰਫ਼ ਪੈਂਤੀ ਅੱਖਰੀ ਰਹੀ ਹਾਂ। ਹਾਂ, ਕੀ ਸਿਰਜ ਰਹੀ ਹਾਂ, ਇਹ ਸੁਣੋ। ਮੈਂ ਇਕ ਖ਼ਿਲਾਅ ਸਿਰਜ ਰਹੀ ਹਾਂ, ਨਿਰਾ ਖ਼ਾਲੀਪਣ ਜਿਸ ਵਿਚ ਮੈਂ ਸਿਰ-ਭਾਰ ਟੰਗੀ ਹੋਈ ਹਾਂ। ਨਿਪਟ ਇਕੱਲੀ, ਭਾਰਹੀਣ। ਕੁਝ ਨਾ ਕਰਦੀ ਹੋਈ, ਸਿਰਫ਼ ਸੋਚਦੀ ਹੋਈ। ਕੀ ਇਹ ਓਹੀ ਮਨੁੱਖੀ ਜ਼ਿੰਦਗੀ ਏ, ਓਹੀ ਵਰਤੋਂ-ਵਰਤਾਰਾ ਏ, ਓਹੀ ਰਵਾਇਤ ਏ, ਜਿਸ ਵਿਚ ਸਾਡੇ ਵਰਗਿਆਂ ਨੇ ਸਿਰਜਣਾ ਦੇ ਕੁਝ ਸ਼ਾਨਦਾਰ ਪਲ ਹੰਢਾਏ ਸਨ? ਤੇ ਹੁਣ ਏਨੀਆਂ ਉਲਝਣਾਂ, ਪੀਚਵੀਆਂ ਗੰਢਾਂ? ਹਰ ਥਾਂ ਤੰਦਾਂ ਗੁਆਚੀਆਂ ਫਿਰਦੀਆਂ ਨੇ। ਕੁਝ ਹੱਥ ਨਹੀਂ ਆ ਰਿਹਾ। ਬੱਸ ਵਿਗੋਚਾ ਈ ਵਿਗੋਚਾ। ਉਹ ਸਮੇਂ ਲੱਦ ਗਏ ਜਦੋਂ ਕਿਸੇ 'ਕੱਲੀ-ਕਹਿਰੀ ਘਟਨਾ ਨੂੰ ਲੈ ਕੇ ਕਹਾਣੀ ਘੜੀ ਜਾਂਦੀ ਸੀ। ਹੁਣ ਤਾਂ ਆਪ ਨੂੰ ਹੀ ਸਬਰ ਨਹੀਂ ਆਉਂਦਾ, ਰੱਜ ਨਹੀਂ ਬਣਦਾ। ਕਹਾਣੀ ਦਾ ਕਰਮ ਕਰੜਾ ਹੋ ਗਿਆ ਏ। ਲਿਖੇ ਹੋਏ ਨੂੰ ਮੁੜ-ਮੁੜ ਲਿਖਣ ਉੱਤੇ ਦਿਲ ਨਹੀਂ ਕਰਦਾ। ਕੋਈ ਵਿਰਲੀ-ਟਾਵੀਂ ਰਚਨਾ ਹੀ ਮਨ ਨੂੰ ਪੜ੍ਹਦੀ ਏ। ਬਹੁਤੀਆਂ ਦਰ-ਗੁਜ਼ਰ ਹੋ ਜਾਂਦੀਆਂ ਨੇ। ਜਾਪਦਾ ਏ, ਕਹਾਣੀ ਦੇ ਸਮੇਂ ਲੱਦ ਗਏ ਨੇ।

? 'ਕਹਾਣੀ ਦੇ ਸਮੇਂ ਲੱਦ ਗਏ ਨੇ'- ਇਹ ਸਥਿਤੀਆਂ ਮਨ ਦੀਆਂ ਨੇ ਜਾਂ ਬਾਹਰਲੀਆਂ, ਜੀਹਦੇ ਕਰ ਕੇ ਤੁਹਾਨੂੰ ਇਸ ਤਰ੍ਹਾਂ ਕਹਿਣਾ ਪਿਆ?

ਮਾਨ : ਇਹ ਸਥਿਤੀਆਂ ਸਮਾਜਕ ਬਹੁਤੀਆਂ ਨੇ, ਮਨ ਦੀਆਂ ਘੱਟ। ਇਹ ਉਕਤੀ ਬਹੁਤਿਆਂ ਨੂੰ ਸ਼ਾਇਦ ਠੀਕ ਨਾ ਲਗਦੀ ਹੋਵੇ, ਪਰ ਕੁਝ ਹੱਦ ਤਕ ਇਹ ਸੱਚ ਹੈ। ਪੰਜਾਬੀ ਸਾਹਿਤ ਦੇ ਕਈ ਕਹਾਣੀਕਾਰ ਲਿਖਦੇ-ਲਿਖਦੇ ਨਾਵਲ ਵੱਲ ਪਹੁੰਚ ਗਏ। ਰਾਮ ਸਰੂਪ ਅਣਖੀ ਨੂੰ ਹੀ ਲਵੋ। ਨਿੱਕੀਆਂ-ਨਿੱਕੀਆਂ ਕਹਾਣੀਆਂ ਲਿਖਦਾ-ਲਿਖਦਾ 'ਕੋਠੇ ਖੜਕ ਸਿੰਘ' ਅਤੇ 'ਪਰਤਾਪੀ' ਤੱਕ ਪਹੁੰਚ ਗਿਆ। ਇਹਦਾ ਇਹ ਭਾਵ ਨਹੀਂ, ਪਹਿਲਾਂ ਉਹਨੂੰ ਨਾਵਲ ਲਿਖਣਾ ਨਹੀਂ ਸੀ ਆਉਂਦਾ ਜਾਂ ਹੁਣ ਉਹ ਬਹੁਤ ਸਿਆਣਾ ਹੋ ਗਿਆ ਏ, ਸਹੀ ਤਾਂ ਇਹ ਹੈ ਕਿ ਸਮਾਜ ਵਿਚ ਨਾਵਲ ਲਿਖਣ ਦੀਆਂ ਸੰਭਾਵਨਾਵਾਂ ਏਨੀਆਂ ਸਪਸ਼ਟ ਅਤੇ ਪ੍ਰਬਲ ਹੋ ਗਈਆਂ ਨੇ ਕਿ ਕਹਾਣੀ ਲਿਖਣ ਲਈ ਤੁਸੀਂ ਬੈਠਦੇ ਹੋ ਤਾਂ ਉਹ ਸੰਭਾਵਨਾਵਾਂ ਤੁਹਾਡੇ ਸਿਰ ਚੜ੍ਹ ਕੇ ਬੋਲਣ ਲਗਦੀਆਂ ਨੇ। ਤੁਹਾਨੂੰ ਜਾਪਦਾ ਏ ਕਿ ਕਹਾਣੀ ਵਿਚ ਤੁਸੀਂ ਉਨ੍ਹਾਂ ਨਾਲ ਇਨਸਾਫ਼ ਨਹੀਂ ਕਰ ਸਕੇ। ਤੁਸੀਂ ਵਰਿਆਮ ਸੰਧੂ ਨੂੰ ਹੀ ਲਵੋ। ਉਹ ਲੰਮੀ ਕਹਾਣੀ ਲਿਖ ਰਿਹਾ ਹੈ। ਉਹ ਹੁਣ ਛੋਟੀ ਕਹਾਣੀ ਨਹੀਂ ਲਿਖੇਗਾ। ਉਹ ਕਹਾਣੀ ਲਿਖਣ ਬੈਠਦਾ ਹੈ, ਪਰ ਉਹ ਕਹਾਣੀ ਵਿਚ ਆਏ ਵਿਸ਼ਿਆਂ ਨੂੰ ਮਸਾਂ-ਮਸਾਂ ਨਾਵਲ ਬਣਨ ਤੋਂ ਰੋਕਦਾ ਏ। ਹਰੇ ਇਨਕਲਾਬ ਅਤੇ ਮਸ਼ੀਨੀਕਰਨ ਨੇ ਪੰਜਾਬੀ ਸਮਾਜ ਦੀਆਂ ਸੰਭਾਵਨਾਵਾਂ ਨੂੰ ਬਹੁਪਰਤੀ ਅਤੇ ਬਹੁਦਿਸ਼ਾਵੀ ਬਣਾ ਦਿੱਤਾ ਏ। ਹੁਣ ਇਹ ਸੰਭਾਵਨਾਵਾਂ ਕਹਾਣੀ ਦੀ ਕੈਦ ਤੋਂ ਬਾਹਰ ਨਿੱਕਲ-ਨਿੱਕਲ ਭਜਦੀਆਂ ਨੇ।

? ਤੁਸੀਂ ਸਮੁੱਚੀ ਪੰਜਾਬੀ ਕਹਾਣੀ ਤੋਂ ਹੀ ਨਿਰਾਸ਼ ਲਗਦੇ ਹੋ?

ਮਾਨ : ਨਹੀਂ, ਇਹ ਗੱਲ ਨਹੀਂ। ਵੈਸੇ ਪੰਜਾਬੀ ਕਹਾਣੀ ਵਿਚ ਕੁਝ ਖੜੋਤ ਜ਼ਰੂਰ ਆ ਗਈ ਏ। ਨਵਿਆਂ ਨੇ ਆਪਣੇ ਹਸਤਾਖ਼ਰ ਹਾਲੀਂ ਕਾਇਮ ਨਹੀਂ ਕੀਤੇ, ਪੁਰਾਣੇ ਖਲੋ ਗਏ ਜਾਪਦੇ ਨੇ ਜਾਂ ਆਪਣਾ ਜ਼ੋਰ ਲਾ ਚੁੱਕੇ ਨੇ, ਸੰਭਾਵਨਾਵਾਂ ਹੰਢਾ ਚੁੱਕੇ ਨੇ।

? ਤੁਹਾਡੀਆਂ ਕਹਾਣੀਆਂ ਵਿਚ ਕੋਈ ਉਚੇਚ ਨਹੀਂ ਦਿਸਦਾ। ਇੱਥੋਂ ਤਕ ਕਿ ਕਹਾਣੀਆਂ ਦੇ ਨਾਂ ਵੀ ਸਿੱਧੇ-ਸਾਦੇ ਹੁੰਦੇ ਨੇ, ਜਿਵੇਂ 'ਵਾਪਸੀ', 'ਪੁੱਤਰ ਕੋਲ', ਆਦਿ। ਉਚੇਚ ਵਰਗੀ ਕੋਈ ਚੀਜ਼ ਮੇਰੀ ਜ਼ਿੰਦਗੀ ਵਿਚ ਸ਼ਾਮਲ ਨਹੀਂ। ਜਾਂ ਮੇਰਾ ਇਹ ਸੁਭਾਅ ਕਿਸਾਨੀ ਸਭਿਆਚਾਰ ਨਾਲ ਸਬੰਧਤ ਹੋਣ ਕਰ ਕੇ ਏ। ਜਾਂ ਫਿਰ ਮੈਨੂੰ ਬਹੁਤਾ ਵਧੀਆ ਕੁਝ ਸੁਝਦਾ ਹੀ ਨਹੀਂ। ਜ਼ਿੰਦਗੀ ਜਿਵੇਂ ਦੀ ਹੈ, ਮੈਂ ਲੈ ਲੈਂਦੀ ਹਾਂ। ਉਹਦੇ ਲੋੜ ਨਾਲੋਂ ਵੱਧ ਅਰਥ ਮੈਨੂੰ ਕੱਢਣੇ ਨਹੀਂ ਆਉਂਦੇ।

ਮਾਨ : ਕਹਾਣੀ 'ਵਾਪਸੀ' ਨੂੰ ਹੀ ਲਵੋ। ਮੈਂ ਇਸ ਕਹਾਣੀ ਨੂੰ ਲਿਖ ਕੇ ਪੂਰੀ ਸੰਤੁਸ਼ਟ ਸਾਂ। ਇਸੇ ਤਰ੍ਹਾਂ ਹੀ ਇਸ ਦਾ ਪ੍ਰਤੀ-ਪੱਖ, 'ਪੁੱਤਰ ਕੋਲ' ਵੀ ਮੈਨੂੰ ਚੰਗਾ ਲੱਗਿਆ। ਜੇ ਮੈਨੂੰ ਕੋਈ ਕਹੇ ਕਿ ਇਨ੍ਹਾਂ ਕਹਾਣੀਆਂ ਨੂੰ ਮੁੜ ਲਿਖੋ, ਮੈਂ ਨਹੀਂ ਲਿਖਾਂਗੀ, ਕਿਉਂਕਿ ਸਿਰਜਣਾ ਦੁਹਰਾਈ ਨਹੀਂ ਜਾ ਸਕਦੀ।

ਮੈਂ ਸੇਖੋਂ ਸਾਹਬ ਦੀਆਂ ਕਹਾਣੀਆਂ ਪੜ੍ਹੀਆਂ। ਬਹੁਤੀਆਂ ਹੀ ਬੌਧਿਕ ਤੇ ਕੁਝ ਬੇਸੁਆਦੀਆਂ ਵੀ। ਸੁਜਾਨ ਸਿੰਘ ਪੜ੍ਹਿਆ। ਸੌਖਾ ਸਮਝਿਆ ਜਾ ਸਕਣ ਵਾਲਾ, ਪਰ ਤਰਸ ਦੀ ਭਾਵਨਾ ਕੁਝ ਲੋੜੋਂ ਵੱਧ। ਦੁੱਗਲ ਮੈਨੂੰ ਉਦੋਂ ਵੀ ਬਣਾਉਟੀ ਲੱਗਿਆ ਸੀ। ਹਾਂ, ਕੁਲਵੰਤ ਸਿੰਘ ਵਿਰਕ ਮੈਨੂੰ ਮੁੱਢੋਂ ਹੀ ਭਾਅ ਗਿਆ ਸੀ। ਉਹਦੀਆਂ ਕਹਾਣੀਆਂ ਸਿੱਧੀਆਂ-ਸਾਦੀਆਂ ਅਤੇ ਥੋੜ੍ਹੇ ਸ਼ਬਦਾਂ ਵਿਚ ਹੁੰਦੀਆਂ। ਪਰ ਮੈਂ ਆਪਣੀਆਂ ਕਹਾਣੀਆਂ ਵਿਚ 'ਕੰਗਲਿਆਂ' ਅਤੇ ਅਣਹੋਇਆਂ' ਦਾ ਕੁਝ ਵਧੇਰੇ ਹੀ ਬਖਾਨ ਕਰ ਗਈ। ਕੋਈ ਚੱਜ ਦਾ ਰਾਹ ਦਸੇਰਾ ਨਾ ਮਿਲਿਆ। ਅਸਲ ਵਿਚ ਹੈ ਹੀ ਕੋਈ ਨਹੀਂ ਸੀ। ਹਾਂ, ਜਿੱਥੇ ਮੈਂ ਕਿਸਾਨੀ 'ਭੀੜ-ਸੰਘੀੜ' ਦੀਆਂ ਕਹਾਣੀਆਂ ਲਈਆਂ, ਮੈਂ ਕੁਝ ਵਧੇਰੇ ਸਫਲ ਹੋਈ ਜਾਪੀ। ਪਰ ਮੈਂ ਆਪਣੀ ਪੂਰੀ ਸਮਰਥਾ ਨਾ ਵਰਤੀ।

ਜਿੱਥੇ ਮੈਂ ਮਾਨਸਿਕ ਦਵੰਧ ਨੂੰ ਪੇਸ਼ ਕੀਤਾ, ਜਿਵੇਂ 'ਚੀਜ਼ਾਂ ਏਨੀ ਜਲਦੀ ਨਹੀਂ ਬਦਲਦੀਆਂ', 'ਤ੍ਰੇੜ', 'ਇਸ ਦੇ ਬਾਵਜੂਦ', ਆਦਿ ਵਿਚ ਮੇਰੀ ਸਾਦਾ ਸ਼ੈਲੀ ਵਾਹਵਾ ਕੰਮ ਆਈ।

ਕੁਝ ਆਪੇ ਬਣੇ ਆਲੋਚਕਾਂ ਨੇ ਸਾਡੀ ਸਿਰਜਕ ਸ਼ਕਤੀ ਦਾ ਸਤਿਆਨਾਸ ਕੀਤਾ। ਸਮਾਜਵਾਦੀ ਵਿਚਾਰਧਾਰਾ ਦੀ ਉਨ੍ਹਾਂ ਨੂੰ ਆਪ ਨੂੰ ਵੀ ਪੂਰੀ ਸਮਝ ਨਹੀਂ ਸੀ। ਅਰਥਾਂ ਦੇ ਅਨਰਥ ਕਰ-ਕਰ ਸਾਡੇ ਵਿਚ ਉਭਰੇ ਨਵ-ਬੌਧਿਕਵਾਦ ਨੂੰ ਉਨ੍ਹਾਂ ਨੇ ਢਾਹ ਲਾਈ। 'ਅਗਾਂਹਵਧੂ', 'ਅਗਰਗਾਮੀ', ਆਦਿ ਸ਼ਬਦਾਂ ਦਾ ਬੜਾ ਗ਼ਲਤ ਇਸਤੇਮਾਲ ਹੋਇਆ। ਇਹ ਮੇਰੇ ਰਾਹ-ਦਸੇਰੇ ਮੈਨੂੰ ਕੁਝ ਬਹੁਤ ਨੇੜਿਓਂ ਹੀ ਟੱਕਰ ਗਏ। ਉਤੋਂ ਨਕਸਲਵਾਦੀ ਲਹਿਰ ਦਾ ਵਾਰਾ-ਪਹਿਰਾ ਹੋ ਗਿਆ। 'ਕੱਲੇ-'ਕੱਲੇ ਅੱਖਰ ਨੂੰ ਨਕਸਲਵਾਦ ਦੀ ਕਸਵੱਟੀ ਉੱਤੇ ਪਰਖਿਆ ਜਾਂਦਾ। ਠਹਾਕੇ ਮਾਰੇ ਜਾਂਦੇ। ਸਾਨੂੰ ਛੁਟਿਆਇਆ ਜਾਂਦਾ।

ਯੂਨੀਵਰਸਿਟੀਆਂ ਵਿਚਲੇ ਆਲੋਚਕ ਵੀ ਕੋਈ ਬਹੁਤ ਸਿਆਣੇ ਨਹੀਂ ਸਨ। ਉਹ ਤਾਂ ਪੂਰਨ ਵਿਦਵਾਨ ਵੀ ਨਹੀਂ ਸਨ। ਫਿਰ ਆਲੋਚਕ ਕਿਵੇਂ ਹੋ ਸਕਦੇ ਸਨ?

? ਤੁਹਾਡੀ ਜਾਚੇ ਤੁਹਾਡੀਆਂ ਕਹਾਣੀਆਂ ਦੀ ਅਸਲੀ ਤਾਕਤ ਕੀ ਏ?

ਮਾਨ : ਮੇਰੀਆਂ ਕਹਾਣੀਆਂ ਦੀ ਅਸਲੀ ਤਾਕਤ ਏ ਮੇਰਾ ਵਿਕੋਲਿਤਰਾ ਅਨੁਭਵ, ਜੋ ਕੇਵਲ ਮੇਰਾ ਆਪਣਾ ਏ, ਜਿਸ ਉੱਤੇ ਮੇਰੀ ਮੁਹਰ-ਛਾਪ ਏ, ਜਿਸ ਉੱਤੇ ਮੇਰਾ ਕਬਜ਼ਾ ਏ, ਪਕੜ ਏ, ਜਿਸ ਦੇ ਅਨੁਰੂਪ ਮੈਨੂੰ ਸ਼ਬਦਾਵਲੀ ਮੀਂਹ ਦੀ ਵਾਛੜ ਵਾਂਗ ਬਹੁੜਦੀ ਏ।

ਇਹ ਅਨੁਭਵ ਮੈਂ ਕਿੱਥੋਂ ਗ੍ਰਹਿਣ ਕੀਤਾ- ਆਪਣੇ ਪਿੰਡ ਦੇ ਲੜਦੇ-ਝਗੜਦੇ, ਤਰਸੇਵਿਆਂ ਅਤੇ ਗ਼ਰੀਬੀ ਦੀ ਜ਼ਿੰਦਗੀ ਗੁਜ਼ਾਰਦੇ, ਫਿਰ ਵੀ ਜ਼ਿੰਦਗੀ ਨੂੰ ਭਰਪੂਰਤਾ-ਸਹਿਤ ਮਾਣਦੇ, ਮੇਰੇ ਬਹਾਦਰ ਲੋਕਾਂ ਤੋਂ। ਤੇ ਜਿਊਣ ਦਾ ਜਜ਼ਬਾ ਕਦੀ



"ਕੁਝ ਆਪੇ ਬਣੇ ਆਲੋਚਕਾਂ ਨੇ ਸਾਡੀ ਸਿਰਜਕ ਸ਼ਕਤੀ ਦਾ ਸਤਿਆਨਾਸ ਕੀਤਾ। ਸਮਾਜਵਾਦੀ ਵਿਚਾਰਧਾਰਾ ਦੀ ਉਨ੍ਹਾਂ ਨੂੰ ਆਪ ਨੂੰ ਵੀ ਪੂਰੀ ਸਮਝ ਨਹੀਂ ਸੀ। ਅਰਥਾਂ ਦੇ ਅਨਰਥ ਕਰ-ਕਰ ਸਾਡੇ ਵਿਚ ਉਭਰੇ ਨਵ-ਬੌਧਿਕਵਾਦ ਨੂੰ ਉਨ੍ਹਾਂ ਨੇ ਢਾਹ ਲਾਈ। 'ਅਗਾਂਹਵਧੂ', 'ਅਗਰਗਾਮੀ', ਆਦਿ ਸ਼ਬਦਾਂ ਦਾ ਬੜਾ ਗ਼ਲਤ ਇਸਤੇਮਾਲ ਹੋਇਆ। ਇਹ ਮੇਰੇ ਰਾਹ-ਦਸੇਰੇ ਮੈਨੂੰ ਕੁਝ ਬਹੁਤ ਨੇੜਿਓਂ ਹੀ ਟੱਕਰ ਗਏ। ਉਤੋਂ ਨਕਸਲਵਾਦੀ ਲਹਿਰ ਦਾ ਵਾਰਾ-ਪਹਿਰਾ ਹੋ ਗਿਆ। 'ਕੱਲੇ-'ਕੱਲੇ ਅੱਖਰ ਨੂੰ ਨਕਸਲਵਾਦ ਦੀ ਕਸਵੱਟੀ ਉੱਤੇ ਪਰਖਿਆ ਜਾਂਦਾ। ਠਹਾਕੇ ਮਾਰੇ ਜਾਂਦੇ। ਸਾਨੂੰ ਛੁਟਿਆਇਆ ਜਾਂਦਾ। ਯੂਨੀਵਰਸਿਟੀਆਂ ਵਿਚਲੇ ਆਲੋਚਕ ਵੀ ਕੋਈ ਬਹੁਤ ਸਿਆਣੇ ਨਹੀਂ ਸਨ। ਉਹ ਤਾਂ ਪੂਰਨ ਵਿਦਵਾਨ ਵੀ ਨਹੀਂ ਸਨ। ਫਿਰ ਆਲੋਚਕ ਕਿਵੇਂ ਹੋ ਸਕਦੇ ਸਨ?"

ਨਹੀਂ ਮਰਦਾ, ਇਸੇ ਕਰ ਕੇ ਮਨੁੱਖ ਦੀ ਬਾਤ ਕਦੇ ਨਹੀਂ ਮਰਦੀ। ਯੁਗਾਂ-ਪੁਰਾਣੀ ਲੰਮੀ ਤੰਦ ਏ ਇਸ ਬਾਤ ਦੀ। ਲਹੂ ਦੇ ਦਰਿਆ ਪਾਰ ਕਰ ਕੇ ਵੀ ਮੇਰੇ ਲੋਕ ਢੋਲ ਦੀ ਤਾਲ ਉੱਤੇ ਭੰਗੜਾ ਪਾ ਸਕਦੇ ਨੇ। ਇਹ ਲੋਕ ਕੁਕਨੂਸ ਵਾਂਗੂੰ ਆਪਣੀ ਸਵਾਹ ਵਿਚੋਂ ਸਜੀਵ ਹੋ ਜਾਂਦੇ ਨੇ। ਅਥਾਹ ਸ਼ਕਤੀ ਏ ਇਨ੍ਹਾਂ ਵਿਚ। ਮੈਂ ਇਨ੍ਹਾਂ ਤੋਂ ਕਿਣਕਾ-ਮਾਤਰ ਲੈ ਕੇ ਆਪਣੀਆਂ ਕਹਾਣੀਆਂ ਵਿਚ ਸਮੋ ਲੈਂਦੀ ਹਾਂ। ਫਿਰ ਵੀ ਅਸਲੀ ਤਾਕਤ ਤਾਂ ਉਸ ਸਮੋਣ-ਸ਼ਕਤੀ ਵਿਚ ਏ, ਉਸ ਤਾਕਤ ਨੂੰ ਪ੍ਰਵਿਰਤਤ ਕਰਨ ਵਿਚ ਏ, ਸਹੀ ਸ਼ਬਦਾਵਲੀ ਦੇਣ ਵਿਚ ਏ, ਸਹੀ ਦਿਸ਼ਾ ਦੇਣ ਵਿਚ ਏ, ਬਾਕੀ ਸਭ ਝੂਠ।

? ਤੁਹਾਡੀਆਂ ਕਹਾਣੀਆਂ ਤੁਹਾਡੇ ਔਰਤ ਹੋਣ ਦੇ ਸੰਤਾਪ ਤੋਂ ਮੁਕਤ ਦਿਸਦੀਆਂ ਹਨ, ਜਦੋਂ ਕਿ ਬਾਕੀ ਔਰਤ ਲੇਖਕਾਵਾਂ ਦੀਆਂ ਰਚਨਾਵਾਂ ਔਰਤ ਹੋਣ ਦੇ ਘੇਰੇ ਵਿਚੋਂ ਬਾਹਰ ਨਹੀਂ ਜਾਂਦੀਆਂ।

ਮਾਨ : ਔਰਤ ਹੋਣ ਦਾ ਸੰਤਾਪ ਮੈਂ ਵੀ ਬਥੇਰਾ ਹੰਢਾਇਆ ਏ। ਮਹਿਸੂਸ ਵੀ ਕੀਤਾ ਏ। ਬਚਪਨ ਵਿਚ ਮਾਂ ਦੇ ਆਪਣੇ ਪੁੱਤਰਾਂ ਵੱਲ ਵਧੇਰੇ ਝੁਕਾਅ ਅਤੇ ਧੀਆਂ ਪ੍ਰਤੀ ਦੁਜਾਇਗੀ ਵਾਲੇ ਵਤੀਰੇ ਤੋਂ ਮਨ ਵਿਚ ਕਿ ਹਿੰਡ ਜਿਹੀ ਪੈਦਾ ਹੋਈ ਸੀ ਪਰ ਚੰਗੇ ਭਾਗਾਂ ਨੂੰ ਉਹ ਗੁੰਝਲ ਨਹੀਂ ਬਣ ਸਕੀ, ਕਿਉਂਕਿ ਘਰ ਵਿਚ ਕੁੜੀਆਂ ਨੂੰ ਖਾਣ-ਪੀਣ ਅਤੇ ਪਹਿਨਣ ਦੀ ਖੁੱਲ੍ਹ ਸੀ।

ਮੇਰੇ ਪੈਦਾ ਹੋਣ ਉੱਤੇ ਮੇਰੀ ਦਾਦੀ ਜੀ ਖ਼ੁਸ਼ ਹੋਏ ਸਨ। ਉਹ ਬਹੁਤ ਸਮਝਦਾਰ ਔਰਤ ਸਨ। ਉਨ੍ਹਾਂ ਦੇ ਵਿਚਾਰ ਮੌਲਿਕ ਅਤੇ ਉਤਸ਼ਾਹ-ਜਨਕ ਸਨ। ਘਰ ਦੇ ਮਾਹੌਲ ਵਿਚ ਕੁਝ ਉਣਤਾਈਆਂ ਨੂੰ ਛੱਡ ਕੇ ਔਰਤ ਦੀ ਇੱਜ਼ਤ ਸੀ, ਸਨਮਾਨ ਸੀ। ਮੈਂ ਆਪਣੀਆਂ ਇਸਤਰੀ ਲੇਖਕਾਂ ਨੂੰ ਪੜ੍ਹਿਆ ਤਾਂ ਮੈਨੂੰ ਜਾਪਿਆ, ਉਹ ਆਪਣੀ ਦ੍ਰਿਸ਼ਟੀ ਔਰਤ ਦੇ ਦੁੱਖਾਂ ਉੱਤੇ ਹੀ ਫੋਕਸ ਕਰਦੀਆਂ ਨੇ। ਰੋਣਾ-ਧੋਣਾ ਕੁਝ ਜ਼ਿਆਦਾ ਈ ਏ। ਹੋਰ ਆਲਾ-ਦੁਆਲਾ ਵਿਸਾਰੀ ਬੈਠੀਆਂ ਨੇ। ਭਾਵੇਂ ਇਹ ਸਥਿਤੀਆਂ ਵੀ ਰਚਨਾ ਲਈ ਐਨ ਅਨੁਕੂਲ ਨੇ। ਗੁਰਬਖ਼ਸ਼ ਸਿੰਘ ਅਤੇ ਨਾਨਕ ਸਿੰਘ ਵੀ ਇੰਜ ਹੀ ਕਰ ਰਹੇ ਸਨ।

ਇਕ ਗੱਲ ਮੈਨੂੰ ਪੱਕੀ ਤਰ੍ਹਾਂ ਸਮਝ ਆ ਗਈ ਕਿ ਮੈਂ ਇਨ੍ਹਾਂ ਵਰਗਾ ਉੱਕਾ ਨਹੀਂ ਲਿਖ ਸਕਦੀ। ਮੇਰਾ ਰਾਹ ਹੋਰ ਏ, ਭਾਵੇਂ ਚੰਗਾ, ਭਾਵੇਂ ਮਾੜਾ। ਉਨ੍ਹਾਂ ਦਿਨਾਂ ਵਿਚ ਮੇਰੇ ਦਾਦਾ ਜੀ, ਉਰਦੂ ਦੇ ਦੋ ਰਸਾਲੇ 'ਬੀਸਵੀਂ ਸਦੀ' ਅਤੇ 'ਸ਼ਮ੍ਹਾ' ਲਿਆਇਆ ਕਰਦੇ ਸਨ। ਮੈਨੂੰ ਉਰਦੂ ਪੜ੍ਹਨਾ ਆਉਂਦਾ ਸੀ। ਉਹ ਪੜ੍ਹ ਕੇ ਉਨ੍ਹਾਂ ਨੂੰ ਦਾਣਿਆਂ ਵਾਲੀ ਕੱਚੀ ਕੋਠੜੀ ਦੇ ਪਿਛੇ ਛੁਪਾ ਦਿੰਦੇ। ਉਨ੍ਹਾਂ ਨੂੰ ਮੇਰੀ ਪੜ੍ਹਨ-ਭੁੱਖ ਦਾ ਪਤਾ ਸੀ। ਪਰ ਉਹ ਨਹੀਂ ਸਨ ਚਾਹੁੰਦੇ ਕਿ ਮੈਂ ਮੰਟੋ ਨੂੰ ਪੜ੍ਹਾਂ। ਉਹ ਸੌਂ ਜਾਂਦੇ ਤਾਂ ਮੈਂ ਚੁੱਪ ਕਰ ਕੇ ਰਸਾਲੇ ਖਿਸਕਾ ਲੈਂਦੀ। ਰਾਤ ਭਰ ਚੋਰੀ-ਚੋਰੀ ਲਾਲਟੈਣ ਦੇ ਨਿੰਮ੍ਹੇ ਜਿਹੇ ਚਾਨਣ ਵਿਚ ਓਹਲਾ ਕਰ ਕੇ ਪੜ੍ਹਦੀ ਰਹਿੰਦੀ। ਕ੍ਰਿਸ਼ਨ ਚੰਦਰ, ਮੰਟੋ, ਰਾਜਿੰਦਰ ਸਿੰਘ ਬੇਦੀ, ਕੁਰਤਲ-ਐਨ ਹੈਦਰ! ਵਾਹ! ਵਾਹ! ਮੈਂ ਅਸ਼-ਅਸ਼ ਕਰ ਉਠਦੀ। ਸਵੇਰੇ ਰਸਾਲੇ ਮੈਂ ਅਡੋਲ ਉਥੇ ਹੀ ਰੱਖ ਦਿੰਦੀ, ਬੀਬੀ-ਰਾਣੀ ਬਣ ਕੇ। ਇਨ੍ਹਾਂ ਕਹਾਣੀਆਂ ਤੋਂ ਮੈਂ ਬਹੁਤ ਕੁਝ ਗ੍ਰਹਿਣ ਕੀਤਾ ਜੋ ਬਾਅਦ ਵਿਚ ਮੇਰੇ ਲਿਖਣ ਵਿਚ ਚਮਤਕਾਰੀ ਪ੍ਰਭਾਵ ਵਾਲਾ ਸਿੱਧ ਹੋਇਆ।

ਮੇਰੇ ਜ਼ਮਾਨੇ ਵਿਚ ਔਰਤ ਲੇਖਕਾਂ ਤੋਂ ਜਾਂ ਤਾਂ ਕਾਮ-ਲਿੱਬੜੀਆਂ ਕਹਾਣੀਆਂ ਦੀ ਤਵੱਕੋ ਕੀਤੀ ਜਾਂਦੀ, ਜਿਨ੍ਹਾਂ ਨੂੰ ਪੜ੍ਹ ਕੇ ਸਵਾਦੋ-ਸਵਾਦ ਹੋਇਆ ਜਾ ਸਕੇ, ਜਾਂ ਫਿਰ ਮਰਦ ਵਲੋਂ ਸਤਾਈ ਔਰਤ ਦੀ ਲੇਰਾਂ ਤੇ ਭੁੱਬਾ ਮਾਰਦੀ ਸਾਹਿਤਕਾਰੀ ਦੀ ਆਸ ਰੱਖੀ ਜਾਂਦੀ ਸੀ।

ਮੇਰੀ ਪਹਿਲੀ ਕਹਾਣੀ, ਜੋ 1965 ਵਿਚ 'ਆਰਸੀ' ਵਿਚ ਛਪੀ ਸੀ, ਕੁਝ ਇਸੇ ਤਰ੍ਹਾਂ ਦੀ ਹੀ ਸੀ। ਕਹਾਣੀ ਦਾ ਨਾਂ ਸੀ 'ਘਰ-ਵਾਲੀ', ਜੋ ਘਰੋਂ ਕੱਢ ਦਿੱਤੀ ਗਈ ਸੀ। ਰੋਣ-ਧੋਣ ਵਾਹ-ਵਾਹ ਸੀ ਉਸ ਕਹਾਣੀ ਵਿਚ। ਪਰ ਚੰਗੇ ਭਾਗਾਂ ਨੂੰ ਮੈਨੂੰ ਇਕ ਔਖੜ ਪਰ ਸਹੀ ਆਲੋਚਕ ਮਿਲ ਗਿਆ। ਇਹ ਸਾਡੇ ਪਿੰਡ ਦਾ ਬਹੁਤ ਪੜ੍ਹਿਆ-ਲਿਖਿਆ ਬੰਦਾ ਸੀ, ਰਿਸ਼ਤੇ ਵਿਚ ਚਾਚਾ। ਉਹਨੇ ਕਿਤੇ 'ਆਰਸੀ' ਵਿਚੋਂ ਇਹ ਕਹਾਣੀ ਪੜ੍ਹ ਲਈ ਹੋਈ ਸੀ। ਰਹਿੰਦਾ ਉਹ ਸਦਾ ਸ਼ਰਾਬੀ ਸੀ। ਓਦਣ ਵੀ ਉਹ ਰੱਜਿਆ ਹੋਇਆ ਸੀ। ਮੈਂ ਸਰਹਿੰਦ ਅੱਡੇ ਉੱਤੇ ਖੜ੍ਹੀ ਸਾਂ। ਲੁਧਿਆਣੇ ਤੋਂ ਆਈ ਸਾਂ। ਆਪਣੇ ਪਿੰਡ ਜਾਣਾ ਸੀ। ਛੋਟਾ ਜਿਹਾ ਸਿਆਲੀ ਦਿਨ। ਹਨੇਰਾ ਗਾੜ੍ਹਾ ਹੁੰਦਾ ਜਾ ਰਿਹਾ ਸੀ। ਮੈਂ ਡਰ ਰਹੀ ਸਾਂ। ਅਚਾਨਕ ਇਕ ਤਾਂਗਾ ਮੇਰੇ ਸਾਹਮਣੇ ਆ ਕੇ ਖੜ੍ਹ ਗਿਆ।

'ਚੜ੍ਹ ਉੱਤੇ ਕੁੜੀਏ', ਉਹਨੇ ਹੁਕਮ ਕੀਤਾ। 'ਆਹ ਕੋਈ ਵੇਲਾ ਏ ਏਥੇ ਖੁਲੋਣ ਦਾ, 'ਕੱਲੀਆਂ-ਕਾਰੀਆਂ ਕੁੜੀਆਂ ਦਾ।' ਉਹ ਝਿੜਕਦਾ ਗਿਆ, ਬੋਲਦਾ ਗਿਆ, 'ਸੁਣਿਆ ਈ, ਕੀ ਸੀ ਉਹ ਕਹਾਣੀ ਤੇਰੀ। ਮਰਦ ਜ਼ਾਲਮ ਹੁੰਦਾ ਏ, ਔਰਤ ਮਜ਼ਲੂਮ ਵਿਚਾਰੀ। ਮੇਰੀ ਸੁਣ ਕੁੜੀਏ, ਤੈਨੂੰ ਨਹੀਂ ਪਤਾ, ਔਰਤਾਂ ਜ਼ਾਲਮ ਹੁੰਦੀਆਂ ਨੇ। ਬਣੀਆਂ ਫਿਰਦੀਆਂ ਨੇ ਬੀਬੀਆਂ-ਰਾਣੀਆਂ..ਹਾ..ਹਾ..ਹਾ..।' ਉਹ ਠਹਾਕਾ ਮਾਰ ਕੇ ਹੱਸਿਆ, 'ਜ਼ਿੰਦਗੀ ਇੰਜ ਨਹੀਓਂ ਹੁੰਦੀ! ਸੁਣਿਆ ਈ ?'

ਉਹ ਮਰ ਗਿਆ ਏ। ਪਰ ਮੈਂ ਉਹਦੀ ਗੱਲ ਮੰਨ ਲਈ ਸੀ। ਉਹ ਮੇਰਾ ਪਹਿਲਾ, ਪਰ ਸਹੀ ਆਲੋਚਕ ਸੀ। ਮੈਂ ਕੁਝ ਹੋਰ ਤਰ੍ਹਾਂ ਸੋਚਣਆ ਸ਼ੁਰੂ ਕਰ ਦਿੱਤਾ। ਮੈਨੂੰ ਸਪਸ਼ਟ ਹੋ ਗਿਆ ਸੀ ਕਿ ਇਹੋ ਮੇਰਾ ਇਕੋ-ਇਕ ਖੇਤਰ ਉੱਕਾ ਨਹੀਂ ਹੋ ਸਕਦਾ। ਮੈਨੂੰ ਜਾਪਿਆ, ਮੇਰੇ ਦੁਆਲੇ ਬਹੁਤ ਕੁਝ ਬਿਖਰਿਆ ਪਿਆ ਏ, ਜਿਸ ਨੂੰ ਹਾਲੀਂ ਮਰਦ ਲੇਖਕਾਂ ਨੇ ਵੀ ਨਹੀਂ ਸੀ ਛੋਹਿਆ। ਤੇ ਅੱਜ ਮੈਨੂੰ ਖ਼ੁਸ਼ੀ ਹੁੰਦੀ ਏ ਸੋਚ ਕੇ ਕਿ ਇਹ ਇੰਜ ਹੀ ਸੀ। ਏਨੀਆਂ ਨਵੀਆਂ ਪੈਦਾ ਹੋ ਰਹੀਆਂ ਸੰਭਾਵਨਾਵਾਂ ਅਤੇ ਸਮੱਸਿਆਵਾਂ, ਏਨੀਆਂ ਪ੍ਰਤੀਕੂਲ ਪ੍ਰਸਥਿਤੀਆਂ, ਏਨੀਆਂ ਕਹਾਣੀਆਂ! ਖੇਤੀ ਦਾ ਨਵਾਂ ਮਸ਼ੀਨੀਕਰਨ, ਹਰੇ ਇਨਕਲਾਬ ਦੀ ਸ਼ੁਰੂਆਤ, ਇਹ ਸਭ ਕੁਝ ਮੇਰੇ ਆਪਣੇ ਘਰ ਵਿਚ, ਮੇਰੇ ਪਿੰਡ ਵਿਚ, ਮੇਰਿਆਂ ਖੇਤਾਂ ਵਿਚ। ਜਿਵੇਂ ਕੋਈ ਖਜ਼ਾਨਾ ਹੱਥ ਆ ਗਿਆ ਹੋਵੇ। ਇਸ ਚੀਜ਼ ਨੇ ਮੈਨੂੰ ਵਿਲੱਖਣਤਾ ਦਿੱਤੀ।

ਰੂਸੀ ਸਾਹਿਤ ਦੇ ਸੰਪਰਕ ਵਿਚ ਮੈਂ ਜਲਦੀ ਹੀ ਆ ਗਈ। ਟੋਲਸਟਾਏ ਦਾ 'ਜੰਗ ਤੇ ਅਮਨ', ਗੋਰਕੀ ਦੀ ਮਾਂ', ਦਾਸਤੋਵਸਕੀ ਦਾ 'ਕਰਾਈਮ ਐਂਡ ਪਨਿਸ਼ਮੈਂਟ' ਤੇ ਸ਼ੋਲੋਖੋਵ ਦਾ 'ਡਾਨ ਵਹਿੰਦਾ ਰਿਹਾ', 'ਨਵੀਂ ਧਰਤੀ ਨਵੇਂ ਸਿਆੜ, ਕੁਝ ਅੰਗਰੇਜ਼ੀ ਵਿਚ ਤੇ ਕੁਝ ਪੰਜਾਬੀ ਵਿਚ, ਜੋ ਵੀ ਮੇਰੇ ਹੱਥ ਆਇਆ, ਪੜ੍ਹਦੀ ਗਈ।



ਸੁਖਵੰਤ ਕੌਰ ਮਾਨ
ਦੀ ਹੱਥ ਲਿਖਤ

ਸ਼ੇਕਸਪੀਅਰ, ਮਿਲਟਨ, ਬਾਇਰਨ, ਕਿਪਲਿੰਗ ਤੇ ਕਈ ਹੋਰ ਅੰਗਰੇਜ਼ੀ ਸ਼ਾਇਰ ਮੈਂ ਦਿਲ ਦੀ ਡੂੰਘਾਈ ਨਾਲ ਪੜ੍ਹੇ। ਇਨ੍ਹਾਂ ਸਭ ਨੇ ਮਿਲ ਕੇ ਮੇਰੇ ਉੱਤੇ ਬਹੁਤ ਪ੍ਰਭਾਵ ਪਾਇਆ।

ਜਦੋਂ ਮੈਂ ਅੰਗਰੇਜ਼ੀ ਸਾਹਿਤ ਦੇ ਸੰਪਰਕ ਵਿਚ ਆਈ ਤਾਂ ਬਹੁਤ ਸਾਰੀਆਂ ਔਰਤ ਲੇਖਿਕਾਵਾਂ ਮੈਨੂੰ ਬੜੀਆਂ ਸਮਰਥ ਲੱਗੀਆਂ। ਮੈਨੂੰ ਉਨ੍ਹਾਂ ਨਾਲ ਈਰਖਾ ਜਿਹੀ ਹੋ ਗਈ। ਫਿਰ ਕੁਰਤਲ-ਐਨ ਹੈਦਰ ਦਾ 'ਅੱਗ ਦਾ ਦਰਿਆ' ਪੜ੍ਹਿਆ ਤਾਂ ਜਾਪਿਆ ਵਾਹ ਮਨਾ, ਸਾਡੇ ਤਾਂ ਮਰਦ ਲੇਖਕ ਵੀ ਹਾਲੀਂ 'ਮੜ੍ਹੀ ਦਾ ਦੀਵਾ' ਅਤੇ 'ਪਵਿੱਤਰ ਪਾਪੀ' ਉੱਤੇ ਹੀ ਅਟਕੇ ਹੋਏ ਨੇ! ਖ਼ੈਰ!

ਜਦੋਂ ਹੁਣ ਵੀ ਕੋਈ ਔਰਤਾਂ ਦਾ ਵੱਖਰਾ ਕਹਾਣੀ-ਦਰਬਾਰ ਸਜਾਇਆ ਜਾਂਦਾ ਏ ਤਾਂ ਮੈਨੂੰ ਕੋਫ਼ਤ ਜਿਹੀ ਹੁੰਦੀ ਏ। ਮੈਨੂੰ ਤਾਂ ਲੇਖਿਕਾ ਸ਼ਬਦ ਤੋਂ ਵੀ ਚਿੜ ਏ। ਜਦੋਂ ਅਸੀਂ ਲਿਖਦੇ ਹਾਂ ਤਾਂ ਬੱਸ ਲਿਖਦੇ ਹਾਂ। ਉਸ ਵਿਚ ਔਰਤ-ਮਰਦ ਦਾ ਕੀ ਸਵਾਲ ਹੋਇਆ!

? ਮੁਹੱਬਤ ਦਾ ਜਜ਼ਬਾ ਬੜਾ ਸਹਿਜ ਤੇ ਕੁਦਰਤੀ ਹੈ ਪਰ ਤੁਹਾਡੀਆਂ ਕਹਾਣੀਆਂ ਵਿਚ ਉਹ ਗ਼ੈਰ ਹਾਜ਼ਰ ਕਿਉਂ ਹੈ ?

ਮਾਨ : ਸਾਡੇ ਸਾਹ-ਘੁਟਵੇਂ ਸਮਾਜ ਵਿਚ ਨਾ ਇਹ ਸਹਿਜ ਰਹਿ ਜਾਂਦਾ ਏ, ਨਾ ਕੁਦਰਤੀ। ਡਰ, ਭੈ ਤੇ ਸਮਾਜ ਵਲੋਂ ਲਾਏ ਅੰਕੁਸ਼ ਅਧੀਨ ਜਾਂ ਤਾਂ ਇਹ ਬਹੁਤ ਨੱਪਿਆ ਜਾਂਦਾ ਏ ਜਾਂ ਬਾਗ਼ੀ ਹੋ ਜਾਂਦਾ ਏ ਅਤੇ ਭਬੂਕਾ ਮਾਰ ਕੇ ਮੱਚ ਖਲੋਂਦਾ ਏ ਤੇ ਕੁਰਾਹੇ ਪੈ ਜਾਂਦਾ ਏ। ਦੋਵੇਂ ਹਾਲਤਾਂ ਗ਼ੈਰ ਕੁਦਰਤੀ ਨੇ। ਇਸੇ ਲਈ ਇਹ ਸਮਾਜ ਅਤੇ ਮਨੁੱਖ ਲਈ ਸਿਰ-ਦਰਦੀ ਬਣ ਜਾਂਦਾ ਏ। 'ਮੁਹੱਬਤ' ਸ਼ਬਦ ਦੀ ਵਿਆਖਿਆ ਜੇ ਆਮ ਸ਼ਬਦਾਂ ਵਿਚ ਕੀਤੀ ਜਾਏ... ਪਰ ਸਮਝ ਨਹੀਂ ਆਉਂਦੀ ਕਿ ਸਵਾਲ ਕਰਨ ਸਮੇਂ ਤੁਹਾਡੇ ਮੀਟਰ ਮੁਤਾਬਕ ਇਹ ਮੁਹੱਬਤ ਸਾਡੀਆਂ ਪ੍ਰੇਮ ਗਥਾਵਾਂ ਵਿਚਲੀ ਹੈ ਜਾਂ ਸਾਧਾਰਨ ਕੁੜੀਆਂ ਦੀ ਮੁੰਡਿਆਂ ਉੱਤੇ ਮਰ-ਮਿਟਣ ਵਾਲੀ ਜਾਂ ਕਮਲਿਆਂ ਵਾਲੀ ?

ਸੱਚੀ ਗੱਲ ਤਾਂ ਇਹ ਹੈ, ਮੁਹੱਬਤਤਾਂ ਹੋਈ ਪਰ ਹੱਥ ਨਾ ਆਈ। ਜੀਹਦੇ ਨਾਲ ਮੁਹੱਬਤ ਹੋਈ, ਇਕਬੋਲ ਵੀ ਸਾਂਝੀ ਨਾ ਹੋ ਸਕਿਆ। ਜੋ ਚੀਜ਼ ਮਿਲੀ ਨਹੀਂ ਉਹਦਾ ਵਿਗੋਚਾ ਹੀ ਹੋ ਸਕਦਾ ਏ। ਵਿਜੋਗੀ ਜਿਹੀ ਹਾਲਤ। ਅਸਲੀ ਮੁਹੱਬਤ ਬੰਦੇ ਦਾ ਹਾਸਲ ਨਹੀਂ, ਕਿਸੇ ਫ਼ਰਿਸ਼ਤੇ ਨੂੰ ਹੀ ਮਿਲਦੀ ਹੋਵੇਗੀ।

ਮੁਹੱਬਤ ਤਾਂ ਇਕ 'ਕਾਵਿਕ' ਸ਼ਬਦ ਏ। ਜਦੋਂ ਹਾਸਲ ਹੋ ਜਾਂਦੀ ਹੈ ਤਾਂ ਕਾਫ਼ੂਰ ਵਾਂਗ ਉੱਡ-ਪੁੱਡ ਜਾਂਦੀ ਏ। ਸਭ ਕਾਮ ਦੇ ਜਜ਼ਬੇ ਦੀ ਖੇਡ ਹੈ। ਜਵਾਨੀ, ਪਿਆਰ, ਮੁਹੱਬਤ ਵਰਗੇ ਵਿਸ਼ਿਆਂ ਉੱਤੇ ਸਾਡੇ ਜੱਟ-ਸਭਿਆਚਾਰ ਵਿਚ ਘਰਾਂ ਵਿਚ ਗੱਲ ਨਹੀਂ ਕੀਤੀ ਜਾਂਦੀ। ਮੁਟਿਆਰ ਹੁੰਦੀਆਂ ਕੁੜੀਆਂ ਨੂੰ ਭਾਵੀ ਖ਼ਤਰਿਆਂ ਬਾਰੇ ਮਾਵਾਂ ਵੀ ਨਹੀਂ ਸਨ ਦਸਦੀਆਂ। ਬੱਸ ਕੋਈ ਛੇਵੀਂ ਸੈਂਸ ਹੀ ਹੁੰਦੀ ਸੀ ਜੀਹਦੇ ਸਿਰ ਉੱਤੇ ਬਚਾਅ ਹੋ ਜਾਂਦਾ ਸੀ।

ਮੇਰੀਆਂ ਕਹਾਣੀਆਂ ਪਿਆਰ-ਮੁਹੱਬਤ ਦੇ ਇਜ਼ਹਾਰ ਦੀਆਂ ਕਹਾਣੀਆਂ ਨਹੀਂ। ਇਕ ਤਾਂ ਮੈਂ ਅਜੀਤ ਤੇ ਅੰਮ੍ਰਿਤਾ ਜੀ ਵਾਲੇ ਬੰਧਨ ਨਹੀਂ ਤੋੜੇ। ਅਸਲ ਵਿਚ ਬੰਧਨ ਪਏ ਹੀ ਨਹੀਂ। ਇਕ ਛੋਟੇ ਜਿਹੇ ਪਿੰਡ ਵਿਚ ਰਹਿਣ ਕਰ ਕੇ ਮੌਕਾ ਹੀ ਕੋਈ ਨਹੀਂ ਮਿਲਿਆ। ਫਿਰ ਕਹਾਣੀਆਂ ਵਿਚ ਕਿੱਥੋਂ ਆ ਜਾਂਦਾ। ਹਾਂ ਵਿਗੋਚੇ ਅਤੇ ਵਿਜੋਗ ਦੇ ਜਜ਼ਬੇ ਬਾਰੇ ਮੈਂ ਕੁਝ ਕਹਾਣੀਆਂ ਲਿਖੀਆਂ। ਪਰ ਅਸ਼ਲੀਲ ਕਹਿ ਕੇ ਪਰਤਾ ਦਿੱਤੀਆਂ ਗਈਆਂ। ਸਨ ਉਹ ਵਧੀਆ। 'ਅਕਸ' ਵਾਲੇ ਨੇ ਇਕ ਕਹਾਣੀ 'ਚੂਹਾ' ਛਾਪ ਦਿੱਤੀ। ਪਰ ਇਸ ਕਹਾਣੀ ਕਰ ਕੇ ਤੇ ਮੇਰੇ ਨਾਵਲ 'ਜਜ਼ੀਰੇ' ਕਰ ਕੇ ਮੈਨੂੰ ਆਪਣੇ ਰਾਹ ਤੋਂ ਥਿੜਕੀ ਹੋਈ ਕਹਿ ਕੇ ਭੰਡਿਆ ਗਿਆ। ਹੁਣ ਸੁਣਿਆ ਏ, ਕਹਾਣੀ 'ਚੂਹਾ' ਇਕ ਮਹਾਨ ਕਹਾਣੀ ਏ! ਖ਼ੈਰ!

ਤੁਸਾਂ ਮੇਰੀ ਕਹਾਣੀ 'ਚੂਹਾ' ਕਿਸੇ ਮੇਰੇ ਕਹਾਣੀ-ਸੰਗ੍ਰਹਿ ਵਿਚ ਛਪੀ ਹੋਈ ਨਹੀਂ ਦੇਖੀ ਕਿਉਂਕਿ ਮਰਿਆ ਹੋਇਆ ਚੂਹਾ ਸਮਝ ਕੇ ਚਿਮਟੇ ਨਾਲ ਬਾਹਰ ਸੁੱਟ ਦਿੱਤਾ ਗਿਆ ਸੀ।

ਮੈਂ ਫਰਾਇਡ ਵਾਂਗ ਕਾਮ ਦੇ ਜਜ਼ਬੇ ਨੂੰ ਜੀਵਨ ਦਾ ਕੇਂਦਰ-ਬਿੰਦੂ ਨਹੀਂ ਮੰਨਦੀ। ਨਾ ਹੀ ਕਾਮ-ਅਪੂਰਤੀ ਨਾਲ ਕੋਈ ਮਰਦਾ ਵੇਖਿਆ ਏ। ਫਿਰ ਵੀ ਇਸ ਦੀ ਪੂਰਤੀ ਬਹੁਤ ਜ਼ਰੂਰੀ ਏ। ਮੈਂ ਕਾਮ ਜਾਂ ਪਿਆਰ ਬਾਰੇ ਓਸ਼ੋ-ਰਜਨੀਸ਼ ਨਾਲ ਜ਼ਿਆਦਾ ਸਹਿਮਤ ਹਾਂ। ਇਸ ਦਾ ਕੁਦਰਤੀ ਅਤੇ ਸਹਿਜ ਨਿਕਾਸ ਹੋਣਾ ਚਾਹੀਦਾ ਏ। ਨਹੀਂ ਤਾਂ ਇਹ ਕੁੰਠਾ ਦਾ ਰੂਪ ਧਾਰਨ ਕਰ ਲੈਂਦਾ ਏ ਤੇ ਮਨੁੱਖ ਦੀ ਇਹਦੇ ਤੋਂ ਮੁਕਤੀ ਨਹੀਂ ਹੁੰਦੀ। ਇਸੇ ਕਰ ਕੇ ਮਨੁੱਖ ਇਕ ਭਟਕਣਾ ਦੇ ਆਲਮ ਵਿਚ ਰਹਿੰਦਾ ਏ ਅਤੇ ਹੋਰ ਵਡੇਰੇ ਤੇ ਮਹਾਨ ਕੰਮ ਨਹੀਂ ਛੋਹ ਸਕਦਾ। ਇਸ ਵਿਚੋਂ ਜਿੰਨਾ ਕੋਈ ਛੇਤੀ ਨਿੱਕਲ ਜਾਏ (ਮਾਨਸਿਕ ਤੌਰ 'ਤੇ) ਓਨਾ ਹੀ ਸਿਆਣਾ ਹੋ ਕੇ ਨਿੱਕਲਦਾ ਹੈ।

ਕਹਾਣੀ 'ਚੂਹਾ' ਵਿਚਲੀ ਕੁੜੀ ਕਾਮ-ਭੁੱਖ ਦੀ ਸਤਾਈ ਹੋਈ ਕਿੰਨੇ ਡਰ-ਭੈ ਤੇ ਸੰਤਾਪ ਵਿਚੋਂ ਗੁਜ਼ਰਦੀ ਏ, ਕਿਉਂਕਿ ਸਮਾਜ ਵਿਚ ਅਣ-ਵਿਆਹੇ ਲੋਕਾਂ ਲਈ ਕੋਈ ਇਹੋ ਜਿਹੀ ਖੁੱਲ੍ਹ ਨਹ੩। ਇਸੇ ਤਰ੍ਹਾਂ ਮੇਰੀ ਕਹਾਣੀ 'ਇਕ ਰਾਤ ਦਾ ਦੁਖਾਂਤ' ਵਿਚਲਾ ਲੜਕਾ ਸਾਰੀ ਰਾਰਤ ਹੀ ਚੰਨ-ਚਾਨਣੀ ਵਿਚ ਵਿਹੜੇ ਵਿਚ ਸੁੱਤੀ ਪਈ ਕੁੜੀ ਬਾਰੇ ਸੋਚੀ ਜਾਂਦਾ ਏ। ਏਨੇ ਵਿਚ ਦਿਨ ਚੜ੍ਹ ਜਾਂਦਾ ਏ।

ਭਾਵੇਂ ਮੇਰੀਆਂ ਕਹਾਣੀਆਂ ਵਿਚ ਉਸ ਕੂਲੀ ਮੁਹੱਬਤ ਦਾ ਕੋਈ ਜ਼ਿਕਰ ਨਹੀਂ ਆਇਆ, ਪਰ ਮੇਰੀ ਜ਼ਿੰਦਗੀ ਵਿਚ ਵੀ ਕੁਝ ਲਮਹੇ ਅਜਿਹੇ ਆਏ ਕਿ ਬੇਹੋਸ਼ੀ ਜਿਹੀ ਤਾਰੀ ਹੋ ਗਈ, ਸ਼ਦਾਅ ਵਰਗੀ ਹਾਲਤ ਹੋ ਗਈ। ਉਸ ਵਕਤ ਕੁਝ ਅਜਿਹਾ ਅਹਿਸਾਸ ਹੋਇਆ ਜਿਵੇਂ ਕੰਧਾਂ ਉੱਤੇ, ਕੋਠਿਆਂ ਉੱਤੇ, ਧਰਤੀ-ਅਸਮਾਨ ਉੱਤੇ ਕੋਈ ਸ਼ਾਇਰੀ ਲਿਖੀ ਗਈ ਹੋਵੇ, ਫ਼ਿਜ਼ਾ ਵਿਚ ਸੱਤੇ ਰੰਗ ਬਿਖਰੇ ਗਏ ਹੋਣ। ਜਲਦੀ ਹੀ ਅਹਿਸਾਸ ਹੋਇਆ, ਉਹ ਤਾਂ ਸਭ ਥੋੜ੍ਹ-ਚਿਰਾ ਸੀ, ਝਲਕਾਰਾ ਮਾਤਰ, ਲਿਸ਼ਕਾਰਾ ਜਿਹਾ, ਇਕ ਵਜਦ ਵਰਗੀ ਹਾਲਤ। ਇਹੋ ਜਿਹੇ ਕੂਲੇ, ਅੱਕ-ਛੰਬੀਆਂ ਵਾਂਗ ਹਵਾ ਵਿਚ ਉਡਦੇ ਜਜ਼ਬੇ ਨੂੰ ਕਹਾਣੀ ਵਰਗੀ ਨਿੱਗਰ ਵੱਥ ਵਿਚ ਮੈਥੋਂ ਸਮੋਇਆ ਨਾ ਗਿਆ। ਕਦੀ ਹਵਾ ਤੇ ਧੁੱਪ ਵੀ ਬਝਦੀ ਏ!

? ਔਰਤ ਵਿਚ ਜੋ 'ਕਵਿਤਾ' ਹੁੰਦੀ ਹੈ, ਉਹ ਕਿੱਥੇ ਹੈ ? ਕੀ ਇਸੇ ਕਵਿਤਾ ਨੂੰ ਹੀ ਤੁਸੀਂ ਆਲੋਚਕਾਂ ਦੀ ਔਰਤ-ਲੇਖਕਾਂ ਪ੍ਰਤੀ ਮਿਥੀ ਹੋਈ ਧਾਰਨਾ ਆਖਿਆ ਹੈ ?

ਮਾਨ : ਸ਼ਾਇਦ 'ਕਵਿਤਾ' ਤੋਂ ਭਾਵ ਔਰਤ ਦਾ ਜਜ਼ਬਾਤੀ ਹੋਣਾ ਹੈ। ਜਾਂ ਫਿਰ ਲੇਖਕ ਔਰਤ ਦਾ ਜਜ਼ਬਾਤੀ ਹੋਣਾ। ਉਂਜ ਤਾਂ ਹਰੇਕ ਲੇਖਕ ਹੀ ਕੁਝ ਜਜ਼ਬਾਤੀ ਹੁੰਦਾ ਏ, ਪਰ ਨਾਨਕ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਤੇ ਸੁਜਾਨ ਸਿੰਘ ਮੇਰੇ ਖ਼ਿਆਲ ਵਿਚ ਅੰਮ੍ਰਿਤਾ ਪ੍ਰੀਤਮ ਤੋਂ ਕੁਝ ਵਧੇਰੇ ਹੀ ਭਾਵੁਕ ਸਨ। ਇਨ੍ਹਾਂ ਸਭ ਨੇ ਭਾਵਨਾਵਾਂ ਵਿਚ ਵਹਿ ਕੇ ਲਿਖਿਆ। ਪੰਜਾਬੀ ਦੇ ਆਲੋਚਕ ਔਰਤ ਲੇਖਕ ਨੂੰ ਦੂਜੇ ਦਰਜੇ ਦੀ ਲੇਖਕ ਸਮਝਦੇ ਹਨ।

? ਤੁਸੀਂ ਇਕ ਸ਼ਾਂਤ ਤੇ ਚੁੱਪ ਜੀਵਨ ਜਿਉਂ ਰਹੇ ਹੋ। ਜਦੋਂ ਕਿਤੇ ਜਾਂਦੇ ਹੀ ਨਹੀਂ ਤਾਂ ਫਿਰ ਕਹਾਣੀਆਂ ਕਿਥੋਂ ਲਭਦੇ ਹੋ ? ਮਨ ਦੀ ਮਿੱਟੀ ਵਿਚੋਂ ?

ਮਾਨ : ਮੈਂ ਨਾ ਹੀ ਚੁੱਪ ਹਾਂ ਤੇ ਨਾ ਹੀ ਸ਼ਾਂਤ। ਤੁਹਾਡੀਆਂ ਇਹ ਦੋਵੇਂ ਧਾਰਨਾਵਾਂ ਕਾਫ਼ੀ ਹੱਦ ਤਕ ਬੇਬੁਨਿਆਦ ਨੇ। ਰੌਲਾ ਅਤੇ ਅਸ਼ਾਂਤੀ ਜ਼ਰੂਰੀ ਨਹੀਂ ਬਾਹਰ ਹੋਵੇ। ਇਹ ਤਾਂ ਬੰਦੇ ਦੇ ਧੁਰ-ਅੰਦਰ ਹੁੰਦੀ ਏ। ਕਹਾਣੀਆਂ ਕਿਧਰੇ ਜਾਣ-ਆਉਣ ਨਾਲ ਬਹੁਤੀਆਂ ਸਬੰਧਤ ਨਹੀਂ ਹੁੰਦੀਆਂ। ਮੇਰੀਆਂ ਤਾਂ ਨਹੀਂ। ਮੈਂ ਆਪਣੀ ਭੈਣ ਕੋਲ ਰਹਿ ਰਹੀ ਹਾਂ। ਕੁਝ ਸਬੱਬ ਹੀ ਅਜਿਹਾ ਬਣ ਗਿਆ। ਪਰ ਮੇਰਾ ਮਨ ਪੂਰਾ-ਸੂਰਾ ਏਥੇ ਕਦੀ ਨਹੀਂ ਲੱਗਿਆ। ਮੇਰੀਆਂ ਕਹਾਣੀਆਂ ਦਾ ਸੋਮਾ ਹਾਲੀਂ ਵੀ ਮੇਰਾ ਪਿੰਡ ਏ।

? ਕੀ ਤੁਸੀਂ ਇਸ ਗੱਲ ਬਾਰੇ ਵੀ ਸੋਚਿਆ ਹੈ ਕਿ ਤੁਹਾਡੇ ਲਈ ਲਿਖਣਾ ਹੀ ਕਿਉਂ ਜ਼ਰੂਰੀ ਸੀ ?

ਮਾਨ : ਮੈਨੂੰ ਬਚਪਨ ਵਿਚ ਪੜ੍ਹਨ ਵਾਸਤੇ ਰਿਸ਼ਤੇਦਾਰਾਂ ਕੋਲ ਇਕ ਵੱਡੇ ਸ਼ਹਿਰ ਭੇਜ ਦਿੱਤਾ ਗਿਆ ਸੀ। ਮੇਰਾ ਮਨ ਇਨ੍ਹਾਂ ਲੋਕਾਂ ਨੂੰ ਕਬੂਲਦਾ ਨਹੀਂ ਸੀ। ਇਹ ਲੋਕ ਮੇਰੇ ਨਾਲ ਵਿਤਕਰਾ ਕਰਦੇ। ਇਨ੍ਹਾਂ ਦੇ ਬੱਚੇ ਖੇਡ ਰਹੇ ਹੁੰਦੇ, ਮੈਂ ਘਰ ਵਿਚ ਪੋਚੇ ਮਾਰ ਰਹੀ ਹੁੰਦੀ ਜਾਂ ਭਾਂਡੇ ਮਾਂਜ ਰਹੀ ਹੁੰਦੀ। ਮੈਨੂੰ

'ਨੀਂ' ਆਖ ਕੇ ਬੁਲਾਇਆ ਜਾਂਦਾ। ਖਾਣਾ ਵੀ ਆਪਣੇ ਬੱਚਿਆਂ ਵਰਗਾ ਨਾ ਦਿੱਤਾ ਜਾਂਦਾ। ਮੇਰੀ ਮਾਂ ਵੱਡੇ ਦਿਲ ਵਾਲੀ ਨੇਕ ਇਸਤਰੀ ਸੀ। ਇਹ ਲੋਕ ਬੜੇ ਛੋਟੇ ਦਿਲ ਦੇ ਸਨ। ਮੈਂ ਚੁੱਪ ਜਿਹੀ ਹੋ ਗਈ, ਸਹਿਮੀ ਜਿਹੀ। ਸਕੂਲ ਵਿਚ ਵੀ ਬਹੁਤ ਘੱਟ ਬੋਲਦੀ। ਪਰ ਇਹ ਸਮਝ ਮੈਨੂੰ ਆਪ ਨੂੰ ਵੀ ਨਹੀਂ ਆਉਂਦੀ ਕਿ ਸਾਰਾ ਕੁਝ ਮੈਂ ਆਪਣੀ ਦਾਦੀ ਮਾਂ ਨੂੰ ਕਿਉਂ ਨਹੀਂ ਸਾਂ ਦਸਦੀ। ਮੈਂ ਏਨੀ ਚੁੱਪ ਕਿਉਂ ਹੋ ਗਈ ਸਾਂ ? ਜਾਂ ਇਹ ਸਾਰਾ ਕੁਝ ਏਨਾ ਘਟੀਆ ਸੀ ਕਿ ਮੈਨੂੰ ਦਸਦਿਆਂ ਸ਼ਰਮ ਆਉਂਦੀ ਸੀ। ਜਾਂ ਮੈਨੂੰ ਨਾ ਭਰਾ ਦਿੱਤਾ ਗਿਆ ਸੀ। ਇਸ ਤੋਂ ਬਾਅਦ ਜ਼ਿੰਦਗੀ ਦੇ ਕਈ ਹੋਰ ਦਬਾਅ ਪੈਂਦੇ ਗਏ। ਜਦੋਂ ਕੜ ਟੁੱਟਿਆ ਤਾਂ ਕਹਾਣੀਆਂ ਦੇ ਰੂਪ ਵਿਚ ਵਹਿ ਨਿਕਲਿਆ। ਜੇ ਮੈਂ ਲਿਖਦੀ ਨਾ, ਤਾਂ ਇਸ ਸਭ ਕੁਝ ਦਾ ਕੀ ਪ੍ਰਤੀਕਰਮ ਹੁੰਦਾ, ਸੋਚ ਕੇ ਵੀ ਡਰ ਲਗਦਾ ਏ!

? ਤੁਹਾਡੀਆਂ ਕਹਾਣੀਆਂ ਵਿਚ ਕਲਪਨਾ ਦੀ ਥਾਂ ਬਹੁਤ ਘੱਟ ਜਾਪਦੀ ਹੈ। ਕੀ ਕਲਪਨਾ ਤੋਂ ਬਿਨਾਂ ਕਹਾਣੀ ਨੂੰ ਪੂਰਾ ਕਰਨਾ ਸੰਭਵ ਹੁੰਦਾ ਹੈ ?

ਮਾਨ : ਨਿਰੀ ਕਪਲਨਾ ਸਾਹਿਤ ਵਿਚ ਬਣਾਉਟੀਪਣ ਲਿਆਉਂਦੀ ਹੈ। ਤੇ ਨਿਰੀ ਘਟਨਾਵਾਂ ਦੀ ਪੇਸ਼ਕਾਰੀ ਫ਼ੋਟੋਗ੍ਰਾਫ਼ੀ ਦਾ ਪ੍ਰਭਾਵ ਪਾਉਂਦੀ ਹੈ। ਮੇਰੀਆਂ ਕਹਾਣੀਆਂ ਮਿੱਸੀਆਂ ਹਨ। ਮੈਨੂੰ ਖ਼ੁਸ਼ੀ ਹੋਈ ਏ ਜਾਣ ਕੇ ਕਿ ਮੇਰੀ ਕਲਪਨਾ ਵੀ ਤੁਹਾਨੂੰ ਜੀਵਨ ਦੇ ਬਹੁਤੇ ਨੇੜੇ ਲੱਗੀ। ਕਹਾਣੀ ਕੋਰੀ ਕਲਪਨਾ ਨਾਲ ਨਹੀਂ ਲਿਖੀ ਜਾ ਸਕਦੀ। ਕਦੇ ਨਾ ਕਦੇ, ਕਿਧਰੇ ਨਾ ਕਿਧਰੇ ਕਹਾਣੀ ਦੇ ਪਾਤਰ ਜ਼ਰੂਰ ਤੁਹਾਡੇ ਨਾਲ ਖਹਿ ਕੇ ਲੰਘੇ ਹੁੰਦੇ ਹਨ, ਜਿਵੇਂ ਕਹਾਣੀ 'ਇਸ ਦੇ ਬਾਵਜੂਦ' ਵਿਚਲਾ ਸਤਿਬੀਰ ਅਤੇ 'ਗੁਲਾਬੀ ਧੁੱਪ' ਵਿਚਲੀ ਮਿਸਿਜ ਗਿੱਲ ਦੋਵੇਂ ਪਾਤਰ ਕਲਪਨਾ ਉੱਤੇ ਆਧਾਰਤ ਹਨ, ਪਰ ਇਸ ਦੇ ਬਾਵਜੂਦ ਮੈਂ ਕਿਧਰੇ ਨਾ ਕਿਧਰੇ ਜ਼ਰੂਰ ਉਨ੍ਹਾਂ ਨੂੰ ਜਾਣਦੀ ਸੀ। ਇਕ ਅਸਚਰਜ ਤੱਥ ਜੋ ਮੇਰੇ ਸਾਹਮਣੇ ਆਇਆ, ਉਹ ਹੈ ਕਹਾਣੀ ਲਿਖਣ ਤੋਂ ਅੱਠ ਸਾਲ ਬਾਅਦ ਇਹ ਪਾਤਰ ਸਾਡੇ ਆਪਣੇ ਹੀ ਘਰ ਵਿਚ ਪੂਰੇ ਜਲੌਅ ਵਿਚ ਵਿਚਰਨ ਲੱਗੇ। ਬੱਸ ਸਮਝੋ, ਕਲਪਨਾ ਸੱਚ ਹੋ ਨਿੱਬੜੀ।

? ਤੁਹਾਡੀ ਜਾਚੇ ਕਹਾਣੀ ਸਿਰਜਣ ਵਿਚ ਕਰਾਫ਼ਟ ਦੀ ਕਿੰਨੀ ਕੁ ਥਾਂ ਹੁੰਦੀ ਹੈ ?

ਮਾਨ : ਕਰਾਫ਼ਟ ਸ਼ਬਦ ਕੁਝ ਹਲਕਾ ਜਿਹਾ ਲਗਦਾ ਏ, ਜਿਵੇਂ ਕੁਰਸੀਆਂ-ਮੇਜ਼ ਬਣਾਉਣਾ। ਪੰਜਾਬੀ ਕਹਾਣੀ ਇਨ੍ਹਾਂ ਕਰਾਫ਼ਟ ਦੀਆਂ ਗਿਣਤੀਆਂ-ਮਿਣਤੀਆਂ ਤੋਂ ਕਾਫ਼ੀ ਅੱਗੇ ਲੰਘ ਚੁੱਕੀ ਹੈ। ਆਪਣੀਆਂ ਸੰਭਾਵਨਾਵਾਂ ਨੂੰ ਬਹੁਤ ਵਿਸਤ੍ਰਿਤ ਕਰ ਚੁੱਕੀ ਏ।

? ਕੀ ਕਹਾਣੀ ਲਿਖਣ ਲਈ ਸਿਰਜਣਾ ਦੇ ਪਲਾਂ ਨੂੰ ਉਡੀਕਦੇ ਹੋ ਕਿ ਕੋਈ ਵੀ ਸਮਾਂ ਤੁਹਾਡੇ ਲਈ ਲਿਖਣ ਦਾ ਸਮਾਂ ਹੋ ਸਕਦਾ ਏ ?

ਮਾਨ : 'ਸਿਰਜਣਾ ਦੇ ਪਲ' ਵਰਗੀਆਂ ਸੂਖ਼ਮ ਉਕਤੀਆਂ ਮੇਰੇ ਲਿਖਣ-ਢੰਗ ਦੇ ਮੇਚ ਨਹੀਂ ਆਉਂਦੀਆਂ। ਜਦੋਂ ਮੈਨੂੰ ਜਾਪਿਆ ਕਿ ਮੈਂ ਕਈ ਹੋਰ ਲੇਖਕਾਂ ਵਾਂਗ ਆਪਣੇ ਲਿਖੇ ਨੂੰ ਹੀ ਦੁਹਰਾਉਣ ਨਾ ਲੱਗ ਪਵਾਂ ਤਾਂ ਮੈਂ ਲਿਖਣਾ ਘੱਟ ਕਰ ਦਿੱਤਾ। ਮੈਂ ਸਿਰਜਣਾ ਦੇ ਸਮਰਥ ਪਲਾਂ ਵਿਚ ਹੀ ਲਿਖ ਸਕਦੀ ਹਾਂ। ਕੋਸ਼ਿਸ਼ ਨਾਲ ਆਪਣੇ ਆਪ ਨੂੰ ਲਿਖਣ ਮਜਬੂਰ ਕਰਨਾ, ਮੈਨੂੰ ਸਿਰਜਣਾ ਦੀ ਤੌਹੀਨ ਜਾਪਦਾ ਏ।

? ਪੰਜਾਬੀ ਲੇਖਕਾਂ ਦੇ ਲਿਖਣ ਦੇ ਰਾਹ ਵਿਚ ਬਹੁਤ ਰੁਕਾਵਟਾਂ ਹੁੰਦੀਆਂ ਨੇ। ਤੁਹਾਡੀਆਂ ਅੜਚਨਾਂ ਕਿਹੜੀਆਂ ਨੇ ?

ਮਾਨ : ਇਹ ਰੁਕਾਵਟਾਂ ਇਸਤਰੀ ਲੇਖਕਾਂ ਦੇ ਰਾਹ ਵਿਚ ਬਹੁਤ ਵੱਡੀਆਂ ਬਣ ਕੇ ਖਲੋਂਦੀਆਂ ਹਨ। ਲਿਖਣਾ ਭਗਤੀ ਵਾਂਗ ਏ। ਭਗਤੀ ਤਿਆਗ ਹੁੰਦੀ ਏ। ਤਿਆਗ ਦਾ ਭਾਵ ਏ ਅ-ਲਗਾਵ। ਅ-ਲਗਾਵ ਰਿਸ਼ਤੇਦਾਰਾਂ ਤੋਂ ਸਹਿਣ ਨਹੀਂ ਹੁੰਦਾ। ਸੋ, ਰਿਸ਼ਤਿਆਂ ਦੀ ਤਿੜਕਣ ਦਾ ਸਾਹਮਣਾ ਕਰਨਾ ਪੈਂਦਾ ਏ।

ਲੇਖਕ ਪੁਰਾਤਨ ਰੁੜ੍ਹੀਆਂ ਨੂੰ ਤੋੜਦਾ ਏ, ਨਵੀਂਆਂ ਪਿਰਤਾਂ ਪਾਉਂਦਾ ਏ। ਰੁੜ੍ਹੀਆਂ ਨੂੰ ਤੋੜਨਾ, ਚਾਹੇ ਲਿਖਣ ਵਿਚ ਹੀ ਹੋਵੇ, ਪੁਰਾਤਣਤਾਵਾਦੀਆਂ ਨੂੰ ਭਾਉਂਦਾ ਨਹੀਂ। ਮੇਰਾ ਨਾਵਲ 'ਜਜ਼ੀਰੇ' ਪੜ੍ਹ ਕੇ ਕਈਆਂ ਨੂੰ ਧੱਕਾ ਜਿਹਾ ਲੱਗਾ। ਸੁਖਵੰਤ ਕੌਰ ਕੀ ਲਿਖਣ ਲੱਗ ਪਈ ? ਇਕ ਪਬਲਿਸ਼ਰ ਕੋਲ ਮੈਂ ਪਹੁੰਚ ਕੀਤੀ। ਕਹਿੰਦਾ, 'ਸਾਡੀ (ਪਹਿਲਾਂ ਬਣੀ ਬਣਾਈ) ਕਸਵੱਟੀ ਉੱਤੇ ਪੂਰਾ ਨਹੀਂ ਉਤਰਦਾ, ਅਸ਼ਲੀਲ ਏ। ਕੁਦਰਤੀ ਉੱਥੇ ਉਸ ਵੇਲੇ ਕੋਈ ਹੋਰ ਨਹੀਂ ਸੀ। ਉਹ ਬੱਸ ਅੱਲ-ਵਲੱਲੀਆਂ ਜਿਹੀਆਂ ਮਾਰਨ ਲੱਗ ਪਿਆ। ਅਖ਼ੀਰ ਇਹ ਨਾਵਲ ਮੈਂ ਆਪ ਛਪਵਾਇਆ, ਭਾਵੇਂ ਬਾਅਦ ਵਿਚ ਇਹਦਾ ਹਿੰਦੀ ਰੁਪਾਂਤਰ ਮੋਹਨ ਲਾਲ ਹੁਰਾਂ ਛਾਪਿਆ।

ਲੇਖਕ ਪੁਰਾਤਣ ਰੁੜ੍ਹੀਆਂ ਨੂੰ ਤੋੜਦਾ ਏ, ਨਵੀਂਆਂ ਪਿਰਤਾਂ ਪਾਉਂਦਾ ਏ। ਰੁੜ੍ਹੀਆਂ ਨੂੰ ਤੋੜਨਾ, ਚਾਹੇ ਲਿਖਣ ਵਿਚ ਹੀ ਹੋਵੇ, ਪੁਰਾਤਣਤਾਵਾਦੀਆਂ ਨੂੰ ਭਾਉਂਦਾ ਨਹੀਂ। ਮੇਰਾ ਨਾਵਲ 'ਜਜ਼ੀਰੇ' ਪੜ੍ਹ ਕੇ ਕਈਆਂ ਨੂੰ ਧੱਕਾ ਜਿਹਾ ਲੱਗਾ। ਸੁਖਵੰਤ ਕੌਰ ਕੀ ਲਿਖਣ ਲੱਗ ਪਈ ? ਇਕ ਪਬਲਿਸ਼ਰ ਕੋਲ ਮੈਂ ਪਹੁੰਚ ਕੀਤੀ। ਕਹਿੰਦਾ, 'ਸਾਡੀ (ਪਹਿਲਾਂ ਬਣੀ ਬਣਾਈ) ਕਸਵੱਟੀ ਉੱਤੇ ਪੂਰਾ ਨਹੀਂ ਉਤਰਦਾ, ਅਸ਼ਲੀਲ ਏ। ਕੁਦਰਤੀ ਉੱਥੇ ਉਸ ਵੇਲੇ ਕੋਈ ਹੋਰ ਨਹੀਂ ਸੀ। ਉਹ ਬੱਸ ਅੱਲ-ਵਲੱਲੀਆਂ ਜਿਹੀਆਂ ਮਾਰਨ ਲੱਗ ਪਿਆ। ਅਖ਼ੀਰ ਇਹ ਨਾਵਲ ਮੈਂ ਆਪ ਛਪਵਾਇਆ, ਭਾਵੇਂ ਬਾਅਦ ਵਿਚ ਇਹਦਾ ਹਿੰਦੀ ਰੁਪਾਂਤਰ ਮੋਹਨ ਲਾਲ ਹੁਰਾਂ ਛਾਪਿਆ।

? ਲਿਖਣਾ ਸ਼ੁਰੂ ਕਰ ਤੋਂ ਪਹਿਲਾਂ ਕੀ ਤੁਹਾਨੂੰ ਪਤਾ ਸੀ ਕਿ ਤੁਸੀਂ ਲੇਖਕ ਹੀ ਬਣੋਂਗੇ ?

ਮਾਨ : ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਮੈਨੂੰ ਸੁਪਨਾ ਵੀ ਨਹੀਂ ਸੀ ਕਿ ਮੈਂ ਲੇਖਕ ਬਣਾਂਗੀ।

? ਇਕ ਕਹਾਣੀ ਲਿਖਣ ਲੱਗਿਆਂ ਕਿੰਨਾ ਕੁ ਚਿਰ ਲੱਗ ਜਾਂਦਾ ਹੈ ?

ਮਾਨ : ਕਈ ਵਾਰ ਪੂਰਾ ਸਾਲ ਅਤੇ ਕਈ ਵਾਰ ਇਕ ਦਿਨ।

? ਪੰਜਾਬੀ ਆਲੋਚਨਾ ਤੁਹਾਡੀਆਂ ਕਹਾਣੀਆਂ ਬਾਰੇ ਆਮ ਤੌਰ 'ਤੇ ਚੁੱਪ ਹੀ ਰਹੀ ਏ। ਕੀ ਤੁਹਾਨੂੰ ਇਹ ਬੇਇਨਸਾਫ਼ੀ ਨਹੀਂ ਲਗਦੀ ?

ਮਾਨ : ਪੰਜਾਬੀ ਆਲੋਚਨਾ ਦੀਆਂ ਆਪਣੀਆਂ ਸੰਭਾਵਨਾਵਾਂ ਨੇ। ਇਹ ਸੰਭਾਵਨਾਵਾਂ ਕੁਝ ਸੀਮਤ ਜਿਹੀਆਂ ਨੇ। ਸਾਡੇ ਆਲੋਚਕ ਕੋਈ ਬਹੁਤ ਸਿਆਣੇ ਨਹੀਂ। ਉਹ ਜਜ਼ਬਾਤੀ ਵੀ ਹਨ। ਇਕ ਪਾਸੇ ਵਹਿ ਨਿਕਲਦੇ ਨੇ। ਇਕ-ਤਰਫ਼ਾ ਜਿਹੇ ਐਲਾਨ ਕਰ ਦਿੰਦੇ ਹਨ। ਉਹ ਆਲੋਚਨਾ ਪ੍ਰਤੀ ਗੰਭੀਰ ਨਹੀਂ, ਸਮਰਪਤ ਨਹੀਂ। ਉਨ੍ਹਾਂ ਦੀ ਖੋਜ ਸੀਮਤ ਜਿਹੀ ਹੈ। ਇਸਤਰੀ ਲੇਖਕਾਂ ਬਾਰੇ ਉਨ੍ਹਾਂ ਦੀ ਪਹਿਲਾਂ ਬਣਾਈ ਹੋਈ ਪ੍ਰੀਭਾਸ਼ਾ ਦੇ ਚੌਖਟੇ ਵਿਚ ਮੇਰੀਆਂ ਲਿਖਤਾਂ ਫਿੱਟ ਨਹੀਂ ਬੈਠਦੀਆਂ। ਇਸ ਕਰ ਕੇ ਮੇਰੀਆਂ ਲਿਖਤਾਂ ਨੂੰ ਉਹ ਬਹੁਤਾ ਨਹੀਂ ਗੌਲਦੇ। ਕੁਝ ਮੇਰੀਆਂ ਪੁਸਤਕਾਂ ਚੰਗੇ ਪ੍ਰਕਾਸ਼ਕਾਂ ਵਲੋਂ ਨਹੀਂ ਛਪੀਆਂ। ਇਸ ਕਰ ਕੇ ਮੇਰੀਆਂ ਰਚਨਾਵਾਂ ਪ੍ਰਤੀ ਕੁਝ ਉਦਾਸਸੀਨ ਰਹੇ ਹਨ।

? ਅੱਜ ਦੇ ਲੇਖਕਾਂ ਨੂੰ ਕਿੰਨਾ ਕੁ ਪੜ੍ਹਦੇ ਹੋ ?

ਮਾਨ : ਪੜ੍ਹਦੀ ਹਾਂ, ਪਰ ਬਹੁਤੀ ਤੀਬਰਤਾ ਨਾਲ ਨਹੀਂ। ਰੀਸੋ-ਰੀਸ ਲੇਖਕ ਲੰਮੀਆਂ-ਲੰਮੀਆਂ ਕਹਾਣੀਆਂ ਲਿਖਣ ਤਾਂ ਲੱਗ ਪਏ ਹਨ ਪਰ ਉਨ੍ਹਾਂ ਵਿਚ ਤੀਖਣਤਾ ਅਤੇ ਤੀਬਰਤਾ ਦੀ ਘਾਟ ਏ।

? ਉਨ੍ਹਾਂ ਦੀ ਪਹੁੰਚ ਵਿਚ ਕੋਈ ਘਾਟ ਤਾਂ ਨਹੀਂ ਜਾਪਦੀ ?

ਮਾਨ : ਕਈ ਤਾਂ ਆਪਣੀ ਪੂਰੀ ਸਮਰਥਾ-ਸਹਿਤ ਕਹਾਣੀ ਸਿਰਜਦੇ ਹਨ। ਬੜੀਆਂ ਸੂਖ਼ਮ ਛੋਹਾਂ, ਬੜੀ ਨਫ਼ਾਸਤ, ਵਾਲ ਦੀ ਖੱਲ ਲਾਹੁਣ ਤਕ ਦੀ ਬਾਰੀਕੀ, ਮਹੀਨ ਤੋਂ ਮਹੀਨ ਵੇਰਵੇ। ਵਰਿਆਮ ਸਿੰਘ ਸੰਧੂ, ਅਤਰਜੀਤ, ਲਾਲ ਸਿੰਘ ਆਦਿ ਦੀਆਂ ਕਹਾਣੀਆਂ ਆਪਣੀ ਚਰਮ ਸੀਮਾ ਤਕ ਸੂਖ਼ਮ ਵੇਰਵਿਆਂ ਅਤੇ ਧੁਰ ਅੰਦਰਲੇ ਭਾਵਾਂ ਨੂੰ ਡਾਢੇ ਅਸਚਰਜ ਅੰਦਾਜ਼ ਵਿਚ ਚਿਤਰ ਰਹੀਆਂ ਹਨ। ਪ੍ਰੇਮ-ਪ੍ਰਕਾਸ਼ ਦਾ ਆਪਣਾ ਨਵੇਕਲਾ ਅੰਦਾਜ਼ ਹੈ। ਜਸਬੀਰ ਭੁੱਲਰ ਦਾ ਵਿਸ਼ਾ-ਵਸਤੂ ਨਵੇਕਲਾ ਹੁੰਦਾ ਹੈ ਅਤੇ ਲਿਖਣ ਦਾ ਵੀ ਉਹਦਾ ਆਪਣਾ ਹੀ ਅੰਦਾਜ਼ ਹੈ। ਗੁਰਬਚਨ ਸਿੰਘ ਭੁੱਲਰ ਕੁਝ ਅਲੋਕਾਰ ਗੱਲ ਕਰ ਦਿੰਦਾ ਹੈ। ਤੇ ਪ੍ਰੇਮ ਗੋਰਖੀ ਦੀ ਕਹਾਣੀ ਨੇ ਆਪਣੀ ਭੱਲ ਕਾਇਮ ਰੱਖੀ ਹੋਈ ਏ।

ਮਾਨ : ਪੰਜਾਬੀ ਕਹਾਣੀ ਵਿਸ਼ੇ ਦੇ ਪੱਖ ਤੋਂ ਵੀ ਅੱਗੇ ਵੱਧ ਰਹੀ ਏ। ਮਸ਼ੀਨੀਕਰਨ, ਸਰਮਾਏਦਾਰੀ, ਟੁੱਟ ਰਹੀਆਂ ਪੇਂਡੂ ਸਰਦਾਰੀਆਂ, ਹਰੇ ਇਨਕਲਾਬ ਦਾ ਟੁੱਟਦਾ ਹੋਇਆ ਤਲਿਸਮ, ਸਮਾਜਕ ਕਦਰਾਂ-ਕੀਮਤਾਂ ਦਾ ਪਰਿਵਰਤਣ, ਗੰਧਲੀ ਰਾਜਨੀਤੀ ਆਦਿ ਦਾ ਚਿਤਰਨ।

? ਤੁਹਾਡੇ ਖ਼ਿਆਲ ਵਿਚ ਪੰਜਾਬੀ ਦੇ ਮਰਦ ਕਹਾਣੀਕਾਰ ਔਰਤ ਨੂੰ ਚਿਤਰਨ ਦੇ ਸਮਰਥ ਹਨ ?

ਮਾਨ : ਹਾਂ, ਸਮਰਥ ਹਨ, ਜਿਵੇਂ ਕਿ ਮਰਦ ਦਰਜ਼ੀ ਹੀ ਔਰਤਾਂ ਦੇ ਵਧੀਆ ਕੱਪੜੇ ਸਿਉਂਦੇ ਹਨ।

? ਕੀ ਔਰਤ-ਲੇਖਕ ਹੋਣ ਦਾ ਕੋਈ ਨੁਕਸਾਨ ਵੀ ਮਹਿਸੂਸ ਕੀਤਾ ਹੈ ?

ਮਾਨ : ਆਪਣੇ ਤੌਰ 'ਤੇ ਮੈਂ ਔਰਤ-ਮਰਦ ਲੇਖਕਾਂ ਵਿਚ ਕੋਈ ਫ਼ਰਕ ਨਹੀਂ ਸਮਝਦੀ। ਹਾਂ, ਯਾਦ ਆਇਆ ਪਾਸ਼ ਨੂੰ ਮੈਂ ਲਿਖਿਆ ਕਿ ਮੈਂ ਨਾਵਲ ਲਿਖਣਾ ਚਾਹੁੰਦੀ ਹਾਂ। ਉਹਦਾ ਉੱਤਰ ਸੀ, 'ਕੋਈ ਔਰਤ ਮਹਾਨ ਪੰਜਾਬੀ ਨਾਵਲ ਨਹੀਂ ਸਿਰਜ ਸਕਦੀ, ਕਿਉਂਕਿ ਉਹਦੀਆਂ ਸੰਭਾਵਨਾਵਾਂ ਸੀਮਤ ਹੁੰਦੀਆਂ ਨੇ। ਤੇ ਇਹ ਇਕ ਸਮਾਜਕ ਤੇ ਵਿਗਿਆਨਕ ਤੱਥ ਏ।"

? ਪਹਿਲੀਆਂ ਵਿਚ ਔਰਤ ਲੇਖਕਾਂ ਨੂੰ ਔਰਤ ਹੋਣ ਦੇ ਲਾਭ ਵੀ ਮਿਲੇ ਹਨ ?

ਮਾਨ : ਕੋਈ ਖ਼ਾਸ ਲਾਭ ਨਹੀਂ ਮਿਲੇ। ਅਖ਼ੀਰ ਗੱਲ ਸਿਰਜਣਾ ਦੀ ਸਮਰਥਾ ਉੱਤੇ ਹੀ ਨਿਬੜਦੀ ਹੈ।

? ਤੁਹਾਡੇ ਉਹ ਕਿਹੜੇ ਡਰ ਸਨ, ਜਿਨ੍ਹਾਂ ਦੇ ਪ੍ਰਛਾਵਿਆਂ ਨੇ ਫੈਲ ਕੇ ਤੁਹਾਡੀ ਜ਼ਿੰਦਗੀ ਨੂੰ ਢੱਕ ਲਿਆ ?

ਮਾਨ : ਡਰ ਤਾਂ ਖ਼ੈਰ ਕੋਈ ਨਹੀਂ ਸਨ। ਮੇਰੇ ਦਾਦੀ ਜੀ ਸਿਆਣੇ ਸਨ। ਮੇਰੀ ਮਾਂ ਨੇਕ ਇਸਤਰੀ ਸੀ। ਪਰ ਮੈਨੂੰ ਜਾਪਦਾ ਏ ਕਿ ਸਾਨੂੰ ਕੁੜੀਆਂ ਨੂੰ ਘਰਾਂ ਵਿਚ ਸਾਡੇ ਮਾਪਿਆਂ ਵਲੋਂ ਹਾਲਾਤ ਦਾ ਮੁਕਾਬਲਾ ਕਰਨ ਦੀ ਸਮਰਥਾ ਨਹੀਂ ਸੀ ਦਿੱਤੀ ਜਾਂਦੀ। ਮਰਦਾਂ ਵਲੋਂ ਢਾਹੇ ਜਾਂਦੇ ਜ਼ੁਲਮਾਂ ਦੀਆਂ ਕਹਾਣੀਆਂ ਤਾਂ ਬਥੇਰੀਆਂ ਸੁਣਾਈਆਂ ਜਾਂਦੀਆਂ ਸਨ। ਛੋਟੇ ਹੁੰਦਿਆਂ ਜਦੋਂ ਵੀ ਅਸਾਂ ਦਾਦੀ ਜੀ ਨੂੰ ਕਹਾਣੀ ਸੁਣਾਉਣ ਲਈ ਕਹਿਣਾ ਤਾਂ ਉਹ ਥੋੜ੍ਹੇ ਉਦਾਸ ਹੋ ਜਾਂਦੇ ਅਤੇ ਕਹਿੰਦੇ, 'ਹੱਡ ਬੀਤੀ ਸੁਣਾਵਾਂ ਕਿ ਜੱਗ ਬੀਤੀ ?'

ਫਿਰ ਉਹ ਸਾਨੂੰ ਰੂਪ-ਬਸੰਤ ਦੀ ਕਹਾਣੀ ਸੁਣਾਉਂਦੇ। ਇਸ ਤੋਂ ਬਾਅਦ ਉਹ ਆਪਣੀ ਹੱਡ-ਬੀਤੀ ਸੁਣਾਉਣ ਲਗਦੇ। ਉਨ੍ਹਾਂ ਦਾ ਲਹਿਜ਼ਾ ਬਦਲ ਜਾਂਦਾ। ਆਵਾਜ਼ ਰੋਣ-ਹਾਕੀ ਹੋ ਜਾਂਦੀ। ਮੇਰੇ ਦਾਦਾ ਸ਼ਰਾਬੀ ਸਨ। ਬੱਚੇ ਛੋਟੇ-ਛੋਟੇ ਸਨ। ਘਰ ਪਿੰਡੋਂ ਬਾਹਰ ਸੀ। ਲੁੱਗਾ ਜਿਹਾ। ਘਰ ਤੋਂ ਬਾਹਰ ਨਾਲ ਲਗਦੀ ਬਹੁਤ ਵੱਡੀ ਢਾਬ ਸੀ। ਦਾਦੀ ਜੀ ਉਨ੍ਹਾਂ ਦੇ ਰੋਜ਼ ਅੱਧੀ ਰਾਤੀਂ ਘਰ ਆ ਵੜਨ ਤੋਂ ਔਖੇ ਸਨ। ਅੱਧੀ-ਅੱਧੀ ਰਾਤ ਤਕ ਦਾਦੀ ਜੀ ਚੁੱਲ੍ਹੇ ਦੇ ਵੱਟੇ ਨਾਲ ਲੱਗ ਕੇ ਬੈਠੇ ਰਹਿੰਦੇ। ਦਾਦਾ ਜੀ ਦੇ ਆਉਣ ਉੱਤੇ ਉਨ੍ਹਾਂ ਵਲੋਂ ਲਿਆਂਦੇ ਗਏ ਮੀਟ-ਮੱਛੀ ਨੂੰ ਤੜਕਾ ਲਾਇਆ ਜਾਂਦਾ। ਤਾਜ਼ੇ-ਤਾਜ਼ੇ ਫ਼ੁਲਕੇ ਲਾਹੇ ਜਾਂਦੇ। ਇਕ ਦਿਨ ਦਾਦੀ ਜੀ ਨੇ ਕੁਝ ਕਹਿ ਦਿੱਤਾ। ਬੱਸ ਦਾਦਾ ਜੀ ਛਿੱਤਰਾਂ ਨਾਲ ਡਹਿ ਪਏ। ਸਿਰ ਵਿਚ ਛਿੱਤਰ ਮਾਰ-ਮਾਰ ਉਨ੍ਹਾਂ ਦੇ ਸਿਰ ਵਿਚ ਗੁੰਦੇ ਹੋਏ ਸੋਨੇ ਦੇ ਫੁੱਲ ਤੋੜ ਕੇ ਪਤਾ ਨਹੀਂ ਕਿੱਥੇ ਉਡਾ ਦਿੱਤੇ। ਦਾਦੀ ਜੀ ਜੀਅ ਭਿਆਣੇ ਸਾਹਮਣੀ ਢਾਬ ਵਿਚ ਵੜ ਗਏ। ਪਰ ਦਾਦਾ ਜੀ ਮਗਰੋਂ ਮਗਰ। ਦਾਦੀ ਜੀ ਇਕ ਝਾੜੀ ਵਿਚ ਛਹਿ ਕੇ ਬਹਿ ਗਏ। ਸ਼ਾਹ-ਕਾਲੀ ਸਰਦ ਰਾਤ। ਪੈਂਦੇ ਮੀਂਹ ਵਿਚ ਦਾਦੀ ਜੀ ਨੇ ਬਹੁਤ ਕੋਸ਼ਿਸ਼ ਕੀਤੀ ਕਿ ਉਨ੍ਹਾਂ ਦਾ ਸ਼ਿਕਾਰ ਕਿਤੋਂ ਲਭ ਪਵੇ। ਪਰ ਸ਼ਰਾਬ ਵਿਚ ਅੰਨ੍ਹੇ ਦਾਦਾ ਜੀ ਨੂੰ ਉਹ ਨਾ ਲੱਭੀ। ਤੇ ਫਿਰ ਰਾਤੋ-ਰਾਤ 'ਕੱਲੀ-ਕਾਰੀ ਉਹ ਕਿਸੇ ਅਗਲੇ ਪਿੰਡ ਨਿਕਲ ਗਈ।

ਦਾਦਾ ਜੀ ਇਹ ਹੱਡ-ਬੀਤੀ ਸੁਣਾ ਕੇ ਲੰਮਾ ਹਾਉਕਾ ਭਰਦੇ।

ਦਾਦੀ ਜੀ ਸ਼ਾਇਦ ਇਸੇ ਕਰ ਕੇ ਸਾਡੀ ਪੜ੍ਹਾਈ ਉੱਤੇ ਜ਼ੋਰ ਦਿੰਦੇ। ਵਹਿਮ-ਪ੍ਰਸਤੀ ਦੇ ਤਾਂ ਉਹ ਬਹੁਤ ਹੀ ਵਿਰੁੱਧ ਸਨ। ਟੂਣੇ-ਟੰਜ਼ਰ ਵਿਚ ਨਾ ਮੇਰੀ ਮਾ, ਨਾ



> ਕਹਾਣੀ 'ਚੂਹੇ' ਲਿਖਦਿਆਂ ਇਹ ਗੱਲ ਮੇਰੇ ਦਿਮਾਗ਼ ਵਿਚ ਉੱਕਾ ਨਹੀਂ ਸੀ। ਕਹਾਣੀ ਵਿਚ ਕੋਈ ਗ਼ੈਰ-ਕੁਦਰਤੀ ਮੋੜ ਨਹੀਂ ਅਤੇ ਬੜੀ ਸਹਿਜ-ਸੁਭਾਅ ਇਹ ਲਿਖ ਹੋ ਗਈ ਸੀ। ਅਸਲ ਵਿਚ ਇਸ ਕਹਾਣੀ ਨੂੰ ਅਸ਼ਲੀਲ ਕਹਿਣ ਵਾਲਿਆਂ ਦੀ ਨਜ਼ਰ ਦਾ ਜ਼ਾਵੀਆ ਕੇਵਲ ਕੁਝ ਸ਼ਬਦਾਂ ਉੱਤੇ ਜਾ ਟਿਕਦਾ ਏ। ਉਹ ਕਹਾਣੀ ਨੂੰ ਉਹਦੇ ਸਮੁੱਚ ਵਿਚ ਨਹੀਂ ਲੈਂਦੇ। ਇਹ ਤਾਂ ਸਮਾਜ ਵਿਚ ਕੁਝ ਗ਼ੈਰ ਕੁਦਰਤੀ ਹਾਲਤਾਂ ਜਾਂ ਬੰਧੇਜਾਂ ਵਿਚ ਰਹਿਣ ਦਾ ਸੰਤਾਪ ਏ, ਜੋ ਚੂਹੇ ਦੇ ਰੂਪ ਵਿਚ ਨਿੱਕਾ ਜਿਹਾ ਖੜਕਾ ਹੋਣ ਉੱਤੇ ਹੀ ਕੁੜੀ ਦੀ ਰੂਹ ਤਕ ਨੂੰ ਕੰਬਾ ਜਾਂਦਾ ਏ। ਨਾਵਲ 'ਜਜ਼ੀਰੇ' ਥੋੜ੍ਹਾ ਵੱਖਰੀ ਕਿਸਮ ਦੇ ਤੱਥਾਂ ਨੂੰ ਲੈਂਦਾ ਏ। ਇਸ ਚੂਹੇ ਵਾਲੀ ਅੱਲ੍ਹੜ ਕੁੜੀ ਨਹੀਂ ਸਗੋਂ ਇਕ ਪ੍ਰੌੜ੍ਹ ਔਰਤ ਏ, ਜੋ ਚੂਹਿਆਂ ਤੋਂ ਨਹੀਂ ਡਰਦੀ, ਬੱਸ ਕੇਵਲ ਆਪਣੇ ਮਾਨਸਿਕ ਦਵੰਧ ਦਾ ਸ਼ਿਕਾਰ ਏ। ਉਹ ਆਪਣੇ ਸਬੰਧਾਂ ਨੂੰ ਛਪਵਾਉਣ ਦੀ ਲੋੜ ਨਹੀਂ ਸਮਝਦੀ। ਬੌਧਿਕ ਜਿਹੀ ਬਹਿਸ ਦੇ ਬਾਵਜਦੂ ਉਹ ਕਿ ਔਰਤ ਪਹਿਲਾਂ ਹੈ। ਕੋਈ ਝਿਜਕ ਜਾਂ ਮਾਣ-ਮਰਿਆਦਾ ਉਹਦੇ ਅੰਦਰਲੇ ਨੂੰ ਨਹੀਂ ਕਚੋਟਦੀ। ਉਹ ਸ਼ਾਇਦ ਇਸ ਸਭ ਕੁਝ ਨੂੰ ਪਾਰ ਕਰ ਚੁੱਕੀ ਏ। ਉਹ ਇਸ ਜਜ਼ੀਰੇ ਉੱਤੇ ਸੁੱਟ ਗਿਆ ਏ। ਉਸ ਇਸੇ ਨੂੰ ਹੀ ਆਪਣਾ ਘਰ ਸਮਝਣ ਦਾ ਭਰਮ ਪਾਲ ਰਹੀ ਏ।

ਦਾਦੀ ਜੀ ਯਕੀਨ ਰੱਖਦੇ ਸਨ। ਇਸ ਹਿਸਾਬ ਨਾਲ ਉਹ ਕਾਫ਼ੀ ਅਗਾਂਹਵਧੂ ਇਸਤਰੀਆਂ ਸਨ। ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਉਹ ਮਰਦਾਂ ਦੇ ਖ਼ਿਲਾਫ਼ ਨਹੀਂ ਸਨ। ਨਾ ਹੀ ਕਦੀ ਉਹ ਇਹੋ ਜਿਹੀ ਗੱਲ ਕਰਦੀਆਂ ਸਨ। ਇਹ ਦੱਬੇ ਜਿਹੇ ਡਰ ਸੂਖ਼ਮ ਰੂਪ ਵਿਚ ਸ਼ਾਇਦ ਮੇਰੀ ਮਨ-ਧਰਤੀ ਵਿਚ ਬੀਜ ਰੂਪ ਵਿਚ ਦੱਬੇ ਹੋਏ ਹੋਣਗੇ। ਇਕ ਗ਼ੁਲਾਮੀ ਤੇ ਬਿਚਾਰਗੀ ਜਿਹੀ ਦਾ ਅਹਿਸਾਸ। ਪਰ ਪਤਾ ਨਹੀਂ ਕਿਉਂ ਸਾਨੂੰ ਉਨ੍ਹਾਂ ਨੇ ਆਉਣ ਵਾਲੇ ਸਖ਼ਤ ਸਮਿਆਂ ਬਾਰੇ ਸੂਚਿਤ ਨਾ ਕੀਤਾ! ਫਿਰ ਹੱਡ-ਬੀਤੀਆਂ ਵੀ ਘਟੀਆਂ ਤੇ ਜੱਗ ਬੀਤੀਆਂ ਵੀ। ਤੇ ਇਹੀ ਹੱਡ ਬੀਤੀਆਂ ਅਤੇ ਜੱਗ ਬੀਤੀਆਂ ਕਹਾਣੀਆਂ ਬਣ ਗਈਆਂ।

? ਉਨ੍ਹਾਂ 'ਡਰਾਂ' ਦਾ ਤੁਹਾਡੀਆਂ ਲਿਖਤਾਂ ਉੱਤੇ ਕਿਹੋ ਜਿਹਾ ਪ੍ਰਭਾਵ ਪਿਆ?

ਮਾਨ : ਮੇਰੀ ਮਾਨਸਿਕਤਾ ਉੱਤੇ ਪਏ ਸਮਾਜਕ ਤੇ ਮਨੋਵਿਗਿਆਨਕ ਪ੍ਰਭਾਵਾਂ ਨੇ ਮੇਰੀ ਲਿਖਤ ਨੂੰ ਆਪਣੀ ਸੰਪੂਰਨਾ ਵਿਚ ਪ੍ਰਵਿਸ਼ਟ ਨਹੀਂ ਹੋਣ ਦਿੱਤਾ। ਮੈਨੂੰ ਮੰਨਣਾ ਹੀ ਚਾਹੀਦਾ ਹੈ।

? ਤੁਸੀਂ ਕਹਾਣੀ 'ਚੂਹੇ' ਜਾਂ ਨਾਵਲ 'ਜਜ਼ੀਰੇ' ਨੂੰ ਅਸ਼ਲੀਲ ਵਜੋਂ ਤਾਂ ਨਹੀਂ ਲਿਖਿਆ ਪਰ ਫਿਰ ਵੀ ਕੁਝ ਲੋਕਾਂ ਨੇ ਇਨ੍ਹਾਂ ਦੋਹਾਂ ਰਚਨਾਵਾਂ ਨੂੰ ਅਸ਼ਲੀਲ ਆਖਿਆ ਹੈ। ਅਸ਼ਲੀਲ ਦੀ ਪ੍ਰੀਭਾਸ਼ਾ ਸਮਝਣ ਵਿਚ ਕੁਝ ਕਸਰ ਹੈ। ਨਹੀਂ? ਉਹ ਕਸਰ ਕੀ ਹੈ?

ਮਾਨ : ਕਹਾਣੀ 'ਚੂਹੇ' ਲਿਖਦਿਆਂ ਇਹ ਗੱਲ ਮੇਰੇ ਦਿਮਾਗ਼ ਵਿਚ ਉੱਕਾ ਨਹੀਂ ਸੀ। ਕਹਾਣੀ ਵਿਚ ਕੋਈ ਗ਼ੈਰ-ਕੁਦਰਤੀ ਮੋੜ ਨਹੀਂ ਅਤੇ ਬੜੀ ਸਹਿਜ-ਸੁਭਾਅ ਇਹ ਲਿਖ ਹੋ ਗਈ ਸੀ। ਅਸਲ ਵਿਚ ਇਸ ਕਹਾਣੀ ਨੂੰ ਅਸ਼ਲੀਲ ਕਹਿਣ ਵਾਲਿਆਂ ਦੀ ਨਜ਼ਰ ਦਾ ਜ਼ਾਵੀਆ ਕੇਵਲ ਕੁਝ ਸ਼ਬਦਾਂ ਉੱਤੇ ਜਾ ਟਿਕਦਾ ਏ। ਉਹ ਕਹਾਣੀ ਨੂੰ ਉਹਦੇ ਸਮੁੱਚ ਵਿਚ ਨਹੀਂ ਲੈਂਦੇ। ਇਹ ਤਾਂ ਸਮਾਜ ਵਿਚ ਕੁਝ ਗ਼ੈਰ ਕੁਦਰਤੀ ਹਾਲਤਾਂ ਜਾਂ ਬੰਧੇਜਾਂ ਵਿਚ ਰਹਿਣ ਦਾ ਸੰਤਾਪ ਏ, ਜੋ ਚੂਹੇ ਦੇ ਰੂਪ ਵਿਚ ਨਿੱਕਾ ਜਿਹਾ ਖੜਕਾ ਹੋਣ ਉੱਤੇ ਹੀ ਕੁੜੀ ਦੀ ਰੂਹ ਤਕ ਨੂੰ ਕੰਬਾ ਜਾਂਦਾ ਏ।

ਨਾਵਲ 'ਜਜ਼ੀਰੇ' ਥੋੜ੍ਹਾ ਵੱਖਰੀ ਕਿਸਮ ਦੇ ਤੱਥਾਂ ਨੂੰ ਲੈਂਦਾ ਏ। ਇਸ ਚੂਹੇ ਵਾਲੀ ਅੱਲ੍ਹੜ ਕੁੜੀ ਨਹੀਂ ਸਗੋਂ ਇਕ ਪ੍ਰੌੜ੍ਹ ਔਰਤ ਏ, ਜੋ ਚੂਹਿਆਂ ਤੋਂ ਨਹੀਂ ਡਰਦੀ, ਬੱਸ ਕੇਵਲ ਆਪਣੇ ਮਾਨਸਿਕ ਦਵੰਧ ਦਾ ਸ਼ਿਕਾਰ ਏ। ਉਹ ਆਪਣੇ ਸਬੰਧਾਂ ਨੂੰ ਛਪਵਾਉਣ ਦੀ ਲੋੜ ਨਹੀਂ ਸਮਝਦੀ। ਬੌਧਿਕ ਜਿਹੀ ਬਹਿਸ ਦੇ ਬਾਵਜਦੂ ਉਹ ਕਿ ਔਰਤ ਪਹਿਲਾਂ ਹੈ। ਕੋਈ ਝਿਜਕ ਜਾਂ ਮਾਣ-ਮਰਿਆਦਾ ਉਹਦੇ ਅੰਦਰਲੇ ਨੂੰ ਨਹੀਂ ਕਚੋਟਦੀ। ਉਹ ਸ਼ਾਇਦ ਇਸ ਸਭ ਕੁਝ ਨੂੰ ਪਾਰ ਕਰ ਚੁੱਕੀ ਏ। ਉਹ ਇਸ ਜਜ਼ੀਰੇ ਉੱਤੇ ਸੁੱਟ ਗਿਆ ਏ। ਉਸ ਇਸੇ ਨੂੰ ਹੀ ਆਪਣਾ ਘਰ ਸਮਝਣ ਦਾ ਭਰਮ ਪਾਲ ਰਹੀ ਏ।

ਮੇਰੇ ਖ਼ਿਆਲ ਵਿਚ 'ਅਸ਼ਲੀਲ' ਸ਼ਬਦ ਏਨਾ ਵਰਤਿਆ ਜਾ ਚੁੱਕਿਆ ਏ ਕਿ ਹੁਣ ਘਸਿਆ-ਪਿਟਿਆ ਲਗਦਾ ਏ। ਛੋਟਾ ਅਤੇ ਸੰਕੀਰਨ ਜਿਹਾ। ਨੰਗੇਜ਼ ਹਰ ਵਕਤ ਅਸ਼ਲੀਲ ਨਹੀਂ ਹੁੰਦਾ। ਨਾ ਸਾਹਿਤ ਵਿਚ, ਨਾ ਜ਼ਿੰਦਗੀ ਵਿਚ। ਅਬੌਧਿਕ ਅਤੇ ਅਵਿਕਸਤ ਮਾਨਸਿਕਤਾ ਵਾਲੇ ਮਨੁੱਖ ਕਿਸੇ ਵੀ ਵਸਤੂ ਜਾਂ ਸਥਿਤੀ ਨੂੰ ਉਹਦੇ ਵੱਖ-ਵੱਖ ਕੋਣਾਂ ਤੋਂ ਵੇਖਣ ਦੇ ਸਮਰਥ ਨਹੀਂ ਹੁੰਦੇ।

? ਤੁਸੀਂ ਛਪਣ ਵੱਲ ਕਦੀ ਬਹੁਤਾ ਧਿਆਨ ਨਹੀਂ ਦਿੱਤਾ। ਪਰ ਤੁਹਾਡੀਆਂ ਕਹਾਣੀਆਂ ਨੇ ਆਪਣੇ ਦਸਖ਼ਤਾਂ ਉੱਤੇ ਸਾਹਿਤ ਵਿਚ ਆਪਣੀ ਥਾਂ ਬਣਾਈ ਹੈ। ਅੱਜ ਇਹ ਭੇਤ ਵੀ ਸਾਂਝਾ ਕਰੋ ਕਿ ਕਹਾਣੀ ਦੇ ਮਿਆਰੀ ਹੋਣ ਲਈ ਕੀ ਜ਼ਰੂਰੀ ਹੈ?

ਮਾਨ : ਜਦੋਂ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ ਤਾਂ ਛਪਣ-ਛਪਾਉਣ ਵਾਲੀ ਗੱਲ ਮੇਰੇ ਮਨ ਵਿਚ ਨਹੀਂ ਸੀ ਆਈ (ਖ਼ਾਸ ਕਰ ਕੇ ਪੁਸਤਕ ਰੂਪ ਵਿਚ) ਪਹਿਲੀ ਗੱਲ ਬਾਅਦ ਇਕ ਮੱਠਾ-ਮੱਠਾ ਆਨੰਦ, ਰੂਹ ਦਾ ਸਰਸ਼ਾਰ ਹੋ ਜਾਣਾ!

ਤੁਸੀਂ ਜਿਨ੍ਹਾਂ ਲੋਕਾਂ ਵਿਚ ਰਹਿੰਦੇ ਹੋ, ਤੁਸੀਂ ਜਿੱਥੇ ਵਿਚਰਦੇ ਹੋ, ਜਿਨ੍ਹਾਂ ਲੋਕਾਂ ਨਾਲ ਤੁਹਾਡਾ ਵਾਹ ਪਿਆ ਏ, ਤੁਸੀਂ ਉਨ੍ਹਾਂ ਦੇ ਦੁੱਖਾਂ-ਸੁੱਖਾਂ ਪ੍ਰਤੀ ਕਿੰਨੇ ਕੁ ਸੰਵੇਦਨਸ਼ੀਲ ਹੋ, ਕਿਹੜੇ ਦ੍ਰਿਸ਼ਟੀਕੋਣ ਨਾਲ ਉਨ੍ਹਾਂ ਨੂੰ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਜੋਂਹਦੇ ਹੋ, ਜ਼ਿੰਦਗੀ ਦੇ ਦੁੱਖ-ਗ਼ਮ ਕਿੰਨੀ ਕੁ ਡੂੰਘਾਈ ਨਾਲ ਤੁਹਾਨੂੰ ਝੰਜੋੜਦੇ ਹਨ..ਸੋ ਸਭ ਤੋਂ ਪਹਿਲਾਂ ਹਰੇਕ ਲੇਖਕ ਲਈ ਜਜ਼ਬਾਤੀ ਹੋਣਾ ਜ਼ਰੂਰੀ ਏ ਅਤੇ ਉਸ ਤੋਂ ਬਾਅਦ ਬੌਧਿਕ। ਜ਼ਿੰਦਗੀ ਕੋਈ ਫਾਰਮੂਲਾ ਤਾਂ ਹੈ ਨਹੀਂ। ਕਹਾਣੀ ਜ਼ਿੰਦਗੀ ਉੱਤੇ ਲਿਖੀ ਜਾਂਦੀ ਏ। ਸੋ, ਕਹਾਣੀ ਦਾ ਵੀ ਕੋਈ ਫਾਰਮੂਲਾ ਨਹੀਂ ਹੁੰਦਾ। ਬਾਕੀ ਹੈ ਸਖ਼ਤ ਮਿਹਨਤ, ਕਹਾਣੀ ਦੀ ਕਤਰਨ ਤੇ ਵਿਤਰਨ। ਵਾਰ-ਵਾਰ ਕਹਾਣੀ ਵਿਚੋਂ ਕੁਝ ਕਢਦੇ ਤੇ ਪਾਉਂਦੇ ਰਹਿਣਾ। ਵਾਰ-ਵਾਰ ਬੱਸ ਵਾਰ....



? ਤੁਹਾਡੀ ਕਾਹਮੀ 'ਚੂਹੇ' ਅਤੇ 'ਦੌੜ' ਵੱਖਰੇ-ਵੱਖਰੇ ਅਨੁਭਵ ਦੀਆਂ ਕਹਾਣੀਆਂ ਨੇ। ਪਰ ਦੋਹਾਂ ਵਿਚ ਹਫੜਾ-ਦਫੜੀ ਦਾ ਪੈਟਰਨ ਸਾਂਝਾ ਏ। ਕੀ ਕਹਾਣੀਆਂ ਲਈ ਤੁਹਾਡੇ ਕੋਲ ਕੋਈ ਮਿਥੇ ਹੋਏ ਤੱਤ ਨੇ?

ਮਾਨ : ਨਹੀਂ, ਇਹ ਗੱਲ ਉੱਕਾ ਨਹੀਂ। ਕਹਾਣੀ 'ਦੌੜ' ਵਿਚ ਮੌਤ ਦਾ ਡਰ ਸਿਰ ਉਤੇ ਲਰਜ਼ ਰਿਹਾ ਏ। ਸਭ ਕੁਝ ਟੁੱਟ-ਫੁੱਟ ਗਿਆ ਏ। ਭੱਜ-ਦੌੜ, ਮਾਰ-ਧਾੜ ਅਤੇ ਤਬਾਹੀ ਦਾ ਰਾਜ ਏ। ਇਹ ਪਲ, ਇਹ ਘੜੀਆਂ ਮਨੁੱਖਾਂ ਉੱਤੇ ਰੋਜ਼-ਰੋਜ਼ ਨਹੀਂ ਆਉਂਦੀਆਂ। ਇਹ ਵਰਤਾਰਾ ਬਾਹਰਮੁਖੀ ਬਹੁਤਾ ਏ। ਪਰ 'ਚੂਹਾ' ਕਹਾਣੀ ਦੇ ਅਤੇ ਪਾਤਰਾਂ ਵਿਚ ਧੁਰ-ਡੂੰਘਾ ਸਮਾਜਕ ਰੁਸਵਾਈ ਦਾ ਡਰ ਏ। ਇਹ ਡਰ ਬਹੁਤ ਡੂੰਘਾ ਅਤੇ ਅਤੰਗੀਵ ਏ, ਜਿਹੜਾ ਮਨੁੱਖ ਦੇ ਬਹੁਤ ਕੁਦਰਤੀ ਵਿਹਾਰ ਨੂੰ ਹਊਆ ਬਣਾ ਕੇ ਰੱਖ ਦਿੰਦਾ ਹੈ। ਕੁਝ ਮਿਥ ਕੇ ਨਹੀਂ ਲਿਖਿਆ। ਮੈਨੂੰ ਤਾਂ ਸਗੋਂ ਤੁਸੀਂ ਦੱਸ ਰਹੇ ਹੋ ਕਿ ਇਨ੍ਹਾਂ ਕਹਾਣੀਆਂ ਦਾ ਪੈਟਰਨ ਇਕੋ ਜਿਹਾ ਹੈ।

? ਤੁਸੀਂ 'ਇਸ ਦੇ ਬਾਵਜੂਦ' ਕਹਾਣੀ ਸੰਗ੍ਰਹਿ ਦੀ ਭੂਮਿਕਾ ਵਿਚ ਲਿਖਿਆ ਹੈ ਕਿ ਤੁਸੀਂ ਪੁਸਤਕ ਰੂਪ ਵਿਚ ਛਪਣ ਵਿਚ ਪਛੜ ਗਏ। ਉਹ ਕਿਹੜੀਆਂ ਸਥਿਤੀਆਂ ਸਨ, ਜਿਨ੍ਹਾਂ ਕਰ ਕੇ ਤੁਸੀਂ ਪਛੜ ਗਏ?

ਮਾਨ : ਮੈਂ ਕਹਾਣੀ ਲਿਖਣੀ 1964 ਵਿਚ ਸ਼ੁਰੂ ਕੀਤੀ ਸੀ। ਸੰਨ 1972 ਤਕ ਮੈਂ ਕਾਫ਼ੀ ਕਹਾਣੀਆਂ ਲਿਖ ਲਈਆਂ ਸਨ। 'ਆਰਸੀ', 'ਨਾਗਮਣੀ', 'ਦ੍ਰਿਸ਼ਟੀ', 'ਹੇਮ-ਜਯੋਦੀ', 'ਪ੍ਰੀਤਲੜੀ', 'ਅਜੀਤ', 'ਪੰਜਾਬੀ ਟ੍ਰਿਬਿਊਨ' ਜਿੱਥੇ ਵੀ ਜੋ ਵੀ ਮੈਂ ਛਪਣ ਲਈ ਭੇਜਣਾ, ਸਭ ਛਪ ਜਾਣਾ। ਪਰ ਮੇਰੀ ਰਿਹਾਇਸ਼ ਇਕ ਛੋਟੇ ਜਿਹੇ ਪਿੰਡ ਵਿਚ ਸੀ। ਪਹਿਲਾਂ ਤਾਂ ਮੈਨੂੰ ਬੜਾ ਚਿਰ ਪਤਾ ਹੀ ਨਾ ਲੱਗਾ ਕਿ ਮੈਂ ਕੁਝ ਜ਼ਿਕਰਯੋਗ ਲਿਖ ਰਹੀ ਹਾਂ। ਲਗਦਾ ਕਿ ਕਿਤਾਬੀ ਰੂਪ ਵਿਚ ਛਪਣਾ ਕੋਈ ਬਹੁਤ ਵੱਡੀ ਗੱਲ ਏ। ਸਾਨੂੰ ਕਿਸ ਛਾਪਣਾ ਏ? ਬਾਕੀ ਕੁਝ ਪੇਂਡੂ ਮਾਨਸਿਕਤਾ। ਅਸੀਂ ਪਿੰਡਾਂ ਵਾਲੇ ਕਣਕ ਪੈਦਾ ਤਾਂ ਕਰ ਦਿੰਦੇ ਹਾਂ, ਅੰਬਾਰ ਲਾ ਦਿੰਦੇ ਹਾਂ, ਪਰ ਸਫ਼ਲ ਮਾਰਕਿਟਿੰਗ ਨਹੀਂ ਕਰ ਸਕਦੇ।

? 'ਇਸ ਦੇ ਬਾਵਜੂਦ' ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਹਾਣੀਆਂ ਪੁਰਾਣੀਆਂ ਕਿਉਂ ਨੇ? ਇਹ ਕਹਾਣੀਆਂ ਪਹਿਲੇ ਸੰਗ੍ਰਹਿਆਂ ਵਿਚ ਸ਼ਾਮਲ ਕਿਉਂ ਨਹੀਂ ਸਨ ਹੋ ਸਕੀਆਂ?

ਮਾਨ : ਪਛੜੇਵੇਂ ਕਰ ਕੇ ਪੁਸਤਕ ਰੂਪ ਵਿਚ ਮੇਰੀਆਂ ਕਹਾਣੀਆਂ ਕ੍ਰਮਵਾਰ ਨਾ ਛਪ ਸਕੀਆਂ। ਕੋਈ ਪੰਜ ਪੁਸਤਕਾਂ ਜੋਗੀਆਂ ਕਹਾਣੀਆਂ ਸਨ ਮੇਰੇ ਕੋਲ। ਪਹਿਲੇ ਕਹਾਣੀ ਸੰਗ੍ਰਹਿ 'ਭੱਖੜ ਦੇ ਫੁੱਲ' ਤੋਂ ਬਾਅਦ 'ਤਰੇੜ' ਅਤੇ 'ਇਸ ਦੇ ਬਾਵਜੂਦ' ਕੁਝ ਉਧੜ-ਗੁਧੜੇ ਹੋ ਗਏ।

? ਤੁਹਾਡੀਆਂ ਗੱਲਾਂ ਤੋਂ ਜਾਪਦਾ ਏ ਕਿ ਤੁਹਾਡਾ ਲਿਖਿਆ ਹੋਇਆ ਬਹੁਤ ਸਾਰਾ ਅਣ-ਛਪਿਆ ਵੀ ਪਿਆ ਹੈ। ਉਹ ਛਪਵਾਉਂਦੇ ਕਿਉਂ ਨਹੀਂ?

ਮਾਨ : ਹਾਂ, ਅਣਛਪਿਆ ਬਹੁਤ ਪਿਆ ਏ, ਕੁਝ ਨਾਵਲਿਟ, ਕੋਈ ਦੋ ਕਹਾਣੀ ਸੰਗ੍ਰਹਿ, ਕੁਝ ਬੱਚਿਆਂ ਲਈ ਕਹਾਣੀਆਂ ਅਤੇ ਇਕ ਨਾਵਲ।

? ਰੂਸੀ ਲੇਖਕ ਯੈਵਤ੍ਰਸ਼ੰਕੂ ਅਨੁਸਾਰ ਲੇਖਕ ਦੀ ਸਵੈਜੀਵਨੀ ਅਧਿਉਂ ਬਹੁਤੀ ਉਹਦੀਆਂ ਰਚਨਾਵਾਂ ਵਿਚ ਆ ਜਾਂਦੀ ਏ। ਪਰ ਤੁਸੀਂ ਤਾਂ ਆਪਣੀਆਂ ਰਚਨਾਵਾਂ ਵਿਚੋਂ ਆਮ ਤੌਰ 'ਤੇ ਗ਼ਾਇਬ ਦਿਸਦੇ ਹੋ?

ਮਾਨ : ਯੈਵਤ੍ਰਸ਼ੰਕੂ ਵੀ ਸੱਚਾ, ਮੈਂ ਵੀ ਸੱਚੀ, ਤੁਸੀਂ ਵੀ ਸੱਚੇ। ਮੈਂ ਆਪਣੀਆਂ ਰਚਨਾਵਾਂ ਵਿਚ ਰਚੀ ਹੋਈ ਹਾਂ, ਫਿਰ ਵੀ ਲਾਂਭੇ ਬੈਠੀ ਹਾਂ, ਰੱਬ ਵਾਂਗ।

ਮੈਂ ਸ਼ਬਦ 'ਮੈਂ' ਨੂੰ ਆਪਣੀ ਸ਼ਾਇਦ ਕਿਸੇ ਕਹਾਣੀ ਵਿਚ ਨਹੀਂ ਵਰਤਿਆ। ਮੈਂ ਜਾਣ ਗਈ ਸਾਂ, ਇਹਦੇ ਨਾਲ ਸਿਰਜਣਾ ਵਧੇਰੇ ਸਮਰਥ ਨਹੀਂ ਬਣ ਸਕਦੀ। ਮੇਰਾ ਇਹ ਫ਼ੈਸਲਾ ਬਿਲਕੁਲ ਠੀਕ ਸੀ। ਮੇਰੀ ਹਰ ਕਹਾਣੀ ਵਿਚ ਦਿਲ ਤਾਂ ਮੇਰਾ ਈ ਧੜਕ ਰਿਹਾ ਏ, ਕਲੇਜਾ ਤਾਂ ਮੇਰਾ ਈ ਚੀਰਿਆ ਗਿਆ, ਦੁੱਖ-ਦਰਜ ਤਾਂ ਮੇਰੇ ਪੱਲੇ ਈ ਪਿਆ! ਪਹਿਲਾਂ ਮੈਂ ਉਹਨੂੰ ਆਪਣੇ ਹੱਡਾਂ ਉੱਤੇ ਹੰਢਾਇਆ। ਨਹੀਂ ਤਾਂ ਮੂਰਤੀਮਾਨ ਕਿਵੇਂ ਹੁੰਦਾ? ਪਾਠਕ ਦੇ ਦਿਲ ਨੂੰ ਧੂਹ ਕਿਵੇਂ ਪੈਂਦੀ? ਤੁਸੀਂ ਮੈਨੂੰ ਕਹਾਣੀਕਾਰ ਕਿਵੇਂ ਮੰਨਦੇ? ਮੇਰਾ ਇਹ ਆਪਣਾ ਢੰਗ ਏ, ਵਿਕੋਲਿੱਤਰਾ।

? ਹੁਣ ਇਕ ਜਵਾਬ ਬਿਨਾਂ ਸਵਾਲ ਤੋਂ ਵੀ ਦਿਓ। ਪਰ ਜਵਾਬ ਚੁੱਪ ਨਹੀਂ ਹੋਣਾ ਚਾਹੀਦਾ।

ਮਾਨ : ਸਾਡੇ ਪੰਜਾਬੀ ਸਮਾਜ ਵਿਚ ਔਰਤ-ਸਿਰਜਕ ਦੀਆਂ ਕੋਈ ਬਹੁਤੀਆਂ ਸੰਭਾਵਨਾਵਾਂ ਨਹੀਂ ਸਨ। ਜੇ ਅੰਮ੍ਰਿਤਾ ਸ਼ੇਰਗਿਲ ਮਹਾਨ ਚਿੱਤਰਕਾਰ ਹੋ ਨਿੱਬੜੀ ਤਾਂ ਉਹਦੀ ਮਾਂ ਦਾ ਫਰੈਂਚ ਹੋਣਾ ਵੀ ਇਹਦੇ ਵਿਚ ਸ਼ਾਮਲ ਸੀ। ਸਾਡੇ ਸਮਾਜ ਵਿਚ ਮਾਈ ਭਾਗੋ ਵਰਗੀਆਂ ਬਹਾਦੁਰ ਅਤੇ ਪ੍ਰੇਰਣਾਦਾਇਕ ਔਰਤਾਂ ਤਾਂ ਹੋਈਆਂ ਹਨ, ਪਰ ਮੀਰਾ ਵਰਗੀਆਂ ਸਮਾਜਕ ਰੁੜ੍ਹੀਆਂ ਨੂੰ ਉਲੰਘਣ ਵਾਲੀਆਂ ਪੈਦਾ ਨਹੀਂ ਹੋਈਆਂ। ਬੀਬੀ ਨਾਨਕੀ ਦੀ ਕੋਈ ਪਛਾਣ ਨਹੀਂ ਰਹਿ ਜਾਂਦੀ। ਬੀਬੀ ਭਾਨੀ ਦੀ ਵਡਿਆਈ ਆਪਣੇ ਗੁਰੂ-ਪਿਤਾ ਦੀ ਅਨਿਨ ਭਗਤੀ ਵਿਚ ਹੈ। ਮਾਈ ਭਾਗੋ ਚਾਲੀ ਮੁਕਤਿਆਂ ਨੂੰ ਪ੍ਰੇਰਨ ਕਰ ਕੇ ਜਾਣੀ ਜਾਂਦੀ ਹੈ। ਏਨੇ ਵੱਡੇ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਇਸਤਰੀ ਵਲੋਂ ਉਚਰੀ ਗਈ ਇਕ ਤੁਕ ਵੀ ਸ਼ਾਮਲ ਨਹੀਂ। ਸੋ, ਇਸਤਰੀ ਦੀ ਆਪਣੀ ਪਛਾਣ ਆਪਣੀ ਵਡਿੱਤਣ ਪੰਜਾਬੀ ਸਮਾਜ ਵਿਚ ਬਹੁਤ ਘੱਟ ਹੈ। ਉਹਦੀਆਂ ਕੁਝ ਬੱਝੀਆਂ ਬੰਨ੍ਹਾਈਆਂ ਸੰਭਾਵਨਾਵਾਂ ਹਨ। ਉਨ੍ਹਾਂ ਤੋਂ ਅੱਗੇ ਵੱਧ ਕੇ ਜਾ ਰੁੜ੍ਹੀਆਂ ਨੂੰ ਤੋੜ ਕੇ, ਉਲੰਘ ਕੇ ਅੱਗੇ ਵਧਣਾ ਪੰਜਾਬੀ ਕੀ, ਭਾਰਤੀ ਔਰਤ ਦੇ ਹਿੱਸੇ ਵੀ ਨਹੀਂ ਆਇਆ। ਭਾਰਤੀ ਔਰਤ ਦਾ ਸਾਰਾ ਜ਼ੋਰ ਨੌਕਰੀ ਲਈ ਪੜ੍ਹਾਈ ਕਰਨ ਜਾਂ ਮਰਦ ਤੋਂ ਆਪਣੀ ਨਾ-ਗਿਣਾਉਣੀ ਅਤੇ ਹਾਸੋਹੀਣੀ ਆਜ਼ਾਦੀ ਹਾਸਲ ਕਰਨ ਉੱਤੇ ਲੱਗਾ ਰਿਹਾ ਏ।

ਮੈਨੂੰ ਅਫ਼ਸੋਸ ਹੈ ਕਿ ਮੈਂ ਆਪਣੀਆਂ ਸੰਭਾਵਨਾਵਾਂ ਨੂੰ ਉਨ੍ਹਾਂ ਦੀ ਸਮਰਥਾ ਅਨੁਸਾਰ ਪ੍ਰਯੋਗ ਨਹੀਂ ਕੀਤਾ। ਮੈਂ ਆਪਣੇ ਪ੍ਰਤੀ ਅਤੇ ਆਪਣੀਆਂ ਸੰਭਾਵਨਾਵਾਂ ਪ੍ਰਤੀ ਬੜੀ ਲਾਪ੍ਰਵਾਹੀ ਵਰਤੀ ਏ। ਮੈਂ ਆਪਣੇ ਕੁਝ ਰਿਸ਼ਤਿਆਂ ਪ੍ਰਤੀ ਬਹੁਤੀ ਹੀ ਸਮਰਪਤ ਹੋ ਗਈ। ਇਸ ਦੀ ਮੈਨੂੰ ਹਾਨੀ ਹੋਈ।

ਪਰ ਇਕ ਗੱਲ ਹੋਰ ਏ। ਫ਼ਰਜ਼ ਕਰੋ, ਮੈਂ ਕਹਾਣੀਆਂ ਅਤੇ ਨਾਵਲਾਂ ਦੀਆਂ ਪੰਜ-ਸੱਤ ਹੋਰ ਪੁਸਤਕਾਂ ਲਿਖੀਆਂ ਹੁੰਦੀਆਂ, ਜੇ ਉਹ ਪੜ੍ਹਨ ਵਿਚ ਸਾਰੀਆਂ ਇਕੋ ਜਿਹੀਆਂ ਹੀ ਲਗਦੀਆਂ, ਆਪਣੀ ਹੀ ਦੁਹਰਾਈ, ਤਾਂ ਕੀ ਮੱਲ ਮਾਰ ਲੈਣੀ ਸੀ? ਮੈਂ ਆਪਣੀ ਲਿਖਣ ਦੀ ਰਫ਼ਤਾਰ ਧੀਮੀ ਕਰ ਲਈ ਜਾਂ ਕੁਦਰਤੀ ਉਹ ਧੀਮੀ ਹੋ ਗਈ। ਆਪਣੀਆਂ ਹੀ ਪੈੜਾਂ ਉੱਤੇ ਮੁੜ-ਮੁੜ ਤੁਰੀ ਜਾਣਾ ਕੋਈ ਬਹੁਤਾ ਫ਼ਰਕ ਨਹੀਂ ਪਾਉਂਦਾ। ਇਨਾਮ-ਇਕਰਾਮ, ਐਵਾਰਡ ਮੈਨੂੰ ਖਿਚਦੇ ਨਹੀਂ। ਕਈ ਵਾਰ ਮੈਨੂੰ ਜਾਪਦਾ ਏ, ਮੈਂ ਪਾਰ ਖੜੀ ਹੋਵਾਂ, ਬਹੁਤ ਸਾਰੇ ਡਰਾਂ, ਭਾਵਾਂ ਅਤੇ ਕਮਜ਼ੋਰੀਆਂ ਨੂੰ ਪਾਰ ਕਰ ਲਿਆ ਹੋਵੇ। ਮੈਂ ਕੇਵਲ ਲਿਖਣ ਖ਼ਾਤਰ ਨਹੀਂ ਲਿਖਣਾ ਚਾਹੁੰਦੀ। ਲਿਖਣ ਵਿਚ ਹੁਨਰੀ ਚਲਾਕੀਆਂ-ਚੁਸਤੀਆਂ, ਇੱਥੋਂ ਤਕ ਕਿ ਆਪਣੀ ਪੂਰੀ ਸਿਰਜਕ ਸਮਰਥਾ ਵਿਚ ਕੋਈ ਰਚਨਾ ਸਿਰਜ ਦੇਣੀ ਵੀ ਆਪਣੇ ਆਪ ਵਿਚ ਕੋਈ ਵਡਿੱਤਣ ਨਹੀਂ। ਬੰਦਾ ਆਪਣੇ ਆਪ ਨੂੰ ਜਦੋਂ ਪਾਰ ਕਰ ਜਾਂਦਾ ਏ, ਆਪਣੇ ਆਪ ਨੂੰ ਉਲੰਘ ਕੇ ਆਪਣੇ ਹੀ ਵਿਚਾਰਾਂ ਦੀ ਕਚਿਆਈ ਅਤੇ ਢੀਠਤਾਈ ਉੱਤੇ ਜਦੋਂ ਖੁੱਲ੍ਹ ਕੇ ਹੱਸ ਸਕਦਾ ਏ, ਤਾਂ ਉਹ ਨਾਬਾਲਗ ਨਹੀਂ ਰਹਿੰਦਾ, ਨਾ ਜੀਵਨ ਵਿਚ ਅਤੇ ਨਾ ਹੀ ਸਾਹਿਤ ਵਿਚ।

NIRVANA
ENTERTAINMENT INC.

NIRVANA




Lunch & Dinner Buffet 7 Days a Week

(Veg. & Non-Veg.)




1009-5075 Falconridge Blvd. N.E.

403-590-9797

www.nirvanacalgary.com/nirvanantertainmentic.com

ਹਰਪਿੰਦਰ ਰਾਣਾ ਨੂੰ ਪੰਜਾਬੀ ਸਾਹਿਤ ਦੀ ਲਗਭਗ ਹਰ ਵਿਧਾ 'ਤੇ ਆਬੂਰ ਹਾਸਲ ਹੈ। ਕਵਿਤਾ ਦੇ ਨਾਲ-ਨਾਲ ਉਹਨੇ ਨਾਵਲ ਵੀ ਲਿਖਿਆ ਹੈ। ਇਸੇ ਦੌਰਾਨ ਆਪਣੇ ਜੀਵਨ ਵਿਚ ਹੋਏ ਹਾਦਸਿਆਂ ਅਤੇ ਘਟਨਾਵਾਂ ਨੂੰ ਵੀ ਹਰਪਿੰਦਰ ਨੇ ਸਾਹਿਤਕ ਅੰਦਾਜ਼ ਵਿਚ ਚਿਤਰਿਆ ਹੈ। ਕਹਾਣੀ ਰਸ ਵਾਲੀਆਂ ਇਨ੍ਹਾਂ ਲਿਖਤਾਂ ਵਿਚ ਜਿਥੇ ਯਥਾਰਥ ਹੈ, ਉਥੇ ਅਹਿਸਾਸ ਦੀ ਸ਼ਿੱਦਤ ਵੀ ਪੇਸ਼-ਪੇਸ਼ ਹੈ। 'ਟੁੱਟੇ ਖੰਭਾਂ ਵਾਲੀ ਤਿਤਲੀ' ਵਿਚ ਉਹਦੇ ਅਜਿਹੇ ਲੇਖ ਹੀ ਸ਼ਾਮਲ ਹਨ। 'ਨਵੀਂ ਦੁਨੀਆ' ਹਰਪਿੰਦਰ ਰਾਣਾ ਦੀਆਂ ਇਨ੍ਹਾਂ ਹਕੀਕਤਾਂ ਨੂੰ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਿਹਾ ਹੈ। - ਸੰਪਾਦਕ

ਹਰਪਿੰਦਰ ਰਾਣਾ
+91-94648-14456
harpinderrana21@yahoo.com



# ਟੁੱਟੇ ਖੰਭਾਂ ਵਾਲੀ ਤਿਤਲੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

'ਇਕ ਪ੍ਰੋਫੈਸਰ ਦੀ ਤਲਾਸ਼' ਵਿਸ਼ੇ 'ਤੇ ਜੇਕਰ ਮੈਂ ਲੇਖ ਲਿਖਣਾ ਹੋਵੇ ਤਾਂ ਘੱਟੋ-ਘੱਟ ਪੰਜਾਹ ਸਫੇ ਬਣ ਜਾਣ। ਢੇਰ ਸਾਰੇ ਪ੍ਰੋਫੈਸਰਜ਼ ਨੇ ਦਰਵਾਜ਼ੇ ਤੋਂ ਹੀ ਵਾਪਸ ਕਰ ਦਿੱਤਾ ਸ਼ਾਇਦ ਮੇਰਾ ਸਾਧਾਰਨ ਪਹਿਰਾਵਾ ਅਤੇ ਮੇਰੀ ਸਥਿਤੀ ਉਨ੍ਹਾਂ ਦੀਆਂ ਕੋਠੀਆਂ ਦੇ ਅਨੁਰੂਪ ਨਹੀਂ ਸੀ। ਆਖਰ ਇਕ ਗ੍ਰੇਟ ਪ੍ਰੋਫੈਸਰ ਦੀ ਦਸ ਪਈ। ਉਹ ਬਹੁਤ ਹੀ ਸੁਹਿਰਦ ਮੰਨਿਆ ਜਾਂਦਾ ਸੀ। ਮੈਂ ਅੱਕ ਚੁੱਕੀ ਸਾਂ ਪ੍ਰੋਫੈਸਰ ਲੱਭ ਕੇ, ਫਿਰ ਵੀ ਦਾਦੀ ਮਾਂ ਨੂੰ ਨਾਲ ਲੈ ਕੇ ਆਖਰੀ ਵਾਰ ਉਸ ਦਾ ਦਰ ਖੜਕਾਉਣ ਤੁਰ ਪਈ ਪਰ ਉਸ ਦੀ ਪਤਨੀ ਮੈਨੂੰ ਤਿੰਨ ਦਿਨ ਲਗਾਤਾਰ ਇਹ ਕਹਿ ਕੇ ਮੋੜਦੀ ਰਹੀ ਕਿ ਪ੍ਰੋਫੈਸਰ ਸਾਹਿਬ ਘਰ ਹੀ ਨਹੀਂ ਹਨ। ਇਕ ਦਿਨ ਉਨ੍ਹਾਂ ਦੇ ਗੁਆਂਢੀਆਂ ਨੇ ਦੱਸਿਆ ਕਿ ਪ੍ਰੋਫੈਸਰ ਸਾਹਿਬ ਤਾਂ ਘਰ ਹੀ ਹੁੰਦੇ ਨੇ ਤੁਸੀਂ ਪਿਛਲੇ ਦਰਵਾਜ਼ੇ 'ਚੋਂ ਚੁੱਪ ਕਰ ਕੇ ਅੰਦਰ ਜਾ ਕੇ ਬਹਿ ਜੋ ਬਰਾਂਡੇ 'ਚ। ਮੈਂ ਉਵੇਂ ਹੀ ਕੀਤਾ। ਭਰੀ ਪੀਤੀ ਉਹ ਆਂਟੀ ਆਈ, 'ਤੁਹਾਨੂੰ ਕਿਹਾ ਹੈ ਨਾ ਉਹ ਘਰ ਨਹੀਂ ਹਨ। ਹੋਰ ਕੋਈ ਨੀ ਲੱਭਦਾ ਮੂੰਹ ਚੁੱਕ ਕੇ ਆ ਜਾਂਦੀਆਂ ਤੁਸੀਂ।' ਮੇਰਾ ਤਾਂ ਇਸ ਬੇਇਜ਼ਤੀ ਨੇ ਗੱਚ ਭਰ ਦਿੱਤਾ। ਹਉਕੇ ਮੇਰੇ ਤੋਂ ਹੱਥ ਛੁਡਾ ਕੇ ਭੱਜ ਉੱਠੇ। ਆਵਾਜ਼ ਸੁਣ ਪ੍ਰੋਫੈਸਰ ਸਾਹਿਬ ਬਾਹਰ ਆਏ। ਦਾਦੀ ਨੇ ਸਾਰੀ ਗੱਲ ਦੱਸੀ ਤੇ ਆਖਰ ਉਸ ਅੱਗੇ ਹੱਥ ਜੋੜ ਕੇ ਖੜੀ ਹੋ ਗਈ। ਉਹ ਪ੍ਰੋਫੈਸਰ ਸਾਹਿਬ ਹੈਰਾਨ ਸੀ ਕਿ ਪੜ੍ਹਾਉਣ ਲਈ ਹੱਥ ਜੋੜਨ ਵਾਲੀ ਕਿਹੜੀ ਗੱਲ ਹੈ। ਉਦੋਂ ਮੇਰਾ ਸਰੀਰ ਪਤਲਾ ਜਿਹਾ ਸੀ ਤੇ ਮੈਂ ਪੈਰਾਂ ਭਾਰ ਰੁੜ੍ਹ ਲੈਂਦੀ ਸੀ। ਪ੍ਰੋਫੈਸਰ ਸਾਹਿਬ ਨੇ ਬਾਕੀਆਂ ਨਾਲੋਂ ਫੀਸ ਵੀ ਘੱਟ ਦੱਸੀ। ਕੋਲੋਂ ਕਾਪੀ ਪੈੱਨ ਦਿੱਤਾ ਤੇ ਅੰਦਰ ਆਉਣ ਲਈ ਕਿਹਾ। ਜ਼ਿਉ ਹੀ ਮੈਂ ਕਮਰੇ 'ਚ ਪਹੁੰਚੀ ਤਾਂ ਕਮਰੇ ਦੀ ਸਜਾਵਟ ਵੇਖ ਕੇ ਡਰ ਗਈ। ਮਖਮਲੀ ਕਾਲੀਨ ਬੜੇ ਖੂਬਸੂਰਤ ਚਾਰ ਵੱਡੇ ਸੋਫੇ। ਇਕ ਖੂਬਸੂਰਤ ਜਿਹਾ ਬੈੱਡ। ਮੁੰਡੇ-ਕੁੜੀਆਂ ਨਾਲ ਭਰਿਆ ਉਹ ਕਮਰਾ। ਸਾਰਿਆਂ ਦੀਆਂ ਨਜ਼ਰਾਂ ਰੁੜ ਕੇ ਆਉਂਦੇ ਜੀਵ ਵੱਲ ਇਕਦਮ ਉਠੀਆਂ ਕੁਝ ਤਰਸ ਭਰੀਆਂ ਨਜ਼ਰਾਂ, ਕੁਝ ਤ੍ਰਿਸਕਾਰ ਭਰੀਆਂ। ਕੁਝ ਹਮਦਰਦੀ ਭਰੀਆਂ। ਮੈਨੂੰ ਤਾਂ ਚੱਕਰ ਆ ਗਿਆ, ਮੈਂ ਮਸਾਂ ਹੀ ਡਿਗਣੋ ਬਚੀ। ਪ੍ਰੋਫੈਸਰ ਸਾਹਿਬ ਮੇਰੀ ਹਾਲਤ ਸਮਝ ਗਏ ਤੇ ਵਿਦਿਆਰਥੀਆਂ ਨੂੰ ਝਿੜਕ ਕੇ ਆਪਣਾ ਕੰਮ ਕਰਨ ਲਈ ਕਿਹਾ। ਹਾਲਾਂਕਿ ਮੈਂ ਗੋਡਿਆਂ ਪਰਨੇ ਹੋ ਕੇ ਬੱਚਿਆਂ ਵਾਂਗ ਬੈੱਡ 'ਤੇ ਜਾਂ ਕੁਰਸੀ 'ਤੇ ਬਹਿ ਸਕਦੀ ਸਾਂ ਪਰ ਐਨੀਆਂ ਨਜ਼ਰਾਂ ਸਾਹਮਣੇ ਮੈਂ ਖੁਦ ਨੂੰ ਬੇਵੱਸ ਮਹਿਸੂਸ ਕੀਤਾ। ਮੈਂ ਕਿਹਾ, 'ਸੌਰੀ ਸਰ ਮੈਂ ਨਹੀਂ ਪੜ੍ਹ ਸਕਦੀ।' ਪਰ ਉਹ ਪ੍ਰੋਫੈਸਰ ਸੱਚਮੁੱਚ ਹੀ ਗ੍ਰੇਟ ਸੀ। ਮੇਰੀ ਮਾਨਸਿਕਤਾ ਨੂੰ ਝੱਟ ਹੀ ਪੜ੍ਹ ਗਿਆ। ਮੇਰੇ ਕੋਲ ਕਾਲੀਨ 'ਤੇ ਬੈਠਦਾ ਹੋਇਆ ਬੋਲਿਆ, "ਹੁਣ ਕੋਈ ਆਕਾਸ਼ਵਾਣੀ ਹੋਈ ਹੈ ਕਿ ਤੂੰ ਏਥੇ ਨਹੀਂ ਪੜ੍ਹ ਸਕਦੀ। ਲਿਆ ਸ਼ੁਰੂ ਕਰੀਏ ਅੱਜ ਹੀ।" ਮੈਂ ਕੰਬਦੇ ਹੱਥਾਂ ਨਾਲ ਕਾਪੀ ਅੱਗੇ ਕਰ ਦਿੱਤੀ। ਮੈਨੂੰ ਉਨ੍ਹਾਂ ਟੈਂਸ ਕਰਵਾਏ। ਘੰਟੇ ਕੁ ਬਾਅਦ ਉਹ ਆਪ ਮੈਨੂੰ ਬਾਹਰ ਤੱਕ ਛੱਡਣ ਆਏ। ਮੈਨੂੰ ਟਰਾਈ ਸਾਈਕਲ 'ਤੇ ਉਨ੍ਹਾਂ ਦੇ ਸਾਹਮਣੇ ਹੀ ਝਿਜਕਦਿਆਂ ਚੜ੍ਹਨਾ ਪਿਆ। ਇਹ ਝਿਜਕ ਅੱਜ ਵੀ ਹੈ ਮੇਰੇ 'ਚ। ਮੈਂ ਉਂਝ ਤਾਂ ਆਸਾਨੀ ਨਾਲ ਸਾਈਕਲ 'ਤੇ, ਬੈੱਡ 'ਤੇ, ਕੁਰਸੀ 'ਤੇ ਬੈਠ ਜਾਂਦੀ ਹਾਂ ਪਰ ਜਦ ਕੋਈ ਵੇਖਦਾ ਹੋਵੇ ਤਾਂ ਮੇਰੇ ਤੋਂ ਕੁਝ ਨਹੀਂ ਹੁੰਦਾ। ਸ਼ਾਇਦ ਪ੍ਰੋਫੈਸਰ ਮੇਰੀ ਇਸ ਝਿਜਕ ਨੂੰ ਸਮਝ ਗਏ ਸਨ। ਉਨ੍ਹਾਂ ਮੇਰੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ, "ਬੇਟੇ ਇੰਜ ਕਰੋ ਤੁਸੀਂ ਸਵੇਰ ਵਾਲੇ ਗਰੁੱਪ ਵਿਚ ਆ ਜਾਇਆ ਕਰੋ। ਇਕ ਹੀ ਗਰੁੱਪ ਹੁੰਦਾ ਹੈ ਸਵੇਰੇ ਸੱਤ ਵਜੇ। ਸਾਰੇ ਵਿਦਿਆਰਥੀ ਆਉਂਦੇ ਹਨ। ਤੁਸੀਂ ਦੱਸ ਮਿੰਟ ਪਹਿਲਾਂ ਆ ਕੇ ਬੈੱਡ 'ਤੇ ਮੇਰੀ ਚੇਅਰ ਕੋਲ ਬੈਠ ਜਾਇਆ ਕਰੋ ਤੇ ਗਰੁੱਪ ਖ਼ਤਮ ਹੋਣ ਤੋਂ ਪਿੱਛੋਂ ਚਲੇ ਜਾਇਆ ਕਰਨਾ।" ਮੇਰੀ ਝਿਜਕ ਦਾ ਹੱਲ ਉਨ੍ਹਾਂ ਨੇ ਸਕਿੰਟ 'ਚ ਕੱਢ ਦਿੱਤਾ। ਮੈਂ ਭਰੀਆਂ ਅੱਖਾਂ ਨਾਲ ਉਨ੍ਹਾਂ ਦਾ ਥੈਂਕਸ ਕੀਤਾ। ਸੱਚਮੁੱਚ ਇਹ ਪ੍ਰੋਫੈਸਰ ਗ੍ਰੇਟ ਪ੍ਰੋਫੈਸਰ ਸੀ। ਉਨ੍ਹਾਂ ਦੀ ਪਤਨੀ ਮੇਰੇ ਵਿਸ਼ੇ 'ਤੇ ਉਨ੍ਹਾਂ ਨਾਲ ਝਗੜ ਵੀ ਪਈ ਸੀ। ਮੇਰੀ ਸਤਿ ਸ੍ਰੀ ਅਕਾਲ ਦਾ ਕਦੇ ਜੁਆਬ ਨਹੀਂ ਦਿੰਦੀ ਸੀ ਉਹ।

ਪ੍ਰੋਫੈਸਰ ਸਾਹਿਬ ਦਾ ਪੜ੍ਹਾਉਣ ਦਾ ਢੰਗ ਵੀ ਬੜਾ ਹੀ ਖੂਬਸੂਰਤ। ਬੈੱਡ 'ਤੇ ਨਾਲ ਢੋਅ ਦੀ ਥਾਂ ਰੈਕ ਸੀ। ਜਿਸ ਵਿਚ ਅੰਗਰੇਜ਼ੀ ਦੀਆਂ ਟੈਕਸਟ ਬੁਕਸ ਜਾਂ ਫਿਰ ਗਰਾਮਰ ਬੁਕਸ ਪਈਆਂ ਹੁੰਦੀਆਂ, ਲੈਮੀਨੇਸ਼ਨ ਕੀਤੇ ਹੋਏ ਨੋਟਸ ਪਏ ਹੁੰਦੇ ਤੇ ਇਕ ਸਟੀਰੀਓ ਨਾਲ ਥੱਬਾ ਹਿੰਦੀ ਗਾਣਿਆਂ ਅਤੇ ਗ਼ਜ਼ਲਾਂ ਦੀਆਂ ਕੈਸਟਾਂ। ਸਾਰੇ ਦੇ ਸਾਰੇ ਗਾਣੇ ਉਹ ਜੋ ਮੈਨੂੰ ਬੇਹੱਦ ਪਸੰਦ ਸਨ। ਮੈਂ ਤਾਂ ਕਿਉਂਕਿ 10 ਮਿੰਟ ਪਹਿਲਾਂ ਹੀ ਪਹੁੰਚ ਜਾਂਦੀ ਸਾਂ। ਸਰ ਨੇ ਸੱਤ ਤੋਂ ਬਸ ਇਕ ਦੋ ਮਿੰਟ ਪਹਿਲਾਂ ਹੀ ਆਉਣਾ ਤੇ ਆ ਕੇ ਗੁਲਾਬ ਦੀ ਮਹਿਕ ਵਾਲੀ ਅਗਰਬੱਤੀ ਲਾਉਣੀ ਤੇ ਨਾਲ ਹੀ ਮੱਧਮ ਆਵਾਜ਼ 'ਚ ਸਟੀਰੀਓ ਪਲੇਅ ਕਰ ਦੇਣਾ। ਬਹੁਤ ਹੀ ਪਿਆਰਾ ਮਾਹੌਲ ਹੁੰਦਾ। ਸਰ ਇਕ ਵਾਰ ਪੜ੍ਹਾਉਂਦੇ ਤਾਂ ਸਾਰਾ ਕੁਝ ਦਿਮਾਗ 'ਚ ਉਤਰ ਜਾਂਦਾ।

ਜਦ ਮੈਨੂੰ ਪੜ੍ਹਦਿਆਂ 10-15 ਦਿਨ ਹੋਏ ਤਾਂ ਸਰ ਨੇ ਅਗਰਬੱਤੀ



ਜਲਾਉਣ ਅਤੇ ਕੈਸਟ ਚਲਾਉਣ ਵਾਲੀ ਡਿਊਟੀ ਮੇਰੀ ਲਗਾ ਦਿੱਤੀ। ਮੈਂ ਹਰ ਰੋਜ਼ ਬਦਲ ਕੇ ਕੈਸਟ ਲਾਉਂਦੀ। ਉਦੋਂ ਤੋਂ ਹੀ ਮੈਨੂੰ ਕੰਮ ਦੇ ਨਾਲ ਨਾਲ ਮੱਧਮ ਜਿਹਾ ਸੰਗੀਤ ਸੁਣਨਾ ਚੰਗਾ ਲੱਗਦਾ ਹੈ। ਮੈਂ ਬਹੁਤ ਖੁਸ਼ ਸਾਂ ਕਿ ਲੰਮੇ ਸੰਘਰਸ਼ ਤੋਂ ਬਾਅਦ ਮੈਨੂੰ ਬਹੁਤ ਹੀ ਗ੍ਰੇਟ ਅਧਿਆਪਕ ਮਿਲ ਗਿਆ ਹੈ ਪਰ ਪਤਾ ਨਹੀਂ ਕਿਉਂ ਮੇਰੀ ਇਸ ਖੁਸ਼ੀ ਨੂੰ ਗ੍ਰਹਿਣ ਲਾਉਣ ਅਤੇ ਦਿਲ ਚੀਰਵੀ ਕੋਈ ਗੱਲ ਕਹਿਣ ਲਈ ਹਰ ਵਾਰ ਕੋਈ ਨਾ ਕੋਈ ਜਿੰਨ ਵਾਂਗ ਆ ਖੜ੍ਹਦਾ।

ਖੈਰ ਏਥੇ ਤਾਂ ਮੈਂ ਹਰ ਦਿਨ ਹੀ ਆਂਟੀ ਦੀ ਟੇਢੀ ਨਜ਼ਰ ਮਹਿਸੂਸਦੀ ਹੁੰਦੀ ਸੀ। ਹੁੰਦਾ ਇੰਜ ਸੀ ਕਿ ਮੈਨੂੰ ਘਰੋਂ ਦਾਦੀ ਮਾਂ ਛੱਡਣ ਆਉਂਦੀ ਸੀ। ਮੈਂ ਟਰਾਈ ਸਾਈਕਲ ਦਰਵਾਜ਼ੇ 'ਚ ਖੜ੍ਹਾ ਕੇ ਥੜੀ 'ਤੇ ਉਤਰਦੀ ਤੇ ਫਿਰ ਪੈਰਾਂ ਭਾਰ ਉਵੇਂ ਹੀ ਕਦਮ ਕਦਮ ਅੰਦਰ ਕਮਰੇ ਤੱਕ ਜਾਂਦੀ। ਦਾਦੀ ਮੈਨੂੰ ਬੈੱਡ 'ਤੇ ਬਿਠਾ ਕੇ ਮੁੜ ਜਾਂਦੀ ਤੇ ਫਿਰ ਨੌਂ ਸਵਾ ਨੌਂ ਦੇ ਕਰੀਬ ਲੈਣ ਆਉਂਦੀ। ਹਾਂਲਾਂਕਿ ਮੈਂ ਤੁਰਨ ਸਮੇਂ ਆਪਣੇ ਸਾਰੇ ਕੱਪੜੇ ਸੰਭਾਲੇ ਹੁੰਦੇ, ਵੈਸੇ ਵੀ ਖੁੱਲ੍ਹੇ ਕਪੜੇ ਭਾਵ ਸਲਵਾਰ ਵਗੈਰਾ ਤਾਂ ਪਾ ਹੀ ਨਹੀਂ ਸਕਦੀ ਮੈਂ। ਪਜਾਮੀ ਸੂਟ ਪਾਇਆ ਹੁੰਦਾ ਜਾਂ ਫਿਰ ਸ਼ਰਟ ਨਾਲ ਬੈਲਬਾਟਮ ਜਿਹਾ ਪਾਇਆ ਹੁੰਦਾ। ਇਸ ਦੇ ਬਾਵਜੂਦ ਆਂਟੀ ਨੂੰ ਵਹਿਮ ਸੀ ਕਿ ਮੇਰੇ ਕੱਪੜੇ ਮਿੱਟੀ 'ਚ ਲਿਬੜੇ ਹੁੰਦੇ ਹਨ ਤੇ ਬੈੱਡ ਦੀ ਚਾਦਰ ਦੂਜੇ ਦਿਨ ਹੀ ਗੰਦੀ ਹੋ ਜਾਂਦੀ ਹੈ। ਅਜਿਹਾ ਕੁਝ ਵੀ ਨਹੀਂ ਸੀ।

ਇਸੇ ਵਿਸ਼ੇ 'ਤੇ ਆਂਟੀ ਦੀ ਪ੍ਰੋਫੈਸਰ ਸਾਹਿਬ ਨਾਲ ਤਕਰਾਰ ਵੀ ਹੋਈ ਹੋਣੀ ਹੈ ਪਰ ਮੈਨੂੰ ਕੁਝ ਪਤਾ ਨਹੀਂ ਸੀ। ਇਕ ਦਿਨ ਪ੍ਰੋਫੈਸਰ ਸਾਹਿਬ ਬਿਮਾਰ ਸਨ। ਉਨ੍ਹਾਂ ਤੋਂ ਜਲਦੀ ਨਹੀਂ ਉੱਠਿਆ ਗਿਆ। ਸੱਤ ਵਜੇ ਤਾਂ ਉਹ ਨਹਾਉਣ ਗਏ। ਆਂਟੀ ਨੇ ਮੌਕੇ ਦਾ ਫਾਇਦਾ ਉਠਾਇਆ। ਆ ਧਮਕੀ ਕਮਰੇ 'ਚ। ਮੇਰਾ ਦਿਲ ਧੜਕ ਧੜਕ ਕਰਨ ਲੱਗਾ। ਆਉਂਦਿਆਂ ਹੀ ਬੋਲੀ, "ਤੂੰ ਲਿਬੜੇ ਕੱਪੜੇ ਲੈ ਕੇ ਬਹਿ ਜਾਂਦੀ ਐਂ। ਰੋਜ਼ ਚਾਦਰ ਗੰਦੀ ਹੋ ਜਾਂਦੀ ਐ। ਸੌ ਆਰੀ ਕਿਹਾ ਪ੍ਰੋਫੈਸਰ ਸਾਹਿਬ ਪਰ ਉਹ ਤੇਰੇ ਖ਼ਿਲਾਫ ਇਕ ਲਫ਼ਜ਼ ਵੀ ਨਹੀਂ ਸੁਣਨਾ ਚਾਹੁੰਦੇ।" ਫਿਰ ਉਹ ਹੱਥ ਜੋੜਦਿਆ ਕਹਿਣ ਲੱਗੀ, "ਬਾਬਾ ਤੂੰ ਦੂਰ ਰਿਹਾ ਕਰ ਉਨ੍ਹਾਂ ਤੋਂ, ਹੋਰ ਨਾ ਮੇਰਾ ਘਰ ਪੱਟ ਦੀਂ। ਉੱਥੇ ਦੂਰ ਬੈਠਿਆ ਕਰ ਕੁਰਸੀ 'ਤੇ।"

ਕਾਸ਼ ਕਿ ਮੈਨੂੰ ਉਸ ਵੇਲੇ ਸੀਤਾ ਮਾਤਾ ਵਾਂਗ ਜ਼ਮੀਨ ਵੇਹਲ ਦੇ ਦਿੰਦੀ ਤਾਂ ਮੈਂ ਗਰਕ ਜਾਂਦੀ। ਪਰ ਇਹ ਸਭ ਮਿਥਹਾਸਕ ਤੇ ਕਾਲਪਨਿਕ ਗੱਲਾਂ ਹੁੰਦੀਆਂ। ਅੱਖਾਂ ਅੱਗੇ ਹਨੇਰਾ ਛਾ ਗਿਆ। ਉਸ ਦਿਨ ਦਾ ਪੜ੍ਹਿਆ ਮੇਰੇ ਬਿਲਕੁਲ ਪੱਲੇ ਨਾ ਪਿਆ। ਵਾਰ ਵਾਰ ਅੱਖਾਂ 'ਚ ਆਉਂਦੇ ਹੰਝੂ ਅੰਦਰੇ ਹੀ ਪੀ ਜਾਂਦੀ। ਅਗਲੇ ਦਿਨ ਮੈਂ ਸਿਰ ਦੁੱਖਦੇ ਦਾ ਬਹਾਨਾ ਲਾ ਕੇ ਘਰੇ ਹੀ ਰਹਿ ਗਈ।

ਮੇਰੀ ਮਾਂ ਮੇਰੀ ਹਾਲਤ ਵੇਖ ਸਮਝ ਜਾਂਦੀ ਹੈ ਕਿ ਕੋਈ ਪ੍ਰੇਸ਼ਾਨੀ ਜ਼ਰੂਰ ਹੈ। ਮਾਂ ਦੇ ਪੁੱਛਣ 'ਤੇ ਮੈਂ ਆਂਟੀ ਵਾਲੀ ਗੱਲ ਦੱਸ ਦਿੱਤੀ। ਮਾਂ ਨੇ ਇਕ ਠੰਢਾ ਹਉਕਾ ਭਰਿਆ ਤੇ ਕਿਹਾ, "ਕੋਈ ਨਾ ਪੁੱਤ ਜਦੋਂ ਗਉਂ ਲੈਣਾ ਹੋਵੇ ਤਾਂ ਇਹੋ ਜਿਹੀਆਂ ਗੱਲਾਂ ਮਨ 'ਤੇ ਨਹੀਂ ਲਾਈਦੀਆਂ।"----ਤੇ ਫਿਰ ਸਾਰੀ ਉਮਰ ਲਈ ਇਹ ਗੱਲ ਮੈਂ ਪੱਲੇ ਬੰਨ੍ਹ ਲਈ।

ਅਗਲੀ ਸਵੇਰ ਮੈਂ ਚੁਪ-ਚਾਪ ਟਿਊਸ਼ਨ ਗਈ। ਫੋਲਡਿੰਗ ਚੇਅਰ ਖੋਲ੍ਹੀ ਤੇ ਬੈੱਡ ਤੋਂ ਦੂਰ ਹੋ ਕੇ ਬੈਠ ਗਈ। ਅਗਰਬੱਤੀ ਤੇ ਸਟੀਰੀਓ ਵਾਲੀ ਡਿਊਟੀ ਤਾਂ ਬੈੱਡ 'ਤੇ ਬੈਠ ਕੇ ਹੀ ਨਿਭਾਈ ਜਾ ਸਕਣੀ ਸੀ। ਜਦ ਸਰ ਕਮਰੇ 'ਚ ਆਏ ਤਾਂ ਮੈਨੂੰ ਕੁਰਸੀ 'ਤੇ ਵੇਖ ਇਕਦਮ ਤ੍ਰਭਕ ਗਏ। ਮੈਂ ਝੁਕੇ ਸਿਰ ਨਾਲ ਹੀ ਸਤਿ ਸ੍ਰੀ ਅਕਾਲ ਬੁਲਾਈ। ਦੋ ਤਿੰਨ ਸਕਿੰਟ ਉਹ ਮੇਰੇ ਕੋਲ ਖੜ੍ਹੇ ਰਹੇ। ਫਿਰ ਉਹ ਆਪਣੀ ਚੇਅਰ ਵੱਲ ਜਾਣ ਦੀ ਥਾਂ ਬੈੱਡ 'ਤੇ ਬੈਠ ਗਏ ਤੇ ਕੈਸਟਾਂ ਫਰੋਲਣ ਲੱਗੇ। ਉਨ੍ਹਾਂ ਨੇ ਅਗਰਬੱਤੀ ਵੀ ਨਾ ਜਲਾਈ। ਕਾਫੀ ਮਿਹਨਤ ਬਾਅਦ ਉਨ੍ਹਾਂ ਨੇ ਇਕ ਕੈਸਟ ਕੱਢੀ। ਪਲੇਅਰ 'ਚ ਪਾਈ ਤੇ ਕੁਝ ਫਾਰਵਰਡ ਕਰ ਇਕ ਗਾਣਾ ਕੱਢਿਆ। ਪਲੇਅਰ ਕਰਨ ਤੋਂ ਪਹਿਲਾਂ ਉਨ੍ਹਾਂ ਕਿਹਾ, "Harpinder listen this song is only for you."

ਤੇ ਫਿਰ ਉਹ ਗੀਤ ਰਪੀਟ 'ਤੇ ਲਾ ਦਿੱਤਾ। ਗੀਤ ਦੇ ਬੋਲ ਸਨ, "ਐ ਮੇਰੇ ਦਿਲੇ ਨਾਦਾਨ ਤੂੰ ਗਮ ਸੇ ਨਾ ਘਬਰਾਨਾ.. ਇਕ ਦਿਨ ਤੋ ਸਮਝ ਲੇਗੀ ਦੁਨੀਆ ਤੇਰਾ ਅਫ਼ਸਾਨਾ।" ਇਸ ਗੀਤ ਦਾ ਇਕ ਇਕ ਬੋਲ ਮੇਰੇ ਅੰਦਰ ਪਾਰੇ ਵਾਂਗ ਲਹਿੰਦਾ ਗਿਆ। ਇਕ ਹੌਸਲਾ ਮੇਰੇ ਅੰਦਰ ਸੰਚਾਰ ਹੁੰਦਾ ਗਿਆ ਤੇ ਫਿਰ ਮੈਂ ਬੀ.ਏ. ਦੇ ਤਿੰਨੇ ਸਾਲ ਇਸੇ ਗ੍ਰੇਟ ਪ੍ਰੋਫੈਸਰ ਕੋਲੋਂ ਪੜ੍ਹਾਈ ਕੀਤੀ। ਬੀ.ਐੱਡ ਦੇ ਐਂਟਰੈਂਸ ਟੈਸਟ ਲਈ ਕੋਚਿੰਗ ਵੀ ਸਰ ਹੋਰਾਂ ਦੀ ਅਕੈਡਮੀ ਤੋਂ ਲਈ। ਉਸ ਦਿਨ ਸਰ ਬਹੁਤ ਹੀ ਖੁਸ਼ ਹੋਏ ਜਿਸ ਦਿਨ ਬੀ.ਐੱਡ ਦੇ ਐਂਟਰੈਂਸ ਦਾ ਨਤੀਜਾ ਆਇਆ ਸੀ ਤੇ ਮੈਂ ਰਾਖਵੇਂ ਕੋਟੇ ਦੇ ਸੌ ਵਿਦਿਆਰਥੀਆਂ ਵਿਚੋਂ ਪੰਜਾਬ 'ਚੋਂ 14ਵਾਂ ਰੈਂਕ ਲਿਆ। ਉਨਾਂ ਦੀਆਂ ਅੱਖਾਂ ਦੀ ਉਹ ਚਮਕ ਮੈਨੂੰ ਭੁੱਲਦੀ ਨਹੀਂ। ਤੇ ਫਿਰ ਉਹ ਗੱਲ ਕਦੇ ਨਹੀਂ ਭੁੱਲ ਸਕਦੀ ਜਦ ਮੈਂ ਨੌਕਰੀ ਮਿਲਣ 'ਤੇ ਮਿਠਾਈ ਦਾ ਡੱਬਾ ਦੇਣ ਲਈ ਗਈ ਸਾਂ ਉਦੋਂ ਪਹਿਲੀ ਵਾਰ ਉਨ੍ਹਾਂ ਆਪਣੀ ਪਤਨੀ ਨੂੰ ਮੇਰੇ ਸਾਹਮਣੇ ਕੁਝ ਕਿਹਾ।

(ਚਲਦਾ)




With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.

Please Contact:
ANJALI AGARWAL AMP, BA
Senior Mortgage Advisor
TMG
Now I have access to almost all banks and more than 25 lenders.
ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ
call @ 780-934-7217 (Cell) or Email anjali.agarwal@mortgagegroup.com

# ਮਾਂ ਧੀ ਦਾ ਸੰਵਾਦ ਪੜ੍ਹਦਿਆਂ

**ਅਵਤਾਰ ਸਿੰਘ ਬਿਲਿੰਗ**

ਮੇਰੀ ਕਨੇਡਾ ਫੇਰੀ ਦੌਰਾਨ ਐਡਮਿੰਟਨ (ਐਲਬਰਟਾ) ਵਸਦੀ ਪ੍ਰਸਿੱਧ ਪੰਜਾਬੀ ਸ਼ਾਇਰਾ ਤੇ ਰੰਗਕਰਮੀ ਬਖ਼ਸ਼ ਦੀ ਪੁਸਤਕ 'ਮਾਂ ਧੀ ਦਾ ਸੰਵਾਦ' ਪੜ੍ਹਨ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ। ਇਹ ਬੜੀ ਮਾਅਰਕੇ ਦੀ ਅਤਿ ਦਿਲਚਸਪ ਕਾਵਿ ਰਚਨਾ ਹੈ, ਜਿਸ ਵਿਚੋਂ ਸਾਡੇ ਲੋਕ ਗੀਤਾਂ ਵਰਗੀ ਹੂਕ ਸੁਣਾਈ ਦਿੰਦੀ ਹੈ ਤੇ ਸਦੀਆਂ ਤੋਂ ਦੁੱਖ ਹੰਢਾਉਂਦੀ ਆਈ ਔਰਤ ਦਾ ਦਰਦ ਛਲਕਦਾ ਹੈ। ਬਖ਼ਸ਼ ਨੇ ਆਪਣੀ ਖ਼ੂਬਸੂਰਤ ਕਾਵਿਕ ਵੰਨਗੀ ਰਾਹੀਂ ਪਰੰਪਰਾ ਅਤੇ ਆਧੁਨਿਕਤਾ ਨੂੰ ਮਾਂ ਧੀ ਦੇ ਰੂਪ ਵਿਚ ਇਕ ਦੂਜੀ ਵੱਲ ਸਿੱਧੀਆਂ ਝਾਕਦੀਆਂ ਦਿਖਾਇਆ ਹੈ। ਇਹ ਮਾਂ ਧੀ ਵਿਚਕਾਰ ਝੇੜੇ ਹਨ। ਬਿਲਕੁਲ ਉਸ ਪੰਜਾਬੀ ਲੋਕ ਗੀਤ ਵਾਂਗ ਨਵੇਕਲੇ ਬੈਠੀਆਂ ਦੋਵੇਂ ਔਰਤਾਂ ਜਿਵੇਂ ਇਕ ਦੂਜੀ ਨੂੰ ਗੀਤਾਂ ਰਾਹੀਂ ਮੁਖ਼ਾਤਬ ਹਨ।– ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ/ ਕੋਈ ਕਰਨ ਗਲੋਲੜੀਆਂ। ਗੀਤਾਂ ਦੁਆਰਾ ਪ੍ਰਗਟਾਏ ਦੁੱਖ ਦਾ ਦਰਦ ਕਹਿੰਦੇ, ਘਟ ਜਾਂਦਾ ਹੈ ਜਦੋਂਕਿ ਪ੍ਰਭਾਵ ਤੀਖਣ ਹੋ ਜਾਂਦਾ ਹੈ। ਅੰਗਰੇਜ਼ੀ ਕਵੀ ਜੌਹਨ ਕੀਟਸ ਅਨੁਸਾਰ, 'ਉਹੀ ਗੀਤ ਮਿੱਠੜੇ ਲੱਗਦੇ ਹਨ ਜਿਨ੍ਹਾਂ ਵਿਚੋਂ ਮਨੁੱਖੀ ਵੇਦਨਾ ਝਲਕਦੀ ਹੋਵੇ'। ਬਖ਼ਸ਼ ਦੀ ਇਸ ਲੰਬੀ ਕਵਿਤਾ ਵਿਚ ਆਈ ਮਾਂ ਪੁਰਾਤਨ ਰਵਾਇਤ ਦਾ ਚਿੰਨ੍ਹ ਹੈ। ਜੋ 'ਜੋ ਹੈ' ਨੂੰ ਸਿਰ ਸੁੱਟ ਕੇ ਪ੍ਰਵਾਨ ਕਰਨ ਦੀ ਵਕਾਲਤ ਕਰਦੀ ਹੈ। ਚਾਹੇ ਉਹ ਰੱਬ ਦੀ ਰਜ਼ਾ ਹੈ, ਸਮਾਜ ਦੇ ਬੰਧਨ ਹਨ ਜਾਂ ਪਤੀ ਦੀ ਮਰਜ਼ੀ। ਇਸ ਲਈ ਧੀ ਨੂੰ ਮੱਤਾਂ ਦਿੰਦੀ ਹੈ; "ਨੀ ਧੀਏ ਨੀ ਅਕਲਾਂ ਵਾਲੀਏ/ਸੇਕ 'ਚੋਂ ਨਿਕਲੇ ਲੰਬ ਨੀ/ਤੂੰ ਤਾਂ ਕਰੇਂ ਸਿਆਣੀਆਂ ਗੱਲਾਂ/ਮੈਂ ਜਾਵਾਂ ਕੰਬ ਕੰਬ ਨੀ/" ਪਰ ਧੀ ਦੇ ਰੂਪ ਵਿਚ ਖੜ੍ਹਾ 'ਅੱਜ' ਇਸ ਨੂੰ ਮੰਨਣੋਂ ਇਨਕਾਰੀ ਹੈ ਕਿਉਂਕਿ ਉਸ ਕੋਲ ਵਿਦਿਆ ਹੈ, ਜਾਗਰਤੀ ਹੈ, ਨਵੀਂ ਪੀੜ੍ਹੀ ਦਾ ਨਵਾਂਪਣ ਹੈ। ਆਖ਼ਰ ਹਰ ਨਵੇਂ ਯੁੱਗ ਨੇ ਪੁਰਾਣੇ ਨੂੰ ਵੰਗਾਰਿਆ ਹੈ; "ਨੀ ਮਾਏ ਨੀ ਮੇਰੀਏ ਮਾਏ/ਨੀਵੀਂ ਪਾ ਨਾ ਲੰਘ ਨੀ/ਉਠਿਆਂ ਹੀ ਨਿਬੇੜੇ ਹੋਣੇ/ ਐਵੇਂ ਨਾ ਤੂੰ ਕੰਬ ਨੀ/" ਕਿਉਂਕਿ ਪਿਛਲੀਆਂ ਕਈ ਸਦੀਆਂ ਤੱਕ ਬੰਦ ਪਏ ਰਹੇ ਪੰਜਾਬੀ ਸਮਾਜ ਦੇ ਮੁਕਾਬਲੇ ਅੱਜ ਦਾ ਸਮਾਜ ਹੁਣ ਚੁਫੇਰੇ ਫੈਲਿਆ, ਖੁੱਲ੍ਹਾ ਸਮਾਜ ਹੈ, ਜਿਸ ਕਰ ਕੇ ਇਹ ਜ਼ਿਆਦਾ ਜਾਗਰਤ ਹੈ। ਅੱਜ ਦੀ ਔਰਤ ਮੂਲੋਂ ਨਵੇਂ ਯੁੱਗ ਦੀ ਨਾਰੀ ਹੈ। ਉਸ ਨੂੰ ਪੁਰਾਤਨ ਕਦਰਾਂ ਕੀਮਤਾਂ ਸੁਖਾਉਂਦੀਆਂ ਨਹੀਂ। ਸੋ, ਟਕਰਾਅ ਦੀ ਸਥਿਤੀ ਪੈਦਾ ਹੋ ਸਕਦੀ ਹੈ ਜਿਸ ਦਾ ਪਰੰਪਰਾ ਰੂਪੀ ਮਾਂ ਨੂੰ ਅਸਲ ਖ਼ਤਰਾ ਹੈ;

ਆਪਣਿਆਂ ਤੋਂ ਟੁੱਟ ਕੇ ਧੀਏ /ਕਿੱਥੇ ਮਿਲੂ ਟਿਕਾਣਾ ਨੀ
ਤਾਂ ਹੀ/ਪਲਕਾਂ ਨੀਵੀਆਂ ਕਰਕੇ ਧੀਏ/ਅਸਾਂ ਨੇ ਹੰਝੂ ਪੀਤੇ ਨੀ।

ਕਿਉਂਕਿ ਧੀ ਦੇ ਮੁਕਾਬਲੇ ਮਾਂ ਕੋਲ ਜੀਵਨ ਦੀਆਂ ਤਲਖ਼ ਹਕੀਕਤਾਂ ਦਾ ਤਜਰਬਾ ਹੈ। ਉਹ ਜਾਣਦੀ ਹੈ ਕਿ ਮਰਦ ਪ੍ਰਧਾਨ ਸਮਾਜ ਨਾਲ ਟੱਕਰ ਲੈਣੀ ਏਨੀ ਆਸਾਨ ਨਹੀਂ ਜਦੋਂ ਕਿ ਧੀ ਕੋਲ ਸਿਰਫ ਜੋਸ਼ ਹੈ। ਉਹ ਘੁੰਮਣਘੇਰੀ ਵਿਚ ਫਸੇ ਜਹਾਜ਼ ਵਾਂਗ ਸਮੁੰਦਰੀ ਤੂਫ਼ਾਨ ਦਾ ਇਕੱਲੀ ਕਿਵੇਂ ਮੁਕਾਬਲਾ ਕਰੇਗੀ;

ਬਾਦਵਾਨ ਹੀ ਜਾਨਣ ਜਦੋਂ/ਝੁੱਲਣ ਅਤਿ ਹਵਾਵਾਂ ਨੀ

ਦੁੱਖਾਂ ਦੀ ਝੰਬੀ ਮਾਂ ਨੇ ਜ਼ਿੰਦਗੀ ਦੇਖੀ ਹੈ, ਯਥਾਰਥ ਝਾਗਿਆ ਹੈ। ਇਸ ਦੇ ਉਲਟ ਧੀ ਕੋਲ ਜਜ਼ਬਿਆਂ ਦਾ ਝੱਖੜ ਹੈ, ਨਵੇਂ ਖ਼ੂਨ ਦਾ ਉਬਾਲਾ ਹੈ। ਜਵਾਨੀ ਦਾ ਰੁਮਾਂਸ ਹੈ;

ਚਾਨਣ ਦੀ ਇਕ ਕਿਰਨ ਸੰਧੂਰੀ/ਸਾਡੇ ਦਿਲ ਨੂੰ ਭਾਅ ਗਈ ਨੀ

ਇਸ ਕਿਰਨ ਤੱਕ ਪਹੁੰਚਣਾ, ਜਵਾਨੀ ਦਾ ਧਰਮ ਹੈ ਜਿਸ ਲਈ ਕੋਈ 'ਵਿਉਂਤ' ਬਣਾਉਣੀ ਜ਼ਰੂਰੀ ਹੈ;

ਕਾਹਤੋਂ ਪਿਸੀਏ ਵਿਚ ਵਿਚਾਲੇ
ਨਵੀਆਂ ਪਿਰਤਾਂ ਪਾਈਏ ਨੀ




ਉਸ ਅਨੁਸਾਰ ਉਸ ਦੇ ਮਾਪਿਆਂ ਦੇ ਮੁਕਾਬਲੇ ਜੇ ਅੱਜ ਸੋਚ-ਸਮਝ ਕੇ ਰਿਸ਼ਤੇ ਬਣਾਏ ਜਾਣ ਤਾਂ ਬੇਹਤਰੀ ਸੁਭਾਵਕ ਹੈ;

ਜੇ ਬਣਾਈਏ ਦਿਲ ਦੇ ਰਿਸ਼ਤੇ
ਹੋਏ ਨਾ ਹੇਰਾ ਫੇਰੀ ਨੀ
ਕਿਉਂਕਿ ;
ਬੰਦਸ਼ਾਂ ਵਿਚ ਗੜੁੱਚੇ ਹਿਰਦੇ
ਭਾਂਬੜ ਬਣ ਬਣ ਬਲਦੇ ਨੀ

ਇਸ ਲਈ ਬੰਦਸ਼ਾਂ ਵਿਚ ਜਵਾਨੀ ਲੰਘ ਗਈ। ਬੁਢਾਪੇ ਨੇ ਬਿਮਾਰੀ ਵਿਚ ਬੀਤ ਜਾਣਾ ਹੈ। ਔਰਤ ਦਾ ਜੀਵਨ ਇਥੇ ਉਸ ਤਿੱਤਲੀ ਵਰਗਾ ਹੈ ਜਿਸ ਨੂੰ ਸ਼ਰਾਰਤੀ ਜਵਾਕ ਤਿੱਖੀ ਸੂਲ ਵਿਚ ਪਰੋ ਕੇ ਖੇਡਾਂ ਕਰਦੇ ਹਨ। ਇਸ ਤਰ੍ਹਾਂ ਦੇ ਕਿੰਨੇ ਸਵਾਲਾਂ ਦਾ ਨਿਤਾਰਾ ਅਜੋਕੀ ਔਰਤ ਕਰਨਾ ਚਾਹੁੰਦੀ ਹੈ। ਇਥੇ ਫੋਕੀ ਸ਼ੋਹਰਤ ਹੈ, ਝੂਠੀ ਇਜ਼ਤ ਦਾ ਭਰਮ ਹੈ, ਖ਼ੁਦਦਾਰੀ ਵਿਕਾਊ ਵਸਤ ਵਾਂਗ ਹੈ। ਕਲਮਾਂ ਪੁੱਠੀਆਂ ਵਗਦੀਆਂ ਹਨ। ਸਮਾਜ ਉਸ ਨੂੰ ਦਰਿੰਦਾ ਬਣ ਕੇ ਕੋਹ ਰਿਹਾ ਹੈ। ਦੁਹਾਈ ਪਾਉਣ ਦੀ ਵੀ ਮਨਾਹੀ ਹੈ। ਇਥੋਂ ਦਾ ਵੈਦ ਹੀ ਜਦ ਆਪ ਰੋਗੀ ਹੈ, ਉਹ ਸਮਾਜ ਦਾ ਇਲਾਜ ਕਿਵੇਂ ਕਰੇਗਾ। ਇਸ ਲਈ ਹੀ ਤਾਂ ਬੁਰਾਈਆਂ ਪਨਪਦੀਆਂ ਹਨ। ਭਰੂਣ ਹੱਤਿਆ ਤੇ ਬਲਾਤਕਾਰ ਹੁੰਦੇ ਹਨ। ਪਰ ਮਾਂ ਤਬਦੀਲੀ ਤੋਂ ਵੀ ਡਰਦੀ ਹੈ। ਧੀ ਦੇ ਵਿਚਾਰਾਂ 'ਚ ਉਸ ਨੂੰ ਵਿਸ਼ਵਾਸ ਨਹੀਂ:

ਗੱਲਾਂ ਕਰਨੀਆਂ ਬਹੁਤ ਸੌਖੀਆਂ/ਔਖੇ ਪਾਲਣੇ ਬੋਲ ਨੀ

ਪਰ ਅਜੋਕੀ ਧੀ ਬੜੀ ਦ੍ਰਿੜ ਹੈ। ਉਹ ਨਰੋਏ ਪੈਰੀਂ ਕਦਮ ਚੁੱਕਣਾ ਚਾਹੰਦੀ ਹੈ। ਉਸ ਦੀਆਂ ਦਲੀਲਾਂ ਵਾਜਬ ਅਤੇ ਵਜ਼ਨਦਾਰ ਜਾਪਦੀਆਂ ਹਨ; "ਕਠਪੁਤਲੀ ਤੂੰ ਬਣ ਕੇ ਮਾਏ/ਕਿਉਂ ਵਜੂਦ ਗਵਾਇਆ ਨੀ/ ਕਤਰਾ ਕਤਰਾ ਨੀਰ ਬਹਾਇਆ/ਅੱਖਾਂ ਮੀਟ ਕੇ ਸੁੱਤੀਆਂ ਨੀ/" ਜੇ ਸਮੁੱਚੀ ਔਰਤ ਜਾਗ ਕੇ ਸਾਂਝੀ ਤਾਕਤ ਬਣੇ ਤਾਂ ਜ਼ਰੂਰ ਸਾਰਥਕ ਨਤੀਜੇ ਨਿਕਲ ਸਕਦੇ ਹਨ। ਤਾਂ ਹੀ ਆਪਣੇ ਸੁਪਨੇ ਰੰਗੇ ਜਾਣਗੇ। ਜਾਬਰ ਸਮਿਆਂ ਤੋਂ ਛੁਟਕਾਰਾ ਹੋਵੇਗਾ। ਰੀਤਾਂ ਰਿਵਾਜਾਂ ਦਾ ਖਹਿੜਾ ਛੱਡ ਕੇ ਆਪਣੇ ਮਨ ਦੇ ਵਿਚਾਰਾਂ ਦੀ ਹਾਮੀ ਭਰੀ ਜਾਵੇਗੀ। ਇਥੇ ਆ ਕੇ ਸਬੰਧਤ ਮਾਂ ਧੀ ਦੇ ਨਿੱਜ ਦਾ ਮਸਲਾ ਵੀ ਸਰਬੱਤ ਦਾ ਮਾਮਲਾ ਬਣ ਜਾਂਦਾ ਹੈ ਜੋ ਬਤੌਰ ਸ਼ਾਇਰਾ ਬਖ਼ਸ਼ ਦੀ ਪ੍ਰਾਪਤੀ ਹੈ। ਸਾਡੀ ਭਾਰਤੀ ਫਿਲਾਸਫੀ ਅਨੁਸਾਰ 'ਮਨ, ਬਚਨ ਤੇ ਕਰਮ' ਤਿੰਨ ਸਟੇਜਾਂ ਸਾਡੀ ਸੋਚ, ਸਾਡੇ ਬੋਲ ਤੇ ਸਾਡੇ ਕਰਮ ਦੀਆਂ ਹਨ। ਇਸ ਕਵਿਤਾ ਵਿਚ ਧੀ ਦੇ ਮਨ ਵਿਚ ਉੱਠੀਆਂ ਤਰੰਗਾਂ ਜ਼ੋਰਦਾਰ ਬੋਲਾਂ ਦਾ ਰੂਪ-ਧਾਰਦੀਆਂ ਪ੍ਰਚੰਡ ਹੋ ਜਾਂਦੀਆਂ ਹਨ। ਇਹ ਅਸਿੱਧੇ ਰੂਪ ਵਿਚ ਸਮੁੱਚ ਨੂੰ ਕਰਮਸ਼ੀਲ ਹੋਣ ਲਈ ਪ੍ਰੇਰਦੀਆਂ, ਕਰਮ ਕਰਨ ਦਾ ਸੁਝਾਅ ਜ਼ਰੂਰ ਦਿੰਦੀਆਂ ਹਨ। ਜੇ ਕਿਤੇ ਇਸ ਕਾਵਿ ਵੰਨਗੀ ਵਿਚ ਕਰਮ ਜਾਂ ਐਕਸ਼ਨ ਵੀ ਪ੍ਰਚੰਡ ਰੂਪ ਵਿਚ ਆ ਜਾਂਦਾ ਤਾਂ ਇਸ ਨੇ ਸ਼ਕਤੀਸ਼ਾਲੀ ਕਾਵਿ ਨਾਟਕ ਬਣ ਜਾਣਾ ਸੀ। ਬਖ਼ਸ਼ ਅਤੇ ਉਸ ਦਾ ਜੀਵਨ ਸਾਥੀ ਜਸਵੀਰ ਸੰਘਾ ਕਿਉਂਕਿ ਉੱਘੇ ਰੰਗਕਰਮੀ ਹਨ ਇਹ ਲੋਕ ਗੀਤ ਉਹ ਔਰਤ ਦੀ ਹੋਣੀ ਨਾਲ ਸਬੰਧਤ ਆਪਣੇ ਕਿਸੇ ਨਾਟਕ ਵਿਚ ਉਸ ਦਾ ਪ੍ਰਭਾਵ ਵਧਾਉਣ ਲਈ ਵਰਤ ਸਕਦੇ ਹਨ। ਬਖਸ਼ ਦੇ ਵਿਚਾਰਾਂ ਵਿਚ ਬੜੀ ਰਵਾਨੀ ਹੈ। ਅਨੁਭਵ ਦਾ ਜ਼ੋਰ ਹੈ। ਲੋਕਧਾਰਾਈ ਮੁਹਾਵਰਾ ਬੜਾ ਤਿੱਖਾ ਪ੍ਰਭਾਵ ਸਿਰਜਦਾ ਹੈ। ਇਸ ਦਾ ਟਾਈਟਲ ਕਵਰ ਪਹਿਲੀ ਨਜ਼ਰੇ ਬੇਸ਼ੱਕ ਅਮੂਰਤ ਜਾਪੇ, ਅਸਲ ਵਿਚ ਮੈਨੂੰ ਤਾਂ ਇਹ ਵੀ ਸਾਡੀ ਪੁਰਾਤਨ ਲੋਕ ਕਲਾ ਦਾ ਹੀ ਨਮੂਨਾ ਲੱਗਦਾ ਹੈ। ਉਹ ਕਲਾ, ਜਿਹੜੀ ਸਾਡੀਆਂ ਸੁਆਣੀਆਂ ਹਿਰਮਚੀ ਮਿੱਟੀ ਨਾਲ ਪਾਂਡੂ ਲਿੱਪੀਆਂ ਕੰਧਾਂ ਉੱਤੇ ਵਾਹੁੰਦੀਆਂ ਸਨ ਜਾਂ ਜਿਸ ਕਲਾ ਅਧੀਨ ਉਹ ਸਿਰਹਾਣੇ ਚਾਦਰਾਂ ਉੱਪਰ ਰੰਗਦਾਰ ਧਾਗੇ ਨਾਲ ਫੁੱਲ ਬੂਟੀਆਂ ਜਾਂ ਇਨਸਾਨੀ ਸ਼ਕਲਾਂ ਕੱਢ ਦਿੰਦੀਆਂ। ਰੰਗਾਂ ਦੇ ਘਸਮੈਲੇਪਣ ਜਾਂ ਗੂੜ੍ਹੇਪਣ ਤੋਂ ਸਹਿਜੇ ਹੀ ਅਧੇੜ ਉਮਰ ਦੀ ਮਾਂ ਤੇ ਗੁਲਾਬੀ ਨੀਲੇ ਪਹਿਰਾਵੇ ਵਾਲੀ ਮੁਟਿਆਰ ਧੀ ਦੀ ਪਛਾਣ ਹੋ ਜਾਂਦੀ ਹੈ। ਦੋਹਾਂ ਮਾਵਾਂ (ਸੱਸੜੀ ਮਾਂ ਤੇ ਸੱਕੀ ਮਾਂ) ਨੂੰ ਪੁਸਤਕ ਦਾ ਸਾਂਝਾ ਸਮਰਪਣ ਹੋਣਾ ਪ੍ਰਸੰਸਾਜੋਗ ਤੇ ਦੋ ਪਰਿਵਾਰਾਂ ਦੀ ਆਪਸੀ ਏਕਤਾ ਦਾ ਸੂਚਕ ਹੈ ਜੋ ਪੰਜਾਬੋਂ ਬਾਹਰਲੇ ਪੰਜਾਬੀ ਸਮਾਜ ਵਿਚ ਘੱਟ ਹੀ ਨਜ਼ਰੀਂ ਪੈਂਦੀ ਹੈ। ਜਿਥੋਂ ਤੱਕ ਪੁਸਤਕ ਦੇ ਸਿਰਲੇਖ ਦਾ ਸੰਬੰਧ ਹੈ ਉਹ ਜੇ ਵਾਰਤਕ ਨੁਮਾ ਹੋਣ ਦੀ ਬਜਾਏ ਕਾਵਿਕ ਹੁੰਦਾ ਤਾਂ ਜ਼ਿਆਦਾ ਫੱਬ ਜਾਂਦਾ। ਜਿਵੇਂ ਕਿਸੇ ਗੀਤ ਦਾ ਮੁੱਖੜਾ ਜਾਂ ਟੂਕ ਹੀ ਟਾਈਟਲ ਬਣ ਸਕਦੀ ਸੀ। 'ਸੰਵਾਦ' ਜੋ ਆਲੋਚਨਾ ਦੀ ਭਾਸ਼ਾ ਵਿਚੋਂ ਲਿਆ ਸ਼ਬਦ ਹੈ, ਇਸ ਲਈ ਥੋੜਾ ਬੋਝਲ ਹੈ ਬੇਸ਼ੱਕ ਢੁਕਵਾਂ ਹੈ। ਬੈਕ ਕਵਰ ਉੱਪਰ ਸਿਰਫ ਵਿਦਵਾਨ ਦੀ ਰਾਏ ਤੋਂ ਉੱਪਰ ਸ਼ਾਇਰਾ ਦੀ ਤਸਵੀਰ ਥੋੜ੍ਹੀ ਹੋਰ ਵੱਡੀ ਜ਼ਿਆਦਾ ਜੱਚਣੀ ਸੀ। ਬਾਕੀ ਰਾਵਾਂ ਆਖ਼ਰੀ ਸਫ਼ੇ ਦਾ ਸ਼ਿੰਗਾਰ ਬਣ ਜਾਂਦੀਆਂ। ਇਹ ਸੁਝਾਅ ਸ਼ਾਇਦ ਇਸ ਖ਼ੂਬਸੂਰਤ ਪੁਸਤਕ ਦੇ ਅਗਲੇ ਐਡੀਸ਼ਨ ਮੌਕੇ ਲਾਭਦਾਇਕ ਸਾਬਤ ਹੋਣ। ਪੁਸਤਕ ਬਹੁਤ ਦਿਲਚਸਪ ਅਤੇ ਮਾਨਣਜੋਗ ਹੈ। ਨਵੀਂ ਦੁਨੀਆਂ ਪਬਲੀਕੇਸ਼ਨਜ਼ ਪਾਤੜਾਂ ਪਟਿਆਲਾ ਦੀ ਇਹ ਇਕ ਜ਼ਿਕਰਜੋਗ ਪ੍ਰਾਪਤੀ ਹੈ।

'ਨਵੀਂ ਦੁਨੀਆ' ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ
ਨਵੀਂ ਦੁਨੀਆ ਪ੍ਰਕਾਸ਼ਨ
ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ 'ਤੇ ਛਪਵਾਉਣ ਲਈ ਸੰਪਰਕ ਕਰਨ
ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com

Gurpreet Singh Sohal (B.E. Mech.)
Tel.: 780.935.2990
Driver Instructor
Professional Training
Class 4
Class 5 Basic
Class 5 Advance



Please Call
Lock Smith
If:
→ Your Car is Locked
→ Your Car Need Boost
Rental Car Available For Road Test (Dual Brake)

C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



BeLL
STUCCO & RENOVATION
Residential
Commertial
ਰੇਨੋਵੇਸਨ ਦੇ ਕੰਮ ਲਈ ਵਰਕਰ ਦੀ ਲੋੜ ਹੇ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਕੇਲਾ ਖਾਓ, ਸਿਹਤ ਬਣਾਓ



ਚੰਗੀ ਸਿਹਤ ਦੀ ਪਹਿਲੀ ਕੁੰਜੀ ਬਿਹਤਰ ਪੋਸ਼ਣ ਨੂੰ ਮੰਨਿਆ ਜਾਂਦਾ ਹੈ। ਸਾਡੇ ਭੋਜਨ ਵਿਚ ਜ਼ਰੂਰੀ ਤੱਤ ਪ੍ਰੋਟੀਨ, ਚਰਬੀ, ਕਾਰਬੋਹਾਈਡ੍ਰੇਟ ਦੇ ਨਾਲ-ਨਾਲ ਵਿਟਾਮਿਨ ਅਤੇ ਖਣਿਜ ਲਵਣਾਂ ਦੀ ਵੀ ਬੇਹੱਦ ਲੋੜ ਹੈ । ਇਹ ਸਾਰੀਆਂ ਵਸਤੂਆਂ ਫਲਾਂ ਵਿਚੋਂ ਮਿਲ ਜਾਂਦੀਆਂ ਹਨ । ਫਲਾਂ ਰਾਹੀਂ ਅਸੀਂ ਆਪਣੇ ਸਰੀਰ ਦੀ ਖਣਿਜ, ਲਵਣ ਅਤੇ ਵਿਟਾਮਿਨਾਂ ਦੀ ਰੋਜ਼ਾਨਾ ਲੋੜ ਦੀ ਪੂਰਤੀ ਅਸਾਨੀ ਨਾਲ ਕਰ ਸਕਦੇ ਹਾਂ । ਸਰੀਰ ਲਈ ਜ਼ਰੂਰੀ ਸਾਰੇ ਵਿਟਾਮਿਨ ਅਤੇ ਖਣਿਜ, ਲਵਣ ਕੇਲੇ ਤੋਂ ਪ੍ਰਾਪਤ ਹੁੰਦੇ ਹਨ। ਸੇਬ, ਅੰਗੂਰ, ਮੌਸੰਮੀ ਅਤੇ ਹੋਰ ਮਹਿੰਗੇ ਫਲਾਂ ਦੇ ਮੁਕਾਬਲੇ ਸਸਤਾ ਹੁੰਦੇ ਹੋਏ ਵੀ ਕੇਲਾ ਪੌਸ਼ਟਿਕਤਾ ਦੀ ਨਜ਼ਰ ਤੋਂ ਉਨ੍ਹਾਂ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਕੇਲਾ ਅਨੇਕਾਂ ਬਿਮਾਰੀਆਂ ਦੀ ਦਵਾਈ ਵੀ ਹੈ। ਦਿਲ ਦੇ ਮਰੀਜ਼ਾਂ ਲਈ ਇਹ ਕਾਫੀ ਲਾਭਦਾਇਕ ਹੈ, ਕਿਉਂਕਿ ਇਸ ਵਿਚ ਮੈਗਨੀਸ਼ੀਅਮ ਕਾਫੀ ਮਾਤਰਾ ਵਿਚ ਹੁੰਦਾ ਹੈ। ਅਲਸਰ ਦੇ ਰੋਗੀਆਂ ਲਈ ਵੀ ਕੇਲਾ ਰਾਮ ਬਾਣ ਹੈ । ਅਜਿਹੇ ਰੋਗੀਆਂ ਨੂੰ ਕੱਚਾ ਕੇਲਾ ਲਾਭ ਪਹੁੰਚਾਉਂਦਾ ਹੈ । ਦਹੀਂ ਅਤੇ ਚੀਨੀ ਦੇ ਨਾਲ ਪੱਕਿਆ ਹੋਇਆ ਕੇਲਾ ਖਾਣ ਨਾਲ ਪੇਟ ਦੀ ਜਲਨ ਮਿਟਦੀ ਹੈ, ਇਸ ਨਾਲ ਪੇਟ ਸਬੰਧੀ ਸਭ ਰੋਗ ਦੂਰ ਹੋ ਜਾਂਦੇ ਹਨ । ਜੀਭ ਦੇ ਛਾਲਿਆਂ ਲਈ ਵੀ ਕੇਲਾ ਬੇਹੱਦ ਲਾਭਦਾਇਕ ਹੈ । ਹਰ ਰੋਜ਼ ਸਵੇਰੇ ਦਹੀਂ ਦੇ ਨਾਲ ਕੇਲਾ ਖਾਣ ਨਾਲ ਛਾਲੇ ਮਿਟਦੇ ਹਨ । ਆਮ ਵਿਅਕਤੀ ਵੀ ਹਰ ਰੋਜ਼ ਕੇਲੇ ਦਾ ਸੇਵਨ ਕਰੇ ਤਾਂ ਕਈ ਰੋਗਾਂ ਤੋਂ ਬਚ ਸਕਦਾ ਹੈ । ਕੇਲਾ ਖੂਬ ਪੱਕਿਆ ਹੋਇਆ ਅਤੇ ਤੁਰੰਤ ਤੋੜਿਆ ਹੋਇਆ ਕਦੇ ਨਹੀਂ ਖਾਣਾ ਚਾਹੀਦਾ, ਕਿਉਂਕਿ ਇਹ ਹਾਨੀ ਪਹੁੰਚਾਉਂਦਾ ਹੈ ।




# ਕੁਦਰਤ ਦੀ ਦੇਣ ਸੁੱਕੇ ਮੇਵੇ

ਅੱਜ ਦਾ ਮਨੁੱਖ ਗ਼ੈਰ-ਕੁਦਰਤੀ ਜੀਵਨ ਸ਼ੈਲੀ ਕਾਰਨ ਅਨੇਕਾਂ ਜਾਨਲੇਵਾ ਬਿਮਾਰੀਆਂ ਵਿਚ ਘਿਰਦਾ ਜਾ ਰਿਹਾ ਹੈ। ਜੇ ਕੋਈ ਵੀ ਮਨੁੱਖ ਸੰਜਮ ਅਤੇ ਕੁਦਰਤੀ ਤਰੀਕੇ ਨਾਲ ਜੀਵਨ ਬਤੀਤ ਕਰੇ ਤਾਂ ਉਹ ਕਦੇ ਵੀ ਬਿਮਾਰ ਨਹੀਂ ਹੋ ਸਕਦਾ। ਬਨਸਪਤੀ ਵਿਚ ਮੌਜੂਦ ਫਲ, ਸਬਜ਼ੀਆਂ, ਅਨਾਜ ਅਤੇ ਸੁੱਕੇ ਮੇਵੇ ਰੋਗ ਨਿਰੋਧਕ ਤੱਤਾਂ ਨਾਲ ਭਰਪੂਰ ਹੁੰਦੇ ਹਨ। ਆਓ ਜਾਣੀਏ ਕਿ ਸੁੱਕੇ ਮੇਵਿਆਂ ਦਾ ਲਾਭ ਕਿਵੇਂ ਉਠਾਇਆ ਜਾ ਸਕਦਾ ਹੈ।



ਬਦਾਮ: ਇਹ ਕੁਦਰਤੀ ਤੌਰ 'ਤੇ ਗਰਮ ਅਤੇ ਪਚਣ ਵਿਚ ਭਾਰੀ ਹੁੰਦਾ ਹੈ। ਇਸ ਵਿਚ ਮੁੱਖ ਤੌਰ 'ਤੇ ਐਂਟੀ-ਆਕਸੀਡੈਂਟ, ਵਿਟਾਮਿਨ-ਈ ਅਤੇ ਪ੍ਰੋਟੀਨ ਜ਼ਿਆਦਾ ਹੁੰਦੇ ਹਨ। ਇਹ ਕਈ ਸਮੱਸਿਆਵਾਂ ਵਿਚ ਲਾਭਦਾਇਕ ਹੈ ਜਿਵੇਂ ਯਾਦਦਾਸ਼ਤ ਘੱਟ ਹੋਣਾ, ਦਿਲ ਦੇ ਰੋਗ, ਕਲੈਸਟਰੋਲ, ਵਾਲ ਝੜਨਾ, ਚਮੜੀ ਦੇ ਰੋਗ, ਕਬਜ਼, ਪੱਥਰੀ, ਲੁਕੋਰੀਆ, ਪਿੱਤੇ ਦੀ ਪੱਥਰੀ, ਪਿਸ਼ਾਬ ਦੀ ਜਲਣ ਅਤੇ ਰੁਕਾਵਟ, ਅੱਖਾਂ ਦੇ ਰੋਗ, ਦਿਮਾਗੀ ਕਮਜ਼ੋਰੀ, ਦੰਦਾਂ ਦੇ ਰੋਗ, ਸੋਕਾ ਰੋਗ, ਕਮਰ ਦਰਦ, ਜਿਗਰ ਦੀ ਸੋਜ, ਭਾਰ ਘੱਟ ਹੋਣਾ, ਮੋਟਾਪਾ, ਪਾਰਕਿਨਸਨ, ਸਿਰਦਰਦ ਅਤੇ ਚਿਹਰੇ 'ਤੇ ਝੁਰੜੀਆਂ।

ਕਾਜੂ : ਕਾਜੂ ਦੀ ਪ੍ਰਕਿਰਤੀ ਗਰਮ ਅਤੇ ਤਰ ਹੁੰਦੀ ਹੈ। ਇਸ ਵਿਚ ਪ੍ਰੋਟੀਨ ਬਹੁਤ ਜ਼ਿਆਦਾ ਮਾਤਰਾ ਵਿਚ ਹੁੰਦਾ ਹੈ। ਇਸ ਦਾ ਆਕਾਰ ਮਨੁੱਖ ਦੇ ਗੁਰਦੇ ਵਰਗਾ ਹੁੰਦਾ ਹੈ। ਇਹ ਗੁਰਦੇ ਨੂੰ ਤਾਕਤ ਦਿੰਦਾ ਹੈ। ਕਾਜੂ ਕਈ ਰੋਗਾਂ ਵਿਚ ਫ਼ਾਇਦੇਮੰਦ ਹੈ, ਜਿਵੇਂ ਅਨੀਮੀਆ, ਭੁੱਖ ਘੱਟ ਲੱਗਣਾ, ਦਿਮਾਗੀ ਕਮਜ਼ੋਰੀ, ਯੂਰਿਕ ਐਸਿਡ, ਜੋੜਾਂ ਦਾ ਦਰਦ, ਸਫੈਦ ਦਾਗ਼, ਕਬਜ਼, ਹਾਈ ਬਲੱਡ ਪ੍ਰੈਸ਼ਰ, ਬੱਚੇਦਾਨੀ ਦੀ ਸੋਜ ਅਤੇ ਸਮੇਂ ਤੋਂ ਪਹਿਲਾਂ ਬੁਢਾਪਾ।



ਅਖਰੋਟ: ਇਸ ਦੀ ਪ੍ਰਕਿਰਤੀ ਗਰਮ ਹੁੰਦੀ ਹੈ। ਇਹ ਰੁੱਖਾਪਣ ਦੂਰ ਕਰ ਕੇ ਕੋਮਲਤਾ ਲਿਆਉਂਦਾ ਹੈ। ਇਸ ਵਿਚ ਓਮੇਗਾ- 3 ਅਤੇ ਫੈਟੀ ਐਸਿਡ ਕਾਫ਼ੀ ਮਾਤਰਾ ਵਿਚ ਹੁੰਦੇ ਹਨ। ਇਹ ਸਾਰੇ ਜ਼ਰੂਰੀ ਖਣਿਜਾਂ ਨਾਲ ਭਰਪੂਰ ਹੁੰਦਾ ਹੈ। ਅਖਰੋਟ ਕਈ ਰੋਗਾਂ ਵਿਚ ਗੁਣਕਾਰੀ ਹੈ, ਜਿਵੇਂ ਕਬਜ਼, ਅਫ਼ੀਮ ਦੇ ਬੁਰੇ ਪ੍ਰਭਾਵ, ਦਿਲ ਦੇ ਰੋਗ, ਟੀ.ਬੀ., ਪੇਟ ਦੇ ਕੀੜੇ, ਹਾਈ ਬਲੱਡ ਪ੍ਰੈਸ਼ਰ, ਖ਼ੂਨ ਦੇ ਦੋਸ਼, ਗੋਡਿਆਂ ਦਾ ਦਰਦ, ਗਠੀਆ, ਸਰੀਰਕ ਦਰਦ, ਕਮਰ ਦਰਦ, ਦਿਮਾਗੀ ਕਮਜ਼ੋਰੀ, ਯਾਦਦਾਸ਼ਤ, ਦਾਦ, ਫੋੜੇ-ਫਿੰਸੀਆਂ, ਖਾਂਸੀ, ਪੱਥਰੀ, ਬਿਸਤਰ 'ਤੇ ਪਿਸ਼ਾਬ ਕਰਨਾ ਆਦਿ। ਅਖਰੋਟ ਦਾ ਇਸਤੇਮਾਲ ਸੋਚ-ਸਮਝ ਕੇ ਆਪਣੇ ਸਰੀਰ ਦੀ ਤਾਸੀਰ ਅਨੁਸਾਰ ਹੀ ਕਰਨਾ ਚਾਹੀਦਾ ਹੈ।

ਅੰਜੀਰ: ਇਸ ਦੇ ਜ਼ਿਆਦਾ ਸੇਵਨ ਨਾਲ ਜੋੜਾਂ ਵਿਚ ਦਰਦ ਹੋ ਸਕਦਾ ਹੈ। ਇਸ ਦੀ ਤਾਸੀਰ ਬਿਲਕੁਲ ਠੰਢੀ ਪਰ ਕਿਰਿਆ ਗਰਮ ਹੁੰਦੀ ਹੈ। ਅੰਜੀਰ ਸਰੀਰ ਵਿਚ ਖ਼ੂਨ ਨੂੰ ਪਤਲਾ ਕਰਦੀ ਹੈ। ਇਸ ਤੋਂ ਇਲਾਵਾ ਕਲੈਸਟਰੋਲ, ਕਬਜ਼, ਪਿੱਤੇ ਦੀ ਪੱਥਰੀ, ਜਿਗਰ ਅਤੇ ਤਿੱਲੀ ਦਾ ਵਧਣਾ, ਗਠੀਆ, ਕੈਂਸਰ, ਖਾਂਸੀ, ਸ਼ੂਗਰ, ਅੱਖਾਂ ਦੀ ਖੁਸ਼ਕੀ, ਫੋੜੇ, ਗੰਢਾਂ, ਗਲੇ ਦਾ ਦਰਦ, ਜ਼ੁਕਾਮ, ਫੇਫੜੇ ਦੇ ਰੋਗ, ਦਮਾ, ਪੇਟ ਦੇ ਰੋਗ, ਅਮਲਪਿੱਤ, ਗਰਮੀ ਦੇ ਪ੍ਰਭਾਵ, ਖ਼ੂਨ ਦੀ ਖ਼ਰਾਬੀ, ਖ਼ੂਨ ਦੀ ਕਮੀ, ਮੁਹਾਂਸੇ, ਬਵਾਸੀਰ ਆਦਿ ਰੋਗਾਂ ਵਿਚ ਲਾਭਦਾਇਕ ਹੈ।

ਖਜੂਰ: ਇਸ ਦੀ ਤਾਸੀਰ ਵੀ ਤਰ ਅਤੇ ਗਰਮ ਹੁੰਦੀ ਹੈ। ਇਸ ਵਿਚ ਕੁਦਰਤੀ ਸ਼ੱਕਰ ਵੱਧ ਮਾਤਰਾ ਵਿਚ ਹੁੰਦੀ ਹੈ ਜੋ ਆਸਾਨੀ ਨਾਲ ਪਚ ਜਾਂਦੀ ਹੈ ਅਤੇ ਮੋਟਾਪਾ ਨਹੀਂ ਵਧਾਉਂਦੀ। ਦੁੱਧ ਨਾਲ ਖਜੂਰ ਦਾ ਸੇਵਨ ਸੰਤੁਲਤ ਆਹਾਰ ਹੈ। ਇਸ ਦਾ ਸੇਵਨ ਸਰਦੀ ਦੇ ਮੌਸਮ ਵਿਚ ਹੀ ਕਰਨਾ ਚਾਹੀਦਾ ਹੈ। ਖਜੂਰ ਤੋਂ ਠੀਕ ਹੋਣ ਵਾਲੇ ਰੋਗ ਹਨ ਜ਼ੁਕਾਮ, ਸਰਦੀ ਤੋਂ ਬਚਾਅ, ਥਕਾਵਟ, ਬੁਖ਼ਾਰ ਤੋਂ ਬਾਅਦ ਦੀ ਕਮਜ਼ੋਰੀ, ਗੋਡਿਆਂ ਦਾ ਦਰਦ, ਹਿਚਕੀ, ਖਾਂਸੀ, ਪੱਥਰੀ, ਕਬਜ਼, ਭੁੱਖ ਨਾ ਲੱਗਣਾ, ਕਲੈਸਟਰੋਲ ਅਤੇ ਪੇਟ ਦਾ ਕੈਂਸਰ।



ਛੁਹਾਰਾ: ਖਜੂਰ ਨੂੰ ਸੁਕਾਉਣ 'ਤੇ ਛੁਹਾਰਾ ਬਣਦਾ ਹੈ। ਇਸ ਨੂੰ ਖਾਰਕ ਵੀ ਕਹਿੰਦੇ ਹਨ। ਇਸ ਦੇ ਗੁਣ ਅਤੇ ਉਪਯੋਗ ਲਗਪਗ ਖਜੂਰ ਵਾਲੇ ਹੀ ਹਨ। ਇਹ ਖ਼ੂਨ ਬਣਾਉਂਦਾ ਹੈ। ਇਸ ਤੋਂ ਇਲਾਵਾ ਛੁਹਾਰੇ ਦੀ ਗੁਠਲੀ ਦਾ ਵੀ ਕਈ ਰੋਗਾਂ ਵਿਚ ਇਸਤੇਮਾਲ ਹੁੰਦਾ ਹੈ। ਛੁਹਾਰਾ ਹੋਰ ਕਈ ਰੋਗਾਂ ਵਿਚ ਲਾਭਦਾਇਕ ਹੈ ਜਿਵੇਂ ਕਬਜ਼, ਕਮਰ ਦਰਦ, ਦਸਤ, ਸਰਦੀ, ਖਾਂਸੀ, ਸਾਫ਼ ਆਵਾਜ਼, ਬਿਸਤਰ ਵਿਚ ਪਿਸ਼ਾਬ ਕਰਨਾ, ਸਾਹ ਦੇ ਰੋਗ, ਪੱਥਰੀ, ਫੋੜੇ, ਫਿੰਸੀ, ਨੱਕ ਵਿਚ ਫਿੰਸੀਆਂ ਆਦਿ। ਛੁਹਾਰੇ ਵਿਚ ਕੈਲਸ਼ੀਅਮ ਵੀ ਭਰਪੂਰ ਮਾਤਰਾ ਵਿਚ ਹੁੰਦਾ ਹੈ। ਇਸ ਲਈ ਇਸ ਦੇ ਇਸਤੇਮਾਲ ਨਾਲ ਹੱਡੀਆਂ ਦੇ ਰੋਗਾਂ ਤੋਂ ਬਚਿਆ ਜਾ ਸਕਦਾ ਹੈ।

ਕੇਸਰ: ਇਹ ਗਰਮ ਅਤੇ ਖੁਸ਼ਕ ਹੁੰਦਾ ਹੈ। ਇਸ ਦਾ ਇਸਤੇਮਾਲ ਵੀ ਸਰਦੀ ਵਿਚ ਹੀ ਕਰਨਾ ਚਾਹੀਦਾ ਹੈ। ਦੁੱਧ ਵਿਚ ਘੋਲ ਕੇ ਪੀਣ ਨਾਲ ਇਹ ਜ਼ਿਆਦਾ ਫ਼ਾਇਦਾ ਕਰਦਾ ਹੈ। ਕੇਸਰ ਆਪਣੀ ਸੁਗੰਧ ਅਤੇ ਸੁਆਦ ਲਈ ਪ੍ਰਸਿੱਧ ਹੈ। ਇਸ ਲਈ ਇਸ ਦਾ ਇਸਤੇਮਾਲ ਕਈ ਤਰ੍ਹਾਂ ਦੀਆਂ ਦਵਾਈਆਂ ਅਤੇ ਪਕਵਾਨਾਂ ਵਿਚ ਕੀਤਾ ਜਾਂਦਾ ਹੈ। ਕੇਸਰ ਵੀ ਕਈ ਰੋਗਾਂ ਵਿਚ ਗੁਣਕਾਰੀ ਹੈ ਜਿਵੇਂ ਪੇਟ ਦਰਦ, ਪੱਥਰੀ, ਸਿਰਦਰਦ, ਮਾਈਗਰੇਨ, ਆਮ ਕਮਜ਼ੋਰੀ, ਦਿਲ ਦੀ ਕਮਜ਼ੋਰੀ, ਉਲਟੀਆਂ, ਪਾਚਣ ਸ਼ਕਤੀ ਦੀ ਕਮਜ਼ੋਰੀ, ਪੇਟ ਦੇ ਰੋਗ, ਤਣਾਅ, ਡਿਪਰੈਸ਼ਨ, ਜ਼ੁਕਾਮ ਅਤੇ ਖਾਂਸੀ।



ਮੂੰਗਫਲੀ: ਇਸ ਦੀ ਤਾਸੀਰ ਗਰਮ ਹੁੰਦੀ ਹੈ। ਇਹ ਵੀ ਸਰਦੀ ਦੇ ਮੌਸਮ ਦਾ ਮੇਵਾ ਹੈ। ਸਰਦੀ ਵਿਚ 75 ਗ੍ਰਾਮ ਅਤੇ ਗਰਮੀ ਵਿਚ 25 ਗ੍ਰਾਮ ਤੋਂ ਜ਼ਿਆਦਾ ਨਹੀਂ ਲੈਣੀ ਚਾਹੀਦੀ। ਮੂੰਗਫਲੀ ਵਿਚ ਵਧੀਆ ਕਿਸਮ ਦਾ ਪ੍ਰੋਟੀਨ ਕਾਫ਼ੀ ਮਾਤਰਾ ਵਿਚ ਹੁੰਦਾ ਹੈ। ਇਹ ਪੌਸ਼ਟਿਕ ਅਤੇ ਸ਼ਕਤੀ ਵਰਧਕ ਹੁੰਦੀ ਹੈ। ਇਸ ਦੇ ਗੁਣ ਕਾਜੂ ਅਤੇ ਬਦਾਮ ਦੇ ਬਰਾਬਰ ਹੀ ਹੁੰਦੇ ਹਨ। ਇਹ ਕਈ ਰੋਗਾਂ ਵਿਚ ਲਾਭਦਾਇਕ ਹੈ ਜਿਵੇਂ ਕਿ ਪਿਸ਼ਾਬ ਦੀ ਰੁਕਾਵਟ, ਦਿਲ ਦੀ ਕਮਜ਼ੋਰੀ, ਜੋੜਾਂ ਦਾ ਦਰਦ, ਕਬਜ਼, ਚਮੜੀ ਦੀ ਖੁਸ਼ਕੀ, ਖ਼ੂਨ ਵਿਚ ਪਿਸ਼ਾਬ ਆਉਣਾ ਆਦਿ। ਮੂੰਗਫਲੀ ਦਾ ਦੁੱਧ ਅਤੇ ਦਹੀਂ ਤਿਆਰ ਕਰ ਕੇ ਵੀ ਇਸ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ।

ਤਿਲ: ਤਿਲ ਤਿੰਨ ਪ੍ਰਕਾਰ ਦੇ ਹੁੰਦੇ ਹਨ; ਕਾਲੇ, ਸਫੈਦ ਅਤੇ ਲਾਲ। ਗੁਣਵੱਤਾ ਦੀ ਦ੍ਰਿਸ਼ਟੀ ਨਾਲ

ਸਕੇਟਿੰਗ ਵਰਲਡ ਕੱਪ

# ਲੌਂਗ ਟਰੈਕ ਸਪੀਡ ਸਕੇਟਿੰਗ 'ਚ ਕਨੇਡਾ ਨੇ ਦੋ ਤਾਂਬੇ ਦੇ ਤਮਗ਼ੇ ਜਿੱਤੇ

ਵਿਨੀਪੈਗ– ਜਾਪਾਨ ਵਿੱਚ ਹੋ ਰਹੇ ਸਕੇਟਿੰਗ ਵਰਲਡ ਕੱਪ ਵਿੱਚ 500 ਮੀਟਰ ਮਰਦ ਵਰਗ 'ਚ ਲੌਂਗ ਟਰੈਕ ਸਪੀਡ ਸਕੇਟਰ ਲੂਰੇਂਟ ਡੈਬਰੁਈਲ ਨੇ ਤਾਂਬੇ ਦਾ ਤਮਗ਼ਾ ਜਿੱਤਿਆ ਹੈ। ਦੱਸਣਯੋਗ ਹੈ ਕਿ ਵਿਸ਼ਵ ਕੱਪ ਵਿੱਚ ਇਹ ਉਸਦੇ ਖੇਡ ਕਰੀਅਰ ਦਾ ਪਹਿਲਾ ਮੈਡਲ ਹੈ। ਇਸ ਤੋਂ ਇਲਾਵਾ ਮਹਿਲਾ ਵਰਗ ਵਿੱਚ ਕਨੇਡਾ ਦੀ ਇਵਾਨੀ ਬਲੌਂਡੀਨ ਨੇ ਵੀ ਤਾਂਬੇ ਦਾ ਤਮਗ਼ਾ ਜਿੱਤਿਆ ਹੈ। ਡੈਬਰੁਈਲ ਨੇ ਆਪਣੀ ਪਾਰੀ 35.35 ਸਕਿੰਟਾਂ ਵਿੱਚ ਪੂਰੀ ਕੀਤੀ। ਦੱਸਣਯੋਗ ਹੈ ਕਿ ਇਸ ਪ੍ਰਤੀਯੋਗਤਾ ਵਿੱਚ ਰੂਸ ਦੇ ਖਿਡਾਰੀ ਪਾਵੇਲ ਕੁਲਤਜੀਨੀਕੋਵ ਨੇ 35.18 ਸਕਿੰਟਾਂ ਵਿੱਚ ਆਪਣੀ ਪਾਰੀ ਨੂੰ ਖਤਮ ਕਰਕੇ ਸੋਨੇ ਦਾ ਤਮਗ਼ਾ ਫੁੰਡਿਆ ਹੈ। ਦੂਜੇ ਸਥਾਨ 'ਤੇ ਦੱਖਣੀ ਕੋਰੀਆ ਦਾ ਖਿਡਾਰੀ ਰਿਹਾ ਹੈ ਜਿਸਨੇ ਆਪਣੀ ਪਾਰੀ 35.32 ਸਕਿੰਟਾਂ ਵਿੱਚ ਪੂਰੀ ਕੀਤੀ ਹੈ।

ਆਪਣੀ ਦੌੜ ਬਾਰੇ ਗੱਲ ਕਰਦਿਆਂ ਡੈਬਰੁਈਲ ਨੇ ਕਿਹਾ ਕਿ ਮੈਂ ਦੌੜ ਵੇਲੇ ਬਹੁਤ ਵਧੀਆ ਮਹਿਸੂਸ ਕਰ ਰਿਹਾ ਸੀ ਕਿਉਂਕਿ ਮੈਨੂੰ ਪਤਾ ਸੀ ਕਿ ਮੈਂ ਜਿੱਤ ਵੱਲ ਵਧ ਰਿਹਾ ਹਾਂ ਪਰ ਫਿਰ ਵੀ ਮੈਂ ਕੁੱਝ ਕਾਰਣਾਂ ਕਰਕੇ ਪਹਿਲੇ ਜਾਂ ਦੂਸਰੇ ਸਥਾਨ 'ਤੇ ਨਹੀਂ ਆ ਸਕਿਆ। ਇਸਦੇ ਬਾਵਜੂਦ ਮੈਨੂੰ ਕੋਈ ਅਫ਼ਸੋਸ ਨਹੀਂ ਹੈ। ਮੈਂ ਇਸ ਗੱਲੋਂ ਸੰਤੁਸ਼ਟ ਹਾਂ ਕਿ ਤੀਸਰਾ ਸਥਾਨ ਹਾਸਲ ਕੀਤਾ ਹੈ ਤੇ ਤਾਂਬੇ ਦਾ ਮੈਡਲ ਜਿੱਤਿਆ ਹੈ। ਜ਼ਿਕਰਯੋਗ ਹੈ ਕਿ ਡੈਬਰੁਈਲ ਨੇ 2012 ਵਿੱਚ 500 ਮੀਟਰ ਮਰਦ ਵਰਗ ਵਿੱਚ ਜੂਨੀਅਰ ਟਾਈਟਲ ਵੀ ਜਿੱਤਿਆ ਸੀ।

ਦੂਜੇ ਪਾਸੇ ਮਹਿਲਾ ਵਰਗ ਵਿੱਚ ਤਮਗ਼ਾ ਹਾਸਿਲ ਕਰਨ ਵਾਲੀ 24 ਸਾਲਾ ਇਵਾਨੀ ਬਲੌਂਡੀਨ ਨੇ ਆਪਣੀ ਦੌੜ 7.45.6 ਸਕਿੰਟਾਂ ਵਿੱਚ ਪੂਰੀ ਕੀਤੀ। ਉਸਨੇ ਆਪਣੀ ਦੌੜ ਦੀ ਸ਼ੁਰੂਆਤ ਬਹੁਤ ਹੀ ਸ਼ਾਨਦਾਰ ਕੀਤੀ ਪਰ ਉਹ ਆਪਣੀ ਪੂਰੀ ਪਾਰੀ ਵਿੱਚ ਲਗਾਤਾਰਤਾ ਕਾਇਮ ਰੱਖਣ ਵਿੱਚ ਨਾਕਾਮਯਾਬ ਰਹੀ, ਜਿਸ ਕਾਰਣ ਉਸਨੂੰ ਤੀਸਰੇ ਸਥਾਨ 'ਤੇ ਸਬਰ ਕਰਨਾ ਪਿਆ ਹੈ। ਦੱਸਣਯੋਗ ਹੈ ਕਿ ਇਸ ਪ੍ਰਤੀਯੋਗਤਾ ਵਿੱਚ ਚੈਕ ਗਣਰਾਜ ਦੀ ਖਿਡਾਰਨ ਨੇ ਪਹਿਲਾ ਸਥਾਨ ਹਾਸਿਲ ਕੀਤਾ ਹੈ, ਜਦੋਂਕਿ ਨੀਂਦਰਲੈਂਡ ਦੀ ਖਿਡਾਰਨ ਨੇ ਇਵਾਨੀ ਬਲੌਂਡੀਨ ਤੋਂ ਇੱਕ ਮਿਲੀ ਸੈਕਿੰਡ ਪਹਿਲਾਂ ਆਪਣੀ ਦੌੜ ਪੂਰੀ ਕਰਕੇ ਦੂਜਾ ਸਥਾਨ ਹਾਸਿਲ ਕੀਤਾ ਹੈ। ਇਵਾਨੀ ਬਲੌਂਡੀਨ ਨੇ ਇਸ 'ਤੇ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ ਕਿ ਮੇਰੀ ਪਲੇਸਿੰਗ ਕਾਰਣ ਹੀ ਮੈਂ ਦੂਜੇ ਸਥਾਨ ਤੋਂ ਫਿਸਲੀ ਹਾਂ ਪਰ ਮੈਂ ਇਸ ਗੱਲੋਂ ਖੁਸ਼ ਹਾਂ ਕਿ ਮੈਂ ਤਾਂਬੇ ਦਾ ਮੈਡਲ ਜਿੱਤਿਆ ਹੈ। ਜ਼ਿਕਰਯੋਗ ਹੈ ਕਿ ਨਿੱਜੀ ਤੌਰ 'ਤੇ ਵਰਲਡ ਕੱਪ ਵਿੱਚ ਇਹ ਉਸਦਾ ਛੇਵਾਂ ਮੈਡਲ ਹੈ।

# ਕੈਥੀ ਕੂਲੇਨ ਨੇ ਰੌਕ 'ਐਨ' ਰੋਲ ਲਾਸ ਵੇਗਾਸ ਮੈਰਾਥਨ ਦਾ ਟਾਈਟਲ ਜਿੱਤਿਆ




ਵਿਨੀਪੈਗ– ਲਾਸ ਵੇਗਾਸ ਜਾਣ ਵਾਲੇ ਹਰ ਵਿਅਕਤੀ ਦਾ ਖ਼ਾਬ ਹੁੰਦਾ ਹੈ ਕਿ ਉਹ ਜਿੱਤ ਕੇ ਆਪਣੇ ਦੇਸ਼ ਪਰਤੇ। ਅਜਿਹਾ ਹੀ ਵਿਨੀਪੈਗ ਦੀ ਖਿਡਾਰਨ ਕੈਥੀ ਕੁਲੇਨ ਨੇ ਕਰ ਦਿਖਾਇਆ ਹੈ। 34 ਸਾਲਾ ਸਰੀਰਕ ਸਿੱਖਿਆ ਦੀ ਅਧਿਆਪਕਾ ਨੇ ਮਹਿਲਾ ਵਰਗ ਵਿੱਚ ਰੌਕ 'ਐਨ' ਰੋਲ ਲਾਸ ਵੇਗਾਸ ਮੈਰਾਥਨ ਦਾ ਟਾਈਟਲ ਜਿੱਤ ਲਿਆ ਹੈ। ਦੱਸਣਯੋਗ ਹੈ ਕਿ ਇਸ ਖਿਡਾਰਨ ਦਾ ਜੇਤੂ ਸਮਾਂ 2:56:48: ਰਿਹਾ ਹੈ। ਕੁਲੇਨ ਨੇ ਆਪਣੀ ਜਿੱਤ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਉਸ ਲਈ ਦੌੜ ਦੇ ਦੂਸਰੇ ਪੜਾਅ ਵਿੱਚ ਖੇਡ ਹੋਰ ਵੀ ਰੁਮਾਂਚਿਕ ਹੋ ਗਈ ਸੀ। ਮੈਂ ਜਾਣ ਗਈ ਸੀ ਕਿ ਮੈਂ ਸਭ ਤੋਂ ਅੱਗੇ ਹਾਂ, ਸੋ ਉਸ ਵਕਤ ਮੇਰਾ ਹੌਂਸਲਾ ਕਾਫ਼ੀ ਵਧਿਆ ਹੋਇਆ ਸੀ। ਕੁਲੇਨ ਨੇ ਇਸ ਸਾਲ ਦੇ ਸ਼ੁਰੂ ਵਿੱਚ ਮੈਨੀਟੋਬਾ ਦੀ ਹਾਫ਼ ਮੈਰਾਥਨ ਵੀ ਜਿੱਤੀ ਸੀ, ਹਾਲਾਂਕਿ ਇਸ ਤੋਂ ਛੇ ਮਹੀਨਿਆਂ ਬਾਅਦ ਹੀ ਉਸਨੇ ਬੱਚੇ ਨੂੰ ਜਨਮ ਦਿੱਤਾ ਸੀ। ਦੱਸਣਯੋਗ ਹੈ ਕਿ ਕੁਲੇਨ ਨਾ ਸਿਰਫ਼ ਮੈਨੀਟੋਬਾ ਮੈਰਾਥਨ ਚੈਂਪੀਅਨ ਰਹੀ ਹੈ ਸਗੋਂ ਮੈਨੀਟੋਬਾ ਯੂਨੀਵਰਸਿਟੀ ਦੀ ਟਰੈਕ ਸਟਾਰ ਵੀ ਰਹੀ ਹੈ। ਇਹ ਦੋਵੇਂ ਜਿੱਤਾਂ ਜਿੱਤਣ ਵੇਲੇ ਵੀ ਉਹ ਗਰਭਵਤੀ ਸੀ। ਇਹਨਾਂ ਦੋਵੇਂ ਜਿੱਤਾਂ ਬਾਰੇ ਉਸਦਾ ਕਹਿਣਾ ਹੈ ਕਿ ਗਰਭਵਤੀ ਹੋਣ ਕਾਰਣ ਅੰਤ ਵੇਲੇ ਉਸਦੀ ਰਫ਼ਤਾਰ ਕਾਫ਼ੀ ਧੀਮੀ ਹੋ ਗਈ ਸੀ।

ਕੁਲੇਨ ਮੰਨਣਾ ਹੈ ਕਿ ਉਹ ਆਪਣੇ ਡਾਕਟਰ ਦੀ ਸਹਾਇਤਾ ਨਾਲ ਜਿੰ ਵਿੱਚ ਬਹੁਤ ਜ਼ਿਆਦਾ ਦੌੜੀ ਹੈ। ਉਸਦਾ ਕਹਿਣਾ ਹੈ ਕਿ ਜਿੱਤ ਲਈ ਜਰੂਰੀ ਹੈ ਕਿ ਤੁਸੀਂ ਸਰੀਰ ਦੀ ਸੰਵੇਦਨਸ਼ੀਲਤਾ ਨੂੰ ਮਹਿਸੂਸ ਕਰੋ, ਸਰੀਰ ਨਾਲ ਜ਼ਬਰਦਸਤੀ ਨਾ ਕਰੋ। ਜਦੋਂ ਤੁਸੀਂ ਦਰਦ ਮਹਿਸੂਸ ਕਰਦੇ ਹੋ ਤਾਂ ਤੁਹਾਨੂੰ ਸਰੀਰ ਵੱਲ ਧਿਆਨ ਦੇਣਾ ਚਾਹੀਦਾ ਹੈ। ਉਸਦਾ ਕਹਿਣਾ ਹੈ ਕਿ ਮੇਰੇ ਲਈ ਗਰਭਵਤੀ ਹਾਲਤ ਵਿੱਚ ਦੌੜਣਾ ਜਾਂ ਮਾਂ ਹੋਣ ਦੇ ਬਾਵਜੂਦ ਦੌੜਣਾ ਇੱਕ ਆਮ ਗੱਲ ਹੈ, ਭਾਵੇਂ ਮੇਰੇ ਲਈ ਗਰਭਵਤੀ ਹਾਲਤ ਵਿੱਚ ਦੌੜਣਾ ਬਹੁਤ ਮੁਸ਼ਕਿਲ ਹੁੰਦਾ ਹੈ। ਕੁਲੇਨ ਜਿੱਤ ਦਾ ਸਿਹਰਾ ਉਸਦੇ ਪਿੱਛੇ ਕੰਮ ਕਰਦੀ ਪੂਰੀ ਟੀਮ ਨੂੰ ਦਿੰਦੀ ਹੈ, ਖ਼ਾਸ ਕਰਕੇ ਆਪਣੇ ਪਤੀ ਨੂੰ ਜਿਸਦੀ ਸਹਾਇਤਾ ਸਦਕਾ ਉਹ ਇਹ ਸਭ ਕੁੱਝ ਕਰ ਸਕੀ ਹੈ।

# ਲਾਰਡ ਸੈਲਕ੍ਰਿਕ ਰੌਇਲਜ਼ ਨੇ ਬਾਜ਼ੀ ਮਾਰੀ




ਵਿਨੀਪੈਗ– ਪਿਛਲੇ ਦਿਨੀਂ ਹਾਈ ਸਕੂਲ ਦੀਆਂ ਵਿਦਿਆਰਥਣਾਂ ਵਿਚਕਾਰ ਵਾਲੀਵਾਲ ਚੈਂਪੀਅਨਸ਼ਿਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਲਾਰਡ ਸੈਲਕ੍ਰਿਕ ਰੌਇਲਜ਼ ਅਤੇ ਐਮਬੀਸੀਆਈ ਹਾਕਸ ਵਿਚਕਾਰ ਖੇਡਿਆ ਗਿਆ ਮੈਚ ਬਹੁਤ ਹੀ ਦਿਲਚਪ ਰਿਹਾ। ਇਸ ਮੈਚ ਵਿੱਚ ਲਾਰਡ ਸੈਲਕ੍ਰਿਕ ਰੌਇਲਜ਼ ਦੀਆਂ ਕੁੜੀਆਂ ਨੇ ਸਖ਼ਤ ਮੁਕਾਬਲੇ ਵਿੱਚ ਐਮਬੀਸੀਆਈ ਹਾਕਸ ਦੀ ਚੈਂਪੀਅਨ ਟੀਮ ਨੂੰ ਮਾਤ ਦਿੱਤੀ। ਇਹ ਅਜਿਹਾ ਮੈਚ ਸੀ ਜੋ ਪੂਰੀ ਚੈਂਪੀਅਨਸ਼ਿਪ ਦੌਰਾਨ ਸਭ ਤੋਂ ਵੱਧ ਦਿਲਚਪਸ ਰਿਹਾ ਤੇ ਇਸ ਮੈਚ ਦੀ ਸਭ ਤੋਂ ਜ਼ਿਆਦਾ ਚਰਚਾ ਹੋਈ। ਚਾਰ ਸੈਟਾਂ ਦੇ ਇਸ ਮੈਚ ਵਿੱਚ ਰੌਇਲਜ਼ ਅਤੇ ਹਾਕਸ ਦੇ ਕ੍ਰਮਵਾਰ ਸਕੋਰ 25–21, 25–19, 21–25, 25–22 ਰਹੇ। 2007 ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਸੈਲਕ੍ਰਿਕ ਨੇ ਚੈਂਪੀਅਨਸ਼ਿਪ 'ਤੇ ਮੁੜ ਕਬਜ਼ਾ ਕੀਤਾ ਹੈ। ਇਸ ਸੀਜ਼ਨ ਵਿੱਚ ਇਹ ਪੰਜਵੀਂ ਵਾਰ ਹੈ ਜਦੋਂ ਇਹਨਾਂ ਦੋ ਮਜ਼ਬੂਤ ਟੀਮਾਂ ਨੂੰ ਇੱਕ–ਦੂਸਰੇ ਦੇ ਸਾਹਮਣੇ ਹੋਣਾ ਪਿਆ ਹੈ। ਦੱਸਣਯੋਗ ਹੈ ਕਿ ਹਾਕਸ ਵੱਲੋਂ ਇਹਨਾਂ ਵਿੱਚੋਂ ਚਾਰ ਮੈਚ ਜਿੱਤੇ ਗਏ ਹਨ।

ਜਿੱਤ 'ਤੇ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਸੈਲਕ੍ਰਿਕ ਟੀਮ ਦੀ ਕੋਚ ਕੇਲ ਮਾਈਲਸਕੀ ਨੇ ਕਿਹਾ ਕਿ ਅਸੀਂ ਜਿੱਤ ਲਈ ਉਤਾਵਲੇ ਸੀ ਸੋ ਆਪਣੇ ਸਿਰੜ ਤੇ ਮਿਹਨਤ ਸਦਕਾ ਅਸੀਂ ਇਸਨੂੰ ਹਾਸਿਲ ਕਰ ਲਿਆ ਹੈ।

ਮੈਚ ਬਾਰੇ ਗੱਲ ਕਰੀਏ ਤਾਂ ਰੌਇਲਜ਼ ਟੀਮ ਦੀਆਂ ਖਿਡਾਰਨਾਂ ਨੇ ਮੈਚ ਦੇ ਪਹਿਲੇ ਸੈਟ ਵਿੱਚ ਆਪਣਾ ਵਧੀਆ ਤਾਲਮੇਲ ਸਥਾਪਿਤ ਕਰ ਲਿਆ ਸੀ ਤੇ ਵਿਰੋਧੀ ਟੀਮ 'ਤੇ ਇਸ ਗੱਲ ਲਈ ਦਬਾਅ ਬਣਾ ਦਿੱਤਾ ਸੀ ਕਿ ਅਸੀਂ ਹਰ ਹਾਲ ਵਿੱਚ ਜਿੱਤ ਹਾਸਿਲ ਕਰਨੀ ਹੈ। ਮੈਚ ਦੌਰਾਨ ਰੌਇਲਜ਼ ਟੀਮ ਦੀਆਂ ਸਾਰੀਆਂ ਹੀ ਖਿਡਾਰਨਾਂ ਦਾ ਪ੍ਰਦਰਸ਼ਨ ਬਹੁਤ ਵਧੀਆ ਰਿਹਾ। ਦੂਜੇ ਪਾਸੇ ਹਾਕਸ ਨੇ ਵੀ ਜਿੱਤ ਲਈ ਬਹੁਤ ਕੋਸ਼ਿਸ਼ ਕੀਤੀ। ਭਾਵੇਂ ਹਮੇਸ਼ਾ ਵਾਂਗ ਹਾਕਸ ਦੀਆਂ ਖਿਡਾਰਨਾਂ ਨੇ ਬਹੁਤ ਉਮਦਾ ਪ੍ਰਦਰਸ਼ਨ ਕੀਤਾ ਪਰ ਉਹ ਸਭ ਕੋਸ਼ਿਸ਼ਾਂ ਦੇ ਬਾਵਜੂਦ ਮੈਚ ਜਿੱਤ ਨਹੀਂ ਸਕੀਆਂ।

# ਵਿਸ਼ਵ ਕਬੱਡੀ ਕੱਪ ਨੂੰ ਖੇਡ ਮੰਤਰਾਲੇ ਦੀ ਮਾਨਤਾ ਨਹੀਂ

ਬਠਿੰਡਾ (ਨਦਬ) ਕੇਂਦਰ ਸਰਕਾਰ ਨੇ ਪੰਜਵੇਂ ਵਿਸ਼ਵ ਕਬੱਡੀ ਕੱਪ 'ਤੇ ਸਰਕਾਰੀ ਮੋਹਰ ਨਹੀਂ ਲਾਈ। ਕੇਂਦਰੀ ਯੁਵਕ ਅਤੇ ਖੇਡ ਮੰਤਰਾਲੇ ਨੇ ਇਸ ਵਿਸ਼ਵ ਕਬੱਡੀ ਕੱਪ ਨੂੰ ਕੁਝ ਸ਼ਰਤਾਂ ਲਗਾ ਕੇ ਸਿਰਫ਼ ਪ੍ਰਵਾਨਗੀ ਹੀ ਦਿੱਤੀ ਹੈ। ਇਹ ਸਪੱਸ਼ਟ ਕੀਤਾ ਗਿਆ ਹੈ ਕਿ ਪੰਜਵਾਂ ਵਿਸ਼ਵ ਕਬੱਡੀ ਕੱਪ ਸਰਕਾਰੀ ਤੌਰ 'ਤੇ ਕਬੱਡੀ ਦਾ ਵਿਸ਼ਵ ਕੱਪ ਨਹੀਂ ਹੋਵੇਗਾ। ਵਿਸ਼ਵ ਕਬੱਡੀ ਕੱਪ ਦੇ ਪ੍ਰਬੰਧਕਾਂ 'ਤੇ ਇਹ ਵੀ ਸ਼ਰਤ ਲਗਾਈ ਹੈ ਕਿ ਉਹ ਸਿਰਫ਼ ਕਬੱਡੀ ਖੇਡ ਦੇ ਪਸਾਰ ਦੇ ਨਜ਼ਰੀਏ ਤੋਂ ਹੀ ਇਹ ਟੂਰਨਾਮੈਂਟ ਕਰਵਾਉਣਗੇ। ਆਰਟੀਆਈ ਤਹਿਤ ਕੇਂਦਰੀ ਖੇਡ ਮੰਤਰਾਲੇ ਤੋਂ ਪ੍ਰਾਪਤ ਸੂਚਨਾ ਅਨੁਸਾਰ ਮੰਤਰਾਲੇ ਨੇ ਇਹ ਵੀ ਸ਼ਰਤ ਲਗਾਈ ਸੀ ਕਿ ਪ੍ਰਬੰਧਕ ਸਿਆਸੀ ਅਤੇ ਸੁਰੱਖਿਆ ਦੀ ਨਜ਼ਰ ਤੋਂ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਕੇਂਦਰੀ ਵਿਦੇਸ਼ ਮੰਤਰਾਲੇ ਤੋਂ ਕਲੀਅਰੈਂਸ ਲੈਣਗੇ। ਅਜਿਹਾ ਕਰਨ ਮਗਰੋਂ ਹੀ ਪੰਜਾਬ ਸਰਕਾਰ ਨੂੰ ਪੰਜਵਾਂ ਵਿਸ਼ਵ ਕਬੱਡੀ ਕੱਪ ਕਰਾਉਣ ਲਈ ਹਰੀ ਝੰਡੀ ਦਿੱਤੀ ਗਈ। ਮੰਤਰਾਲੇ ਨੇ ਦੱਸਿਆ ਹੈ ਕਿ ਦੇਸ਼ ਵਿੱਚ ਕਬੱਡੀ ਦੇ ਪਸਾਰ ਅਤੇ ਪ੍ਰਮੋਸ਼ਨ ਦੀ ਮੁੱਢਲੀ ਜ਼ਿੰਮੇਵਾਰੀ ਅਮੈਚਿਓਰ ਕਬੱਡੀ ਫੈਡਰੇਸ਼ਨ ਆਫ਼ ਇੰਡੀਆ ਦੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕਾਫ਼ੀ ਵਾਰ ਐਲਾਨ ਕਰ ਚੁੱਕੇ ਹਨ ਕਿ ਉਹ ਕਬੱਡੀ ਨੂੰ ਓਲੰਪਿਕ ਸਪੋਰਟ ਦਾ ਦਰਜਾ ਦਿਵਾਉਣਗੇ ਪ੍ਰੰਤੂ ਹਕੀਕਤ ਇਹ ਹੈ ਕਿ ਕੌਮੀ ਪੱਧਰ 'ਤੇ ਇਸ ਵਿਸ਼ਵ ਕਬੱਡੀ ਕੱਪ ਨੂੰ ਸਰਕਾਰੀ ਮਾਨਤਾ ਨਹੀਂ ਮਿਲੀ ਹੈ। ਮੰਤਰਾਲੇ ਨੇ ਇਹ ਵੀ ਸ਼ਰਤ ਲਗਾਈ ਕਿ ਵਿਸ਼ਵ ਕਬੱਡੀ ਕੱਪ ਇਸ ਖੇਡ ਦੇ ਨਿਯਮਾਂ ਅਨੁਸਾਰ ਹੀ ਕਰਵਾਇਆ ਜਾਵੇ ਅਤੇ ਐਂਟੀ ਡੋਪਿੰਗ ਲਈ ਵੀ ਢੁਕਵੇਂ ਕਦਮ ਚੁੱਕੇ ਜਾਣ। ਇਸ ਸਮੇਂ ਚੱਲ ਰਹੇ ਵਿਸ਼ਵ ਕੱਪ ਵਿੱਚ ਦੂਸਰੇ ਮੁਲਕਾਂ ਦੀਆਂ ਟੀਮਾਂ ਵਿਚ ਵੀ ਜ਼ਿਆਦਾ ਖਿਡਾਰੀ ਪੰਜਾਬੀ ਮੂਲ ਦੇ ਹਨ। ਚੌਥੇ ਵਿਸ਼ਵ ਕਬੱਡੀ ਕੱਪ ਵਿੱਚ ਤਾਂ ਕਈ ਪੰਜਾਬੀ ਖਿਡਾਰੀ ਅਜਿਹੇ ਦੇਸ਼ਾਂ ਵੱਲੋਂ ਖੇਡ ਗਏ ਸਨ ਜਿਨ੍ਹਾਂ ਕੋਲ ਸਬੰਧਤ ਦੇਸ਼ ਦੀ ਨਾਗਰਿਕਤਾ ਵੀ ਨਹੀਂ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਿਸ਼ਵ ਕਬੱਡੀ ਕੱਪ ਨੇ ਖੇਡ ਨੂੰ ਪਰੋਮੋਟ ਵੀ ਕੀਤਾ ਹੈ ਪਰ ਕੁੱਲ ਮਿਲਾ ਕੇ ਇਸ ਦਾ ਰੁਤਬਾ ਸਰਕਾਰੀ ਮਾਨਤਾ ਤੋਂ ਵਿਹੂਣਾ ਹੈ।

WE LOOK AFTER ALL YOUR MORTGAGE NEEDS Ph. : (780)479-2222
Best Rates, Choice of Lenders, Mortagage for purchase, construction renewal, Refinance of your home, rental or commercial property, Good or bad credit, New Immigrant or Self Employed

Anuj Gupta
Associate Broker
Alberta Mortgage Centre
Phone # 78, 4003-98 Street, Edmonton, AB
CAAMP ACCHA
AXIOM
AMBA
BBB
think MORTGAGE think AMP™

Krishan(KK)Gupta, AMP
"Experienced, Knowledgeable, Committed"
Serving the Community Since 1999
www.albertamortgagecentre.com

**ਲੱਚਰ ਗਾਇਕੀ ਦੀ ਖ਼ਿਜ਼ਾ ਵਿੱਚ ਵੀ ਕੁੱਝ ਲੋਕਾਂ ਨੇ ਹਰਿਆਲੀ ਨੂੰ ਸਾਂਭਿਆ ਹੋਇਆ ਹੈ। ਇਹ ਲੋਕ ਆਪਣੀ ਸੂਫ਼ੀਆਨਾ ਗਾਇਕੀ ਰਾਹੀਂ ਹਵਾ ਨੂੰ ਮਹਿਕਾ ਰਹੇ ਹਨ ਤੇ ਫ਼ਿਜ਼ਾ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾ ਰਹੇ ਹਨ। ਇਨ੍ਹਾਂ ਸੂਫ਼ੀਆਨਾ ਲੋਕਾਂ ਵਿੱਚੋਂ ਇੱਕ ਨਾਂ ਦੇਵ ਦਿਲਦਾਰ ਦਾ ਹੈ। ਦੇਵ ਸ਼ਬਦ, ਸ਼ਾਇਰੀ ਤੇ ਸੱਭਿਆਚਾਰ ਨਾਲ ਗੂੜ੍ਹੀਆਂ ਦਿਲਦਾਰੀਆਂ ਨਿਭਾ ਰਿਹਾ ਹੈ। ਪੰਜਾਬੀ ਹੋਣ ਦੇ ਨਾਤੇ ਸਾਨੂੰ ਉਸਦੀ ਗਾਇਕੀ 'ਤੇ ਮਾਣ ਹੈ। ਪਿਛਲੇ ਦਿਨੀਂ ਦੇਵ ਕਨੇਡਾ ਵਿੱਚ ਸਨ। ਗੁਰਤੇਜ ਬਰਾੜ ਹੋਰਾਂ ਨੇ ਉਹਨਾਂ ਨਾਲ ਸੰਗੀਤ, ਸ਼ਾਇਰੀ ਤੇ ਸੱਭਿਆਚਾਰ ਬਾਰੇ ਬਹੁਤ ਸਾਰੀਆਂ ਗੱਲਾਂ ਕੀਤੀਆਂ। ਇਹਨਾਂ ਗੱਲਾਂ ਨੂੰ ਸੰਪੇਖ ਰੂਪ ਵਿੱਚ ਅਸੀਂ 'ਨਵੀਂ ਦੁਨੀਆ' ਦੇ ਪਾਠਕਾਂ ਲਈ ਇੱਥੇ ਛਾਪਣ ਦੀ ਖੁਸ਼ੀ ਲੈ ਰਹੇ ਹਾਂ।**



# ਸੂਫ਼ੀਆਨਾ ਗਾਇਕੀ ਨੂੰ ਸਮਰਪਤ

# ਦੇਵ ਦਿਲਦਾਰ

ਸੰਪਰਕ +91-94172-08866

ਗੁਰਤੇਜ ਬਰਾੜ : 780-906-0371

ਜਦੋਂ ਭਾਵਮਈ ਗਾਇਨ, ਸਾਦਾ ਸੰਗੀਤ ਤੇ ਸੰਜੀਦਾ ਸ਼ਾਇਰੀ ਦੀ ਗੱਲ ਹੋਵੇ ਤਾਂ ਅਚਾਨਕ ਹੀ ਜ਼ਿਹਨ 'ਚ ਦੇਵ ਦਿਲਦਾਰ ਦੀ ਗਾਇਕੀ ਦਾ ਅਕਸ ਸਾਕਾਰ ਹੋ ਜਾਂਦਾ ਹੈ। ਪਿਛਲੇ ਦਿਨੀਂ ਰੇਡੀਓ ਸਰਗਮ ਦੇ ਡਾ. ਬਲਵਿੰਦਰ ਸਿੰਘ ਦੀ ਅਗਵਾਈ ਅਤੇ ਸੁਰਜੀਤ ਪਾਤਰ ਦੀ ਸੰਗਤ 'ਚ ਦੇਵ ਦਿਲਦਾਰ ਨੇ 'ਸਰਗਮ ਦੀ ਇੱਕ ਸ਼ਾਮ-ਸੁਰ ਸ਼ਬਦਾਂ ਦੇ ਨਾਮ' ਨਾਂ ਦੀ ਪ੍ਰੋਗਰਾਮ ਲੜੀ ਤਹਿਤ ਕਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਮਹਿਫ਼ਲਾਂ ਸਜਾਈਆਂ, ਜਿਸਦਾ ਸੂਝਵਾਨ ਸਰੋਤਿਆਂ ਨੇ ਖ਼ੂਬ ਆਨੰਦ ਮਾਣਿਆ। ਦੇਵ ਦਿਲਦਾਰ ਦੀ ਗਾਇਕੀ ਨੂੰ ਮਿਲਿਆ ਹੁੰਗਾਰਾ ਸਪੱਸ਼ਟ ਕਰਦਾ ਹੈ ਕਿ ਅਜੇ ਲੋਕਾਂ ਨੇ ਪੰਜਾਬੀਅਤ ਨੂੰ ਆਪਣੇ ਸੀਨਿਆਂ 'ਚ ਸਾਂਭਿਆ ਹੋਇਆ ਹੈ। ਜੰਮੂ ਦੀ ਧਰਤੀ ਦਾ ਜਾਇਆ ਦੇਵ ਦਿਲਦਾਰ ਪੰਜਾਬੀ ਬੋਲੀ ਨੂੰ ਬੇਹੱਦ ਪਿਆਰ ਕਰਦਾ ਹੈ। ਉਹ ਸੰਗੀਤ ਨਾਲ ਇੱਕ-ਮਿੱਕ ਹੋਇਆ ਵਿਅਕਤੀਤਵ ਹੈ। ਸਾਨੂੰ ਇਸ ਗੱਲ ਦਾ ਮਾਣ ਹੈ ਕਿ ਲੱਚਰਤਾ ਦੇ ਇਸ ਦੌਰ ਵਿੱਚ ਵੀ ਸਾਡੇ ਕੋਲ ਅਜਿਹੇ ਫ਼ੱਕਰ ਗਾਇਕ ਹਨ, ਜਿਹੜੇ ਸੰਗੀਤ ਲਈ ਆਪਣਾ ਤਨ-ਮਨ ਸਮਰਪਿਤ ਕਰ ਰਹੇ ਹਨ।

## ਗਾਇਕੀ ਦੀ ਚੇਟਕ

ਦੇਵ ਦਿਲਦਾਰ ਭਾਵੇਂ ਗਾਇਕੀ ਨੂੰ ਕੁਦਰਤ ਦੀ ਦੇਣ ਮੰਨਦਾ ਹੈ ਪਰ ਇਸਦੇ ਨਾਲ ਉਹ ਇਹ ਵੀ ਸਵੀਕਾਰ ਕਰਦਾ ਹੈ ਕਿ ਗਾਇਕੀ ਦੇ ਖੇਤਰ ਵਿੱਚ ਉਹ ਆਪਣੇ ਪੁਰਖ਼ਿਆਂ ਦੀ ਪ੍ਰੇਰਨਾ ਸਦਕਾ ਆਇਆ ਹੈ। ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿੱਚ ਧੂਮ-ਧੜੱਕੇ ਵਾਲੀ ਗਾਇਕੀ ਦਾ ਗਲਬਾ ਹੈ, ਸੂਖਮ ਗਾਇਕੀ ਨੂੰ ਇਸ ਗਲਬੇ ਨੇ ਬੇਪਹਿਚਾਣ ਕਰ ਦਿੱਤਾ ਹੈ। ਅੱਜ ਸਾਫ਼-ਸੁਥਰੀ ਗਾਇਕੀ ਦੇ ਸਰੋਤੇ ਨਾ-ਮਾਤਰ ਰਹਿ ਗਏ ਹਨ। ਪਰ ਇਸ ਵਰਤਾਰੇ ਦੇ ਬਾਵਜੂਦ ਗਾਇਕੀ ਬਾਰੇ ਦੇਵ ਦਿਲਦਾਰ ਦੇ ਵਿਚਾਰ ਸਾਕਾਰਤਾਮਕ ਹਨ। ਉਹ ਸਾਰਾ ਸਾਲ ਆਪਣੀ ਸੂਖਮ ਅਤੇ ਗੰਭੀਰ ਗਾਇਕੀ ਰਾਹੀਂ ਸਰੋਤਿਆਂ ਨੂੰ ਸਰਸ਼ਾਰ ਕਰਦਾ ਹੈ ਤੇ ਕੁਦਰਤ ਨਾਲ ਸੰਗੀਤ ਰਾਹੀਂ ਸੰਵਾਦ ਰਚਾਉਂਦਾ ਹੈ। ਉਸਦਾ ਕਹਿਣਾ ਹੈ ਕਿ ਜਿੱਥੇ ਉਹ ਆਪ ਸੂਫ਼ੀਆਨਾ ਗਾਇਕੀ ਨੂੰ ਸਮਰਪਿਤ ਹੈ ਉੱਥੇ ਹੀ ਉਹ ਸੰਗੀਤ ਦਾ ਸਕੂਲ ਖੋਲ੍ਹ ਕੇ ਨਵੀਂ ਪੀੜ੍ਹੀ ਨੂੰ ਵੀ ਇਸ ਰਾਹ ਤੋਰਨ ਲਈ ਬਜਿਦ ਹੈ। ਦੇਵ ਦਿਲਦਾਰ ਦੁਆਰਾ ਗਾਇਕੀ ਨੂੰ ਲੈ ਕੇ ਵਿੱਢੀ ਗਈ ਮੁਹਿੰਮ ਪੰਜਾਬ ਦੇ ਲੋਕਾਂ ਨੂੰ ਇਹ ਸੰਦੇਸ਼ ਦੇ ਰਹੀ ਹੈ ਕਿ ਤੁਹਾਡੀ ਰੂਹ ਦੀ ਖੁਰਾਕ ਠੂਹ-ਠਾਹ ਵਾਲੀ ਗਾਇਕੀ ਨਹੀਂ ਸਗੋਂ ਤੁਹਾਡੀ ਰੂਹ ਦੀ ਗੱਲ ਕਰਨ ਵਾਲੀ ਗਾਇਕੀ ਹੈ।

## ਸ਼ਬਦੀ ਜ਼ਹਿਰ

ਸੰਗੀਤ ਅਤੇ ਸ਼ਬਦਾਂ ਵਿੱਚ ਘੁਲ ਰਹੀ ਜ਼ਹਿਰ ਬਾਰੇ ਦੇਵ ਦਿਲਦਾਰ ਸੁਰਜੀਤ ਪਾਤਰ ਹੋਰਾਂ ਦੇ ਇੱਕ ਸ਼ੇਅਰ

*'ਪੌਣ ਵਿੱਚ ਵਧ ਰਹੀ ਵਿਸ਼ ਤੋਂ ਨਾ ਡਰਦੇ,*
*ਬਿਰਖ਼ ਬੂਟੇ ਹਰ ਰੋਜ਼ ਆਪਣਾ ਕੰਮ ਕਰਦੇ।*
*ਜ਼ਹਿਰ ਨੂੰ ਅੰਮ੍ਰਿਤ 'ਚ ਬਦਲੀ ਜਾਣ ਪੱਤੀਆਂ,*
*ਤੂੰ ਜਗ੍ਹਾ ਦੇ ਮੋਮਬੱਤੀਆਂ....'*

ਦਾ ਹਵਾਲਾ ਦਿੰਦਿਆਂ ਆਖਦਾ ਹੈ ਕਿ ਭਾਵੇਂ ਅੱਜ ਚੰਗੇ ਸੰਗੀਤ ਲਈ ਹਾਲਾਤ ਸੁਖਾਵੇਂ ਨਹੀਂ ਹਨ ਪਰ ਫਿਰ ਵੀ ਉਹ ਲੋਕ ਆਪਣਾ ਕਰਮ ਕਰ ਰਹੇ ਹਨ ਜਿਨ੍ਹਾਂ ਨੂੰ ਸੰਗੀਤ ਤੇ ਸ਼ਾਇਰੀ ਦੀ ਸਮਝ ਹੈ। ਅਖੌਤੀ ਸੂਫ਼ੀਆਨਾ ਗਾਇਕੀ ਬਾਰੇ ਉਹਨਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਪਿੱਤਲ ਤੋਂ ਕੁੱਝ ਸਮੇਂ ਬਾਅਦ ਝਾਲ ਲਹਿ ਜਾਂਦੀ ਹੈ, ਉਸ ਤਰ੍ਹਾਂ ਹੀ ਇਹਨਾਂ ਗਾਇਕਾਂ ਦੀ ਅਸਲੀਅਤ ਇੱਕ ਦਿਨ ਲੋਕਾਂ ਸਾਹਮਣੇ ਆ ਜਾਣੀ ਹੈ। ਇਸ ਤੋਂ ਉਲਟ ਸਹੀ ਅਰਥਾਂ ਦੀ ਸੂਫ਼ੀਆਨਾ ਗਾਇਕੀ ਸਦੀਵੀ ਹੁੰਦੀ ਹੈ। ਹਰ ਦੌਰ 'ਚ ਉਸਦੀ ਸਾਰਥਿਕਤਾ ਕਾਇਮ ਰਹਿੰਦੀ ਹੈ। ਮੌਸਮੀ ਗਵੱਈਏ ਤਾਂ ਆਉਂਦੇ-ਜਾਂਦੇ ਰਹਿੰਦੇ ਹਨ ਪਰ ਸੰਗੀਤ ਉਹ ਸਦੀਵੀ ਹੋਵੇਗਾ ਜਿਹੜਾ ਮੁਹੱਬਤ ਸਿਖਾਉਂਦਾ ਹੈ, ਲੋਕਾਂ ਨੂੰ ਆਪਸ ਵਿੱਚ ਜੋੜਦਾ ਹੈ। ਸੰਗੀਤ ਕਦੇ ਵੀ ਵਖਰੇਵੇਂ ਪੈਦਾ ਨਹੀਂ ਕਰਦਾ।

## ਕਨੇਡਾ ਦੌਰਾ

ਕਨੇਡਾ ਦੇ ਸਫ਼ਰ ਦੌਰਾਨ ਹੋਏ ਸੰਗੀਤਕ ਤਜ਼ਰਬਿਆਂ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਭਾਵੇਂ ਮੈਂ ਪਹਿਲਾਂ ਵੀ ਕਈ ਵਾਰ ਇੱਥੋਂ ਦੇ ਸਰੋਤਿਆਂ ਦੇ ਰੂਬਰੂ ਹੋਇਆ ਹਾਂ ਪਰ ਇਸ ਵਾਰ ਦਾ ਤਜ਼ਰਬਾ ਬਿਲਕੁਲ ਵੱਖਰਾ ਹੈ। ਇਸ ਵਾਰ ਸਾਨੂੰ ਇਹ ਅਹਿਸਾਸ ਹੋਇਆ ਕਿ ਜੇਕਰ ਹਰ ਗਾਇਕ ਨੂੰ ਲੋਕੀਂ ਸੰਜੀਦਾ ਗਾਇਕੀ ਲਈ ਇਸ ਤਰ੍ਹਾਂ ਦਾ ਹੀ ਭਰਵਾਂ ਹੁੰਗਾਰਾ ਦੇਣ ਤਾਂ ਸਾਨੂੰ ਪੰਜਾਬੀ ਗਾਇਕੀ ਦੇ ਭਵਿੱਖ ਬਾਰੇ ਕੋਈ ਚਿੰਤਾ ਨਹੀਂ ਹੋਵੇਗੀ। ਲੱਚਰ ਗਾਇਕੀ ਆਪਣੇ ਆਪ ਹੀ ਅੰਤ ਵੱਲ ਚਲੀ ਜਾਵੇਗੀ। ਉਹਨਾਂ ਕਿਹਾ ਕਿ ਕਨੇਡਾ ਵਿੱਚ ਹਾਲ ਭਰ ਜਾਣ ਤੋਂ ਬਾਅਦ ਵੀ ਸਰੋਤਿਆਂ ਦਾ ਕਤਾਰ ਬੰਨ ਕੇ ਉਡੀਕਣਾ ਇਸ ਗੱਲ ਦਾ ਸਬੂਤ ਹੈ ਕਿ ਪੰਜਾਬੀ ਆਪਣੀਆਂ ਜੜ੍ਹਾਂ ਨਾਲੋਂ ਟੁੱਟੇ ਨਹੀਂ ਹਨ। ਉਹਨਾਂ ਮੁਤਾਬਿਕ ਸਰੋਤਿਆਂ ਦਾ ਇਹ ਪਿਆਰ ਸਾਫ਼-ਸੁਥਰੀ ਗਾਇਕੀ ਨੂੰ ਜਰੂਰ ਉਤਸ਼ਾਹਿਤ ਕਰੇਗਾ।



## ਰਚਨਾਵਾਂ ਦੀ ਚੋਣ

ਰਚਨਾਵਾਂ ਦੀ ਚੋਣ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਉਹ ਗੁਲਾਮ ਫਰੀਦ, ਸੇਖ ਫਰੀਦ ਤੇ ਗੁਰੂ ਨਾਨਕ ਦੇਵ ਦੇ ਸ਼ਬਦਾਂ ਨੂੰ ਰਿਕਾਰਡ ਕਰਵਾ ਚੁੱਕਿਆ ਹੈ। ਇਸ ਤੋਂ ਇਲਾਵਾ ਮੀਰਾ, ਸੂਰਦਾਸ ਤੇ ਕਬੀਰ ਵਰਗੇ ਭਗਤਾਂ/ਕਵੀਆਂ ਦੀਆਂ ਰਚਨਾਵਾਂ ਵੀ ਗਾ ਚੁੱਕਿਆ ਹੈ। ਮੱਧਕਾਲੀ ਸੂਫ਼ੀ ਕਵੀਆਂ ਵਿੱਚੋਂ ਉਸਨੇ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ ਅਤੇ ਬਾਹੂ ਵਰਗੇ ਕਵੀਆਂ ਨੂੰ ਗਾਇਆ ਹੈ। ਆਧੂਨਿਕ ਦੌਰ ਦੇ ਸ਼ਾਇਰਾਂ ਵਿੱਚੋਂ ਉਹ ਧਨੀ ਰਾਮ ਚਾਤ੍ਰਿਕ, ਨੰਦ ਲਾਲ ਨੂਰਪੁਰੀ, ਕੇਸਰ ਸਿੰਘ ਨੀਰ ਤੇ ਸ਼ਿਵ ਕੁਮਾਰ ਬਟਾਲਵੀ ਤੋਂ ਇਲਾਵਾ ਸੁਰਜੀਤ ਪਾਤਰ ਤੇ ਹਰਭਜਨ ਸਿੰਘ ਹੁੰਦਲ ਨੂੰ ਆਵਾਜ਼ ਦੇ ਚੁੱਕਿਆ ਹੈ। ਅਲਬਰਟਾ ਵਸਦੇ ਸ਼ਾਇਰ ਗੁਲਵੰਤ ਤੇ ਕਵਿੱਤਰੀ ਬਖ਼ਸ਼ ਸੰਘਾ ਦੀਆਂ ਰਚਨਾਵਾਂ ਵੀ ਉਹਨਾਂ ਵੱਲੋਂ ਕੰਪੋਜ਼ ਕੀਤੀਆਂ ਗਈਆਂ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਉਹਨਾਂ ਦੀ ਸੂਫ਼ੀਆਨਾ ਗਾਇਕੀ ਵਿੱਚ ਹਰ ਦੌਰ ਦਾ ਰੰਗ ਹੈ ਜੋ ਸਮੇਂ ਦੇ ਸੱਚ 'ਤੇ ਚਾਨਣਾ ਪਾਉਂਦਾ ਹੈ।

## ਪੀੜ੍ਹੀ-ਪਾੜਾ

ਬੱਚਿਆਂ ਨੂੰ ਸੱਭਿਆਚਾਰ ਤੇ ਸੰਗੀਤ ਨਾਲ ਜੋੜਨ ਦੀ ਗੱਲ ਕਰਦਿਆਂ ਓਹਨਾਂ ਕਿਹਾ ਕਿ ਜਦੋਂ ਤੱਕ ਵੱਡੇ ਆਪਣੇ ਸੱਭਿਆਚਾਰ ਤੇ ਸੰਗੀਤ ਨਾਲ ਨਹੀਂ ਜੁੜਨਗੇ ਉਦੋਂ ਤੱਕ ਬੱਚਿਆਂ ਨੂੰ ਵੀ ਅਸੀਂ ਆਪਣੀਆਂ ਜੜ੍ਹਾਂ ਨਾਲ ਨਹੀਂ ਜੋੜ ਸਕਦੇ। ਇੱਥੇ ਦੱਸਣਾ ਬਣਦਾ ਹੈ ਕਿ ਬੱਚਿਆਂ ਨੂੰ ਸੰਗੀਤ ਨਾਲ ਜੋੜਨ ਦੇ ਲਈ ਉਹ ਉਚੇਚੇ ਤੌਰ 'ਤੇ ਲੁਧਿਆਣਾ ਵਿੱਚ ਪਿਛਲੇ ਦਸ ਸਾਲਾਂ ਤੋਂ ਸ੍ਰੀ ਗੁਰੂ ਸੰਗੀਤ ਕਲਾ ਮੰਦਿਰ ਦੇ ਨਾਂ 'ਤੇ ਸਕੂਲ ਚਲਾ ਰਹੇ ਹਨ। ਇਸ ਸਕੂਲ ਰਾਹੀਂ ਉਹਨਾਂ ਨੇ ਬਹੁਤ ਸਾਰੇ ਬੱਚਿਆਂ ਨੂੰ ਸੂਫ਼ੀਆਨਾ ਗਾਇਕੀ ਤੇ ਸ਼ਾਇਰੀ ਨਾਲ ਜੋੜਿਆ ਹੈ। ਬੱਚਿਆਂ ਬਾਰੇ ਆਪਣਾ ਤਜ਼ਰਬਾ ਸਾਂਝਾ ਕਰਦਿਆਂ ਉਹਨਾਂ ਦੱਸਿਆ ਕਿ ਜਦੋਂ ਉਹ ਸਕੂਲਾਂ ਵਿੱਚ ਜਾ ਕੇ ਬੱਚਿਆਂ ਨਾਲ ਚੰਗੇ ਸੰਗੀਤ ਅਤੇ ਉਮਦਾ ਸ਼ਾਇਰੀ ਬਾਰੇ ਗੱਲ ਕਰਦਾ ਹੈ ਤਾਂ ਉਸਨੂੰ ਭਰਵਾਂ ਹੁੰਗਾਰਾ ਮਿਲਦਾ ਹੈ। ਭਾਵੇਂ ਬੱਚਿਆਂ ਬਾਰੇ ਗੱਲ ਕਰਦਿਆਂ ਅਸੀਂ ਕਹਿੰਦੇ ਹਾਂ ਕਿ ਉਹਨਾਂ ਨੂੰ ਲੱਚਰ ਗਾਇਕੀ ਹੀ ਪਸੰਦ ਆਉਂਦੀ ਹੈ ਪਰ ਅਸਲ ਗੱਲ ਇਹ ਹੈ ਕਿ ਅਸੀਂ ਸਾਫ਼-ਸੁਥਰੀ ਗਾਇਕੀ ਅਤੇ ਚੰਗੀ ਸ਼ਾਇਰੀ ਬਾਰੇ ਬੱਚਿਆਂ ਨਾਲ ਗੱਲ ਹੀ ਨਹੀਂ ਕਰਦੇ।

## ਸਥਾਪਤੀ ਦਾ ਰੋਲ

ਸੂਫ਼ੀਆਨਾ ਗਾਇਕੀ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੇ ਯਤਨਾਂ ਬਾਰੇ ਗੱਲ ਕੀਤੀ ਗਈ ਤਾਂ ਉਹਨਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸਰਕਾਰ ਨਹੀਂ ਚਾਹੁੰਦੀ ਕਿ ਗਾਇਕੀ 'ਚ ਸੂਫ਼ੀਆਨਾ ਰੰਗ ਹੋਰ ਗੂੜਾ ਹੋਵੇ। ਇੱਥੋਂ ਤੱਕ ਕਿ ਸਰਕਾਰ ਆਪਣੇ ਖ਼ਾਸ ਏਜੰਡੇ ਤਹਿਤ ਲੱਚਰ ਗਾਇਕੀ ਨੂੰ ਉਤਸ਼ਾਹਿਤ ਕਰਦੀ ਹੈ। ਉਹਨਾਂ ਨੇ ਉਦਾਹਰਣ ਦਿੰਦਿਆਂ ਦੱਸਿਆ ਕਿ ਜਿੱਥੇ ਵੀ ਸਰਕਾਰੀ ਮੰਚ ਸਜਦਾ ਹੈ, ਉੱਥੇ ਲੱਚਰ ਗਾਇਕਾਂ ਦੀ ਪੂਰੀ ਟੀਮ ਲੋਕਾਂ ਨੂੰ ਕੁਰਾਹੇ ਪਾਉਣ ਲਈ ਪੁੱਜਦੀ ਹੈ। ਇਸ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੁੰਦਾ ਹੈ ਕਿ ਸੂਫ਼ੀਆਨਾ ਗਾਇਕੀ ਪ੍ਰਤੀ ਸਰਕਾਰ ਦੀ ਕੀ ਨੀਤੀ ਹੈ।

## ਸਮਕਾਲੀ ਗਾਇਕ

ਸਮਕਾਲੀ ਗਾਇਕਾਂ ਬਾਰੇ ਉਸਦਾ ਕਹਿਣਾ ਹੈ ਕਿ ਜਿਹੜੇ ਵੀ ਗਾਇਕ ਅੱਜ ਦੇ ਸਮੇਂ 'ਚ ਸਾਫ਼-ਸੁਥਰਾ ਗਾ ਰਹੇ ਹਨ, ਉਹਨਾਂ ਦਾ ਸਤਿਕਾਰ ਕਰਨਾ ਬਣਦਾ ਹੈ ਤੇ ਇਸ ਕੰਮ ਲਈ ਉਹ ਨਿਸਚਿਤ ਹੀ ਵਧਾਈ ਦੇ ਪਾਤਰ ਹਨ।

## ਇਨਾਮ-ਸਨਮਾਨ

ਦੇਵ ਦਿਲਦਾਰ ਨੂੰ ਉਹਨਾਂ ਦੀ ਗਾਇਕੀ ਲਈ ਭਾਰਤ ਅਤੇ ਵਿਦੇਸ਼ਾਂ ਵਿੱਚ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਵੱਖੋ-ਵੱਖ ਸਨਮਾਨਾਂ ਨਾਲ ਨਵਾਜਿਆ ਗਿਆ ਹੈ ਪਰ ਦੇਵ ਨੇ ਜਿਸ ਸਨਮਾਨ ਦਾ ਵਿਸ਼ੇਸ਼ ਜ਼ਿਕਰ ਕੀਤਾ ਉਹ ਕੈਲਗਰੀ ਦੀ ਸਰਬ ਅਕਾਲ ਅਕੈਡਮੀ ਵੱਲੋਂ ਉਹਨਾਂ ਨੂੰ ਬਾਬਾ ਬੁੱਲ੍ਹੇ ਸ਼ਾਹ ਐਵਾਰਡ ਦੇਣਾ ਹੈ। ਉਹਨਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬੀਅਤ ਨਾਲ ਬਾ-ਰਾਬਤਾ ਸਖ਼ਸ਼ੀਅਤਾਂ ਉਹਨਾਂ ਦੀ ਕਦਰ ਕਰਦੀਆਂ ਹਨ।

DASHMESH TIRE & LUBE

All Brands of Tires
MRF Or JK (Indian)
B.F. Goodrich. Michelin. Dunlop
Tire Repairs, Brakes, Oil Change & Lubrication

Do Service on Remote Locations Including weighing scales
vehicle inspection by certified machines

ਲੌਂਗਹਾਲ, ਗਰੈਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।

Enough Parking Space

Call : Manjit S. Khosa. Garry Dhaliwal
Ph: 780-298-1114, 780-993-4441
6609 34 St. Edmonton. Alberta.

Maharaja
Banquet Facility

Banques Facility From
100 to 1200 People

ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ
ਵੀ ਖ਼ੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਮਹਾਰਾਜਾ ਬੈਂਕੁਇਟ ਹਾਲ ਬੁਕ ਕਰੋ।

- Big Dance Floor
- Full Bar
- Excellent Bridal Chair
- Great Music System

Beauty
Service
Elegance

9257-34A Ave. Edmonton, AB.
Call : Tariq Chaudhry 780-695-7200

Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™

Cell: 647 818 6880
Bus: 905 672 1234
FAX: 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ
ਜਾਇਦਾਦ ਖਰੀਦਣ ਜਾਂ
ਵੇਚਣ ਲਈ ਇੱਕ ਭਰੋਸੇਮੰਦ ਨਾਂ

Sales Representative
Harinder Hundal
M.Sc. Eco, M.B.A

MLS MULTIPLE LISTING SERVICE REALTOR

50 SunnyVale Gate, Unit # 7,
Brampton, ON L6S 0C4

ਮੁਲਾਕਾਤ
Productions

ਟੀ.ਵੀ ਪ੍ਰੋਗਰਾਮ ਮੁਲਾਕਾਤ

Aired on VISION TV
1:00 pm to 1:30 pm
(Alberta Time / Every Saturday)

Charanjit Brar
Producer & Host
Ph: 647 300 8436
cbrar@rogers.com

STP ELECTRIC LTD.

stpelectric@hotmail.com
Offering Full Range of Electrical Services of

C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

WILDROSE MASONARY & STONE WORKS

Commertial & Residential
Ph: 780 340 1400
Off: 780 450 1413
Fax: 780 490 4888

ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ
ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ

Dave Johal
Culture Stone Bricks
Blocks Glass Blocks

email:wildrosemasonary@live.ca ✦ 1404-69th St. SW Edmonton, AB T6L 1L4

HARRY`S EXCAVATING
PH: 780-918-2252

Specialist in :
Digging Basements & All Kind Of Services

ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।

A & K INSULATION & DRYWALL LTD.
Best Quailty at Reasonable Rates

ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ
ਤਰ੍ਹਾਂ ਦੀ ਬਿਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ,
ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

Rana : 780-245-5191 Joga : 780-245-5192

NEW WAY
Stucco Ltd.
Quality work at reasonable rates.

We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

Moga Painting Company
Serving Since 1985
Experts in Interior & Exterior Paint

Residential & Commercial
> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ
ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT
Edmonton (780) 934-3535 Winnipeg (204) 979-7070

# ਲੋਕ ਹਿਤਾਂ ਦੇ ਧਾਰਨੀ ਸਨ ਜਸਟਿਸ ਕ੍ਰਿਸ਼ਨ ਅਈਅਰ

ਨਵੀਂ ਦੁਨੀਆ ਬਿਊਰੋ

ਪ੍ਰਸਿੱਧ ਕਾਨੂੰਨਦਾਨ ਅਤੇ ਭਾਰਤ ਦੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਵੀ.ਆਰ. ਕ੍ਰਿਸ਼ਨਾ ਅਈਅਰ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਉਹ ਸੌ ਵਰ੍ਹਿਆਂ ਦਾ ਆਪਣਾ ਜੀਵਨ ਪੰਧ ਪੂਰਾ ਕਰ ਕੇ ਭਾਵੇਂ ਸਰੀਰਕ ਤੌਰ 'ਤੇ ਹਮੇਸ਼ਾ ਲਈ ਸਾਡੇ ਕੋਲੋਂ ਅਲਵਿਦਾ ਹੋ ਗਏ ਹਨ ਪਰ ਆਪਣੇ ਵਿਚਾਰਾਂ ਤੇ ਜੀਵਨ ਮੁੱਲਾਂ ਕਾਰਨ ਸਦਾ ਹੀ ਸਾਡੇ ਅੰਗ-ਸੰਗ ਰਹਿਣਗੇ। ਉਹ ਬੇਹੱਦ ਸਰਲ ਸੁਭਾਅ ਅਤੇ ਤੇਜ਼ ਬੁੱਧੀ ਦੇ ਧਨੀ, ਪ੍ਰਗਤੀਸ਼ੀਲ ਸ਼ਖ਼ਸੀਅਤ ਸਨ। ਆਜ਼ਾਦੀ ਮਗਰੋਂ ਭਾਰਤ ਦੀ ਨਿਆਂ ਵਿਵਸਥਾ ਅਤੇ ਲੋਕਤੰਤਰ ਨੂੰ ਲਗਾਤਾਰ ਗਤੀ ਅਤੇ ਮਜ਼ਬੂਤ ਬਣਾਉਣ ਵਿਚ ਉਨ੍ਹਾਂ ਦਾ ਵੀ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਵਾਂਗ ਮਹੱਤਵਪੂਰਨ ਯੋਗਦਾਨ ਰਿਹਾ ਹੈ। ਉਹ ਸੁਪਰੀਮ ਕੋਰਟ ਵਿਚ ਮਾਣਯੋਗ ਜੱਜ ਵਜੋਂ ਕਾਰਜਸ਼ੀਲ ਹੋਣ ਤੋਂ ਪਹਿਲਾਂ ਹੀ ਵੱਖ ਵੱਖ ਪੱਧਰਾਂ 'ਤੇ ਦੇਸ਼ ਤੇ ਦੁਨੀਆ ਵਿਚ ਆਪਣੀ ਨਿਆਂਪ੍ਰਿਯਤਾ, ਨਿਰਪਖਤਾ, ਨਿਡਰ, ਇਮਾਨਦਾਰੀ ਤੇ ਨਿਆਂ ਮੁਹਾਰਤ ਦਾ ਝੰਡਾ ਗੱਡ ਚੁੱਕੇ ਸਨ। ਉਹ ਆਪਣੇ ਕਈ ਫੈਸਲੇ ਅਤੇ ਨਿਆਂ ਸਮੀਖਿਆਵਾਂ ਹਮੇਸ਼ਾ ਇਸ ਆਧਾਰ 'ਤੇ ਪੇਸ਼ ਕਰਦੇ ਸਨ ਕਿ ਨਿਆਂ ਦੀ ਤੱਕੜੀ ਦਾ ਪੱਲਾ ਨਾ ਸਿਰਫ਼ ਕਮਜ਼ੋਰ ਦੇ ਪੱਖ ਵਿਚ ਝੁਕਿਆ ਹੋਏ ਸਪਸ਼ਟ ਦੇਖਿਆ ਗਿਆ, ਸਗੋਂ ਸ਼ਕਤੀਸ਼ਾਲੀ-ਤਾਕਤਵਰ ਸ਼ੋਸਣਕਰਤਾ ਜਾਂ ਅਪਰਾਧੀਆਂ ਨੂੰ ਉਨ੍ਹਾਂ ਦਾ ਨਾਂ ਸੁਣਦਿਆਂ ਹੀ ਕਾਂਬਾ ਛਿੜ ਜਾਂਦਾ ਸੀ।




ਉਨ੍ਹਾਂ ਨੇ ਸਮਾਜਕ ਗੈਰਬਰਾਬਰੀ, ਆਰਥਕ ਗੈਰਬਰਾਬਰੀ ਅਤੇ ਸਰਮਾਏਦਾਰੀ ਨੂੰ ਕਦੇ ਪਸੰਦ ਨਹੀਂ ਕੀਤਾ। ਲਿਖਣ ਦੇ ਖੇਤਰ ਵਿਚ ਵੀ ਉਨ੍ਹਾਂ ਨੇ ਬਹੁਤ ਲਾਭਦਾਇਕ ਅਤੇ ਜ਼ਿਕਰਯੋਗ ਕੰਮ ਕੀਤਾ ਹੈ। ਉਹ ਖੱਬੀਆਂ ਧਿਰਾਂ ਨੂੰ, ਕਾਮਿਆਂ ਦੇ ਅੰਦੋਲਨਾਂ ਨੂੰ, ਟਰੇਡ ਯੂਨੀਅਨਾਂ ਅਤੇ ਜਨਵਾਦੀ ਲਹਿਰਾਂ ਨੂੰ ਉਮੀਦ ਦੀਆਂ ਨਜ਼ਰਾਂ ਨਾਲ ਦੇਖਦੇ ਸਨ। ਦੇਸ਼ ਅਤੇ ਦੁਨੀਆ ਦੇ ਕਿਰਤੀ ਵਰਗ ਨੂੰ ਉਨ੍ਹਾਂ ਦੀ ਮੌਜੂਦਗੀ ਨਾਲ ਹੀ ਕਾਫੀ ਹੌਸਲਾ ਮਿਲ ਜਾਂਦਾ ਸੀ। ਅਜਿਹੇ ਮਹਾਨ ਮਾਨਵਤਾਵਾਦੀ, ਰਾਸ਼ਟਰਵਾਦੀ, ਪ੍ਰਗਤੀਸ਼ੀਲ, ਪਦਮ ਵਿਭੂਸ਼ਣ ਨਾਲ ਸਨਮਾਨਤ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਅਈਅਰ ਦਾ ਘਾਟਾ ਕਦੇ ਨਹੀਂ ਪੂਰਿਆ ਜਾ ਸਕਦਾ। ਉਨ੍ਹਾਂ ਦੇ ਇਨ੍ਹਾਂ ਗੁਣਾਂ ਕਾਰਨ ਹੀ ਉਹ ਛੇਤੀ ਹੀ ਹਾਈ ਕੋਰਟ ਤੋਂ ਸੁਪਰੀਮ ਕੋਰਟ ਵਿਚ ਆ ਗਏ ਸਨ। ਉਨ੍ਹਾਂ ਜਿੱਥੇ ਦੱਬੇ-ਕੁਚਲੇ ਲੋਕਾਂ ਲਈ ਆਵਾਜ਼ ਬੁਲੰਦ ਕੀਤੀ, ਉਥੇ ਉਹ ਮੌਤ ਦੀ ਸਜ਼ਾ ਦੇ ਵੀ ਖ਼ਿਲਾਫ਼ ਸਨ।

ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਜਸਟਿਸ ਵੀ.ਆਰ. ਅਈਅਰ ਦਾ ਜਨਮ 15 ਨਵੰਬਰ 1915 ਨੂੰ ਕੇਰਲਾ ਸਥਿਤ ਪਲਕੱੜ ਦੇ ਸ਼ੇਖਾਰੀਪੁਰਮ ਵਿਚ ਹੋਇਆ ਸੀ। ਉਨ੍ਹਾਂ ਨੇ ਚਾਰ ਦਸੰਬਰ ਨੂੰ ਏਰਨਾਕੁਲਮ ਮੈਡੀਕਲ ਟਰਸਟ ਹਸਪਤਾਲ ਵਿਚ ਆਖਰੀ ਸਾਹ ਲਿਆ। ਉਨ੍ਹਾਂ ਦੇ ਦੇਹਾਂਤ ਦੀ ਖਬਰ ਆਉਂਦਿਆਂ ਹੀ ਪੂਰੇ ਦੇਸ਼ ਵਿਚ ਸ਼ੋਕ ਦੀ ਲਹਿਰ ਫੈਲ ਗਈ। ਜਸਟਿਸ ਅਈਅਰ 30 ਸਾਲਾਂ ਤਕ ਇੰਡੀਅਨ ਐਸੋਸੀਏਸ਼ਨ ਆਫ ਲਾਇਰਜ਼ ਦੇ ਮੁਖੀ ਬਣੇ ਰਹੇ। ਉਨ੍ਹਾਂ ਦੇ 99ਵੇਂ ਜਨਮ ਦਿਨ ਮੌਕੇ ਝਾਰਖੰਡ, ਪੰਜਾਬ ਤੇ ਹਰਿਆਣਾ, ਤਾਮਿਲਨਾਡੂ, ਕੇਰਲਾ ਵਿਚ ਜਸ਼ਨ ਮਨਾਇਆ ਗਿਆ ਅਤੇ ਇੰਡੀਅਨ ਐਸੋਸੀਏਸ਼ਨ ਆਫ਼ ਲਾਇਰਜ਼ ਨੇ 15 ਨਵੰਬਰ 2014 ਤੋਂ 15 ਨਵੰਬਰ 2015 ਤਕ ਜਸਟਿਸ ਅਈਅਰ ਦੇ ਸੌਵੇਂ ਜਨਮ ਦਿਨ ਮੌਕੇ ਤਕ ਸ਼ਤਾਬਦੀ ਵਰ੍ਹੇਗੰਢ ਮਨਾਉਣ ਦਾ ਫੈਸਲਾ ਕੀਤਾ ਸੀ।

ਜਸਟਿਸ ਦੇ ਅਹੁਦੇ ਤੋਂ ਸੇਵਾਮੁਕਤ ਹੁੰਦਿਆਂ ਹੀ ਅਈਅਰ ਨੇ ਆਪਣੇ ਆਪ ਨੂੰ ਲੋਕ ਸੇਵਾ ਲਈ ਸਮਰਪਤ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਵਿਧਾਇਕ ਵਜੋਂ ਵੀ ਚੁਣੇ ਗਏ ਸਨ ਤੇ ਕੇਰਲਾ ਦੀ ਪਹਿਲੀ ਖੱਬੇ ਪੱਖੀ ਸਰਕਾਰ ਵਿਚ ਗ੍ਰਹਿ ਤੇ ਕਾਨੂੰਨ ਮਾਮਲਿਆਂ ਦੇ ਕੈਬਨਿਟ ਮੰਤਰੀ ਬਣਾਏ ਗਏ ਸਨ। ਉਨ੍ਹਾਂ ਨੇ ਭੂਮੀ ਸੁਧਾਰ ਕਾਨੂੰਨ ਦੀ ਰੂਪਰੇਖਾ ਭਾਰਤ ਵਿਚ ਸਭ ਤੋਂ ਪਹਿਲਾਂ ਤਿਆਰ ਕੀਤੀ। ਸ਼ੁਰੂ ਵਿਚ ਜਸਟਿਸ ਅਈਅਰ ਨੌਕਰੀ ਦੀ ਭਾਲ ਵਿਚ ਕੋਈਲਾਂਦੀ ਪੁੱਜੇ, ਬਾਅਦ ਵਿਚ ਆਪਣੇ ਪਿਤਾ ਵੈਧਨਾਥਾਪੁਰਮ, ਰਾਮਾ ਅਈਅਰ ਦੇ ਦੱਸੇ ਰਾਹ 'ਤੇ ਚੱਲ ਕੇ ਵਕੀਲ ਬਣੇ। ਉਨ੍ਹਾਂ ਨੇ ਵਕੀਲ ਦੇ ਪੇਸ਼ੇ ਵਿਚ ਆਉਣ ਤੋਂ ਬਾਅਦ ਸਰਗਰਮ ਸਿਆਸਤ ਛੱਡ ਦਿੱਤੀ ਤੇ ਪੂਰੀ ਇਮਾਨਦਾਰੀ ਨਾਲ ਵਕਾਲਤ ਪੇਸ਼ੇ ਨਾਲ ਜੁੜ ਗਏ ਪਰ ਉਨ੍ਹਾਂ ਨੇ ਆਪਣੀ ਸਿਆਸੀ ਸੋਚ ਨਹੀਂ ਛੱਡੀ, ਸਗੋਂ ਕਾਨੂੰਨੀ ਪ੍ਰਕਿਰਿਆ ਤਹਿਤ ਪ੍ਰਗਤੀਸ਼ੀਲ ਧਾਰਨਾ ਅੱਗੇ ਵਧਾਉਂਦੇ ਹੋਏ ਜਨਹਿਤ ਦੇ ਸਿਧਾਂਤ 'ਤੇ ਜ਼ੋਰ ਦਿੱਤਾ। ਨਾਲ ਹੀ ਮੁਕੱਦਮਾ ਦਾਖ਼ਲ ਕਰਨ ਦੇ ਤਰੀਕੇ ਨੂੰ ਜਨਹਿਤ ਵਿਚ ਲਚਕੀਲਾ ਬਣਾਇਆ।

ਉਨ੍ਹਾਂ ਨੇ ਸਮਾਜਕ ਸੰਗਠਨ ਅਤੇ ਸਮਾਜਕ ਧਾਰਨਾ ਵਿਚ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਨਿਆਂਇਕ ਪ੍ਰਣਾਲੀ ਹੇਠ ਦੱਬੇ-ਕੁਚਲੇ ਵਿਅਕਤੀਆਂ ਤੇ ਕੌਮੀ ਹਿਤ ਵਿਚ ਜਨਹਿਤ ਪਟੀਸ਼ਨ ਦਾਖ਼ਲ ਕਰਨ ਦੇ ਕਾਨੂੰਨ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਵਲੋਂ ਜੇਲ੍ਹ ਵਿਚ ਬੰਦ ਕੈਦੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਵਿਚ ਅਹਿਮ ਯੋਗਦਾਨ ਦਿੱਤਾ ਗਿਆ। ਭਾਰਤ ਵਿਚ ਜੱਜਾਂ ਦੀਆਂ ਨਿਯੁਕਤੀਆਂ ਦੀ ਪ੍ਰਕਿਰਿਆ ਨੂੰ ਲੈ ਕੇ ਆਪਣੇ ਲੇਖ ਅਤੇ ਭਾਸ਼ਣਾਂ ਵਿਚ ਨਾਰਾਜ਼ਗੀ ਜ਼ਾਹਰ ਕੀਤੀ। ਉਹ ਜੱਜਾਂ ਦੀ ਚੋਣ ਵਿਚ ਪ੍ਰਚੱਲਤ ਕੋਲੇਜੀਅਮ ਸਿਸਟਮ ਦੀ ਸਖ਼ਤ ਆਲੋਚਨਾ ਕਰਦੇ ਰਹੇ। ਉਨ੍ਹਾਂ ਨੇ 1938 ਵਿਚ ਮਦਰਾਸ ਹਾਈ ਕੋਰਟ ਤੋਂ ਆਪਣੀ ਵਕਾਲਤ ਸ਼ੁਰੂ ਕੀਤੀ। ਮਈ 1948 ਵਿਚ ਪੁਲੀਸ ਹਿਰਾਸਤ ਵਿਚ ਰੱਖਿਆ ਗਿਆ ਤੇ ਉਨ੍ਹਾਂ ਨੂੰ ਜੇਲ੍ਹ ਦੀ ਹਵਾ ਵੀ ਖਾਣੀ ਪਈ। ਉਹ 1948 ਵਿਚ ਪੋਸਟਲ ਵਰਕਰ ਯੂਨੀਅਨ ਦੇ ਪ੍ਰਧਾਨ ਅਤੇ ਫਾਈਨ ਆਰਟ ਕਲੱਬ ਅਤੇ ਸਪੋਰਟਸ ਐਸੋਸੀਏਸ਼ਨ ਨਾਲ ਵੀ ਜੁੜੇ। ਉਨ੍ਹਾਂ ਨੇ 1952 ਵਿਚ ਮਦਰਾਸ ਵਿਧਾਨ ਸਭਾ ਚੋਣਾਂ ਵਿਚ ਆਜ਼ਾਦ ਖੱਬੇ ਪੱਖੀ ਉਮੀਦਵਾਰ ਵਜੋਂ ਚੋਣ ਲੜੀ ਤੇ ਉਨ੍ਹਾਂ ਨੇ ਕਾਂਗਰਸ ਪਾਰਟੀ ਅਤੇ ਸਮਾਜਵਾਦੀ ਪਾਰਟੀ ਦੇ ਉਮੀਦਵਾਰਾਂ ਨੂੰ ਹਰਾਇਆ। ਕ੍ਰਿਸ਼ਨ ਅਈਅਰ ਵਿਧਾਨ ਸਭਾ ਵਿਚ 1952-1956 ਦੌਰਾਨ ਮੁੱਖ ਮੰਤਰੀ ਰਾਜਾਜੀ ਖ਼ਿਲਾਫ਼ ਸੰਘਰਸ਼ ਕਰਦੇ ਰਹੇ। 1957 ਵਿਚ ਕਾਮਰੇਡ ਈ.ਐਮ.ਐਸ. ਨਾਮੁਦਰੀਪਾਦ ਦੇ ਕੇਰਲਾ ਦੇ ਮੁੱਖ ਮੰਤਰੀ ਕਾਰਜਕਾਲ ਦੌਰਾਨ ਕੈਬਨਿਟ ਮੰਤਰੀ ਬਣਾਏ ਗਏ। ਉਨ੍ਹਾਂ ਨੂੰ ਕਾਨੂੰਨ, ਨਿਆਂ, ਗ੍ਰਹਿ, ਸਿੰਜਾਈ, ਊਰਜਾ, ਸਮਾਜਕ ਕਲਿਆਣ ਅਤੇ ਅੰਤਰਰਾਜੀ ਜਲ ਸਪਲਾਈ ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਤੋਂ ਬਾਅਦ ਉਹ ਵਿਸ਼ਵ ਸ਼ਾਂਤੀ ਅੰਦੋਲਨ ਵਿਚ ਇੰਡੋਸੋਵੀਅਤ ਕਲਚਰਲ ਸੁਸਾਇਟੀ, ਇੰਡੋ ਜੀ.ਡੀ. ਆਰ. ਫਰੈਂਡਸ਼ਿਪ ਸੁਸਾਇਟੀ ਦੇ ਨਾਲ-ਨਾਲ ਮਨੁੱਖੀ ਅਧਿਕਾਰ ਸੰਗਠਨ ਅਤੇ ਕਿਸਾਨ ਅਤੇ ਮਜ਼ਦੂਰ ਸੰਗਠਨਾਂ ਨਾਲ ਜੁੜੇ। ਉਹ ਕੇਂਦਰੀ ਕਾਨੂੰਨ ਕਮਿਸ਼ਨ ਦੇ ਮੈਂਬਰ ਸਨ, ਜਿਸ ਦੇ ਮੁਖੀ ਸਾਬਕਾ ਚੀਫ਼ ਜਸਟਿਸ ਗਜੇਂਦਰ ਗਡਕਰ ਸਨ, ਜਿਨ੍ਹਾਂ ਨੇ ਗ਼ਰੀਬਾਂ ਲਈ ਮੁਫ਼ਤ ਕਾਨੂੰਨੀ ਸਹਾਇਤਾ ਮੁਹੱਈਆ ਕਰਾਉਣ ਲਈ ਕਾਨੂੰਨ ਕਮਿਸ਼ਨ ਦੀ ਰਿਪੋਰਟ ਪੇਸ਼ ਕੀਤੀ। ਕਾਨੂੰਨ ਕਮਿਸ਼ਨ ਤੋਂ ਬਾਅਦ ਅਈਅਰ ਜੁਲਾਈ 1973 ਵਿਚ ਸੁਪਰੀਮ ਕੋਰਟ ਦੇ ਜੱਜ ਨਿਯੁਕਤ ਹੋਏ ਸਨ। ਨਵੰਬਰ 1980 ਵਿਚ ਸੁਪਰੀਮ ਕੋਰਟ ਦੇ ਜਸਟਿਸ ਦੇ ਅਹੁਦੇ ਤੋਂ ਸੇਵਾਮੁਕਤ ਹੋਏ। ਜਸਟਸਿ ਅਈਅਰ ਨੇ ਸੁਪਰੀਮ ਕੋਰਟ ਵਿਚ ਹੋਰਨਾਂ ਜੱਜਾਂ ਦੇ ਮੁਕਾਬਲੇ ਜ਼ਿਆਦਾਤਰ ਫੈਸਲੇ ਦੇਣ ਦਾ ਰਿਕਾਰਡ ਬਣਾਇਆ। ਉਨ੍ਹਾਂ ਨੇ ਕਈ ਮੁੱਦਿਆਂ 'ਤੇ ਇਤਿਹਾਸਕ ਅਤੇ ਮਹੱਤਵਪੂਰਨ ਫੈਸਲੇ ਦਿੱਤੇ। ਜਸਟਿਸ ਅਈਅਰ ਸੰਸਾਰੀਕਰਨ ਦੇ ਵਿਰੁੱਧ ਸਨ। ਸੰਸਾਰੀਕਰਨ ਦੇ ਚਲਦਿਆਂ ਜੋ ਭਾਰਤੀ ਕਾਨੂੰਨ ਵਿਚ ਸੋਧ ਤੇ ਪਰਿਵਰਤਣ ਕਰਨ ਦਾ ਪ੍ਰਸਤਾਵ ਗੈਟ ਅਤੇ ਵਿਸ਼ਵ ਵਪਾਰ ਸੰਗਠਨ ਵਲੋਂ ਦਿੱਤਾ ਗਿਆ ਸੀ, ਇਸ ਨਾਲ ਉਹ ਸਹਿਮਤ ਨਹੀਂ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਡੰਕਲ ਪ੍ਰਸਤਾਵ ਵਿਦੇਸ਼ੀ ਕਾਰਪੋਰੇਟ ਦੇ ਹਿਤ ਵਿਚ ਹੈ ਜੋ ਸੰਸਾਰ ਪੱਧਰ 'ਤੇ ਕਈ ਤਰ੍ਹਾਂ ਦੀਆਂ ਰੁਕਾਵਟਾਂ ਪੈਦਾ ਕਰੇਗਾ। ਜਸਟਿਸ ਅਈਅਰ ਖੁਦ ਨੂੰ ਅਨੁਸ਼ਾਸਨ ਵਿਚ ਰੱਖਣ 'ਚ ਵਿਸ਼ਵਾਸ ਕਰਦੇ ਸਨ। ਉਹ ਮਾਨਵਤਾ ਅਤੇ ਨਿਆਂ ਦੇ ਪੱਖ ਵਿਚ ਲੜੀ ਜਾਣ ਵਾਲੀ ਲੜਾਈ ਦੇ ਪੱਖ ਵਿਚ ਸਨ, ਇਹੀ ਉਨ੍ਹਾਂ ਦੇ ਜੀਵਨ ਦਾ ਗੂੜਾ ਰਹੱਸ ਹੈ। ਉਹ ਉਨ੍ਹਾਂ ਵਰਕਸ਼ਾਪਾਂ ਜਾਂ ਸੈਮੀਨਾਰ 'ਤੇ ਹੀ ਜਾਂਦੇ ਅਤੇ ਭਾਸ਼ਣ ਦਿੰਦੇ ਸਨ, ਜਿੱਥੇ ਉਨ੍ਹਾਂ ਨੂੰ ਲਗਦਾ ਸੀ ਕਿ ਪ੍ਰੋਗਰਾਮ ਪ੍ਰਬੰਧਕ ਲੋਕਾਂ ਦੇ ਹੱਕਾਂ-ਹਿੱਤਾਂ ਦੀ ਗੱਲ ਕਰਦੇ ਹਨ।

ਜਸਟਿਸ ਅਈਅਰ ਹਮੇਸ਼ਾ ਅਸਾਧਾਰਨ ਫੈਸਲਾ ਦਿੰਦੇ ਸਨ। ਉਹ ਇੰਦਰਾ ਗਾਂਧੀ ਦੀ ਚੋਣ ਪਟੀਸ਼ਨ ਵਿਚ ਦਿੱਤੇ ਗਏ ਇਲਾਹਾਬਾਦ ਹਾਈ ਕੋਰਟ ਫੈਸਲੇ ਦੇ ਖ਼ਿਲਾਫ਼ ਇੰਦਰਾ ਗਾਂਧੀ (ਉਦੋਂ ਪ੍ਰਧਾਨ ਮੰਤਰੀ) ਨੇ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ ਸੀ, ਜਿਸ ਦੇ ਫੈਸਲੇ ਵਿਚ ਦੋ ਦਿਨ ਲੱਗੇ ਸਨ। ਇੰਦਰਾ ਗਾਂਧੀ ਕੇਸ ਵਿਚ ਦਿੱਤਾ ਗਿਆ ਫੈਸਲਾ ਇਤਿਹਾਸਕ ਫੈਸਲੇ ਵਜੋਂ ਭਾਰਤ ਵਿਚ ਲਿਆ ਗਿਆ। ਉਦੋਂ ਦੇ ਕੇਂਦਰੀ ਕਾਨੂੰਨ ਮੰਤਰੀ ਐਚ.ਆਰ. ਗੋਖਲੇ ਇਲਾਹਾਬਾਦ ਹਾਈ ਕੋਰਟ ਦੇ ਫੈਸਲੇ ਖ਼ਿਲਾਫ਼ ਅਪੀਲ ਦਾਇਰ ਕਰਨ ਲਈ ਸਿੱਧਾ ਜੱਜ ਨੂੰ ਮਿਲਣਾ ਚਾਹੁੰਦੇ ਸਨ। 20 ਜੂਨ 1975 ਨੂੰ ਦਸ ਵਜੇ ਸਵੇਰੇ ਕ੍ਰਿਸ਼ਨਾ ਅਈਅਰ ਨੇ ਫੋਨ 'ਤੇ ਆਦੇਸ਼ ਦਿੱਤੇ, 'ਮੈਨੂੰ ਮਿਲ ਦੀ ਜ਼ਰੂਰਤ ਨਹੀਂ ਹੈ, ਸਗੋਂ ਰਜਿਸਟਰੀ ਵਿਚ ਅਪੀਲ ਦਾਖ਼ਲ ਕਰੋ।' ਉਸ ਅਪੀਲ ਦੀ ਸੁਣਵਾਈ 24 ਜੂਨ 1975 ਨੂੰ ਨਿਸਚਤ ਕੀਤੀ ਗਈ। ਇੰਦਰਾ ਗਾਂਧੀ ਵਲੋਂ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਪਾਲਕੀ ਵਾਲਾ ਮੁਕੱਦਮੇ ਦੀ ਪੈਰਵੀ ਕਰ ਰਹੇ ਸਨ ਤਾਂ ਦੂਜੇ ਪਾਸੇ ਸ਼ਾਂਤੀਭੂਸ਼ਣ ਸੀਨੀਅਰ ਵਕੀਲ, ਰਾਜਨਾਰਾਇਣ ਵਲੋਂ ਮੁਕੱਦਮੇ ਦੀ ਪੈਰਵੀ ਕਰ ਰਹੇ ਸਨ। ਇਸ ਮੁਕੱਦਮੇ ਦੇ ਫੈਸਲੇ ਵਿਚ ਇੰਦਰਾ ਗਾਂਧੀ ਸਰਕਾਰ ਦਾ ਭਵਿੱਖ ਤੈਅ ਹੋਣਾ ਸੀ ਜਿਸ ਦੇ ਚਲਦਿਆਂ ਸੁਰੱਖਿਆ ਅਧਿਕਾਰੀ ਜਸਟਿਸ ਅਈਅਰ ਨੂੰ ਮਿਲੇ ਅਤੇ ਬੇਨਤੀ ਕੀਤੀ ਕਿ ਅਪੀਲ ਦੀ ਸੁਣਵਾਈ ਦੌਰਾਨ ਸੁਰੱਖਿਆ ਅਧਿਕਾਰੀਆਂ ਨੂੰ ਅਦਾਲਤ ਵਿਚ ਮੌਜੂਦ ਰਹਿਣ ਦੀ ਆਗਿਆ ਦਿੱਤੀ ਜਾਵੇ, ਕਿਉਂਕਿ ਅਜਿਹਾ ਨਾ ਹੋਣ 'ਤੇ ਜੀਵਨ ਦਾ ਖਤਰਾ ਵੀ ਸੰਭਵ ਹੈ ਪਰ ਜਸਟਿਸ ਅਈਅਰ ਅਸਹਿਮਤ ਸਨ ਪਰ ਪੁਲੀਸ ਬਿਨਾਂ ਉਨ੍ਹਾਂ ਦੀ ਜਾਣਕਾਰੀ ਦੇ ਅਦਾਲਤ ਵਿਚ ਸਾਦਾ ਕੱਪੜੇ ਪਾਈ ਹਥਿਆਰਾਂ ਤੇ ਮੈਟਲ ਡਿਟੈਕਟਰ ਨਾਲ ਮੌਜੂਦ ਸਨ। ਅਦਾਲਤ ਆਮ ਆਦਮੀਆਂ ਨਾਲ ਭਰੀ ਹੋਈ ਸੀ ਕਿਉਂਕਿ ਜਸਟਿਸ ਅਈਅਰ ਨੇ ਸੁਪਰੀਮ ਕੋਰਟ ਦੇ ਰਜਿਸਟਰਾਰ ਨੂੰ ਆਮ ਆਦਮੀਆਂ ਨੂੰ ਪਾਸ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਸਨ। ਪੁਲੀਸ ਅਧਿਕਾਰੀਆਂ ਨੇ ਇਸੇ ਦੌਰਾਨ ਰਜਿਸਟਰਾਰ ਨਾਲ ਸੰਪਰਕ ਕਰ ਕੇ ਸੁਰੱਖਿਆ ਦੀ ਨਜ਼ਰ ਤੋਂ ਅਪੀਲ ਕੀਤੀ ਕਿ ਦੁਪਹਿਰ ਦੇ ਖਾਣੇ ਦੀ ਛੁੱਟੀ ਰੱਦ ਕਰਦੇ ਹੋਏ ਮੁਕੱਦਮੇ ਦੀ ਸੁਣਵਾਈ ਸੁਰੱਖਿਆ ਪੱਖੋਂ ਜਾਰੀ ਰੱਖੀ ਜਾਵੇ। ਇਸ ਗੱਲ 'ਤੇ ਜਸਟਿਸ ਅਈਅਰ ਨਾਲ ਸਹਿਮਤੀ ਜ਼ਾਹਰ ਕਰਦੇ ਹੋਏ ਦੁਪਹਿਰ ਦੇ ਖਾਣੇ ਦੀ ਛੁੱਟੀ ਨਾ ਕੀਤੀ ਸਗੋਂ ਮੁਕੱਦਮੇ ਦੀ ਸੁਣਵਾਈ ਕਰਦੇ ਰਹੇ। ਮੁਕੱਦਮੇ ਦੀ ਸੁਣਵਾਈ ਸ਼ਾਮ 6 ਵਜੇ ਖ਼ਤਮ ਹੋਈ ਅਤੇ ਮੁਕੱਦਮੇ ਦੇ ਫੈਸਲੇ ਦਾ ਸਮਾਂ 3 ਵਜੇ ਅਗਲੇ ਦਿਨ ਨਿਸਚਤ ਕੀਤਾ ਗਿਆ। ਅਗਲੇ ਦਿਨ ਮੁਕੱਦਮੇ ਦਾ ਫੈਸਲਾ ਸੁਣਾਉਂਦੇ ਹੋਏ ਜਸਟਿਸ ਅਈਅਰ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਦਾਖ਼ਲ ਕੀਤੀ ਗਈ ਅਪੀਲ ਖਾਰਜ ਕਰ ਦਿੱਤੀ ਅਤੇ ਇਲਾਹਾਬਾਦ ਹਾਈ ਕੋਰਟ ਵਲੋਂ ਦਿੱਤੇ ਗਏ ਫੈਸਲੇ ਨੂੰ ਉਚਿਤ ਠਹਿਰਾਇਆ। ਪਰ ਫੈਸਲੇ ਵਿਚ ਅਦਾਲਤ ਵਿਚ 6 ਮਹੀਨੇ ਦੀ ਅੰਤ੍ਰਿਮ ਰਿਆਇਤ ਦਿੱਤੀ ਅਤੇ 6 ਮਹੀਨੇ ਤਕ ਐਮਰਜੈਂਸੀ ਲਾਗੂ ਰੱਖਣ ਦੀ ਆਗਿਆ ਦਿੱਤੀ। ਇਸ ਮੁਕੱਦਮੇ ਦੇ ਫੈਸਲੇ ਸਬੰਧੀ ਇਕ ਅਸਾਧਾਰਨ ਗੱਲ ਇਹ ਵੀ ਸੀ ਕਿ ਜਸਟਿਸ ਅਈਅਰ ਨੇ ਰਜਿਸਟਰੀ ਨੂੰ ਨਿਰਦੇਸ਼ ਦਿੱਤਾ ਕਿ ਜੋ ਕੋਈ ਵਿਅਕਤੀ ਇਸ ਮੁਕੱਦਮੇ ਦੀ ਕਾਪੀ ਮੰਗੇ, ਉਸ ਨੂੰ ਦਿੱਤੀ ਜਾਵੇ, ਜਿਸ 'ਤੇ ਰਜਿਸਟਰੀ ਨੇ ਫੈਸਲੇ ਦੀਆਂ ਪੰਜ ਹਜ਼ਾਰ ਕਾਪੀਆਂ ਤਿਆਰ ਕਰਵਾਈਆਂ ਸਨ। ਜਦੋਂ ਇਸ ਸਬੰਧ ਵਿਚ ਜਸਟਿਸ ਅਈਅਰ ਤੋਂ ਪੁਛਿਆ ਗਿਆ ਕਿ ਕਿਉਂ ਇਸ ਤਰੀਕੇ ਦਾ ਆਦੇਸ਼ ਦਿੱਤਾ ਜਾ ਰਿਹਾ ਹੈ ਤਾਂ ਉਨ੍ਹਾਂ ਦਾ ਜਵਾਬ ਸੀ ਅਦਾਲਤ ਦਾ ਫੈਸਲਾ ਜਸਟਿਸ ਦੀ ਨਿੱਜੀ ਸੰਪਤੀ ਨਹੀਂ ਹੈ ਸਗੋਂ ਇਹ ਸਪਸ਼ਟ ਕੀਤਾ ਕਿ ਅਦਾਲਤੀ ਕਾਰਵਾਈ 'ਚ ਦੇਰੀ ਹੋਣ ਨਾਲ ਭ੍ਰਿਸ਼ਟਾਚਾਰ ਪੈਦਾ ਹੋ ਸਕਦਾ ਹੈ। ਹਰ ਕਿਸੇ ਲਈ ਕੌਮੀ ਮਹੱਤਵ ਦੇ ਫੈਸਲੇ ਨੂੰ ਅਦਾਲਤ ਵਲੋਂ ਮੁਫ਼ਤ ਕਾਪੀਆਂ ਮੁਹੱਈਆ ਹੋਣੀਆਂ ਚਾਹੀਦੀਆਂ ਹਨ।



"ਮੇਰੇ ਵਿਚਾਰ ਨਾਲ ਜਸਟਿਸ ਕ੍ਰਿਸ਼ਨ ਅਈਅਰ ਅੱਜ ਤਕ ਸੁਪਰੀਮ ਕੋਰਟ ਵਿਚ ਜਿੰਨੇ ਵੀ ਜਸਟਿਸ ਹੋਏ ਹਨ, ਉਨ੍ਹਾਂ ਵਿਚੋਂ ਸਭ ਤੋਂ ਮਹਾਨ ਜੱਜ ਸਨ ਕਿਉਂਕਿ ਉਨ੍ਹਾਂ ਦਾ ਦਿਲ ਇਸ ਦੇਸ਼ ਦੇ ਗ਼ਰੀਬਾਂ ਲਈ ਧੜਕਦਾ ਸੀ। ਉਨ੍ਹਾਂ ਦਾ ਬਹੁਤ ਤੇਜ਼ ਦਿਮਾਗ਼ ਵੀ ਦੇਸ਼ ਦੇ ਗ਼ਰੀਬਾਂ ਅਤੇ ਪਛੜੇ ਲੋਕਾਂ ਲਈ ਕੰਮ ਕਰਦਾ ਸੀ। ਉਨ੍ਹਾਂ ਨੇ ਵੱਡੇ-ਵੱਡੇ ਫੈਸਲੇ ਆਮ ਆਦਮੀ ਨੂੰ ਸਮਝ ਵਿਚ ਆ ਸਕਣ ਵਾਲੀ ਭਾਸ਼ਾ ਵਿਚ ਦਿੱਤੇ। ਉਨ੍ਹਾਂ ਦੀ ਲੇਖਣੀ ਵਿਚ ਵੀ ਸਾਧਾਰਨ ਲੋਕਾਂ, ਦੱਬੇ-ਕੁਚਲਿਆਂ ਪ੍ਰਤੀ ਫ਼ਿਕਰਮੰਦੀ ਸਾਫ਼ ਨਜ਼ਰ ਆਉਂਦੀ ਸੀ ਤੇ ਉਹ ਹਮੇਸ਼ਾ ਉਨ੍ਹਾਂ ਲੋਕਾਂ ਨਾਲ ਖੜ੍ਹੇ ਨਜ਼ਰ ਆਉਂਦੇ ਸਨ। ਉਨ੍ਹਾਂ ਨੇ ਨਿਆਂ ਆਮ ਲੋਕਾਂ ਦੇ ਹਾਣ ਦਾ ਹੋਣ ਵਿਚ ਅਹਿਮ ਭੂਮਿਕਾ ਨਿਭਾਈ। ਆਪਣੇ ਆਖਰੀ ਸਾਹਾਂ ਤਕ ਉਹ ਆਮ ਲੋਕਾਂ ਨੂੰ ਨਿਆਂ ਦੇਣ ਦੀ ਗੱਲ ਕਰਦੇ ਰਹੇ। ਉਨ੍ਹਾਂ ਨੇ ਸਮਾਜ ਵਿਚ ਪਸਰੀ ਗੈਰ ਬਰਾਬਰੀ ਖ਼ਿਲਾਫ਼ ਝੰਡਾ ਬੁਲੰਦ ਕੀਤਾ ਤੇ ਆਪਣੀਆਂ ਲਿਖਤਾਂ ਰਾਹੀਂ ਉਨ੍ਹਾਂ ਦੀ ਜ਼ੁਬਾਨ ਬਣਨ ਦੀ ਕੋਸ਼ਿਸ਼ ਕੀਤੀ। ਸੁਪਰੀਮ ਕੋਰਟ ਵਿਚ ਰਹਿੰਦਿਆਂ ਉਨ੍ਹਾਂ ਨੇ ਆਮ ਆਦਮੀ ਦੀ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਤਕ ਪਹੁੰਚ ਨੂੰ ਆਸਾਨ ਬਣਾਇਆ। ਉਨ੍ਹਾਂ ਨੇ ਵਿਚਾਰਅਧੀਨ ਕੈਦੀਆਂ ਦੇ ਹਿਤ ਵਿਚ 'ਜੇਲ੍ਹ ਨਹੀਂ ਜ਼ਮਾਨਤ ਹੀ ਨਿਯਮ ਹੈ' ਦਾ ਫੈਸਲਾ ਦਿੱਤਾ ਸੀ।"

ਭਾਰਤ ਦੇ ਸਾਬਕਾ ਕਾਨੂੰਨ ਮੰਤਰੀ ਤੇ ਸੁਪਰੀਮ ਕੋਰਟ ਦੇ ਸੀਨੀਅਰ ਵੀਕਲ ਸ਼ਾਂਤੀ ਭੂਸ਼ਣ

# ਸੱਤ ਵਾਅਦਿਆਂ ’ਤੇ ਬੋਵਮੈਨ ਨੂੰ ਈਪੀਸੀ ਦਾ ਸਮਰਥਨ ਹਾਸਲ

ਵਿਨੀਪੈਗ (ਨਦਬ) ਬਰੇਨ ਬੋਵਮੈਨ ਨੇ ਤਨਖ਼ਾਹਾਂ ’ਤੇ ਕੱਟ ਨੂੰ ਲੈ ਕੇ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਦਾ ਵਿਸ਼ਵਾਸ ਹਾਸਲ ਕਰ ਲਿਆ ਹੈ ਤੇ ਹੁਣ ਇਹ ਫੈਸਲਾ ਪਹਿਲੀ ਜਨਵਰੀ ਤੋਂ ਲਾਗੂ ਮੰਨਿਆ ਜਾਵੇਗਾ। ਪਰ ਅਜੇ ਤੱਕ ਸਿਵੀਅਰੈਂਸ ਪਲਾਨ ਨੂੰ ਲੈ ਕੇ ਕੌਂਸਲ ਮੈਂਬਰਾਂ ਦਾ ਵਿਸ਼ਵਾਸ ਹਾਸਲ ਨਹੀਂ ਕੀਤਾ ਜਾ ਸਕਿਆ। ਦੱਸਣਯੋਗ ਹੈ ਕਿ ਮੇਅਰ ਵਲੋਂ ਚੋਣ ਪ੍ਰਚਾਰ ਦੌਰਾਨ ਕੀਤੇ ਗਏ ਅੱਠ ਵਿਚੋਂ ਸੱਤ ਵਾਅਦਿਆਂ ਪ੍ਰਤੀ ਆਪਣੀ ਸਹਿਮਤੀ ਪ੍ਰਗਟਾਈ ਗਈ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਅਜੇ ਇਨ੍ਹਾਂ ਸਾਰਿਆਂ ਮਸਲਿਆਂ ’ਤੇ ਕੌਂਸਲ ਵਿਚ ਵੋਟਿੰਗ ਹੋਣੀ ਬਾਕੀ ਹੈ। ਤੀਸਰੇ ਪ੍ਰਸਤਾਵ ਨੂੰ ਲੈ ਕੇ ਈਪੀਸੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਇਸ ਪ੍ਰਸਤਾਵ ਦੇ ਹੱਕ ਵਿਚ ਹੈ। ਹੁਣ ਸਿਵੀਅਰੈਂਸ ਪਲਾਨ ਵਾਲਾ ਮਸਲਾ ਈਪੀਸੀ ਦੀ ਸਹਿਮਤੀ ਤੋਂ ਬਿਨਾਂ ਕੌਂਸਲ ਨੂੰ ਭੇਜਿਆ ਗਿਆ ਹੈ।

ਇਸ ਸਾਰੇ ਮਾਮਲੇ ’ਤੇ ਬੋਵਮੈਨ ਨੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕਿਹਾ ਕਿ ਸੱਤ ਮਾਮਲਿਆਂ ’ਤੇ ਸਮਰਥਨ ਨੂੰ ਲੈ ਕੇ ਉਹ ਕਾਫ਼ੀ ਉਤਸ਼ਾਹਤ ਹੈ ਤੇ ਸਿਵੀਅਰੈਂਸ ਪਲਾਨ ਵਾਲੇ ਮਸਲੇ ’ਤੇ ਉਹ ਸਭ ਨਾਲ ਗੰਭੀਰਤਾ ਸਹਿਤ ਗੱਲਬਾਤ ਕਰੇਗਾ। ਕੌਂਸਲਰਾਂ ਦੇ ਵਿਸ਼ਵਾਸ ਬਾਰੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕੌਂਸਲਰਾਂ ਦਾ ਵਿਸ਼ਵਾਸ ਹਾਸਲ ਕਰਨ ਦੀ ਕਵਾਇਦ ਵਿਚ ਹਫ਼ਤੇ ਤੋਂ ਵੀ ਵੱਧ ਦਾ ਸਮਾਂ ਲੱਗਿਆ ਹੈ। ਉਨ੍ਹਾਂ ਇਹ ਵੀ ਕਿਹਾ, ‘ਮੈਨੂੰ ਖੁਸ਼ੀ ਹੈ ਕਿ ਮੈਂ ਲੋਕਾਂ ਨਾਲ ਕੀਤੇ ਵਾਅਦਿਆਂ ’ਤੇ ਕੰਮ ਕਰ ਰਿਹਾ ਹਾਂ ਤੇ ਨਿਸਚਿਤ ਤੌਰ ’ਤੇ ਮੈਂ ਲੋਕਾਂ ਦੀ ਆਸ ’ਤੇ ਖ਼ਰਾ ਉਤਰਨਾ ਚਾਹੁੰਦਾ ਹਾਂ।’ ਜ਼ਿਕਰ ਕਰਨਾ ਬਣਦਾ ਹੈ ਕਿ 2013 ਦੀ ਸੈਲਰੀ ਕੰਪੈਨਸੇਸ਼ਨ ਰਿਪੋਰਟ ’ਚ ਕਿਹਾ ਗਿਆ ਹੈ ਕਿ ਕੌਂਸਲਰਾਂ ਨੂੰ ਤਨਖ਼ਾਹਾਂ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਮੁਤਾਬਕ ਮਿਲਣੀਆ ਚਾਹੀਦੀਆਂ ਹਨ। ਸਾਬਕਾ ਮੇਅਰ ਸੈਮ ਕਾਟਜ ਨੇ ਆਪਣੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਵੱਖਰੇ ਖਰਚਿਆਂ ਦੇ ਨਾਂ ’ਤੇ ਬਹੁਤ ਸਾਰੀ ਰਕਮ ਹਾਸਲ ਕੀਤੀ ਹੈ।

# ਭਾਈ ਕਾਹਨ ਸਿੰਘ ਨਾਭਾ ਫਾਊਂਡੇਸ਼ਨ ਵਲੋਂ ਸੈਮੀਨਾਰ

ਵਿਨੀਪੈਗ (ਨਦਬ) ਪਿਛਲੇ ਦਿਨੀਂ ਵਿਨੀਪੈਗ ਦੇ ਗੁਰਦੁਆਰਾ ਸਿੰਘ ਸਭਾ ਵਿਚ ਭਾਈ ਕਾਹਨ ਸਿੰਘ ਨਾਭਾ ਫਾਊਂਡੇਸ਼ਨ ਵਲੋਂ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਭਾਈ ਕਾਹਨ ਸਿੰਘ ਨਾਭਾ ਦੁਆਰਾ ਪੰਜਾਬੀ ਸਾਹਿਤ, ਸਭਿਆਚਾਰ ਅਤੇ ਸਮਾਜ ਵਿਚ ਪਾਏ ਯੋਗਦਾਨ ਬਾਰੇ ਚਰਚਾ ਕੀਤੀ ਗਈ। ਸੈਮੀਨਾਰ ਦੇ ਸ਼ੁਰੂ ਵਿਚ ਫਾਊਂਡੇਸ਼ਨ ਦੇ ਪ੍ਰਧਾਨ ਡਾ. ਮਹਿੰਦਰ ਸਿੰਘ ਢਿੱਲੋਂ ਨੇ ਵਿਨੀਪੈਗ ਯੂਨੀਵਰਸਿਟੀ ਵਿਚ ਸਥਾਪਤ ਕੀਤੀ ਭਾਈ ਕਾਹਨ ਸਿੰਘ ਨਾਭਾ ਫਾਊਂਡੇਸ਼ਨ ਦੀ ਪਿਛਲੇ ਦੋ ਸਾਲਾਂ ਦੀ ਕਾਰਗੁਜ਼ਾਰੀ, ਪ੍ਰਾਪਤੀਆਂ ਅਤੇ ਫਾਊਂਡੇਸ਼ਨ ਦੁਆਰਾ ਦਿੱਤੇ ਗਏ ਮਾਣ-ਸਨਮਾਨਾਂ ਬਾਰੇ ਚਰਚਾ ਕੀਤੀ। ਇਸ ਤੋਂ ਇਲਾਵਾ ਡਾ. ਮਹਿੰਦਰ ਸਿੰਘ ਢਿੱਲੋਂ ਨੇ ਹਾਜ਼ਰ ਸਰੋਤਿਆਂ ਨੂੰ ਆਪਣੀ ਸ਼ਾਇਰੀ ਦੁਆਰਾ ਸ਼ਰਸਾਰ ਵੀ ਕੀਤਾ। ਇਸ ਤੋਂ ਬਾਅਦ ਹਰਜੀਤ ਕੌਰ ਕਾਹਲੋਂ ਨੇ ਭਾਈ ਕਾਹਨ ਸਿੰਘ ਨਾਭਾ ਦੇ ਜੀਵਨ ’ਤੇ ਸੰਪੇਖ ਰੂਪ ਵਿਚ ਚਾਨਣਾ ਪਾਇਆ ਅਤੇ ਉਨ੍ਹਾਂ ਦੁਆਰਾ ਕੀਤੇ ਕੰਮਾਂ ਦੀ ਗੰਭੀਰਤਾ ਬਾਰੇ ਹਾਜ਼ਰ ਸਰੋਤਿਆਂ ਨੂੰ ਜਾਣਕਾਰੀ ਦਿੱਤੀ।

ਸੈਮੀਨਾਰ ਵਿਚ ਗੁਰਦੀਪ ਨੇ ਭਾਈ ਜੀ ਦੇ ਸਿੱਖੀ ਬਾਰੇ ਵਿਚਾਰਾਂ ’ਤੇ ਚਾਨਣਾ ਪਾਇਆ। ਉਨ੍ਹਾਂ ਨੇ ਦੱਸਿਆ ਕਿ ਭਾਈ ਜੀ ਉਨ੍ਹਾਂ ਮੋਢੀ ਪੁਰਸ਼ਾਂ ਵਿਚੋਂ ਸਨ, ਜਿਨ੍ਹਾਂ ਨੇ ਗੁਰਬਾਣੀ ਵਿਆਕਰਣ ਲਿਖਣ, ਪੜ੍ਹਣ ਅਤੇ ਪ੍ਰਚਾਰਨ ਦੀ ਵਜ਼ਾਹਤ ਕੀਤੀ ਸੀ। ਇਸ ਤੋਂ ਇਲਾਵਾ ਦਰਬਾਰ ਸਾਹਿਬ ਵਿਚ ਪੱਥਰਾਂ ਦੀਆਂ ਮੂਰਤੀਆਂ ਹਟਵਾਉਣ ਵਿਚ ਵੀ ਉਨ੍ਹਾਂ ਦਾ ਵੱਡਾ ਯੋਗਦਾਨ ਰਿਹਾ ਹੈ। ਜੋਗਿੰਦਰ ਸਿੰਘ ਧਾਮੀ ਨੇ ਭਾਈ ਕਾਹਨ ਸਿੰਘ ਨਾਭਾ ਦੇ ਜੀਵਨ ਨੂੰ ਜਗਦੀ ਮਸ਼ਾਲ ਦੱਸਿਆ ਤੇ ਇਸ ਮਸ਼ਾਲ ਨੂੰ ਜਗਦੀ ਰੱਖਣ ਲਈ ਉਨ੍ਹਾਂ ਨੇ ‘ਮਸ਼ਾਲ’ ਨਾਂ ਦਾ ਪਰਚਾ ਕੱਢਣ ਦੀ ਤਜਵੀਜ਼ ਵੀ ਰੱਖੀ। ਇਸ ਤਜਵੀਜ਼ ਨੂੰ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਬੁਲਾਰਿਆਂ ਨੇ ਫਾਊਂਡੇਸ਼ਨ ਦੇ ਪ੍ਰਧਾਨ ਡਾ. ਮਹਿੰਦਰ ਸਿੰਘ ਢਿੱਲੋਂ ਦੇ ਕੰਮ ਦੀ ਪ੍ਰਸੰਸਾ ਕੀਤੀ ਤੇ ਸਫ਼ਲਤਾਪੂਰਵਕ ਕਾਰਜਪ੍ਰਣਾਲੀ ਲਈ ਉਨ੍ਹਾਂ ਨੂੰ ਵਧਾਈ ਦਿੱਤੀ।

ਜ਼ਿਕਰਯੋਗ ਹੈ ਕਿ ਸੈਮੀਨਾਰ ਦੀ ਸਮਾਪਤੀ ਤੋਂ ਬਾਅਦ ਭਾਈ ਜੀ ਦੀਆਂ ਰਚਨਾਵਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ, ਜਿਸ ਦਾ ਹਾਜ਼ਰ ਵਿਅਕਤੀਆਂ ਨੇ ਖ਼ੂਬ ਆਨੰਦ ਮਾਣਿਆ।

## ਗਾਰਡਵਾਇਨ ਗਰੁੱਪ ਮੁਲਨ ਗਰੁੱਪ ਲਿਮਟਿਡ ’ਚ ਸ਼ਾਮਲ

ਵਿਨੀਪੈਗ (ਨਦਬ) ਪਿਛਲੇ ਦਿਨੀਂ ਹੋਏ ਇਕ ਸੌਦੇ ਮੁਤਾਬਕ ਮੁਲਨ ਗਰੁੱਪ ਲਿਮਟਿਡ ਨੇ ਵਿਨੀਪੈਗ ਦੀ ਵੱਡੀ ਟਰਾਂਸਪੋਰਟ ਕੰਪਨੀ ਗਾਰਡਵਾਇਨ ਗਰੁੱਪ ਖਰੀਦ ਲਈ ਹੈ। ਖ਼ਬਰਾਂ ਮੁਤਾਬਕ ਸੌਦਾ 172 ਮਿਲੀਅਨ ਡਾਲਰ ’ਚ ਤੈਅ ਹੋਇਆ ਹੈ। ਸੌਦੇ ਮੁਤਾਬਕ ਮੁਲਨ ਗਰੁੱਪ ਦਾ ਹੁਣ ਉੱਤਰੀ ਗਾਰਡਵਾਇਨ, ਉੱਤਰੀ ਕਾਰਟੇਜ਼, ਉੱਤਰੀ ਡੈਕ, ਉੱਤਰੀ ਬਲਕ ਅਤੇ ਉੱਤਰੀ ਲੌਜਿਸਟਿਕਸ ’ਤੇ ਕਬਜ਼ਾ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਕੈਲਗਰੀ ਦੀ ਕੰਪਨੀ ਮੁਲਨ ਗਰੁੱਪ ਲਿਮਟਿਡ ਦਾ ਟਰਾਂਸਪੋਰਟ ਦੇ ਖੇਤਰ ਵਿਚ ਵੱਡਾ ਸਾਮਰਾਜ ਹੈ। ਕੈਲੀਸਨ ਗਰੁੱਪ, ਪਾਇਨ ਟਰਾਂਸਪੋਰਟ ਅਤੇ ਸਮੂਕ ਕੰਟੈਕਟਰ ਆਦਿ ਵੀ ਇਸ ਕੰਪਨੀ ਦਾ ਹਿੱਸਾ ਹਨ। ਇਸ ਕੰਪਨੀ ਦੀ ਨੀਂਹ 1952 ਵਿਚ ਰੱਖੀ ਗਈ ਸੀ। ਇਹ ਕੰਪਨੀ ਨਾ ਸਿਰਫ਼ ਖੇਤਰੀ ਪੱਧਰ ’ਤੇ ਟਰੱਕ ਲੋਡਿੰਗ ਦੀਆਂ ਸੇਵਾਵਾਂ ਦਿੰਦੀ ਹੈ, ਸਗੋਂ ਰਾਸ਼ਟਰੀ ਪੱਧਰ ’ਤੇ ਅਜਿਹੀਆਂ ਸੇਵਾਵਾਂ ਉਪਲਬਧ ਕਰਵਾਉਣ ’ਚ ਇਸ ਦੀ ਪ੍ਰਸਿੱਧੀ ਹੈ। ਮੈਨੀਟੋਬਾ ਅਤੇ ਓਨਟਾਰੀਓ ਵਿਚ ਸੇਵਾਵਾਂ ਦੇਣ ਲਈ ਕੰਪਨੀ ਕੋਲ 660 ਟਰੱਕ ਅਤੇ 1300 ਟਰੇਲਰ ਹਨ। ਕੰਪਨੀ ਵਿਚ ਲਗਭਗ 1500 ਮੁਲਾਜ਼ਮ ਕੰਮ ਕਰਦੇ ਹਨ। ਮੁਲਨ ਗਰੁੱਪ ਲਿਮਟਿਡ ਬਹੁਤ ਹੀ ਸਫਲਤਾ ਨਾਲ ਆਪਣੇ ਕਾਰੋਬਾਰ ਵਿਚ ਲਗਾਤਾਰ ਵਾਧਾ ਕਰ ਰਹੀ ਹੈ। ਗਾਰਡਵਾਇਨ ਗਰੁੱਪ ਨੂੰ ਆਪਣੇ ਵਿਚ ਸ਼ਾਮਲ ਕਰਨਾ ਇਸ ਦੀ ਇਕ ਹੋਰ ਵੱਡੀ ਉਪਲਬਧੀ ਹੈ।

Nu Tech Plumbing

Services & Maintenance for
Residential & Commercial Projects
Licensed Insured Bonded

We also install
RO and
water softner

Email : nutechplumbing@gmail.com

Gurpreet Mann
Jagwant Wraich

780-267-8033
780-450-2464



ਤਜ਼ਰੇਬਕਾਰ
ਵਰਕਰ ਦੀ
ਜ਼ਰੂਰਤ ਹੈ

City Furnace Cleaning Ltd
Your Indoor Air Quality Specialist


ਹਰਪ੍ਰੀਤ ਸਿੰਘ ਗਰੇਵਾਲ

We have certified, insured and
bonded Techinican’s who clean :-
FURNACES
AIR DUCTS
HOT WATER TANKS
DRYER VENTS
AIR CONDITIONING COILS



Free Estimate

‘ਨਵੀਂ ਦੁਨੀਆ’ ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ

For a free, none obligation quote please call
(780) 469-7202

ਭਾਵੇਂ ਤੁਸੀਂ ਨਵਾਂ ਘਰ ਬਣਾਇਆ ਹੈ ਜਾਂ ਆਪਣੇ ਪੁਰਾਣੇ ਘਰ ਦਾ ਫਰਨਸ ਅਤੇ ਵਾਟਰ ਟੈਂਕ ਸਾਫ ਕਰਵਾਉਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰੋ

Mission AUTO & TRUCK REPAIR LTD.
Specialized in European & Japanese Cars

ਆਪਣੀਆਂ ਗੱਡੀਆਂ ਅਤੇ ਟਰੱਕਾਂ ਦੀ ਤਸੱਲੀਬਖ਼ਸ਼ ਰਿਪੇਅਰ ਵਾਜਬ ਕੀਮਤਾਂ ’ਤੇ ਕਰਾਉਣ ਲਈ ਸਾਡੇ ਕੋਲ ਆਓ




Sam Rooprai

2 ਮਕੈਨਿਕ, 2 ਹੈਲਪਰ ਅਤੇ ਇਕ Receptionist ਦੀ ਤੁਰੰਤ ਲੋੜ ਹੈ।
Receptionist ਨੂੰ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਦੀ ਜਾਣਕਾਰੀ ਹੋਣੀ ਚਾਹੀਦੀ ਹੈ।

Tel : (780) 243 7918 Cell. : (780) 243 7918
3107 92 st NW, Edmonton, Alberta T6N 189
Fax : (780) 439 3359

# SOUTH ASIAN FINANCIAL LTD

# ਸਾਊਥ ਏਸ਼ੀਅਨ ਫ਼ਾਈਨੈਂਸ਼ੀਅਲ ਲਿਮ.

## Welcome to South Asian Financial

*We, at South Asian Financial, strive not only to be the best in the industry by being the leader in client care, but also provide innovative financial solutions. We do not categorize each purchase/finance/sale in one box as we understand that each and every one and circumstances are unique. Our innovative financial representatives will provide financing solutions to best suite your needs.*

*Let us help you with your financial needs, whether it's purchasing or selling your equipment. Make South Asian Financial your loyal financial companion in building your business.*

## Why South Asian Financial

- *Loyal Financial Companion*
- *Innovative financing/solutions*
- *Quick turnaround time/approvals*
- *Competitive rates*
- *Excellent client care*
- *Down payment assistance*
- *Finance and/or sell your equipment*

## Available Financial Solutions

*Whether it's your first time purchasing/leasing your very first equipment or seeking to further expand your company, South Asian Financial is your loyal financial companion. We strive to be the best in the industry by providing innovative ways to help you achieve your financial needs.*

*South Asian Financial not only assist you in your purchases/leases (from construction, to office to medical equipments) but also will assist in many ways that other financial companies won't do. Our financial representatives are all experienced in the industry and have seen and experienced it all.*

*Contact us and let us show and prove to you what we can do. Let South Asian Financial be your loyal financial companion.*

## ਸਾਊਥ ਏਸ਼ੀਅਨ ਫਾਈਨੈਂਸ਼ੀਅਲ 'ਚ ਸਵਾਗਤ ਹੈ

ਅਸੀਂ, ਸਾਊਥ ਏਸ਼ੀਅਨ ਫਾਈਨੈਂਸ਼ੀਅਲ ਨਾ ਸਿਰਫ਼ ਆਪਣੇ ਗਾਹਕਾਂ (ਕਲਾਇੰਟਸ) ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਸਭ ਤੋਂ ਅੱਗੇ ਹਾਂ, ਸਗੋਂ ਉਨ੍ਹਾਂ ਨੂੰ ਨਵੇਂ ਤੇ ਬਿਹਤਰੀਨ ਹੱਲ ਵੀ ਮੁਹੱਈਆ ਕਰਾਉਂਦੇ ਹਾਂ। ਅਸੀਂ ਹਰੇਕ ਖ਼ਰੀਦ/ਫਾਇਨਾਂਸ/ਵੇਚ ਨੂੰ ਇਕੋ ਬਕਸੇ ਵਿਚ ਨਹੀਂ ਰੱਖਦੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਹਰੇਕ, ਹਰ ਇਕ ਲਈ ਤੇ ਹਰ ਹਾਲਾਤ ਵਿਲੱਖਣ ਹੁੰਦੇ ਹਨ। ਸਾਡੇ ਉਤਸ਼ਾਹੀ ਵਿੱਤੀ ਪ੍ਰਤੀਨਿਧ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਤੁਹਾਨੂੰ ਬਿਹਤਰ ਤੋਂ ਬਿਹਤਰ ਹੱਲ ਸੁਝਾਉਣਗੇ।

ਆਪਣੀਆਂ ਵਿੱਤੀ ਲੋੜਾਂ ਮੁਤਾਬਕ, ਭਾਵੇਂ ਤੁਸੀਂ ਕੋਈ ਖ਼ਰੀਦ ਕਰਨੀ ਹੈ ਜਾਂ ਤੁਸੀਂ ਕੋਈ ਸਾਮਾਨ ਵੇਚਣਾ ਹੈ, ਤੁਸੀਂ ਸਾਨੂੰ ਮਦਦ ਦਾ ਮੌਕਾ ਦਿਓ। ਆਪਣਾ ਕਾਰੋਬਾਰ ਵਧਾਉਣ ਵਿਚ ਸਾਊਥ ਏਸ਼ੀਅਨ ਫਾਇਨਾਸ਼ੀਅਲ ਨੂੰ ਆਪਣਾ ਸੱਚਾ ਵਿੱਤੀ ਸਹਾਇਕ ਬਣਾਓ।

## ਸਾਊਥ ਏਸ਼ੀਅਨ ਫਾਈਨੈਂਸ਼ੀਅਲ ਹੀ ਕਿਉਂ!

- ਭਰੋਸੇਮੰਦ ਵਿੱਤੀ ਸਾਥੀ
- ਉਤਸ਼ਾਹੀ ਫਾਇਨਾਂਸ/ਹੱਲ
- ਤੁਰੰਤ ਨਵੀਂ ਨੀਤੀ ਧਾਰਕ/ਮਨਜ਼ੂਰੀਆਂ
- ਮੁਕਾਬਲਾ ਦਰਾਂ
- ਬਿਹਤਰੀਨ ਗਾਹਕ ਸਹੂਲਤਾਂ
- ਨਕਦ ਅਦਾਇਗੀ ਸਹਾਇਤਾ
- ਆਪਣੇ ਔਜਾਰ ਵੇਚਣ ਜਾਂ ਫਾਇਨਾਂਸ ਦੀ ਸਹੂਲਤ

## ਮੌਜੂਦ ਵਿੱਤੀ ਹੱਲ

ਭਾਵੇਂ ਤੁਸੀਂ ਪਹਿਲੀ ਵਾਰ ਆਪਣੇ ਔਜਾਰ ਖ਼ਰੀਦ ਜਾਂ ਲੀਜ਼ 'ਤੇ ਲੈ ਰਹੇ ਹੋ ਜਾਂ ਤੁਸੀਂ ਆਪਣੀ ਕੰਪਨੀ ਦਾ ਵਿਸਥਾਰ ਕਰਨਾ ਚਾਹੁੰਦੇ ਹੋ। ਸਾਊਥ ਏਸ਼ੀਅਨ ਫਾਈਨੈਂਸ਼ੀਅਲ ਤੁਹਾਡਾ ਭਰੋਸੇਮੰਦ ਵਿੱਤੀ ਸਾਥੀ ਹੈ। ਤੁਹਾਡੀਆਂ ਵਿੱਤੀ ਲੋੜਾਂ ਪੂਰੀਆਂ ਕਰਨ ਵਿਚ ਹਰ ਸੰਭਵ ਮਦਦ ਕਰਨ ਦੀ ਸਾਡੀ ਕੋਸ਼ਿਸ਼ ਰਹਿੰਦੀ ਹੈ।

ਸਾਊਥ ਏਸ਼ੀਅਨ ਫਾਈਨੈਂਸ਼ੀਅਲ ਨਾ ਸਿਰਫ਼ ਖ਼ਰੀਦ/ਲੀਜ਼ (ਨਿਰਮਾਣ ਕਾਰਜਾਂ ਤੋਂ ਲੈ ਕੇ ਦਫ਼ਤਰ ਤੇ ਮੈਡੀਕਲ ਔਜਾਰ) ਵਿਚ ਤੁਹਾਡੀ ਮਦਦ ਕਰਦਾ ਹੈ, ਸਗੋਂ ਹੋਰਨਾਂ ਕੰਮਾਂ ਵਿਚ ਵੀ ਤੁਹਾਨੂੰ ਸਹਿਯੋਗ ਕਰੇਗਾ ਜੋ ਦੂਜੀਆਂ ਵਿੱਤੀ ਕੰਪਨੀਆਂ ਨਹੀਂ ਕਰਦੀਆਂ। ਇਸ ਖੇਤਰ ਵਿਚ ਸਾਡੇ ਸਾਰੇ ਪ੍ਰਤੀਨਿਧ ਬੇਹੱਦ ਤਜਰਬੇਕਾਰ ਹਨ।

ਸਾਡੇ ਨਾਲ ਸੰਪਰਕ ਕਰੋ ਅਤੇ ਸਾਨੂੰ ਆਪਣਾ ਬਿਹਤਰੀਨ ਕੰਮ ਦਿਖਾਉਣ ਦਾ ਮੌਕਾ ਦਿਓ। ਸਾਊਥ ਏਸ਼ੀਅਨ ਫਾਈਨੈਂਸ਼ੀਅਲ ਨੂੰ ਆਪਣਾ ਸੱਚਾ, ਭਰੋਸਾਮੰਦ ਸਾਥੀ ਬਣਾਓ।



## For More info Contact South Asian Financial

ਵਧੇਰੇ ਜਾਣਕਾਰੀ ਲਈ ਸਾਊਥ ਏਸ਼ੀਅਨ ਫਾਈਨੈਂਸ਼ੀਅਲ ਨਾਲ ਸੰਪਰਕ ਕਰੋ:

*Toll Free:1-877-816-3510*
www.southasianfinancial.com
1819 67 St, Edmonton, AB T6X 0L9

*Alan Ajit Walia*
780-995-2719 (Cell)
Suit 104-10525 170 St. Edmonton

*Email: info@southasianfinancial.com*

ਸਫ਼ਾ 20 ਦੀ ਬਾਕੀ

## ਕਦੋਂ ਤਕ ਹੁੰਦਾ ਰਹੇਗਾ 'ਸਿਹਤ ਕੈਂਪਾਂ' ਰਾਹੀਂ...

ਦੂਸਰੀਆਂ ਦੋ ਘਟਨਾਵਾਂ ਦਾ ਵਿਸ਼ਲੇਸ਼ਣ ਵੀ 'ਕੈਂਪ ਰਾਜਨੀਤੀ' ਦੇ ਆਧਾਰ 'ਤੇ ਹੋਣਾ ਚਾਹੀਦਾ ਹੈ। ਇਕ ਘਟਨਾ ਅੰਮ੍ਰਿਤਸਰ ਜ਼ਿਲ੍ਹੇ ਦੇ ਅਜਨਾਲਾ ਖੇਤਰ ਦੀ ਹੈ, ਜਿਥੇ 18 ਨਵੰਬਰ 2014 ਨੂੰ ਵੱਡੀ ਗਿਣਤੀ ਵਿਚ 'ਅੱਖਾਂ ਦੇ ਅਪ੍ਰੇਸ਼ਨ' ਕਰਨ ਲਈ ਕੈਂਪ ਲਾਇਆ ਗਿਆ। ਇਸ ਵਿਚ 60 (ਜ਼ਿਲ੍ਹਾ ਗੁਰਦਾਸਪੁਰ ਦੇ 44 ਅਤੇ ਅੰਮ੍ਰਿਤਸਰ) ਮਰੀਜ਼ਾਂ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ ਹੈਘਟਦੀ ਰੌਸ਼ਨੀ ਦੀ ਥਾਂ ਜਗਮਾਉਂਦੀ ਅੱਖਾਂ ਦੀ ਲੋਅ ਦੀ ਆਸ ਲੈ ਕੇ 60 ਗ਼ਰੀਬ ਮਰੀਜ਼ ਸਦਾ ਲਈ ਹਨੇਰੇ ਦੀ ਅੰਨ੍ਹੀ ਘੁੰਮਣ ਘੇਰੀ ਵਿਚ ਫਸ ਕੇ ਰਹਿ ਗਏ ਹਨ। ਇਨ੍ਹਾਂ ਦਾ ਕਸੂਰ ਇਹੀ ਹੈ ਕਿ ਇਹ ਗ਼ਰੀਬ ਸਨ ਅਤੇ ਕਿਸੇ ਅੱਖਾਂ ਦੇ ਵੱਡੇ ਨਿੱਜੀ ਮਹਿੰਗੇ ਹਸਪਤਾਲ ਤੋਂ ਇਲਾਜ ਨਹੀਂ ਸਨ ਕਰਵਾ ਸਕਦੇ। ਅੱਖਾਂ ਦਾ ਇਹ ਕੈਂਪ ਅਜਨਾਲਾ ਖੇਤਰ ਦੇ ਗ਼ਰੀਬਾਂ ਦਾ 'ਪਰਉਪਕਾਰ' ਕਰਨ ਅਜਨਾਲਾ (ਅੰਮਿਤਸਰ) ਵਿਖੇ ਲਾਇਆ ਗਿਆ ਅਤੇ ਇਸ ਦੇ ਅਪ੍ਰੇਸ਼ਨ ਜ਼ਿਲ੍ਹਾ ਗੁਰਦਾਸਪੁਰ ਦੇ ਕਬਸੇ ਘੁੰਮਾਣ ਵਿਖੇ ਕੀਤੇ ਗਏ। ਪਰ 'ਕੈਂਪ' ਲਾਉਣ ਵਾਲੇ ਜ਼ਿੰਮੇਵਾਰੀ ਲੈਣ ਦੀ ਥਾਂ ਲੋਕ ਭਲਾਈ ਲਈ ਪਹਿਲਾਂ ਵੀ ਕਈ ਗ਼ਰੀਬ ਲੜਕੀਆਂ ਦੇ ਵਿਆਹ ਕਰਾਉਣ ਅਤੇ ਕਈ ਹੋਰ ਕੈਂਪ ਲਾਉਣ ਦਾ 'ਪਵਿੱਤਰ' ਪਿਛੋਕੜ ਦੱਸ ਰਹੇ ਹਨ। ਕੀ ਇਸ ਦੀ ਜ਼ਿੰਮੇਵਾਰੀ ਬਾਦਲ ਸਾਹਿਬ 'ਤੇ ਨਹੀਂ ਆਉਂਦੀ? ਸਰਕਾਰੀ ਹਸਪਤਾਲਾਂ ਵਿਚ ਅੱਖਾਂ ਦੇ ਮਾਹਰ ਡਾਕਟਰਾਂ ਦੀ ਲੋੜ ਅਨੁਸਾਰ ਭਰਤੀ ਨਾ ਕਰਨ ਅਤੇ ਗ਼ਰੀਬਾਂ ਨੂੰ ਸਸਤੇ ਤੇ ਵਧੀਆ ਇਲਾਜ ਦਾ ਪ੍ਰਬੰਧ ਨਾ ਕਰ ਸਕਣ 'ਤੇ ਕਿਉਂ ਨਾ ਬਾਦਲ ਸਾਹਿਬ ਵਲੋਂ ਖ਼ੁਦ 'ਤੇ ਜ਼ਿੰਮੇਵਾਰੀ ਲਈ ਜਾਵੇ? ਪੰਜਾਬ ਦੇ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ, ਦੋਵੇਂ ਜ਼ਿਲ੍ਹਿਆਂ ਦੇ ਸਿਵਲ ਸਰਜਨ ਆਦਿ ਕਿਵੇਂ ਜ਼ਿੰਮੇਵਾਰੀ ਤੋਂ ਬਚ ਸਕਦੇ ਹਨ? ਪਰ ਸਭ ਬਚ ਜਾਣਗੇ। ਅੱਖਾਂ ਦੀ ਰੌਸ਼ਨੀ ਗੁਆਉਣ ਵਾਲੇ ਹਨ ਤਾਂ ਗ਼ਰੀਬ ਹੀ।

ਤੀਜੀ ਘਟਨਾ 23 ਨਵੰਬਰ 2014 ਦੀ। ਲੁਧਿਆਣਾ ਦੇ ਸਿਵਲ ਹਸਪਤਾਲ ਦੀ ਹੈ। ਇਥੇ ਜਣੇਪੇ ਦੌਰਾਨ 6 ਬੱਚਿਆਂ ਦੀ (5 ਦੀ ਮੌਕੇ 'ਤੇ ਅਤੇ ਇਕ ਦੀ ਅਗਲੇ ਦਿਨ) ਮੌਤ ਹੋ ਗਈ। ਹਾਲੇ ਹੋਰ ਕਈ ਤੜਪ ਰਹੇ ਹਨ। ਉਨ੍ਹਾਂ ਦਾ ਕਾਤਲ ਕੌਣ ਹੈ? ਇਸ ਸਿਵਲ ਹਸਪਤਾਲ ਵਿਚ ਵੀ ਛੱਤੀਸਗੜ੍ਹ ਦੇ 'ਨੇਮੀ ਚੰਦਰ ਜੈਨ ਕੈਂਸਰ ਹਸਪਤਾਲ' ਵਾਂਗ ਹੀ 'ਜੱਚਾ-ਬੱਚਾ, ਮਦਰ ਕੇਅਰ ਵਿਭਾਗ' ਦੀ ਨਵੀਂ ਉਸਾਰੀ ਦਾ ਉਦਘਾਟਨ ਹਾਲੇ ਕੁਝ ਦਿਨ ਪਹਿਲਾਂ ਹੀ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਵਲੋਂ ਕੀਤਾ ਗਿਆ ਸੀ। ਦੱਸਿਆ ਗਿਆ ਹੈ ਕਿ ਅਪ੍ਰੇਸ਼ਨ ਥੀਏਟਰ ਬੰਦ ਸੀ ਅਤੇ ਕੋਈ ਮਾਹਰ ਡਾਕਟਰ ਵੀ ਮੌਜੂਦ ਨਹੀਂ ਸੀ। ਹੇਠਲੇ ਅਮਲੇ ਨੇ ਆਪ ਹੀ ਡਾਂਗਾਂ ਮਾਰਦੀਆਂ ਮਾਵਾਂ ਦੇ ਅਪ੍ਰੇਸ਼ਨ ਕਰ ਦਿੱਤੇ ਤੇ ਇਸੇ ਦੌਰਾਨ 20 ਵਿਚੋਂ 6 ਬੱਚਿਆਂ ਦੀ ਮੌਤ ਹੋ ਗਈ। ਇਹ ਵੀ 'ਕੈਂਪ' ਵਾਂਗ ਹੀ ਸੀ। ਆਸ਼ਾ ਵਰਕਰਾਂ ਨੇ ਜਣੇਪੇ ਦੇ ਕੈਂਪ ਲਈ ਇਹ 20 ਔਰਤਾਂ ਲਿਆਂਦੀਆਂ ਸਨ। ਮੰਤਰੀ ਜੀ ਕਹਿ ਰਹੇ ਹਨ ਕਿ ਡਾ. ਅਲਕਾ ਮਿੱਤਲ ਦੀ ਡਿਊਟੀ ਸੀ ਪਰ ਉਹ ਹਾਜ਼ਰ ਨਹੀਂ ਸੀ ਹੋਈ। ਇਥੇ ਵੀ ਉਹੀ ਕੀਤਾ ਗਿਆ ਹੈ। ਕੁਝ ਕਰਮਚਾਰੀ ਮੁਅੱਤਲ ਕਰ ਦਿੱਤੇ ਹਨ, ਇਕ ਜਾਂਚ ਕਮੇਟੀ ਬਣਾ ਦਿੱਤੀ ਹੈ ਤੇ ਰਿਪੋਰਟ ਮਿਲਣ ਤਕ ਲੋਕਾਂ ਨੂੰ ਚੇਤਾ ਭੁੱਲ ਜਾਵੇਗਾ। ਸਿਹਤ ਮੰਤਰੀ ਤੇ ਮੁੱਖ ਮੰਤਰੀ ਸਾਫ਼ ਬਰੀ। ਕਿਸੇ ਵੀ ਸਰਕਾਰੀ ਹਸਪਤਾਲ ਵਿਚ ਚਲੇ ਜਾਵੋ, ਤੁਸੀਂ ਮੰਦਾ ਹਾਲ ਹੀ ਵੇਖੋਗੇ। ਸਾਫ਼ ਸਫ਼ਾਈ ਦਾ ਪ੍ਰਬੰਧ ਨਹੀਂ ਹੁੰਦਾ। ਬੋਅ ਮਾਰਦੇ ਬਰਾਂਡਿਆਂ ਅਤੇ ਜੱਚਾ ਬੱਚਾ ਵਾਰਡਾਂ 'ਚ 'ਸੰਸਾਰ' ਦੇ ਕੁਦਰਤੀ ਵਰਤਾਰੇ ਨੂੰ ਅੱਗੇ ਤੋਰਨ ਦੇ ਪਵਿੱਤਰ ਕਾਰਜ ਵਿਚ ਜੁੱਟੀਆਂ 'ਮਾਵਾਂ' ਦਾ ਐਸਾ ਹਾਲ ਵੇਖ ਕੇ ਸ਼ੈਤਾਨ ਦੀ ਵੀ ਰੂਹ ਕੰਬ ਜਾਵੇ ਪਰ ਸਰਕਾਰ ਦੀ ਅੱਖ ਵਿਚ ਕੋਈ ਦਰਦ ਨਹੀਂ ਆਉਂਦਾ। ਇਹ ਨਿਰਦਇਤਾ ਤੇ ਅਪਰਾਧ ਦੀ ਸਿਖ਼ਰ ਹੈ। ਲੋਕਾਂ ਨੂੰ ਵਿਸ਼ੇਸ਼ ਕਰ ਕੇ ਗ਼ਰੀਬਾਂ ਨੂੰ ਸਸਤਾ ਤੇ ਸੁਥਰਾ ਇਲਾਜ ਕਦੋਂ ਨਸੀਬ ਹੋਵੇਗਾ? ਕਦੋਂ ਗ਼ਰੀਬ ਲੋਕਾਂ ਨੂੰ ਸੁਚੱਜਾ ਜੀਵਨ ਜਿਊਣ ਲਈ ਬਰਾਬਰ ਦਾ ਹੱਕ ਮਿਲੇਗਾ? 'ਕੈਂਪ' ਵਰਤਾਰੇ ਬਾਰੇ ਸਰਕਾਰ ਜਾਂ ਸੁਪਰੀਮ ਕੋਰਟ ਕਦੋਂ ਸੁਚੇਤ ਹੋਵੇਗੀ? ਤੇ ਫਿਰ ਸਵਾਲਾਂ ਦਾ ਸਵਾਲ ਕਿ ਇਸ 70 ਫ਼ੀਸਦੀ ਤੋਂ ਵੱਧ ਗ਼ਰੀਬ ਲੋਕਾਂ ਦੀ ਗ਼ਰੀਬੀ ਦਾ ਜ਼ਿੰਮੇਵਾਰ ਕੌਣ ਹੈ? ਕੌਣ ਜ਼ਿੰਮੇਵਾਰ ਹੈ ਇਨ੍ਹਾਂ ਕੈਂਪਾਂ ਵਿਚ ਹੋਈਆਂ ਗ਼ਰੀਬਾਂ ਦੀਆਂ ਮੌਤਾਂ ਦਾ। ਕੋਈ ਤਾਂ ਹੈ ਹੀ ਨਾ।

ਸਫ਼ਾ 1 ਦੀ ਬਾਕੀ

## ਪਾਕਿ 'ਚ 'ਮਾਸੂਮ ਅੱਲਾ' ਕਤਲ



ਮਾਹਰ ਇਸ ਹਮਲੇ ਵਿਚ ਆਈ. ਐਸ.ਆਈ.ਐਸ. ਦਾ ਹੱਥ ਮੰਨ ਰਹੇ ਹਨ ਅਤੇ ਮੰਨਿਆ ਜਾ ਰਿਹਾ ਹੈ ਕਿ ਇਹ ਹਮਲਾ ਪਾਕਿਸਤਾਨ ਵਿਚ ਆਈ.ਐਸ. ਆਈ.ਐਸ. ਦੀ ਮਜ਼ਬੂਤ ਦਾਖ਼ਲੇ ਦਾ ਸੰਕੇਤ ਹੈ। ਇਸੇ ਦੌਰਾਨ ਸਕੂਲ 'ਤੇ ਹਮਲੇ ਤੋਂ ਬਾਅਦ ਸਾਰੀਆਂ ਇੰਟਰਨੈਸ਼ਨਲ ਏਅਰਲਾਈਨਜ਼ ਕੰਪਨੀਆਂ ਨੇ ਪੇਸ਼ਾਵਰ ਏਅਰਪੋਰਟ 'ਤੇ ਆਪਣੇ ਅਪਰੇਸ਼ਨ ਰੋਕ ਦਿੱਤੇ ਹਨ। ਇਥੋਂ ਤਕ ਕਿ ਪਾਕਿਸਤਾਨ ਦੀ ਸਰਕਾਰੀ ਏਅਰਲਾਈਨ ਕੰਪਨੀ ਪੀ.ਆਈ.ਏ. ਦੇ ਵਿਦੇਸ਼ੀ ਕਰੂ ਮੈਂਬਰਾਂ ਨੇ ਵੀ ਪੇਸ਼ਾਵਰ ਵਿਚ ਸੇਵਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਯੂ.ਏ.ਈ. ਨੇ ਆਪਣਾ ਕੋਈ ਵੀ ਜਹਾਜ਼ ਪੇਸ਼ਾਵਰ ਨਾ ਭੇਜਣ ਦਾ ਫ਼ੈਸਲਾ ਕੀਤਾ ਹੈ।

ਸਫ਼ਾ 1 ਦੀ ਬਾਕੀ

## ਅਲਬਰਟਾ ਵਿਰੋਧੀ ਧਿਰ ਤੋਂ ਹੋ ਸਕਦਾ ਹੈ ਸੱਖਣਾ

ਜੇਕਰ ਇਹ ਗੱਲਬਾਤ ਸਿਰੇ ਚੜ੍ਹ ਜਾਂਦੀ ਹੈ ਤਾਂ ਬਹੁਤ ਛੇਤੀ ਇਸਦਾ ਐਲਾਨ ਹੋ ਜਾਵੇਗਾ। ਦੱਸਣਾ ਬਣਦਾ ਹੈ ਕਿ ਪ੍ਰੈਨਟਿਸ ਉਦੋਂ ਤੋਂ ਸ਼ਮੂਲੀਅਤ ਦੀ ਗੱਲ ਕਰ ਰਿਹਾ ਹੈ ਜਦੋਂ ਉਸਨੂੰ ਅਜੇ ਸੂਬੇ ਦੀ ਵਾਗਡੋਰ ਨਹੀਂ ਸੌਂਪੀ ਗਈ ਸੀ। ਉਸਦਾ ਵਿਚਾਰ ਹੈ ਕਿ ਪਾਰਟੀ ਨੂੰ ਚੰਗੇ ਭਵਿੱਖ ਵੱਲ ਲੈ ਕੇ ਜਾਣ ਲਈ ਇਹ ਫੈਸਲਾ ਕਾਫ਼ੀ ਸਹਾਈ ਹੋਵੇਗਾ। ਦੂਜੇ ਪਾਸੇ ਐਨਡੀਪੀ ਦੀ ਆਗੂ ਰਿਚਲ ਨੋਟਲੇ ਦਾ ਕਹਿਣਾ ਹੈ ਕਿ ਜੇਕਰ ਇਹਨਾਂ ਦੋਵਾਂ ਸਿਆਸੀ ਪਾਰਟੀਆਂ ਦਾ ਮਿਲਾਨ ਹੁੰਦਾ ਹੈ ਤਾਂ ਇਹ ਅਲਬਰਟਾ ਦੀ ਜਨਤਾ ਨਾਲ ਵੱਡਾ ਧੋਖ਼ਾ ਹੋਵੇਗਾ। ਉਹਨਾਂ ਦਾ ਕਹਿਣਾ ਹੈ ਕਿ ਲੋਕਾਂ ਨੇ ਵਾਈਲਡਰੋਜ਼ ਪਾਰਟੀ ਨੂੰ ਹਮੇਸ਼ਾ ਪ੍ਰੋਗਰੈਸਿਵ ਪਾਰਟੀ ਤੋਂ ਵੱਖਰਾ ਕਰਕੇ ਚਿਤਵਿਆ ਹੈ। ਇਹੀ ਨਹੀਂ ਇਸ ਮਾਮਲੇ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਵੀ ਵੱਡਾ ਧੋਖ਼ਾ ਕਰ ਰਹੀ ਹੈ। ਇਹ ਰੁਝਾਨ ਵੋਟਰਾਂ ਦਾ ਸਿਆਸੀ ਪਾਰਟੀਆਂ 'ਤੇ ਵਿਸ਼ਵਾਸ ਨੂੰ ਘਟਾਉਂਦਾ ਹੈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸਿਆਸੀ ਲੋਕਾਂ ਤੋਂ ਬਿਨਾ ਇੱਕ ਨਜ਼ਰੀਆ ਆਮ ਵੋਟਰਾਂ ਦਾ ਵੀ ਹੈ। ਜਿਨ੍ਹਾਂ ਨੇ ਦੋਵੇਂ ਸਿਆਸੀ ਪਾਰਟੀਆਂ ਨੂੰ ਹਮੇਸ਼ਾ ਵੱਖੋ-ਵੱਖਰੇ ਨਜ਼ਰੀਏ ਤੋਂ ਦੇਖਿਆ ਹੈ ਤੇ ਇਸ ਨਜ਼ਰੀਏ ਅਨੁਸਾਰ ਹੀ ਆਪਣਾ ਮਤ ਦਿੱਤਾ ਹੈ। ਹੁਣ ਜੇਕਰ ਇਹ ਦੋਵੇਂ ਪਾਰਟੀਆਂ ਇੱਕ ਹੋ ਜਾਂਦੀਆਂ ਹਨ ਤਾਂ ਨਿਸਚਿਤ ਤੌਰ 'ਤੇ ਇਹ ਵੋਟਰ ਆਪਣੇ ਆਪ ਨੂੰ ਠੱਗੇ ਹੋਏ ਮਹਿਸੂਸ ਕਰਨਗੇ। ਬੁੱਧੀਜੀਵੀਆਂ ਦਾ ਮੰਨਣਾ ਇਹ ਹੈ ਕਿ ਇਸ ਤਰ੍ਹਾਂ ਦੀ ਸਿਆਸਤ ਲੋਕਤਾਂਤਰਿਕ ਕਦਰਾਂ-ਕੀਮਤਾਂ ਲਈ ਹਮੇਸ਼ਾ ਖ਼ਤਰਨਾਕ ਸਿੱਧ ਹੁੰਦੀ ਹੈ।

ਸਫ਼ਾ 18 ਦੀ ਬਾਕੀ

## ਬਾਲਗ ਹਵਸ....

ਇਨ੍ਹਾਂ ਸਾਰਿਆਂ ਦੇ ਨਾਲ ਸਮਾਜਕ ਵਰਗਾਂ ਦਰਮਿਆਨ ਆਪਸੀ ਸੰਵਾਦ ਵਿਚ ਵੀ ਕਮੀ ਆਈ ਹੈ। ਜਾਤੀ ਅਤੇ ਧਰਮ ਦੇ ਭੇਦ-ਭਾਵ ਹਾਲੇ ਵੀ ਬਰਕਰਾਰ ਹਨ, ਪਰ ਆਰਥਕ ਵਰਗਾਂ ਵਿਚ ਜਿਸ ਤਰ੍ਹਾਂ ਵੰਡ ਵਧੀ ਹੈ, ਉਸ ਤਰ੍ਹਾਂ ਕਦੇ ਨਹੀਂ ਸੀ। ਪਹਿਲਾਂ ਵੀ ਗ਼ਰੀਬ ਅਤੇ ਅਮੀਰ ਸਨ, ਪਰ ਅੱਜ ਜੋ ਗ਼ਰੀਬ ਤੇ ਅਮੀਰ ਹਨ, ਉਨ੍ਹਾਂ ਦੇ ਇੱਕਠੇ ਹੋਣ ਦੀ ਜੋ ਘਟਨਾ ਹੈ, ਉਹ ਇਕਦਮ ਨਵੀਂ ਹੈ। ਉਨ੍ਹਾਂ ਦੇ ਸੁਪਨੇ ਬਹੁਤ ਹਦ ਤਕ ਇਕੋ ਜਿਹੇ ਹੋ ਗਏ ਹਨ ਅਤੇ ਉਨ੍ਹਾਂ ਦੀਆਂ ਹਕੀਕਤਾਂ ਇਕ ਦੂਸਰੇ ਨਾਲੋਂ ਬਹੁਤ ਵੱਖ ਹੋ ਚੁੱਕੀਆਂ ਹਨ। ਇਹ ਅਸੰਤੁਲਨ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਅਜਿਹਾ ਜਟਿਲ ਸਹਿ-ਅਸਤਿਤਵ ਪਹਿਲੀ ਵਾਰ ਉਭਰਿਆ ਹੈ।

ਇਸ ਵਿਚ ਇਕ ਨਵੀਂ ਗੱਲ ਹੈ ਜੋ ਪਹਿਲਾਂ ਨਹੀਂ ਸੀ। ਪਹਿਲਾਂ ਜੋ ਅਮੀਰ ਜਾਂ ਉਸ ਦੇ ਜੀਵਨ ਦੇ ਸੁੱਖ ਅਤੇ ਵਿਲਾਸ ਦੀ ਕਲਪਨਾ ਗ਼ਰੀਬ ਨੂੰ ਨਹੀਂ ਹੋ ਪਾਉਂਦੀ ਸੀ, ਪਰ ਅੱਜ ਦਾ ਗ਼ਰੀਬ ਜਮਹੂਰੀ ਗ਼ਰੀਬ ਹੈ। ਤਕਨੀਕ, ਅਖ਼ਬਾਰ ਅਤੇ ਫ਼ਿਲਮਾਂ ਨੇ ਉਸ ਨੂੰ ਇਹ ਸਿਖਾ ਦਿੱਤਾ ਹੈ ਕਿ ਅਮੀਰਾਂ ਦਾ ਸੁੱਖ ਅਤੇ ਵਿਲਾਸ ਕਿਵੇਂ ਹੁੰਦਾ ਹੈ। ਹੁਣ ਗ਼ਰੀਬ ਆਦਮੀ ਆਪਣੀ ਮਿਹਨਤ ਜਾਂ ਬੁੱਧੀ ਨਾਲ ਉਸ ਵਿਲਾਸ ਨੂੰ ਹਾਸਲ ਕਰਨ ਵਿਚ ਅਕਸਰ ਹੀ ਅਸਫਲ ਰਹਿੰਦਾ ਹੈ। ਉਸ ਵਕਤ ਜੋ ਅਸੰਤੋਸ਼ ਉਭਰਦਾ ਹੈ, ਉਸ ਦੀ ਪ੍ਰਤੀਤੀ ਕਿੱਥੇ ਹੋਵੇਗੀ? ਸੁਭਾਵਕ ਤੌਰ 'ਤੇ ਉਹ ਖਿਝ ਇਸੇ ਤਰ੍ਹਾਂ ਦੇ ਕਿਸੇ ਮਾਰਗ ਤੋਂ ਨਿਕਲੇਗੀ। ਹਾਲਾਂਕਿ ਅਮੀਰ-ਗ਼ਰੀਬ ਦੇ ਹਿਸਾਬ ਨਾਲ ਬਲਾਤਕਾਰੀਆਂ ਦਾ ਵਰਗੀਕਰਨ ਕਰਨਾ ਉਚਿਤ ਨਹੀਂ ਹੈ, ਪਰ ਨਾਬਾਲਗ ਬਲਤਾਕਾਰੀਆਂ ਦੇ ਜ਼ਿਆਦਾਤਰ ਮਾਮਲੇ ਅਕਸਰ ਗ਼ਰੀਬ ਵਰਗ ਦੇ ਅਪਰਾਧੀਆਂ ਨਾਲ ਸਬੰਧਤ ਪਾਏ ਗਏ ਹਨ।

ਹੁਣ ਇਸ ਨੂੰ ਪੂਰੇ ਵਿਸਤਾਰ ਵਿਚ ਦੇਖਿਆ ਜਾਵੇ ਤਾਂ ਬਲਾਤਕਾਰ ਅਤੇ ਇਸ ਨਾਲ ਜੁੜੀ ਮਾਨਸਿਕਤਾ ਇਕ ਜਟਿਲ ਗੱਲ ਹੈ। ਬਲਾਤਕਾਰ ਨੂੰ ਜੇਕਰ ਠੀਕ ਤਰ੍ਹਾਂ ਸਮਝਣਾ ਹੈ, ਤਾਂ ਸੰਤੁਲਤ ਦ੍ਰਿਸ਼ਟੀ ਚਾਹੀਦੀ ਹੈ। ਜੋ ਪੁਰਸ਼ ਬਲਾਤਕਾਰ ਕਰਦਾ ਹੈ, ਉਸ ਨੂੰ ਵੀ ਸਮਝਣਾ ਚਾਹੀਦਾ ਹੈ। ਜੋ ਮਹਿਲਾ ਬਲਾਤਕਾਰ ਸਹਿੰਦੀ ਹੈ ਅਤੇ ਉਸ ਮਗਰੋਂ ਜਿਸ ਤ੍ਰਿਸਕਾਰ ਨੂੰ ਸਹਿੰਦੀ ਹੈ, ਉਸ ਦੇ ਸਮਾਜਕ ਅਤੇ ਧਾਰਮਕ ਕਾਰਨਾਂ 'ਤੇ ਵੀ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾਹੈ। ਇਸ ਤਰ੍ਹਾਂ ਇਹ ਸਿਰਫ਼ ਕਾਨੂੰਨ ਅਤੇ ਵਿਵਸਥਾ ਦਾ ਮੁੱਦਾ ਨਹੀਂ ਹੈ। ਇਹ ਬਹੁਤ ਡੂੰਘਾਈ ਵਿਚ ਮਨੁੱਖ ਦੀ ਸਮੂਹਕ ਚੇਤਨਾ ਦੇ ਵਿਕਾਸ ਨਾਲ ਜੁੜਿਆ ਮੁੱਦਾ ਹੈ, ਜੋ ਸਾਰੀਆਂ ਸਿਆਸੀ ਤੇ ਸਮਾਜਕ ਕਰਾਂਤੀਆਂ ਤੋਂ ਪਰ੍ਹੇ ਦੀ ਗੱਲ ਹੈ। ਸ਼ਹਿਰਾਂ ਵਿਚ ਬਾਜ਼ਾਰਵਾਦ ਅਤੇ ਵਰਗ ਭੇਦ ਦੇ ਚਲਦਿਆਂ ਮਨੁੱਖ ਦੇ ਮਨ ਦਾ ਦਮਨ ਹੋਇਆ ਹੈ, ਉਥੇ ਬਲਾਤਕਾਰ ਵਿਅਕਤੀ ਖਿਝ ਦੇ ਨਿਕਾਸ ਦਾ ਮਾਰਗ ਹੈ। ਪਿੰਡਾਂ ਅਤੇ ਕਸਬਿਆਂ ਵਿਚ ਜਿੱਥੇ ਧਾਰਮਕ ਭੇਦ ਤੇ ਜਾਤੀਵਾਦ ਭਾਰੂ ਹੈ, ਉਥੇ ਬਲਾਤਕਾਰ ਨਾ ਸਿਰਫ਼ ਖਿਝ ਦੇ ਨਿਕਾਸ ਦਾ ਮਾਰਗ ਹੈ ਬਲਕਿ ਇਸ ਨਾਲੋਂ ਕਿਤੇ ਵੱਧ ਕੇ ਇਹ ਬਦਲਾ ਲੈਣ ਦਾ ਇਕ ਔਜ਼ਾਰ ਹੈ। ਮਤਲਬ ਕਿ ਇਥੇ ਵੀ ਬਦਲਾ ਲੈਣ ਦੀ ਮਾਨਸਿਕਤਾ ਅਸਲੀ ਸਮੱਸਿਆ ਹੈ, ਬਲਾਤਕਾਰ ਨਹੀਂ। ਜਿਨ੍ਹਾਂ ਇਲਾਕਿਆਂ ਵਿਚ ਪ੍ਰੇਮ ਦਾ ਦਮਨ ਹੋਇਆ ਹੈ, ਉਥੇ ਬਲਾਤਕਾਰ ਹੁੰਦਾ ਹੈ। ਇਸ ਹਾਲਤ ਵਿਚ ਵੀ ਬਲਾਤਕਾਰ ਅਸਲੀ ਸਮੱਸਿਆ ਨਹੀਂ ਹੈ, ਬਲਕਿ ਦਮਨ ਅਸਲੀ ਸਮੱਸਿਆ ਹੈ। ਜਿੱਥੇ ਵੀ ਰੂੜ੍ਹੀਵਾਦੀ ਭਗਵਾਨ ਤੇ ਪੈਗੰਬਰ ਪੂਜੇ ਜਾਂਦੇ ਹਨ, ਉਥੋਂ ਦਾ ਸਮਾਜ ਭਵਿੱਖ ਦੇ ਖੁੱਲ੍ਹੇਪਣ ਵਿਚ ਸਾਹ ਲੈਣ ਤੋਂ ਡਰਦਾ ਹੈ। ਇਹ ਡਰ ਹੀ ਅਸਲੀ ਬਿਮਾਰੀ ਹੈ। ਬਾਕੀ ਬਲਾਤਕਾਰ ਅਤੇ ਛੇੜਛਾੜ ਆਦਿ ਸਾਰੇ ਫੋੜੇ-ਫਿਨਸੀਆਂ ਵਾਂਗ ਉਪਰੀ ਲੱਛਣ ਹਨ।

ਸਫ਼ਾ 1 ਦੀ ਬਾਕੀ

## ਸਿਡਨੀ 'ਚ ਦਹਿਸ਼ਤਗਰਦ ਸਣੇ ਤਿੰਨ ਜਣਿਆਂ ਦੀ ਮੌਤ



ਯਾਦ ਰਹੇ ਆਸਟਰੇਲੀਆ ਵਿਚ ਸ਼ਰਨਾਰਥੀ ਦੇ ਤੌਰ 'ਤੇ ਰਹਿ ਰਹੇ ਇਰਾਨੀ ਮੂਲ ਦੇ ਹਾਰੂਨ ਮੋਨਿਸ ਨੇ ਸੋਮਵਾਰ ਸਵੇਰੇ 40 ਲੋਕਾਂ ਨੂੰ ਇਸ ਕੈਫ਼ੇ ਅੰਦਰ ਬੰਧਕ ਬਣਾ ਲਿਆ ਸੀ।

ਇਸ ਦੌਰਾਨ ਖ਼ਬਰ ਹੈ ਇਸ ਮਾਮਲੇ ਦੀ ਜਾਂਚ ਸ਼ੁਰੂ ਹੋ ਗਈ ਹੈ। ਪੁਲਿਸ ਹਮਲਾਵਰ ਦੇ ਮਕਸਦ ਦੀ ਜਾਂਚ ਕਰ ਰਹੀ ਹੈ। ਇਸ ਘਟਨਾ ਤੋਂ ਬਾਅਦ ਪੂਰੇ ਆਸਟਰੇਲੀਆ ਵਿਚ ਸੁਰੱਖਿਆ ਦੇ ਇੰਤਜ਼ਾਮ ਸਖ਼ਤ ਕਰ ਦਿੱਤੇ ਗਏ ਹਨ।


Harjeet Sandhu
REALTOR
"Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

ਨਵੀਂ ਦੁਨੀਆ

# ਪਾਕਿਸਤਾਨੀ ਕਹਾਣੀ

# ਡੰਗਰ ਬੋਲੀ



ਮੁਹੰਮਦ ਮਨਸ਼ਾ ਯਾਦ

ਉਹ ਮੇਰੇ ’ਤੇ ਫ਼ਤਵਾ ਲਾਉਣਾ ਚਾਹੁੰਦੇ ਹਨ। ਉਨ੍ਹਾਂ ਨੂੰ ਸ਼ੱਕ ਹੈ ਕਿ ਮੈਂ ਆਪਣਾ ਅਕੀਦਾ ਬਦਲ ਲਿਆ ਹੈ। ਪਰ ਇਹ ਝੂਠ ਹੈ। ਮੈਂ ਸਿਰਫ਼ ਮਾਸ ਖਾਣਾ ਛੱਡਿਆ ਹੈ।

ਦੁਨੀਆ ਵਿਚ ਬਹੁਤ ਵੈਜੀਟੇਰੀਅਨ ਹਨ। ਮਾਸ ਨਹੀਂ ਖਾਂਦੇ। ਉਨ੍ਹਾਂ ਦਾ ਮਾਸ ਨਾ ਖਾਣ ਦਾ ਮਜ਼੍ਹਬੀ ਨਜ਼ਰੀਆ, ਬਿਮਾਰੀ ਅਤੇ ਮਨੋਵਿਗਿਆਨਕ ਕਈ ਕਾਰਨ ਹੋ ਸਕਦੇ ਹਨ। ਮੇਰਾ ਇਕ ਸਹਿਪਾਠੀ ਗੋਸ਼ਤਖੋਰੀ ਨੂੰ ਇਨਸਾਨ ਦੇ ਜੰਗਲੀ ਜ਼ਮਾਨੇ ਦੇ ਵਹਿਸ਼ੀਪਨ ਨਾਲ ਜੋੜਦਾ ਹੈ। ਇਕ ਹੋਰ ਦੋਸਤ ਹੈ, ਉਸ ਦਾ ਬਚਪਨ ਵਿਚ ਜ਼ੁਕਾਮ ਵਿਗੜ ਗਿਆ ਸੀ। ਉਸ ਨੂੰ ਜਬਰੀ ਤਰੀ ਪਿਲਾ ਦਿੱਤੀ, ਜਿਸ ਵਿਚੋਂ ਉਸ ਨੂੰ ਬਹੁਤ ਬਦਬੂ ਮਹਿਸੂਸ ਹੋਈ ਅਤੇ ਉਸ ਨੂੰ ਉਲਟੀ ਆ ਗਈ। ਭਾਵੇਂ ਇਹ ਬਦਬੂ ਉਸ ਦੇ ਆਪਣੇ ਅੰਦਰ ਹੀ ਪੈਦਾ ਹੋ ਗਈ ਸੀ ਪਰ ਉਸ ਦਿਨ ਤੋਂ ਉਸ ਦਾ ਮਨ ਗੋਸ਼ਤ ਤੋਂ ਚੁੱਕਿਆ ਗਿਆ।

ਮੇਰਾ ਮਸਲਾ ਸਭ ਤੋਂ ਅਲੱਗ ਹੈ। ਮੈਂ ਬਚਪਨ ਤੋਂ ਹੀ ਗੋਸ਼ਤ ਦਾ ਬਹੁਤ ਸ਼ੌਕੀਨ ਸੀ, ਪਰ ਭੁੰਨਿਆ ਹੋਇਆ ਗੋਸ਼ਤ ਤਾਂ ਮੈਨੂੰ ਬਹੁਤ ਹੀ ਪਸੰਦ ਸੀ। ਹਾਲਾਂਕਿ ਕਈ ਵਾਰ ਡਾਕਟਰਾਂ ਨੇ ਖ਼ੂਨ ਵਿਚ ਯੂਰਿਕ ਐਸਿਡ ਦੀ ਮਾਤਰਾ ਵਧੇਰੇ ਹੋਣ ਕਰ ਕੇ ਮੈਨੂੰ ਗੋਸ਼ਤਖੋਰੀ ਤੋਂ ਰੋਕਿਆ ਸੀ ਪਰ ਮੈਂ ਉਨ੍ਹਾਂ ਦੀਆਂ ਹਦਾਇਤਾਂ ’ਤੇ ਕਦੇ ਅਮਲ ਨਾ ਕਰ ਸਕਿਆ। ਹੁਣ ਕੁਝ ਦਿਨਾਂ ਤੋਂ ਗੋਸ਼ਤ ਖਾਣਾ ਬਿਲਕੁਲ ਛੱਡ ਦਿੱਤਾ ਹੈ ਪਰ ਇਸ ਦਾ ਕਾਰਨ ਅਕੀਦੇ ਦੀ ਤਬਦੀਲੀ ਨਹੀਂ। ਮੈਂ ਸੋਚਦਾ ਹਾਂ ਹੁਣ ਮੈਂ ਅਸਲੀ ਆਪਣੀ ਰਾਜ਼ ਦੀ ਗੱਲ ਦੱਸ ਹੀ ਦਿਆਂ। ਅਜਿਹਾ ਨਾ ਹੋਵੇ ਕਿ ਸੱਚਮੁਚ ਹੀ ਕਿਤੇ ਕੋਈ ਫ਼ਤਵਾ ਲੱਗ ਜਾਵੇ।

ਮੈਨੂੰ ਬਚਪਨ ਤੋਂ ਹੀ ਨਵੀਆਂ ਨਵੀਆਂ ਬੋਲੀਆਂ ਸਿੱਖਣ ਦਾ ਬੜਾ ਸ਼ੌਕ ਸੀ ਤੇ ਮੈਂ ਕਈ ਬੋਲੀਆਂ ਸਿੱਖੀਆਂ ਵੀ, ਪਰ ਸੱਚੀ ਗੱਲ ਤਾਂ ਇਹ ਹੈ ਕਿ ਮੇਰਾ ਚੌਪਾਇਆ ਤੇ ਉਹ ਵੀ ਭੇਡਾਂ-ਬੱਕਰੀਆਂ ਦੀ ਜ਼ੁਬਾਨ ਸਿੱਖਣ ਦਾ ਕੋਈ ਇਰਾਦਾ ਨਹੀਂ ਸੀ। ਪਰ ਇਹ ਜ਼ੁਬਾਨ ਸੁਣ-ਸੁਣ ਕੇ ਮੈਨੂੰ ਆਪਣੇ ਆਪ ਆ ਗਈ। ਹੋਇਆ ਇਸ ਤਰ੍ਹਾਂ ਕਿ ਉਨ੍ਹੀਂ ਦਿਨੀਂ ਅਸੀਂ ਪਿੰਡ ਵਿਚ ਰਹਿੰਦੇ ਸਾਂ। ਰਾਤ ਨੂੰ ਖੁਲ੍ਹੀ ਛੱਤ ’ਤੇ ਸੌਂਦੇ ਸੀ। ਚੌਹਾਂ ਪਾਸਿਆਂ ਤੋਂ ਭੇਡਾਂ ਬੱਕਰੀਆਂ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ। ਉਨ੍ਹਾਂ ਦਾ ਇਕ ਵਾੜਾ ਬਿਲਕੁਲ ਸਾਡੇ ਗਵਾਂਢ ਵਿਚ ਹੀ ਸੀ। ਮੈਂ ਰਾਤ ਨੂੰ ਦੇਰ ਤਕ ਸਕੂਲ ਦਾ ਕੰਮ ਕਰਦਾ ਤੇ ਜਾਗਦਾ ਰਹਿੰਦਾ। ਗਰਮੀਆਂ ਦੀਆਂ ਹਨੇਰੀਆਂ ਰਾਤਾਂ ਵਿਚ ਵਾੜਿਆਂ ਦੇ ਚਾਰੇ ਪਾਸੇ ਬਘਿਆੜ ਚੱਕਰ ਕੱਟਦੇ ਰਹਿੰਦੇ। ਇਕ-ਦੋ ਵਾਰ ਬਘਿਆੜ ਵਾੜੇ ਵਿਚ ਵੀ ਆ ਵੜਿਆ ਤੇ ਭੇਡ ਚੁੱਕ ਕੇ ਲੈ ਗਿਆ। ਬਘਿਆੜ ਦੇ ਡਰ ਨਾਲ ਭੇਡਾਂ-ਬੱਕਰੀਆਂ ਅਤੇ ਉਨ੍ਹਾਂ ਦੇ ਮੇਮਣੇ ਵੀ ਹਰ ਵੇਲੇ ਡਰੇ-ਡਰੇ ਤੇ ਸਹਿਮੇ-ਸਹਿਮੇ ਰਹਿੰਦੇ। ਰਾਤ ਜਿੰਨੀਂ ਜ਼ਿਆਦਾ ਹਨੇਰੀ ਹੁੰਦੀ ਉਹ ਡਰ ਨਾਲ ਓਨਾ ਹੀ ਮੈਂ-ਮੈਂ ਕਰਦੇ। ਮੈਂ ਲੈਂਪ ਬੁਝਾ ਕੇ ਸੌਣ ਦੀ ਕੋਸ਼ਿਸ਼ ਕਰਦਾ ਪਰ ਉਨ੍ਹਾਂ ਦੀਆਂ ਆਵਾਜ਼ਾਂ ਸੌਣ ਨਾ ਦਿੰਦੀਆਂ। ਫਿਰ ਨਾ ਜਾਣੇ ਕਿਸ ਤਰ੍ਹਾਂ ਉਨ੍ਹਾਂ ਦੀ ਜ਼ੁਬਾਨ ਆਪਣੇ ਆਪ ਮੇਰੀ ਸਮਝ ਵਿਚ ਆਉਣ ਲੱਗੀ। ਸਾਰੀ ਰਾਤ ਮੇਮਣੇ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ –

– ਮਾਂ ਮੈਨੂੰ ਡਰ ਲਗਦਾ ਹੈ...

– ਮਾਂ ਮੈਨੂੰ ਭੁੱਖ ਲੱਗੀ ਹੋਈ ਹੈ...

– ਮਾਂ ਦਿਨ ਕਦੋਂ ਚੜ੍ਹੇਗਾ ?

– ਹਾਏ ਮਾਂ ਮੈਨੂੰ ਪਾਲ਼ਾ ਲਗਦਾ ਹੈ...

ਤੇ ਹਰ ਮਾਂ ਵਾਂਗ ਉਨ੍ਹਾਂ ਦੀਆਂ ਮਾਵਾਂ ਵੀ ਝੂਠੀਆਂ ਸੱਚੀਆਂ ਤਸੱਲੀਆਂ ਦਿੰਦੀਆਂ ਰਹਿੰਦੀਆਂ।

ਇਕ ਵਾਰ ਅੱਬਾ ਦੇ ਪਤਾ ਨਹੀਂ ਕਿਹੜੀ ਬਿਮਾਰੀ ਪਿੱਛੇ ਪੈ ਗਈ। ਹਕੀਮ ਨੇ ਉਨ੍ਹਾਂ ਨੂੰ ਗੋਲੀਆਂ ਦਿੱਤੀਆਂ ਅਤੇ ਚਾਲੀ ਦਿਨ ਬੱਕਰੀ ਦੇ ਦੁੱਧ ਨਾਲ ਖਾਣ ਦੀ ਹਦਾਇਤ ਕੀਤੀ। ਕੁਝ ਦਿਨ ਤਾਂ ਅੱਬਾ ਜਾਨ ਗੁਆਂਢੀਆਂ ਤੋਂ ਦੁੱਧ ਮੰਗਾ ਕੇ ਕੰਮ ਚਲਾਉਂਦੇ ਰਹੇ, ਫਿਰ ਉਨ੍ਹਾਂ ਨੇ ਇਕ ਦੁੱਧ ਦੇਣ ਵਾਲੀ ਬੱਕਰੀ ਖ਼ੁਦ ਖਰੀਦ ਲਈ। ਉਹਦੇ ਨਾਲ ਦੋ ਛੋਟੇ-ਛੋਟੇ ਮੇਮਣੇ ਵੀ ਸਨ। ਇਕ ਕਾਲਾ ਦੂਸਰਾ ਡੱਬਾ। ਮੇਰੀ ਉਨ੍ਹਾਂ ਨਾਲ ਛੇਤੀ ਹੀ ਗੂੜ੍ਹੀ ਦੋਸਤੀ ਹੋ ਗਈ ਅਤੇ ਮੈਨੂੰ ਬੱਕਰਾ ਬੋਲੀ ਸਿੱਖਣ ਦਾ ਚੰਗਾ ਮੌਕਾ ਮਿਲ ਗਿਆ। ਮੈਂ ਸਕੂਲੋਂ ਆ ਕੇ ਕਾਫ਼ੀ ਦੇਰ ਤਕ ਉਨ੍ਹਾਂ ਨਾਲ ਖੇਡਦਾ ਰਹਿੰਦਾ। ਉਨ੍ਹਾਂ ਨੂੰ ਆਪਣੀਆਂ ਕਿਤਾਬਾਂ ਅਤੇ ਪੋਥੀਆਂ ਵਿਚੋਂ ਕਹਾਣੀਆਂ ਅਤੇ ਕਵਿਤਾਵਾਂ ਪੜ੍ਹ-ਪੜ੍ਹ ਸੁਣਾਉਂਦਾ। ਸ਼ਾਮ ਦੇ ਵੇਲੇ ਉਨ੍ਹਾਂ ਨੂੰ ਆਪਣੇ ਨਾਲ ਖੇਤਾਂ ਵਿਚ ਲੈ ਜਾਂਦਾ। ਉਨ੍ਹਾਂ ਲਈ ਦਰੱਖਤਾਂ ਦੀਆਂ ਟਾਹਣੀਆਂ ਤੋੜਦਾ। ਉਹ ਟਾਹਣੀਆਂ ਦੇ ਪੱਤੇ ਆਦਿ ਖਾਂਦੇ ਰਹਿੰਦੇ ਤੇ ਮੈਂ ਪਹਾੜੇ ਯਾਦ ਕਰਦਾ ਰਹਿੰਦਾ। ਪੱਤੇ ਖਾਂਦੇ, ਘਾਹ ਚਰਦੇ ਅਤੇ ਪਹਾੜੇ ਯਾਦ ਕਰਦੇ ਅਸੀਂ ਆਪਸ ਵਿਚ ਗੱਲਾਂ ਵੀ ਕਰਦੇ ਰਹਿੰਦੇ। ਰਾਤ ਨੂੰ ਉਹ ਆਪਣੀ ਮਾਂ ਨੂੰ ਦਿਨ ਭਰ ਦੀ ਕਾਰਗੁਜ਼ਾਰੀ ਦੱਸਦੇ। ਉਹ ਇਕ ਦੂਜੇ ਨਾਲ ਬਜ਼ਿੱਦ ਹੋ ਕੇ ਦੌੜਦੇ ਭੱਜਦੇ ਛਾਲਾਂ ਲਾਉਂਦੇ, ਨਾਲੇ ਅਤੇ ਉੱਚੇ ਟਿੱਲਿਆਂ ਅਤੇ ਰੁੱਖਾਂ ’ਤੇ ਚੜ੍ਹਨ ਵਿਚ, ਇਕ ਦੂਜੇ ਨਾਲੋਂ ਬਾਜ਼ੀ ਲੈ ਜਾਣ ਦੀਆਂ ਡੀਂਗਾਂ ਮਾਰਦੇ, “ਮੈਂ ਬੜਾ ਹੋ ਗਿਆ ਹਾਂ” ਇਕ ਕਹਿੰਦਾ। “ਮੈਂ ਸਭ ਤੋਂ ਤਕੜਾ ਹਾਂ”, ਦੂਜਾ ਕਹਿੰਦਾ। ਬੱਕਰੀ ਉਨ੍ਹਾਂ ਦੀਆਂ ਵੱਡੇ ਅਤੇ ਤਕੜੇ ਹੋਣ ਦੀਆਂ ਗੱਲਾਂ ਸੁਣ ਕੇ ਉਦਾਸ ਹੋ ਜਾਂਦੀ ਅਤੇ ਕਹਿੰਦੀ, ‘ਖ਼ੁਦਾ ਕਰੇ ਤੁਸੀਂ ਛੋਟੇ ਹੀ ਰਹੋ, ਕਦੇ ਵੱਡੇ ਨਾ ਹੋਵੋ...।’

ਉਨ੍ਹਾਂ ਦੀ ਸਮਝ ਵਿਚ ਨਾ ਆਉਂਦਾ ਕਿ ਮਾਂ ਅਜਿਹਾ ਕਿਉਂ ਸੋਚਦੀ ਅਤੇ ਕਹਿੰਦੀ ਸੀ। ਉਹ ਰੁੱਸ ਜਾਂਦੇ ਤੇ ਬਹੁਤ ਦੇਰ ਤਕ ਰੁੱਸੇ ਰਹਿੰਦੇ। ਮੈਨੂੰ ਇਹ ਬਹਾਨਾ ਚੰਗਾ ਨਾ ਲਗਦਾ ਕਿ ਉਨ੍ਹਾਂ ਦੇ ਵੱਡੇ ਹੋਣ ਨਾਲ ਕਿਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਸਕਦੇ ਹਨ।

ਫਿਰ ਇਕ ਦਿਨ ਡੱਬ-ਖੜੱਬਾ ਛੇਲਾ ਗੁਆਚ ਗਿਆ। ਅਸੀਂ ਬੜਾ ਲੱਭਿਆ ਪਰ ਉਸ ਦਾ ਕੋਈ ਥਹੁ-ਪਤਾ ਨਾ ਲੱਗਾ। ਬੱਕਰੀ ਕਿੰਨੇ ਦਿਨ ਉਹਨੂੰ ਯਾਦ ਕਰ ਕੇ ਮੈਂ-ਮੈਂ ਕਰਦੀ ਰਹੀ। ਮੈਂ ਅਤੇ ਕਾਲਾ ਵੀ ਉਸ ਨੂੰ ਯਾਦ ਕਰਦੇ ਰਹੇ। ਫਿਰ ਹੌਲੀ-ਹੌਲੀ ਭੁੱਲ ਗਏ।

ਕਾਲਾ ਹੋਰ ਵੱਡਾ ਹੋ ਗਿਆ ਅਤੇ ਉਸ ਦੇ ਸਿੰਗ ਉੱਚੇ ਅਤੇ ਤਿੱਖੇ ਹੋ ਗਏ ਸਨ। ਉਸ ਨਾਲੋਂ ਵੱਡੇ ਬੱਕਰਿਆਂ ਵਰਗੀ ਬੂ ਆਉਣ ਲੱਗ ਗਈ ਸੀ। ਬੁੱਢੇ-ਅੱਧਖੜ ਬੰਦੇ ਉਸ ਦਾ ਮੂੰਹ ਖੋਲ੍ਹ ਕੇ ਉਹਦੇ ਦੰਦ ਗਿਣਦੇ ਅਤੇ ਉਸ ਦੇ ਪੱਟਾਂ ’ਤੇ ਹੱਥ ਰੱਖ ਕੇ ਮਾਸ ਦਾ ਗੁੱਦਾ ਜਾਚਦੇ। ਮੇਰੀ ਉਮਰ ਦੇ ਲੜਕੇ ਭਾਵੇਂ ਉਹ ਕਿਸੇ ਨੂੰ ਕੁਝ ਨਹੀਂ ਕਹਿੰਦਾ ਸੀ, ਉਸ ਤੋਂ ਡਰਦੇ ਕੰਬ ਜਾਂਦੇ। ਮੈਂ ਸਕੂਲ ਤੋਂ ਆ ਕੇ ਉਹਨੂੰ ਨਾਲ ਲੈ ਕੇ ਘੁੰਮਦਾ ਰਹਿੰਦਾ। ਅਸੀਂ ਇਕ ਦੂਜੇ ਦੀ ਸਿਰਫ਼ ਬੋਲੀ ਹੀ ਨਹੀਂ, ਇਸ਼ਾਰੇ ਵੀ ਸਮਝਦੇ ਸੀ। ਉਸ ਨੂੰ ਜਿਥੇ ਬੁਲਾਉਣਾ ਦੌੜ ਆਉਂਦਾ। ਜਿਸ ਗੱਲ ਤੋਂ ਮਨ੍ਹਾ ਕਰਨਾ ਉਹ ਮੰਨ ਜਾਂਦਾ। ਮੈਂ ਜਿੱਧਰ ਵੀ ਜਾਂਦਾ ਉਹ ਮੇਰੇ ਪਿਛੇ-ਪਿਛੇ ਆ ਜਾਂਦਾ। ਮੈਨੂੰ ਦੂਰੋਂ ਪਛਾਣ ਲੈਂਦਾ। ਪਰ ਇਕ ਵਾਰ ਉਹ ਧੋਖਾ ਖਾ ਗਿਆ।

ਸ਼ੇਖ਼ੂ ਨਾਈ ਦੀ ਮਾਂ ਸਾਡੇ ਘਰ ਉਲਾਂਬਾ ਲੈ ਕੇ ਆਈ ਕਿ ਤੁਹਾਡੇ ਬੱਕਰੇ ਨੇ ਮਾਰਨ ਲਈ ਮੇਰੇ ਲੜਕੇ ਦਾ ਦੂਰ ਤਕ ਪਿੱਛਾ ਕੀਤਾ ਹੈ। ਸ਼ੇਖ਼ੂ ਦੀ ਮਾਂ ਗੁੱਸਾ ਗਿਲਾ ਕਰ ਕੇ ਚਲੀ ਗਈ ਅਤੇ ਮੈਂ ਆਪਣੇ ਬੱਕਰੇ ਤੋਂ ਪੁੱਛਿਆ। ਉਸ ਤੋਂ ਇਹ ਸੁਣ ਕੇ ਮੈਨੂੰ ਹਾਸਾ ਰੋਕਣਾ ਮੁਸ਼ਕਲ ਹੋ ਗਿਆ ਕਿ ਉਸ ਦਿਨ ਸ਼ੇਖ਼ੂ ਨਾਈ ਨੇ ਵੀ ਉਸੇ ਰੰਗ ਦੀ ਚਾਦਰ ਦੀ ਬੁੱਕਲ ਮਾਰੀ ਹੋਈ ਸੀ, ਜਿਸ ਰੰਗ ਦੀ ਮੇਰੀ ਚਾਦਰ ਸੀ। ਤੇ ਕਾਲਾ ਇਹ ਸਮਝ ਕੇ ਸ਼ੇਖ਼ੂ ਨਾਈ ਦੇ ਪਿੱਛੇ ਲੱਗਾ ਰਿਹਾ ਕਿ ਉਹ ਮੇਰੇ ਪਿੱਛੇ ਦੌੜ ਰਿਹਾ ਹੈ।

ਬੱਕਰੇ ਨੇ ਵੀ ਉਸ ਗੱਲ ’ਤੇ ਹੱਸਣ ਦੀ ਕੋਸ਼ਿਸ਼ ਕੀਤੀ ਪਰ ਉਹ ਹੱਸ ਨਾ ਸਕਿਆ ਤੇ ਇਸ ਗੱਲ ’ਤੇ ਬੜੀ ਦੇਰ ਤਕ ਉਦਾਸ ਰਿਹਾ ਕਿ ਉਸ ਨੂੰ ਹੱਸਣਾ ਨਹੀਂ ਆਉਂਦਾ ਸੀ। ਦੂਜੇ ਦਿਨ ਇਹ ਸੁਣ ਕੇ ਕਿ ਉਸ ਦੀ ਮਾਂ ਨਹਿਰ ਵਾਲੇ ਪੁਲ ਤੋਂ ਡਿੱਗ ਕੇ ਜ਼ਖ਼ਮੀ ਹੋ ਗਈ ਅਤੇ ਉਸ ਨੂੰ ਹਲਾਲ ਕੀਤਾ ਜਾ ਰਿਹਾ ਹੈ ਅਸੀਂ ਦੋਵੇਂ ਬੇਚੈਨ ਹੋ ਗਏ। ਮੈਂ ਉਸ ਨੂੰ ਤਸੱਲੀ ਦਿੰਦਾ ਰਿਹਾ ਤੇ ਉਸ ਦਾ ਦਿਲ ਪਰਚਾਉਣ ਦੀ ਕੋਸ਼ਿਸ਼ ਕਰਦਾ ਰਿਹਾ। ਦੂਜੇ ਦਿਨ ਜਦ ਉਸ ਨੂੰ ਪਤਾ ਲੱਗਾ ਕਿ ਮੈਂ ਵੀ ਉਸ ਮਾਂ ਦਾ ਮਾਸ ਖਾਧਾ ਹੈ ਤਾਂ ਉਹ ਮੈਥੋਂ ਵੀ ਅਲੱਗ ਜਿਹਾ ਹੋਣ ਲੱਗਾ। ਮੈਂ ਅੱਗੇ ਵੱਧ ਕੇ ਉਸ ਨਾਲ ਪਿਆਰ ਕਰਨ ਲੱਗਦਾ, ਤਾਂ ਉਹ ਸਮਝਦਾ ਮੈਂ ਦੰਦਾਂ ਨਾਲ ਉਸ ਦੀ ਬੋਟੀ ਵੱਢਣ ਵਾਲਾ ਹਾਂ।

ਮੈਂ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਮੈਂ ਬੰਦਾ ਹਾਂ, ਬਘਿਆੜ ਨਹੀਂ। ਆਦਮੀ ਜਿਉਂਦੇ ਪਸ਼ੂ-ਪੰਛੀਆਂ ਨੂੰ ਨਹੀਂ ਖਾਂਦੇ, ਖਾਣ ਤੋਂ ਪਹਿਲਾਂ ਉਸ ਨੂੰ ਮਾਰ ਲੈਂਦੇ ਹਨ, ਕੱਚਾ ਹੀ ਨਹੀਂ ਚੱਬ ਜਾਂਦੇ। ਫਿਰ ਹੌਲੀ-ਹੌਲੀ ਕੁਝ ਸਮੇਂ ਬਾਅਦ ਉਸ ਦਾ ਡਰ ਦੂਰ ਹੋ ਗਿਆ ਤੇ ਉਹ ਪਹਿਲਾਂ ਵਾਂਗ ਮੇਰੇ ’ਤੇ ਇਤਬਾਰ ਕਰਨ ਲੱਗਾ।

ਮੈਂ ਮਿਡਲ ਸਕੂਲ ਦਾ ਇਮਤਿਹਾਨ ਪਾਸ ਕਰ ਕੇ ਸ਼ਹਿਰ ਦੇ ਹਾਈ ਸਕੂਲ ਵਿਚ ਦਾਖ਼ਲ ਹੋ ਗਿਆ ਤੇ ਉਹ ਬਹੁਤ ਉਦਾਸ ਹੋ ਗਿਆ। ਮੈਨੂੰ ਵੀ ਉਸ ਤੋਂ ਵਿਛੜਨ ਦਾ ਦੁੱਖ ਸੀ, ਪਰ ਮਜਬੂਰੀ ਸੀ।

ਬੜੀ ਈਦ ਦੀਆਂ ਛੁੱਟੀਆਂ ਵਿਚ ਮੈਂ ਬੜੇ ਚਾਅ ਨਾਲ ਪਿੰਡ ਆਇਆ ਪਰ ਇਹ ਸੁਣ ਕੇ ਕਿ ਇਸ ਵਾਰ ਈਦ ’ਤੇ ਉਸ ਦੀ ਕੁਰਬਾਨੀ ਹੋਵੇਗੀ, ਮੇਰਾ ਸਾਰਾ ਚਾਅ ਮਿੱਟੀ ਵਿਚ ਮਿਲ ਗਿਆ। ਮੈਂ ਘਰ ਵਾਲਿਆਂ ਦੀਆਂ ਬਹੁਤ ਮਿੰਨਤਾਂ ਕੀਤੀਆਂ ਕਿ ਉਹ ਮੇਰੇ ਕਾਲੇ ਨੂੰ ਛੱਡ ਦੇਣ ਤੇ ਕੁਰਬਾਨੀ ਲਈ ਕੋਈ ਹੋਰ ਛੇਲਾ ਜਾਂ ਬੱਕਰਾ ਖ਼ਰੀਦ ਲਿਆਉਣ। ਪਰ ਮੇਰੀ ਕਿਸੇ ਨਾ ਮੰਨੀ। ਕਾਲੇ ਨੂੰ ਬਿਲਕੁਲ ਪਤਾ ਨਹੀਂ ਸੀ ਕਿ ਉਸ ਦੇ ਨਾਲ ਕੀ ਹੋਣ ਜਾ ਰਿਹਾ ਸੀ। ਮੈਂ ਉਸ ਨੂੰ ਪ੍ਰੇਸ਼ਾਨ ਹੋਣ ਤੋਂ ਬਚਾਈ ਰੱਖਣ ਲਈ ਗੱਲ ਲਕੋ ਰੱਖੀ। ਉਹ ਖ਼ੁਸ਼ ਹੋ ਕੇ ਬੜੇ ਚਾਅ ਨਾਲ ਮੇਰੇ ਨਾਲ ਦੌੜਦਾ, ਛਾਲਾਂ ਲਾਉਂਦਾ, ਉੱਚੇ ਰੁੱਖਾਂ ਦੇ ਨਾਲ ਲਮਕ ਕੇ ਪੱਤੇ ਖਾਂਦਾ ਅਤੇ ਮੇਰੀਆਂ ਲੱਤਾਂ ਨਾਲ ਸਿੰਗ ਰਗੜ-ਰਗੜ ਕੇ ਪਿਆਰ ਪ੍ਰਗਟਾਉਂਦਾ। ਪਰ ਜਦ ਉਸ ਨੂੰ ਲੰਮਾ ਪਾ ਕੇ ਛੁਰੀ ਫੇਰਨ ਲੱਗੇ ਤਾਂ ਉਸ ਨੇ ਘਬਰਾ ਕੇ ਮੈਨੂੰ ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਮੈਂ ਉਸ ਨੂੰ ਹਲਾਲ ਹੁੰਦੇ ਨਹੀਂ ਦੇਖ ਸਕਦਾ ਸੀ। ਇਸ ਲਈ ਕਮਰੇ ਵਿਚ ਲੁਕ ਗਿਆ ਸੀ। ਪਰ ਉਸ ਦੀ ਹਾਏ ਤੌਬਾ ਤੇ ਚੀਕ ਪੁਕਾਰ ਮੈਨੂੰ ਸੁਣਾਈ ਦੇ ਰਹੀ ਸੀ। ਸ਼ਾਇਦ ਉਸ ਦਾ ਖ਼ਿਆਲ ਸੀ ਕਿ ਮੈਂ ਆ ਕੇ ਉਸ ਨੂੰ ਬਚਾ ਲਵਾਂਗਾ। ਇਸ ਲਈ ਉਹ ਆਖ਼ਰ ਤਕ ਮੈਨੂੰ ਆਵਾਜ਼ਾਂ ਮਾਰਦਾ ਰਿਹਾ।

ਹੰਝੂ ਵਹਾਉਣ ਦੇ ਸਿਵਾਇ ਮੈਂ ਕੁਝ ਨਾ ਕਰ ਸਕਿਆ। ਮੇਰਾ ਖ਼ਿਆਲ ਸੀ ਕਿ ਹੋਰ ਕੁਝ ਨਹੀਂ ਤਾਂ ਮੈਂ ਘੱਟੋ ਘੱਟ ਉਸ ਦਾ ਗੋਸ਼ਤ ਨਹੀਂ ਖਾਊਂਗਾ। ਪਰ ਜਦੋਂ ਗੋਸ਼ਤ ਪੱਕ ਕੇ ਮੇਰੇ ਸਾਹਮਣੇ ਆਇਆ, ਉਸ ਦੀ ਖ਼ੁਸ਼ਬੂ ਸੁੰਘ ਕੇ ਮੇਰੇ ਮੂੰਹ ਵਿਚ ਪਾਣੀ ਆ ਗਿਆ ਅਤੇ ਮੈਂ ਜੀਅ ਭਰ ਕੇ ਬੋਟੀਆਂ ਖਾਧੀਆਂ।

ਉਸ ਤੋਂ ਬਾਅਦ ਮੈਂ ਕਦੀ ਕਿਸੇ ਬੱਕਰੇ ਜਾਂ ਪਾਲਤੂ ਜਾਨਵਰ ਨਾਲ ਦੋਸਤੀ ਨਹੀਂ ਕੀਤੀ। ਹਰ ਬਕਰੀਦ ’ਤੇ ਸਾਡੇ ਘਰ ਬੱਕਰਾ ਜਾਂ ਦੁੰਬਾ ਆਉਂਦਾ ਤੇ ਹਲਾਲ ਹੁੰਦਾ। ਪਰ ਮੈਂ ਉਸ ਤੋਂ ਦੂਰ-ਦੂਰ ਹੀ ਰਹਿੰਦਾ ਕਿ ਉਸ ਨਾਲ ਦੋਸਤੀ ਜਾਂ ਪਿਆਰ ਨਾ ਹੋ ਜਾਵੇ ਕਿਉਂਕਿ ਫਿਰ ਜ਼ਿਆਦਾ ਦੁੱਖ ਹੁੰਦਾ ਹੈ। ਅੱਬਾ ਨੇ ਕਈ ਵਾਰ ਸਮਝਾਇਆ ਕਿ ਜਾਨਵਰ ਨਾਲ ਜਿੰਨੀ ਮੁਹੱਬਤ ਹੋਵੇ ਓਨਾ ਹੀ ਜ਼ਿਆਦਾ ਸਬਾਬ ਪੁੰਨ ਮਿਲਦਾ ਹੈ। ਪਰ ਮੇਰੇ ਵਿਚ ਇੰਨੀ ਹਿੰਮਤ ਨਹੀਂ ਸੀ। ਮੈਂ ਕੁਰਬਾਨੀ ਦੇ ਸਮੇਂ ਈਦ ਮਿਲਾਪ ਦੇ ਬਹਾਨੇ ਕਿਸੇ ਰਿਸ਼ਤੇਦਾਰ ਜਾਂ ਦੋਸਤ ਦੇ ਕੋਲ ਚਲਾ ਜਾਂਦਾ ਅਤੇ ਉਦੋਂ ਮੁੜਦਾ ਜਦੋਂ ਖੱਲ ਉਤਰ ਗਈ ਹੁੰਦੀ।

ਅੱਬਾ ਦਾ ਖ਼ਿਆਲ ਸੀ ਕਿ ਇਸ ਤਰ੍ਹਾਂ ਈਮਾਨ ਕਮਜ਼ੋਰ ਹੋ ਜਾਂਦਾ ਹੈ, ਪਰ ਮੈਂ ਈਮਾਨ ਨੂੰ ਕਮਜ਼ੋਰ ਨਹੀਂ ਹੋਣ ਦਿੰਦਾ ਸੀ। ਖੱਲ ਲੱਥਣ ਤੋਂ ਬਾਅਦ ਕੱਟਣ ਵਾਲਿਆਂ ਦਾ ਪੂਰਾ ਸਾਥ ਦਿੰਦਾ। ਮੈਨੂੰ ਬੱਕਰੇ ’ਤੇ ਸਿਰਫ਼ ਉਸ ਸਮੇਂ ਤਕ ਤਰਸ ਆਉਂਦਾ ਸੀ ਜਦ ਤਕ ਉਹ ਜਿਊਂਦਾ ਹੁੰਦਾ ਤੇ ਦੇਖਣਾ, ਸੁਣਨਾ ਤੇ ਬੋਲਣਾ ਮਹਿਸੂਸ ਕਰਦਾ। ਇਕ ਗੱਲ ਹੋਰ ਵੀ ਹੈ ਕਿ ਮੈਨੂੰ ਸਿਰ ਤੋਂ ਬਹੁਤ ਡਰ ਲਗਦਾ। ਮੈਂ ਕਸਾਈ ਦੀ ਦੁਕਾਨ ’ਤੇ ਬੱਕਰੇ ਜਾਂ ਭੇਡੂ ਦੇ ਟੰਗੇ ਸਿਰ ਦੇਖ ਕੇ ਡਰ ਜਾਂਦਾ। ਮੇਰੇ ਤੋਂ ਉਨ੍ਹਾਂ ਦੀਆਂ ਅੱਡੀਆਂ ਅੱਖਾਂ ਦੇਖੀਆਂ ਨਾ ਜਾਂਦੀਆਂ। ਮੈਨੂੰ ਇੰਜ ਲਗਦਾ ਜਿਵੇਂ ਉਹ ਅੱਖਾਂ ਮੇਰੇ ਵੱਲ ਦੇਖ ਰਹੀਆਂ ਹਨ ਤੇ ਮੈਨੂੰ ਕੁਝ ਕਹਿ ਰਹੀਆਂ ਹਨ। ਮੈਂ ਕੋਸ਼ਿਸ਼ ਵੀ ਕਰਦਾ ਕਿ ਕਿਸੇ ਬੱਕਰੇ ਜਾਂ ਭੇਡੂ ਨੂੰ ਇਹ ਪਤਾ ਨਾ ਲੱਗ ਜਾਵੇ ਕਿ ਮੈਂ ਉਨ੍ਹਾਂ ਦੀ ਬੋਲੀ ਜਾਣਦਾ ਹਾਂ। ਇਹ ਭੇਤ ਮੈਂ ਆਪਣੇ ਟੱਬਰ ਦੇ ਜੀਆਂ ਤੇ ਦੋਸਤਾਂ ਤੋਂ ਲੁਕੋ ਕੇ ਰਖਦਾ। ਬੱਕਰੀਆਂ ਦੀ ਬੋਲੀ ਨੇ ਮੇਰੇ ਲਈ ਬਹੁਤ ਅਜੀਬ ਤੇ ਮੁਸ਼ਕਲ ਹਾਲਾਤ ਪੈਦਾ ਕਰ ਦਿੱਤੇ। ਕਦੀ-ਕਦੀ, ਮੈਨੂੰ ਲਗਦਾ ਕਿ ਮੈਂ ਅੰਦਰ-ਅੰਦਰ ਬੱਕਰੀ ਵਿਚ ਬਦਲ ਗਿਆ ਹਾਂ।

ਮੇਰੇ ਟੱਬਰ ਦੇ ਜੀਅ ਕਈ ਵਾਰ ਮੇਰੇ ਵਲੋਂ ਕੁਰਬਾਨੀ ਦੀ ਰਸਮ ਨਿਭਾਉਣ ਦੀ ਤਵੱਕੋ ਕਰਦੇ। ਮਤਲਬ ਕਿ ਕੁਰਬਾਨੀ ਦੇ ਬੱਕਰੇ ਨੂੰ ਮੈਨੂੰ ਜਿਬਾਹ ਕਰਨਾ ਚਾਹੀਦਾ ਹੈ ਕਿਉਂਕਿ ਇਹ ਸੁੰਨਤ ਹੈ। ਮੌਲਵੀ ਨੇ ਵੀ ਮੈਨੂੰ ਇਸ ਰਸਮ ਦੀ ਅਹਿਮੀਅਤ ਬਾਰੇ ਦੱਸਿਆ ਸੀ ਕਿ ਅੱਲਾ ਦੇ ਰਾਹ ’ਤੇ ਖ਼ੂਨ ਵਹਾਉਣ ਨਾਲ ਸਬਾਬ-ਪੁੰਨ ਮਿਲਦਾ ਹੈ। ਤੇ ਫਿਰ ਜੇਹਾਦ ਵਿਚ ਸ਼ਾਮਲ ਹੋਣ ਲਈ ਤਾਕਤ ਵਧਦੀ ਹੈ। ਪਰ ਮੈਂ ਇਹ ਕੁਝ ਕਦੇ ਵੀ ਨਾ ਕਰ ਸਕਿਆ। ਇਸ ਲਈ ਕਿ ਜਿਸ ਤਰ੍ਹਾਂ ਬੱਕਰੀਆਂ ਮੈਂ-ਮੈਂ ਕਰਦੀਆਂ, ਵਿਲਕਦੀਆਂ ਤੇ ਅਰਦਾਸਾਂ ਕਰਦੀਆਂ ਹਨ, ਉਹ ਸਿਰਫ਼ ਮੈਂ ਸਮਝਦਾ ਹਾਂ। ਮੈਨੂੰ ਹੀ ਪਤਾ ਹੈ ਕਿ ਉਸ ਨੂੰ ਕਤਲ ਕਰਨਾ ਕਿੰਨਾ ਔਖਾ ਹੁੰਦਾ ਹੈ ਜੋ ਮੇਰੀ ਬੋਲੀ ਬੋਲਦਾ ਹੈ। ਆਮ ਆਦਮੀ ਇਕੋ ਜ਼ਾਤੀ ਦੇ ਜੀਆਂ ਨੂੰ ਤੇ ਇਕੋ ਬੋਲੀ ਬੋਲਣ ਵਾਲੇ ਨੂੰ ਮਾਰ ਸਕਦਾ ਹੈ ਪਰ ‘ਹਲਾਲ’ ਨਹੀਂ ਕਰ ਸਕਦਾ। ਇਸ ਵਾਸਤੇ, ਪੈਗੰਬਰ ਜਿੰਨੀ ਦ੍ਰਿੜਤਾ ਤੇ ਬਰਦਾਸ਼ਤਗੀ ਲੋੜੀਂਦੀ ਹੈ। ਇਥੋਂ ਤਕ ਕਿ ਕੋਈ ਜਣਾ ਆਪਣੀਆਂ ਅੱਖਾਂ ਬੰਦ ਕਰਨੀਆਂ ਲੋੜਦਾ ਹੈ। ਕਈ ਵਾਰ ਮੈਂ ਸੋਚਦਾ ਹਾਂ ਕਿ ਕਿੰਨਾ ਚੰਗਾ ਹੁੰਦਾ ਜੇ ਮੈਨੂੰ ਬੱਕਰੀਆਂ ਦੀ ਬੋਲੀ ਨਾ ਆਉਂਦੀ ਹੁੰਦੀ। ਹੁਣ ਵਾਂਗ ਮੈਂ ਬੁਜ਼ਦਿਲ ਨਾ ਹੁੰਦਾ। ਖ਼ੈਰ, ਸਮਝ ਲਵੋ ਕਿ ਹੁਣ ਮੈਨੂੰ ਆਪਣੀ ਕਾਇਰਤਾ ਦੀ ਸਜ਼ਾ ਮਿਲੀ ਹੈ। ਮੈਂ ਫ਼ੈਸਲਾ ਕਰ ਲਿਆ ਕਿ ਮੈਂ ਆਪਣੇ ਹੱਥਾਂ ਨਾਲ ਕਿਸੇ ਜਾਨਵਰ ਦੀ ਕੁਰਬਾਨੀ ਨਹੀਂ ਕਰਾਂਗਾ। ਪਰ ਪਿਛਲੇ ਸਾਲ ਆਪਣਾ ਇਹ ਵਾਅਦਾ ਨਿਭਾ ਨਹੀਂ ਸਕਿਆ ਜਦੋਂ ਇਸ ਪਿੱਛੇ ਸਾਰੀ ਸਮੱਸਿਆ ਸ਼ੁਰੂ ਹੋ ਗਈ ਸੀ। ਬਹੁਤ ਸਾਰੀਆਂ ਅਰਦਾਸਾਂ-ਅਰਜ਼ੋਈਆਂ ਪਿੱਛੋਂ ਅੱਲਾ ਨੇ ਸਾਨੂੰ ਪੁੱਤਰ ਦੀ ਦਾਤ ਬਖ਼ਸ਼ੀ। ਉਹ ਬਹੁਤ ਪਿਆਰਾ, ਗੋਲ-ਮਟੋਲ ਤੇ ਸਾਫ਼-ਸੁਥਰੀ ਚਮੜੀ ਵਾਲਾ ... ਮੇਮਣੇ ਵਰਗਾ। ਅੱਬਾ, ਤੁਰੰਤ ਦੋ ਬੱਕਰੇ ਵੱਡੀ ਦਾਅਵਤ ਵਾਸਤੇ ਲੈ ਆਇਆ। ਜਦੋਂ ਮੈਂ ਸ਼ਹਿਰ ਰਹਿੰਦਾ ਸੀ ਤਾਂ ਬੱਕਰੀਆਂ ਨੂੰ ਮਿਲਣ ਦਾ ਕਦੀ-ਕਦਾਈਂ ਮੌਕਾ ਮਿਲਦਾ ਸੀ... ਭਾਵੇਂ ਕਿ ਮੈਂ ਉਨ੍ਹਾਂ ਨਾਲ ਗੱਲਾਂ ਕਰਨ ਤੋਂ ਝਿਜਕਦਾ ਸੀ। ਦੋਵੇਂ ਬੱਕਰੇ ਵੱਡੀ ਦਾਅਵਤ ਦਿੱਤੇ ਜਾਣ ਤਕ ਕੁਝ ਦਿਨਾਂ ਤਕ ਮੇਰੇ ਕਮਰੇ ਦੀ ਖਿੜਕੀ ਦੇ ਬਾਹਰਲੇ ਪਾਸੇ ਬੰਨ੍ਹ ਦਿੱਤੇ ਗਏ, ਦਾਅਵਤ ਜੁੰਮੇ (ਸ਼ੁੱਕਰਵਾਰ) ਨੂੰ ਹੋਣੀ ਸੀ। ਬੱਕਰਿਆਂ ਦੀ ਆਪਸੀ ਗੁਫ਼ਤਗੂ ਨੇ ਮੈਨੂੰ ਹੈਰਾਨ-ਪ੍ਰੇਸ਼ਾਨ ਕਰ ਦਿੱਤਾ। ਮੈਨੂੰ ਨਹੀਂ ਪਤਾ ਸੀ ਕਿ ਉਨ੍ਹਾਂ ਨੂੰ ਆਪਣੀ ਹੋਣੀ ਦਾ ਕਿਵੇਂ ਪਤਾ ਲੱਗ ਗਿਆ। ਛੋਟਾ ਬਹੁਤ ਡਰਿਆ ਹੋਇਆ ਸੀ। ਇਕ ਰਾਤ ਉਸ ਨੇ ਪੁੱਛਿਆ, “ਉਹ ਕਿਵੇਂ ਮਾਰਦੇ ਹਨ ?”

“ਉਹ ਤੈਨੂੰ ਜ਼ਮੀਨ ’ਤੇ ਲੰਮਾ ਪਾ ਲੈਣਗੇ ਤੇ ਫਿਰ ਛੁਰੀ ਨਾਲ ਜਿਬਾਹ ਕਰ ਦੇਣਗੇ।” ਵੱਡੇ ਨੇ ਦੱਸਿਆ

“ਇਹ ਤਾਂ ਬਹੁਤ ਦਰਦ ਭਰਿਆ ਹੋਵੇਗਾ।”

“ਹਾਂ, ਇਕ ਵਾਰ ਦੇਖਿਆ ਸੀ, ਇਹ ਬਹੁਤ ਹੌਲੀ-ਹੌਲੀ ਮਰਨਾ ਹੈ।”

“ਉਹ ਹਲਾਲ ਕਿਉਂ ਕਰਦੇ ਹਨ ?”

“ਖਾਣ ਲਈ !”

“ਕੀ ਉਨ੍ਹਾਂ ਦੇ ਦੰਦ ਬਘਿਆੜਾਂ ਵਰਗੇ ਹੁੰਦੇ ਹਨ ? ਮੈਨੂੰ ਲਗਦਾ, ਮੈਂ ਡਰ ਨਾਲ ਹੀ ਮਰ ਜਾਵਾਂਗਾ ਹੁਣ।”

“ਮੈਨੂੰ ਵੀ ਆਪਣੇ ਬਾਰੇ ਇਉਂ ਹੀ ਲਗਦਾ ਹੈ।”

ਬਹੁਤ ਸਾਰੀਆਂ ਅਰਦਾਸਾਂ-ਅਰਜ਼ੋਈਆਂ ਪਿੱਛੋਂ ਅੱਲਾ ਨੇ ਸਾਨੂੰ ਪੁੱਤਰ ਦੀ ਦਾਤ ਬਖ਼ਸ਼ੀ। ਉਹ ਬਹੁਤ ਪਿਆਰਾ, ਗੋਲ-ਮਟੋਲ ਤੇ ਸਾਫ਼-ਸੁਥਰੀ ਚਮੜੀ ਵਾਲਾ ... ਮੇਮਣੇ ਵਰਗਾ। ਅੱਬਾ, ਤੁਰੰਤ ਦੋ ਬੱਕਰੇ ਵੱਡੀ ਦਾਅਵਤ ਵਾਸਤੇ ਲੈ ਆਇਆ। ਜਦੋਂ ਮੈਂ ਸ਼ਹਿਰ ਰਹਿੰਦਾ ਸੀ ਤਾਂ ਬੱਕਰੀਆਂ ਨੂੰ ਮਿਲਣ ਦਾ ਕਦੀ-ਕਦਾਈਂ ਮੌਕਾ ਮਿਲਦਾ ਸੀ... ਭਾਵੇਂ ਕਿ ਮੈਂ ਉਨ੍ਹਾਂ ਨਾਲ ਗੱਲਾਂ ਕਰਨ ਤੋਂ ਝਿਜਕਦਾ ਸੀ। ਦੋਵੇਂ ਬੱਕਰੇ ਵੱਡੀ ਦਾਅਵਤ ਦਿੱਤੇ ਜਾਣ ਤਕ ਕੁਝ ਦਿਨਾਂ ਤਕ ਮੇਰੇ ਕਮਰੇ ਦੀ ਖਿੜਕੀ ਦੇ ਬਾਹਰਲੇ ਪਾਸੇ ਬੰਨ੍ਹ ਦਿੱਤੇ ਗਏ, ਦਾਅਵਤ ਜੁੰਮੇ (ਸ਼ੁੱਕਰਵਾਰ) ਨੂੰ ਹੋਣੀ ਸੀ। ਬੱਕਰਿਆਂ ਦੀ ਆਪਸੀ ਗੁਫ਼ਤਗੂ ਨੇ ਮੈਨੂੰ ਹੈਰਾਨ-ਪ੍ਰੇਸ਼ਾਨ ਕਰ ਦਿੱਤਾ। ਮੈਨੂੰ ਨਹੀਂ ਪਤਾ ਸੀ ਕਿ ਉਨ੍ਹਾਂ ਨੂੰ ਆਪਣੀ ਹੋਣੀ ਦਾ ਕਿਵੇਂ ਪਤਾ ਲੱਗ ਗਿਆ। ਛੋਟਾ ਬਹੁਤ ਡਰਿਆ ਹੋਇਆ ਸੀ। ਇਕ ਰਾਤ ਉਸ ਨੇ ਪੁੱਛਿਆ, “ਉਹ ਕਿਵੇਂ ਮਾਰਦੇ ਹਨ ?”

"ਕੀ ਉਹ ਸਾਨੂੰ ਇਕੱਠਿਆਂ ਨੂੰ ਜਿਬਾਹ ਕਰਨਗੇ ਜਾਂ ਫਿਰ ਵਾਰੋ-ਵਾਰੀ ?"

"ਨਹੀਂ, ਸ਼ਾਇਦ ਇਕ-ਇਕ ਕਰ ਕੇ।"

"ਪਹਿਲਾਂ ਕੌਣ ਮਰੇਗਾ ?"

"ਤੈਨੂੰ ਬਹੁਤ ਡਰ ਲੱਗ ਰਿਹਾ ਹੈ, ਇਸ ਲਈ ਪਹਿਲਾਂ ਮੈਂ।"

"ਨਹੀਂ ਤੈਨੂੰ ਜਿਬਾਹ ਹੁੰਦੇ ਦੇਖ ਕੇ, ਮੈਂ ਹੋਰ ਵੀ ਜ਼ਿਆਦਾ ਘਬਰਾ ਜਾਊਂਗਾ। ਇਸ ਲਈ ਪਹਿਲਾਂ ਮੈਂ।"

"ਨਹੀਂ, ਮੈਂ।"

"ਨਹੀਂ, ਮੈਂ।"

"ਮੈਂ... ਮੈਂ... ਮੈਂ...।"

ਮੈਂ ਕਿੰਨਾ ਚਿਰ ਉਨ੍ਹਾਂ ਦੀਆਂ ਗੱਲਾਂ ਸੁਣਦਾ ਰਿਹਾ। ਫਿਰ ਉਠ ਕੇ ਖਿੜਕੀ ਬੰਦ ਕਰ ਦਿੱਤੀ। ਪਰ ਸਾਰੀ ਰਾਤ ਮੈਨੂੰ ਨੀਂਦ ਨਾ ਆਈ। ਅਗਲੇ ਦਿਨ ਛੁੱਟੀ ਸੀ। ਮੈਂ ਦੇਰ ਨਾਲ ਸੌਂ ਕੇ ਉਠਿਆ ਤੇ ਦੇਖਿਆ, ਘਰ ਵਿਚ ਦੁਪਹਿਰ ਦੇ ਖਾਣੇ ਦੀਆਂ ਤਿਆਰੀਆਂ ਹੋ ਰਹੀਆਂ ਸਨ। ਪਿਆਜ਼, ਲਸਣ ਛਿੱਲੇ ਜਾ ਰਹੇ ਸਨ। ਮਿਰਚ ਮਸਾਲਾ ਪੀਸਿਆ ਜਾ ਰਿਹਾ ਸੀ ਅਤੇ ਟਿੱਕੇ-ਕੋਪਤੇ ਤੇ ਗੋਸ਼ਤ ਦਾ ਇੰਤਜ਼ਾਮ ਹੋ ਰਿਹਾ ਸੀ।

ਅੱਬਾਜਾਨ ਸ਼ਾਇਦ ਕਸਾਈ ਨੂੰ ਬੁਲਾਉਣ ਗਏ ਹੋਏ ਸਨ। ਫਿਰ ਘੰਟੀ ਦੀ ਆਵਾਜ਼ ਸੁਣ ਕੇ ਬਾਹਰ ਗਿਆ। ਦੇਖਿਆ ਲਾਗਲੀ ਮਸਜਿਦ ਤੋਂ ਦੀਨੀ ਮਦਰੱਸੇ ਦਾ ਤਾਲਬ ਇਲਮ ਲੜਕਾ ਖੱਲਾਂ ਬਾਰੇ ਪਤਾ ਕਰਨ ਆਇਆ ਸੀ ਕਿ ਉਤਰੀਆਂ ਕਿ ਨਹੀਂ।

'ਅਜੇ ਤਕ ਨਹੀਂ ਉਤਰੀਆਂ', ਮੈਂ ਉਸ ਨੂੰ ਦੱਸਿਆ।

ਉਸ ਨੇ ਹੈਰਾਨ ਹੋ ਕੇ ਪੁੱਛਿਆ, "ਅਜੇ ਤਕ ਨਹੀਂ ਉਤਰੀਆਂ ?"

'ਜਿਬਾਹ ਕਰਨ ਤੋਂ ਪਹਿਲਾਂ ਕਿਵੇਂ ਲਾਹ ਸਕਦੇ ਹਾਂ ?'

'ਹਾਂ, ਇਹ ਤਾਂ ਠੀਕ ਹੈ। ਮੈਂ ਫਿਰ ਆਊਂਗਾ।'

ਜਦੋਂ ਜਿਬਾਹ ਕਰਨ ਦਾ ਵਕਤ ਆਇਆ ਤਾਂ ਮੈਂ ਘਰੋਂ ਚਲਾ ਜਾਣਾ ਚਾਹੁੰਦਾ ਸੀ। ਪਰ ਅੱਬਾ ਨੇ ਮੇਰੇ ਹੱਥ ਵਿਚ ਛੁਰੀ ਫੜਾ ਦਿੱਤੀ ਤੇ ਦਬਾਅ ਪਾਇਆ ਕਿ ਮੈਂ ਖ਼ੁਦ ਆਪਣੇ ਹੱਥ ਨਾਲ ਜਿਬਾਹ ਕਰਾਂ। ਮੈਂ ਬੜੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੇ ਮੈਨੂੰ ਉਥੋਂ ਜਾਣ ਨਾ ਦਿੱਤਾ।

ਪਹਿਲਾਂ ਉਹ ਛੋਟੇ ਨੂੰ ਲਿਆਏ। ਉਹ ਥਰ-ਥਰ ਕੰਬ ਰਿਹਾ ਸੀ ਮੈਂ ਕਿਹਾ, "ਪਹਿਲਾਂ ਬੜੇ ਨੂੰ ਲਿਆਓ।"

"ਬੜੇ ਨੂੰ ਲਿਆਏ ਤਾਂ ਉਹ ਜ਼ੋਰ-ਜ਼ੋਰ ਦੀ ਚੀਕ ਚਿਹਾੜਾ ਪਾਉਣ ਲੱਗਾ। ਫਿਰ ਅੱਖਾਂ ਵਿਚ ਹੰਝੂ ਲਈ ਛੋਟੇ ਨੂੰ ਕਹਿਣ ਲੱਗਾ, "ਮੂੰਹ ਦੂਜੇ ਬੰਨੇ ਕਰ ਲਾ ਛੋਟੇ।"

ਛੋਟੇ ਦਾ ਆਪਣੀ ਥਾਂ ਖੜ੍ਹੇ ਦਾ ਪਿਸ਼ਾਬ ਨਿਕਲ ਗਿਆ। ਮੈਨੂੰ ਉਸ ਦੀ ਰਾਤ ਵਾਲੀ ਗੱਲ ਚੇਤੇ ਆਈ। ਮੈਂ ਸੋਚਿਆ ਪਹਿਲਾਂ ਬੜੇ ਨੂੰ ਹਲਾਲ ਕੀਤਾ ਤਾਂ ਛੋਟਾ ਘਬਰਾਹਟ ਨਾਲ ਹੀ ਮਰ ਜਾਵੇਗਾ। ਮੈਂ ਕਿਹਾ, "ਪਹਿਲਾਂ ਛੋਟੇ ਨੂੰ ਹੀ ਲੈ ਆਵੋ।"

ਅਸਲ ਵਿਚ, ਮੇਰੇ ਤੋਂ ਫ਼ੈਸਲਾ ਨਹੀਂ ਕੀਤਾ ਜਾ ਰਿਹਾ ਸੀ ਕਿ ਪਹਿਲਾਂ ਕਿਸ ਨੂੰ ਹਲਾਲ ਕਰਾਂ। ਉਹ ਛੋਟੇ ਨੂੰ ਲੈ ਆਏ। ਜਦ ਉਸ ਨੂੰ ਉਸੇ ਥਾਂ ਹੀ ਲੰਮਾ ਪਾਇਆ ਤਾਂ ਉਸ ਨੇ ਉਚੀ-ਉਚੀ ਮਮਿਆਉਣਾ ਸ਼ੁਰੂ ਕਰ ਦਿੱਤਾ।

"ਹਾਏ ਮੈਂ ਮਰ ਗਿਆ, ਹਾਏ ਮੈਂ ਮਰ ਗਿਆ...।"

"ਇਸ ਨੂੰ ਮਰਨਾ ਨਹੀਂ ਕਹਿੰਦੇ", ਮੇਰੇ ਮੂੰਹ ਵਿਚੋਂ ਅਚਾਨਕ ਨਿਕਲਿਆ।

"ਹੌਂਸਲਾ ਰੱਖ। ਤੂੰ ਖ਼ੁਦਾ ਦੀ ਰਾਹ 'ਤੇ ਕੁਰਬਾਨ ਹੋ ਰਿਹਾ ਏਂ।"

ਬੱਕਰੇ ਨੇ ਤੜਫ ਕੇ ਧੌਣ ਚੁੱਕੀ ਤੇ ਮੇਰੇ ਵੱਲ ਇਸ ਤਰ੍ਹਾਂ ਦੇਖਿਆ, ਮੈਨੂੰ ਜਿਵੇਂ ਪਛਾਨਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਉਸ ਨੇ ਇਕ ਲੰਮਾ ਸਾਹ ਲਿਆ ਤੇ ਛੁਰੀ ਦੇ ਹੇਠਾਂ ਆਪਣੀ ਧੌਣ ਢਿੱਲੀ ਛੱਡ ਦਿੱਤੀ।

ਮੈਂ ਅੱਲਾ-ਹੋ-ਅਕਬਰ ਪੜ੍ਹ ਕੇ ਛੁਰੀ ਚਲਾਈ ਤੇ ਉਹ ਹਲਾਲ ਹੋ ਗਿਆ। ਪਰ ਜਦ ਖਾਣ ਦਾ ਮੌਕਾ ਆਇਆ ਤਾਂ ਮੈਨੂੰ ਗੋਸ਼ਤ ਵਿਚੋਂ ਉਸੇ ਤਰ੍ਹਾਂ ਦੀ ਖ਼ੁਸ਼ਬੂ ਆਈ ਜਿਸ ਤਰ੍ਹਾਂ ਦੀ ਆਪਣੇ ਪੁੱਤ ਤੋਂ ਆਉਂਦੀ ਸੀ। ਤੇ ਮੈਂ ਖਾਣ ਤੋਂ ਹੱਥ ਰੋਕ ਲਿਆ। ਉਸ ਤੋਂ ਬਾਅਦ ਮੈਂ ਕੋਸ਼ਿਸ਼ ਕਰਨ 'ਤੇ ਵੀ ਮਾਸ ਨਾ ਖਾ ਸਕਿਆ। ਹੁਣ ਉਹ ਮੇਰੇ 'ਤੇ ਫ਼ਤਵਾ ਲਾਉਣਾ ਚਾਹੁੰਦੇ ਹਨ। ਉਨ੍ਹਾਂ ਨੂੰ ਸ਼ੱਕ ਹੈ ਕਿ ਮੈਂ ਆਪਣਾ ਅਕੀਦਾ ਬਦਲ ਲਿਆ ਹੈ। ਪਰ ਇਹ ਝੂਠ ਹੈ। ਮੈਂ ਤਾਂ ਸਿਰਫ਼ ਮਾਸ ਖਾਣਾ ਛੱਡਿਆ ਹੈ।

****

ਕਹਾਣੀ

# ਕੈਕਟਸ ਦਾ ਸਿਖ਼ਰਲਾ ਫੁੱਲ

ਰਿਸ਼ਮਦੀਪ ਸਿੰਘ
001-604-897-0681



"ਮੰਮਾ! ਅੱਜ ਮੇਰੇ ਨਾਲ ਸਕੂਲ ਕੌਣ ਜਾਊ?"

"ਯੂਅਰ ਗਰੈਂਡ-ਪਾ ਬੇਟਾ"

"ਪਰ ਮੰਮਾ! ਉਹ ਤਾਂ ਨਾਈਟ-ਡਿਊਟੀ ਕਰ ਕੇ ਆਏ ਨੇ..ਹੀ ਇਜ਼ ਸਲੀਪਿੰਗ.."

"ਕੋਈ ਨੀ ਉਠ ਜਾਣਗੇ, ਉਨ੍ਹਾਂ ਨੂੰ ਵੀ ਤੇਰੇ ਜਿੰਨਾ ਈ ਚਾਅ ਇਆ" ਨਾਸ਼ਤਾ ਬਣਾਉਂਦੀ ਹਰਪ੍ਰੀਤ ਮੁਸਕਰਾਉਂਦੀ ਹੋਈ ਬੋਲੀ।

ਸਵੀ ਨੂੰ ਤਾਂ ਸਾਰੀ ਰਾਤ ਨੀਂਦ ਨਹੀਂ ਸੀ ਆਈ। ਅੱਜ ਉਹਦੇ ਸਾਰੇ ਸਕੂਲ ਨੇ ਨਵੀਂ ਆਲੀਸ਼ਾਨ ਇਮਾਰਤ ਵਿਚ ਸ਼ਿਫਟ ਹੋ ਜਾਣਾ ਸੀ। ਕੁਲ ਮਿਲਾ ਕੇ ਭਾਵੇਂ ਕਨੇਡਾ ਦੇ ਸਕੂਲਾਂ ਵਿਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟ ਰਹੀ ਸੀ ਅਤੇ ਇਸੇ ਕਾਰਨ ਕਈ ਸਕੂਲ ਬੰਦ ਵੀ ਹੋ ਰਹੇ ਸਨ ਪਰ ਪੰਜਾਬੀਆਂ ਦੀ ਸੰਘਣੀ ਅਤੇ ਲਗਾਤਾਰ ਵਧਦੀ ਆਬਾਦੀ ਵਾਲੇ ਸ਼ਹਿਰ 'ਸਰੀ' ਵਿਚ ਇਸ ਦੇ ਉਲਟ ਸਕੂਲਾਂ ਦੀ ਗਿਣਤੀ ਵਿਚ ਨਿਰੰਤਰ ਵਾਧਾ ਹੋ ਰਿਹਾ ਸੀ, ਨਵੇਂ ਸਕੂਲ ਖੁੱਲ੍ਹ ਰਹੇ ਸਨ।

ਸਵੀ ਦੀ ਟੀਚਰ ਨੇ ਕੱਲ੍ਹ ਸਾਰੀ ਕਲਾਸ ਨੂੰ ਯਾਦ ਕਰਾਇਆ ਸੀ, "ਕਮ ਇਨ ਕਲਰਫੁਲ ਕਲੋਦਜ਼ ਟੁਮਾਰੋ ..ਐਂਡ ਬਰਿੰਗ ਯੂਅਰ ਪੇਰੈਂਟਸ ਅਲਾਂਗ ਦੇਅਰ ਵਿਲ ਬੀ ਫੋਟੋ ਸੈਸ਼ਨ ਐਂਡ ਲਾਈਟ ਰਿਫਰੈਸ਼ਮੈਂਟ"

ਤੇ ਸੱਚੀਂ ਸਕਿਊਰਿਟੀ ਗਾਰਡ ਹਰਬੰਸ ਸਿੰਘ ਨਾਈਟ-ਡਿਊਟੀ ਕਰ ਕੇ ਤੇ ਉਥੇ ਹੀ ਇਕ ਅੱਧ ਠੌਂਕਾ ਲਾ ਕੇ, ਘਰ ਆ ਕੇ ਥੋੜ੍ਹਾ ਬਹੁਤ ਸੁਸਤਾਉਣ ਤੋਂ ਬਾਅਦ ਸਵੀ ਤੋਂ ਪਹਿਲਾਂ ਹੀ ਤਿਆਰ ਹੋਇਆ ਫਿਰੇ। ਉਹ ਤਾਂ ਪਤਾ ਨਹੀਂ ਕਦੋਂ ਦਾ ਅੱਜ ਸਵੇਰ ਦਾ ਇੰਤਜ਼ਾਰ ਕਰ ਰਿਹਾ ਸੀ, ਅਪਣੇ ਪਿਛਲੇ ਦੋ ਸਾਲਾਂ ਦੀਆਂ ਕਰੀਬ ਕਰੀਬ ਸਾਰੀਆਂ ਰਾਤਾਂ ਉਹਨੇ ਇਸ ਸਕੂਲ ਦੀ ਬਣ ਰਹੀ ਇਮਾਰਤ ਦੀ ਸਕਿਊਰਿਟੀ ਕਰਦੇ ਗੁਜ਼ਾਰੀਆਂ ਸਨ।

ਆਰਥਕ ਸਮੱਸਿਆਵਾਂ ਨਾਲ ਜੂਝਦਾ ਇਹ ਸਾਧਾਰਨ ਮੱਧਮ ਸ਼੍ਰੇਣੀ ਦਾ ਪੰਜਾਬੀ ਪਰਿਵਾਰ ਕੋਈ ਪੰਜ ਸਾਲ ਪਹਿਲਾਂ ਕਨੇਡਾ ਪੁੱਜਿਆ। ਹੁਣ ਤਾਂ ਉਨ੍ਹਾਂ ਸਾਰਿਆਂ ਨੇ ਪੂਰੀ ਵਾਹ ਲਾ ਕੇ ਆਪਣਾ ਘਰ ਵੀ ਲੈ ਲਿਆ ਸੀ।

ਪੰਜਾਬ ਵਿਚ ਰਹਿੰਦਿਆਂ ਹਰਬੰਸ ਸਿੰਘ ਨੇ ਆਪਣਾ ਮੁੰਡਾ ਬੜੀ ਮਿਹਨਤ ਨਾਲ ਪੜ੍ਹਾਇਆ ਸੀ। ਉਹ ਦਵਿੰਦਰ ਨੂੰ ਅਕਸਰ ਕਿਹਾ ਕਰੇ, "ਪੁੱਤ! ਪੜ੍ਹਾਈ ਤੋਂ ਵੱਡੀ ਕੋਈ ਦੌਲਤ ਨੀਂ! ਇਹ ਤੇਰੇ ਤੋਂ ਕੋਈ ਨੀਂ ਖੋਹ ਸਕਦਾ, ਜ਼ਿੰਦਗੀ ਵਿਚ ਗਿਆਨ ਤੇ ਤਜਰਬਾ ਈ ਬੰਦੇ ਦੀਆਂ ਵੱਡੀਆਂ ਮੱਲਾਂ ਹੁੰਦੀਐਂ ਸ਼ੇਰਾ!"

ਸਵੀ ਇਸ ਪਰਿਵਾਰ ਦੀ ਨਵੀਂ ਪੀੜ੍ਹੀ ਸੀ ਅਤੇ ਹੁਣ ਤਾਂ ਉਹਨੂੰ ਸਕੂਲ ਜਾਂਦਿਆਂ ਵੀ ਦੋ ਸਾਲ ਹੋ ਗਏ ਸਨ। ਹਰਬੰਸ ਸਿੰਘ ਦੇ ਮਨ ਵਿਚ ਮੁਰਝਾਏ ਹੋਏ ਸੁਫਨੇ ਆਪਣੀ ਪੋਤਰੀ ਨੂੰ ਸਕੂਲ ਜਾਂਦੀ ਦੇਖ ਕੇ ਮੁੜ ਸੁਰਜੀਤ ਹੋ ਗਏ ਸਨ। ਬੱਸ, ਸਵੀ ਦਾ ਸਕੂਲ ਘਰ ਤੋਂ ਕੁਝ ਦੂਰੀ 'ਤੇ ਸੀ, ਜਿਹੜਾ ਥੋੜ੍ਹੀ ਬਹੁਤ ਪ੍ਰੇਸ਼ਾਨੀ ਦਾ ਕਾਰਨ ਸੀ।

ਤੇ ਫੇਰ ਉਨ੍ਹਾਂ ਦੇ ਘਰ ਦੇ ਨਜ਼ਦੀਕ ਹੀ ਨਵੇਂ ਸਕੂਲ ਦੀ ਇਮਾਰਤ ਉਸਰਨੀ ਸ਼ੁਰੂ ਹੋ ਗਈ। ਹਰਬੰਸ ਸਿੰਘ ਨੇ ਆਪ ਸੁਪਰਵਾਈਜ਼ਰ ਨੂੰ ਕਹਿ ਕੇ ਇਸ ਬਣ ਰਹੀ ਇਮਾਰਤ ਵਿਚ ਰਾਤ ਦੀ ਸਕਿਊਰਿਟੀ ਦੀ ਡਿਊਟੀ ਲਗਵਾਈ। ਸੁਪਰਵਾਈਜ਼ਰ ਨੇ ਉਹਨੂੰ ਚਿਤਾਵਨੀ ਵੀ ਦਿੱਤੀ ਸੀ, "ਹਰਬੰਸ! ਸਾਈਟ ਬਹੁਤ ਵੱਡੀ ਆ, ਥਾਂ ਵੀ ਉਚੀ-ਨੀਵੀਂ ਆ ਅਜੇ, ਦੇਖ ਲਾ! ਰਾਤ ਨੂੰ ਰਾਊਂਡ ਦਿੰਦਾ ਡਿੰਗ ਕੇ ਸੱਟ ਨਾ ਖਾ ਲਵੀਂ..ਰਾਈਟ?"

ਖੈਰ! ਹਰਬੰਸ ਡਿੱਗਿਆ ਤਾਂ ਨਹੀਂ,ਪਰ ਮਿੱਠੇ-ਕੌੜੇ ਅਨੁਭਵ ਉਹਨੂੰ ਹੋਏ ਜ਼ਰੂਰ। ਉਹ ਸ਼ਾਮ ਨੂੰ ਛੇ ਵਜੇ ਸਾਈਟ'ਤੇ ਪਹੁੰਚ ਜਾਂਦਾ। ਪਹਿਲਾ ਕੰਮ ਸੀ ਸੁਪਰਵਾਈਜ਼ਰ ਨੂੰ ਫੋਨ ਕਰ ਕੇ ਆਪਣੇ ਅਪੜਨ ਬਾਰੇ ਸੂਚਤ ਕਰਨਾ। ਫੇਰ ਉਹ ਸਾਰੇ ਤਾਲੇ, ਦਰਵਾਜ਼ੇ ਤੇ ਖਿੜਕੀਆਂ ਚੈੱਕ ਕਰਦਾ, ਸਾਈਟ ਦੀ ਫੈਂਸ ਚੈੱਕ ਕਰਦਾ, ਜਿੱਥੋਂ ਕਿਤੇ ਕਾਮੇ ਖੁੱਲ੍ਹੀ ਛੱਡ ਗਏ ਹੁੰਦੇ, ਉੱਥੋਂ ਬੰਦ ਕਰਦਾ। ਸਾਈਟ ਵਿਚ ਖੜ੍ਹੀਆਂ ਕਰੇਨਾਂ, ਬੁਲਡੋਜ਼ਰਾਂ ਆਦਿ ਦਾ ਵੇਰਵਾ ਆਪਣੀ ਰਿਪੋਰਟ-ਸ਼ੀਟ ਵਿਚ ਦਰਜ ਕਰਦਾ। ਅਗਲਾ ਕੰਮ ਇਹ ਹੁੰਦਾ ਕਿ ਸਾਈਟ ਵਿਚ ਰੌਸ਼ਨੀ ਦਾ ਪ੍ਰਬੰਧ ਹੋਵੇ, ਹਨੇਰਾ ਹੋਣ ਤੋਂ ਪਹਿਲਾਂ ਆਪਣੇ ਪੱਲਿਓਂ ਲਏ ਮਰਕਰੀ-ਹੈਡ ਲੈਂਪਸ ਨੂੰ ਆਪਣੀ ਲੋੜ ਅਨੁਸਾਰ ਫਿੱਟ ਕਰ ਕੇ ਜਗਾ ਦਿੰਦਾ। ਫਿਰ ਆਪਣੀ ਕਾਰ ਵਿਚ ਇਕ ਬਿਜਲੀ ਦੀ ਤਾਰ ਖਿੱਚ ਕੇ ਉਸ ਨਾਲ ਹੀਟਰ ਲਗਾ ਕੇ ਬਹਿ ਜਾਂਦਾ।

ਨਿਯਮ ਅਨੁਸਾਰ ਘੰਟੇ ਵਿਚ ਘੱਟੋ-ਘੱਟ ਇਕ ਵਾਰ ਸਾਰੀ ਸਾਈਟ ਦਾ ਰਾਊਂਡ ਕਰਨਾ ਹੁੰਦਾ ਅਤੇ ਵੇਰਵਾ ਰਿਪੋਰਟ-ਸ਼ੀਟ ਵਿਚ ਦਰਜ ਕਰਨਾ ਹੁੰਦਾ। ਬੱਸ ਬਾਕੀ ਦਾ ਵਕਤ ਅਖਬਾਰ ਪੜ੍ਹਦੇ, ਦੋਸਤਾਂ ਨਾਲ ਫੋਨ 'ਤੇ ਗੱਪਾਂ ਮਾਰਦੇ, ਰੇਡੀਓ ਸੁਣਦੇ ਲੰਘਦਾ। ਸਭ ਤੋਂ ਔਖਾ ਕੰਮ ਨੀਂਦ ਨਾਲ ਜੂਝਣਾ ਸੀ। ਰਾਤ ਨੂੰ ਗਿਆਰ੍ਹਾਂ ਬਾਰ੍ਹਾਂ ਵਜੇ ਤੋਂ ਬਾਅਦ ਆਮ ਕਰ ਕੇ ਸਾਰੇ ਸਕਿਊਰਿਟੀ ਗਾਰਡ ਆਪਸ ਵਿਚ ਫੋਨ 'ਤੇ ਸੰਪਰਕ ਰੱਖਦੇ, ਇਕ-ਦੂਜੇ ਦਾ ਹਾਲ-ਚਾਲ ਵੀ ਪਤਾ ਲੱਗਦਾ ਰਹਿੰਦਾ ਤੇ ਨੀਂਦ ਉੱਤੇ ਵੀ ਕੰਟਰੋਲ ਰਹਿੰਦਾ।

ਇਕ ਹੋਰ ਵੱਡਾ ਫਿਕਰ ਸੁਪਰਵਾਈਜ਼ਰ ਤੇ ਉਸ ਤੋਂ ਵੀ ਵੱਡਾ ਫਿਕਰ ਕਿਸੇ ਗੋਰੇ ਅਫ਼ਸਰ ਦੇ ਛਾਪਾ ਮਾਰਨ ਦਾ ਹੁੰਦਾ। ਫੋਨ 'ਤੇ ਸਾਰੇ ਗਾਰਡ ਇਨ੍ਹਾਂ ਛਾਪਿਆਂ ਬਾਰੇ ਇਕ ਦੂਜੇ ਨੂੰ ਇਤਲਾਹ ਦਿੰਦੇ। ਪਰ ਫੇਰ ਵੀ ਇਕ-ਅੱਧਾ ਸੁੱਤਾ ਪਿਆ ਫੜਿਆ ਹੀ ਜਾਂਦਾ। ਵਿਹਲੇ ਬੈਠਿਆਂ ਸੁੱਤੇ ਪਏ ਫੜੇ ਜਾਣ ਦਾ ਤੌਖ਼ਲਾ ਤਾਂ ਹਮੇਸ਼ਾ ਹੀ ਲੱਗਿਆ ਰਹਿੰਦਾ, ਚੋਰੀ ਹੋ ਜਾਣੀ ਵੀ ਆਮ ਜਿਹੀ ਗੱਲ ਬਣ ਗਈ ਸੀ।

"ਬਾਈ ਹਰਬੰਸ ਸਿਆਂ! ਕਾਟੋ ਕਿੱਥੇ ਖੇਡਦੀ ਆ ਫਿਰ?" ਸਕਿਊਰਿਟੀ ਗਾਰਡ ਗੁਰਜੀਤ ਸਿੰਘ ਦਾ ਫੋਨ ਆਇਆ।

"ਆਹ ਕਾਟੋ ਦੇ ਬੂਟਾਂ 'ਚੋਂ ਡੱਕੇ ਨਾਲ ਚਿੱਕੜ ਕੱਢਦਾਂ, ਇਕ ਤਾਂ ਜਗ੍ਹਾ-ਜਗ੍ਹਾ ਟੋਏ ਪੱਟੇ ਪਏ ਆ, ਉੱਤੋਂ ਆਹ ਭੈਣ ਦਾ ਮੀਂਹ ਨੀਂ ਹਟਦਾ.."

"ਓਏ ਤੂੰ ਚਿੱਕੜ ਨੂੰ ਰੋਨਾਂ! ਓਧਰ ਮੇਜਰ ਫੜਿਆ ਗਿਆ ਸੁੱਤਾ ਕੱਲ੍ਹ ਰਾਤੀਂ.."

"ਹੈਂ ? ਉਹ ਤਾਂ ਕਹਿੰਦੇ ਆ ਬੜਾ ਫੌਜੀਆਂ ਆਗੂੰ ਬੂਟ ਖੜਕਾਉਂਦਾ ਫਿਰਦਾ ਸਾਰੀ ਰਾਤ.."

"ਓਏ ਕਾਹਨੂੰ! ਸੁਪਰਵਾਈਜ਼ਰ ਚਲਾਕੀ ਕਰ ਗਿਆ, ਚੰਗਾ ਭਲਾ ਚੈੱਕ ਕਰ ਕੇ ਗਿਆ ਸੀ ਡੇਢ ਵਜੇ..ਦੋ ਵਜੇ ਕੰਜਰ ਫੇਰ ਆ ਗਿਆ, ਮੇਜਰ ਸਾਹਬ ਦੀ ਮੂੰਹ ਟੱਡ ਕੇ ਘੁਰਾੜੇ ਮਾਰਦੇ ਦੀ ਫੋਟੋ ਖਿੱਚ ਲੀ, ਫਿਰ ਉਠਾ ਕੇ ਕਹਿੰਦਾ ਬਈ ਅੱਜ ਦੀ ਦਿਹਾੜੀ ਗਈ, ਘਰ ਜਾਓ ਆਵਦੇ"

"ਫੇਰ.?... ਹੈਂ?"

"ਅੱਗੋਂ ਮੇਜਰ ਸਾਹਬ ਫਰਮਾਏ ਬਈ ਮੈਂ ਤਾਂ ਅੱਖਾਂ ਮੀਚ ਕੇ ਪਾਠ ਕਰਦਾ ਸੀ" ਗੁਰਜੀਤ ਸਿੰਘ ਹੱਸਦਾ ਹੋਇਆ ਬੋਲਿਆ।

"ਫੇਰ ਸੁਪਰਵਾਈਜ਼ਰ ਕੀ ਕਹਿੰਦਾ?"

"ਅਖੇ 'ਮੇਜਰ ਸਾਹਬ! ਅਸੀਂ ਥੋਨੂੰ ਪੈਸੇ ਸਾਈਟ ਦੀ ਰਾਖੀ ਕਰਨ ਨੂੰ ਦਿੰਨੇ ਆਂ, ਪਾਠ ਘਰੋਂ ਕਰ ਕੇ ਆਇਆ ਕਰੋ" ਮੈਨੂੰ ਸਾਰੀ ਘਾਣੀ ਦੱਸਦਾ ਮੇਜਰ ਹਿੜ-ਹਿੜ ਕਰੀ ਜਾਵੇ.."

ਤੇ ਬੱਸ ਕੁਝ ਏਹੋ ਜਿਹੀਆਂ ਗੱਲਾਂ-ਬਾਤਾਂ ਸਕਿਊਰਿਟੀ ਗਾਰਡ ਆਪਸ ਵਿਚ ਕਰਦੇ ਰਹਿੰਦੇ।

ਇਕ ਵਾਰ ਹਰਬੰਸ ਸਿੰਘ ਨਾਲ ਵੀ ਕਾਫੀ ਮਾੜੀ ਹੋਈ ਸੀ। ਵੀਕ-ਐਂਡ 'ਤੇ ਕੁਝ ਨਸ਼ੇੜੀ ਇਕ ਕਮਰੇ ਵਿਚ ਵੜ ਗਏ, ਅੰਦਰੇ ਹੀ ਖਾਂਦੇ-ਪੀਂਦੇ ਰਹੇ ਅਤੇ ਮਲ-ਮੂਤਰ ਵੀ ਕਰੀ ਗਏ। ਹਰਬੰਸ ਹੁਣੀਂ ਬਾਹਰੋਂ ਹੀ ਦਰਵਾਜ਼ੇ ਦਾ ਤਾਲਾ ਚੈੱਕ ਕਰ ਲਿਆ ਕਰਨ ਅਤੇ ਡਰੱਗੀ ਹੁਣੀਂ ਕਿਸੇ ਖੁੱਲ੍ਹੀ ਰਹਿ ਗਈ ਖਿੜਕੀ ਰਾਹੀਂ ਅੰਦਰ-ਬਾਹਰ ਆਉਂਦੇ ਜਾਂਦੇ ਰਹੇ। ਸੋਮਵਾਰ ਨੂੰ ਜਦੋਂ ਕਾਮੇ ਆਏ ਤਾਂ ਪਤਾ ਲੱਗਿਆ। ਸਾਈਟ ਵਾਲਿਆਂ ਨੇ ਹਰਬੰਸ ਹੁਣਾਂ ਦੀ ਅਤੇ ਸਕਿਊਰਿਟੀ ਕੰਪਨੀ ਵਾਲਿਆਂ ਦੀ ਚੰਗੀ ਲਾਹ-ਪਾਹ ਕੀਤੀ। ਬੱਸ ਜਿਵੇਂ ਕਿਵੇਂ ਤਰਲੇ ਮਿੰਨਤਾਂ ਕਰ ਕੇ ਗੱਲ ਬਣੀ। ਇਸ ਵਾਕਿਆ ਤੋਂ ਬਾਅਦ ਤਾਂ ਹਰਬੰਸ ਨੇ ਹੋਰ ਵੀ ਚੌਕਸੀ ਰੱਖਣੀ ਸ਼ੁਰੂ ਕਰ ਦਿੱਤੀ, ਹਰ ਖੱਲ-ਖੂੰਜੇ ਵਿਚ ਟਾਰਚ ਦੀ ਰੌਸ਼ਨੀ ਮਾਰ ਕੇ ਚੰਗੀ ਤਰ੍ਹਾਂ ਚੈੱਕ ਕਰਦਾ। ਭਾਵੇਂ ਅੱਧੀ ਰਾਤ ਨੂੰ ਇਹ ਬਣ ਰਹੀ ਇਮਾਰਤ ਭੂਤ-ਬੰਗਲਾ ਜਿਹਾ ਮਹਿਸੂਸ ਹੁੰਦੀ। ਹਰਬੰਸ ਖੰਘੂਰੇ ਮਾਰਦਾ ਅਤੇ ਡਰੱਗੀਆਂ ਨੂੰ ਗਾਲ੍ਹਾਂ ਕੱਢਦਾ, "ਆਹ ਕੰਜਰ ਸਾਲੇ ਕਨੇਡਾ ਵਿਚ ਕਿਵੇਂ ਪੈਦਾ ਹੋਈ ਜਾਂਦੇ ਐ, ਸਹੁਰਿਓ ਕੰਮ ਕਰਲੋ..."

ਰਾਊਂਡ ਲਾ ਕੇ ਆਉਂਦੇ ਨੂੰ ਅੱਜ ਸੁਪਰਵਾਈਜ਼ਰ ਆਇਆ ਖੜ੍ਹਾ ਸੀ, ਕੋਲ ਹੁੰਦੇ ਨੇ ਪੁੱਛਿਆ, "ਹਰਬੰਸ ਸਿੰਘ ਜੀ! ਐਨੀ ਪਰਾਬਲਮ?"

"ਨਹੀਂ ਸਰ! ਓ.ਕੇ ਆ..."

"ਬੱਸ ਘੰਟੇ ਮਗਰੋਂ ਗੇੜਾ ਜ਼ਰੂਰ ਕੱਢੀ ਜਾਵੀਂ ਤੇ ਖੜਕੇ-ਦੜਕੇ ਦਾ ਵੀ ਖਿਆਲ ਰੱਖੀਂ, ਜੇ ਚੋਰੀ ਹੋ'ਗੀ ਤੇ ਆਪਾਂ ਨੂੰ ਪਤਾ ਨਾ ਲੱਗਿਆ ਤਾਂ ਇਹ ਸਾਈਟ ਤਾਂ ਹੱਥੋਂ ਜਾਊਗੀ ਹੀ, ਇਸ ਕੰਸਟਰਕਸ਼ਨ ਕੰਪਨੀ ਦੀਆਂ ਬਾਕੀ ਸਾਈਟਾਂ ਵੀ ਖਤਰੇ 'ਚ ਪੈ ਜਾਣਗੀਆਂ।"

*****

"ਹਰਪ੍ਰੀਤ! ਬੇਟਾ ਜ਼ਰਾ ਪੱਗ ਦੀ ਪੂਣੀ ਕਰਾਈਂ" ਹਰਬੰਸ ਸਿੰਘ ਨੇ ਨਵੀਂ ਗਾਜਰੀ ਪੱਗ ਬੰਨ੍ਹੀ ਤੇ ਸਜ-ਫਬ ਕੇ ਸਵੀ ਦੀ ਉਂਗਲ ਫੜ ਕੇ ਸਕੂਲ ਵੱਲ ਤੁਰ ਪਿਆ।

ਉਨ੍ਹਾਂ ਨੂੰ ਤੋਰ ਕੇ ਹਰਪ੍ਰੀਤ ਨੇ ਦਵਿੰਦਰ ਨੂੰ ਫੋਨ ਕੀਤਾ, "ਸੁਣਿਓ ਜੀ! ਮੇਰਾ ਤਾਂ ਅੱਜ ਸਵੇਰੇ ਹਾਸਾ ਈ ਨਾ ਬੰਦ ਹੋਵੇ, ਪਾਪਾ ਅੱਜ ਥੋਡੀ ਅਲਮਾਰੀ ਵਿਚੋਂ ਪਰਫਿਊਮ ਕੱਢ ਕੇ ਛਿੜਕੀ ਜਾਣ..ਹੀ ਹੀ...ਹੀ...ਹੀ....ਐਨੇ ਤਿਆਰ ਤਾਂ ਸ਼ੈਦ ਆਪਣੀ ਮੈਰਿਜ 'ਤੇ ਹੋਏ ਸੀ"

ਦਵਿੰਦਰ ਵੀ ਅੱਜ ਖ਼ੁਸ਼ ਸੀ, "ਭਾਈ ਕਨੇਡਾ ਇਆ ਇਹ..ਜੇ ਕਿਤੇ ਮੇਰੇ ਬਾਪੂ ਨੇ ਕੋਈ ਮੈਡਮ ਟਿਕਾ ਲਈ, ਤੇਰੀਆਂ ਦੋ ਦੋ ਸੱਸਾਂ ਹੋ ਜਾਣੀਆਂ"

ਤੁਰੇ ਜਾਂਦੇ ਹਰਬੰਸ ਸਿੰਘ ਨੇ ਜਦੋਂ ਘੜੀ ਉੱਤੇ ਤਰੀਕ ਦੇਖੀ ਤਾਂ ਠਠੰਬਰ ਗਿਆ। ਅੱਜ ਤੋਂ ਪੂਰੇ ਇਕ ਸਾਲ ਪਹਿਲਾਂ ਦੀ ਘਟਨਾ ਨੇ ਉਹਦੇ ਅੰਦਰ ਕੰਬਣੀ ਛੇੜ ਦਿੱਤੀ। ਉਹ ਆਪਣਾ ਘੰਟੇ-ਬੱਧੀ ਰਾਊਂਡ ਖ਼ਤਮ ਕਰ ਕੇ ਆਇਆ ਸੀ। ਬਾਹਰ ਮੌਸਮ ਬਹੁਤ ਖਰਾਬ ਸੀ, ਤੇਜ਼ ਮੀਂਹ ਤੇ ਠੰਢੀ ਸ਼ੀਤ ਹਵਾ। ਜਨਵਰੀ ਮਹੀਨੇ ਦੀ ਬਰਫ਼ ਅਤੇ ਹਨੇਰੀ ਨੇ ਕੁਝ ਵੀ ਦਿਸਣਾ ਮੁਸ਼ਕਲ ਕਰ ਦਿੱਤਾ ਸੀ। ਉਹਨੇ ਥਰਮੋਸ ਕੱਢ ਕੇ ਚਾਹ ਦੀ ਕੱਪੀ ਭਰੀ ਹੀ ਸੀ ਕਿ ਕੋਈ ਖੜਕਾ ਜਿਹਾ ਸੁਣਿਆ।

"ਸ਼ੈਦ ਹਵਾ ਨਾਲ ਕੁਸ਼ ਡਿੱਗ ਪਿਆ ਹੋਣੈ.." ਪਰ ਫਿਰ ਵੀ ਉਹਨੇ ਚੈੱਕ ਕਰਨਾ ਜ਼ਰੂਰੀ ਸਮਝਿਆ। ਤੁਰੇ ਜਾਂਦੇ ਨੂੰ ਉਦੋਂ ਹੀ ਪਤਾ ਲੱਗਿਆ ਜਦੋਂ ਕਿਸੇ ਨੇ ਧੱਕਾ ਦੇ ਕੇ ਮੂੰਹ-ਪਰਨੇ ਸੁੱਟ ਲਿਆ।

"ਡੈਮ ਫੂਲ..! ਯੂ ਵੁਡ ਹੈਵ ਬਿਨ ਬੈਟਰ ਸਿਟਿੰਗ ਇਨ ਕਾਰ" ਤਿੰਨਾਂ ਚਾਰਾਂ ਵਿਚੋਂ ਇਕ ਗਰਜਿਆ। ਉਨ੍ਹਾਂ ਨੇ ਹਰਬੰਸ ਦੇ ਹੱਥ ਪੈਰ ਬੰਨ੍ਹ ਦਿੱਤੇ ਅਤੇ ਉਹਦਾ ਫੋਨ, ਪਰਸ, ਪੈਸੇ ਤੇ ਕਾਰ ਦੀ ਚਾਬੀ ਖੋਹ ਲਈ, ਫਿਰ ਲੱਕੜ ਦਾ ਸਾਮਾਨ ਅਤੇ ਕੌਪਰ ਦੀ ਤਾਰ ਦਾ ਵੱਡਾ ਰੋਲ ਪਿਕ-ਅਪ ਵਿਚ ਲੱਦ ਲਿਆ। ਕਿੰਨਾ ਚਿਰ ਉਹ ਉਥੇ ਨੁੜਿਆ ਪਿਆ ਛਟਪਟਾਉਂਦਾ ਰਿਹਾ, ਫਿਰ ਹਿੰਮਤ ਕਰ ਕੇ ਬੰਨ੍ਹੇ ਹੋਏ ਹੱਥਾਂ-ਪੈਰਾਂ ਨਾਲ ਘਿਸੜਨ ਲੱਗਿਆ। ਉਹਦੀ ਪਿੱਠ ਨੂੰ ਵਲ ਪੈ ਗਏ, ਪੀੜ ਨਾਲ ਲੱਤਾਂ ਚੀਰੀਆਂ ਗਈਆਂ, ਪੱਗ ਢਹਿ ਗਈ, ਦਾਹੜੀ ਚਿੱਕੜ ਨਾਲ ਲਿੱਬੜ ਗਈ। ਜਿਵੇਂ ਕਿਵੇਂ ਡਿੱਗਦਾ ਢਹਿੰਦਾ ਉਹ ਬਾਹਰ ਸੜਕ ਤੱਕ ਪਹੁੰਚਿਆ, ਜਿੱਥੇ ਰੱਬੀਂ ਇਕ ਕਾਰ ਆਉਂਦੀ ਦਿਸੀ..ਉਸ ਭਲੇ ਲੋਕ ਨੇ 911 ਦਾ ਫੋਨ ਮਿਲਾਇਆ ਅਤੇ ਪੁਲੀਸ ਤੇ ਐਂਬੂਲੈਂਸ ਵਾਲੇ ਮਿੰਟਾਂ ਵਿਚ ਹੀ ਆ ਗਏ।

"ਬੱਸ ਬਾਈ ਜਾਨ ਬਚ'ਗੀ! ਹਰਬੰਸ ਸਿਆਂ! ਸ਼ੁਕਰ ਕਰ..ਨਹੀਂ ਤਾਂ ਜਾਹ ਜਾਂਦੀ ਹੋ ਜਾਣੀ ਸੀ" ਨਾਲ ਦੇ ਸਕਿਊਰਿਟੀ ਗਾਰਡ ਦੋਸਤ ਉਹਨੂੰ ਆਖੀ ਜਾਣ।

*****

ਅੱਜ ਇਕ ਸਾਲ ਬਾਅਦ ਇਹ ਸਕੂਲ ਬਿਲਡਿੰਗ ਤਿਆਰ ਸੀ, ਹਰ ਜਗ੍ਹਾ ਸਾਫ-ਸੁਥਰੀ, ਫੁੱਲਾਂ ਬੂਟਿਆਂ ਦੀ ਬਹਾਰ, ਬੱਚੇ ਰੰਗ-ਬਿਰੰਗੇ ਕੱਪੜੇ ਪਾਈ ਚਹਿਕਦੇ ਫਿਰ ਰਹੇ ਸਨ।

"ਵੱਡੇ ਪਾਪਾ! ਇਹ ਮੇਰਾ ਕਲਾਸ-ਰੂਮ ਹੈ" ਸਵੀ ਨੇ ਛਾਲਾਂ ਮਾਰਦੇ ਹੋਏ ਕਾਰਟੂਨਾਂ ਵਾਲੀਆਂ ਤਸਵੀਰਾਂ ਅਤੇ ਗੇਂਦਿਆਂ ਗੁਲਾਬਾਂ ਨਾਲ ਸਜਿਆ ਕਲਾਸ-ਰੂਮ ਦਿਖਾਇਆ"

"ਵਾਹ ਬਈ ਵਾਹ! ਇਹ ਤਾਂ ਬਹੁਤ ਸੋਹਣੈ" ਕਹਿੰਦਿਆਂ ਹਰਬੰਸ ਸਿੰਘ ਨੂੰ ਲੱਗਿਆ ਜਿਵੇਂ ਉਹਦੀਆਂ ਮੁਠੀਆਂ ਬੰਦ-ਖੁੱਲ੍ਹ ਰਹੀਆਂ ਹੋਣ, ਗੁੱਟ ਏਧਰ ਓਧਰ ਮੁੜ ਰਹੇ ਹੋਣ ਤੇ ਲੱਤਾਂ ਨੂੰ ਕੜਵੱਲ ਪੈ ਰਹੇ ਹੋਣ। ਹਾਂ ਇਹ ਓਹੀ ਕਮਰਾ ਤਾਂ ਸੀ ਜਿੱਥੇ ਚੋਰ ਉਹਨੂੰ ਬੰਨ੍ਹ ਕੇ ਛੱਡ ਗਏ ਸਨ..ਜਾਂਦੇ ਜਾਂਦੇ ਚਾਰ ਥੱਪੜ ਵੀ ਮਾਰ ਗਏ ਸਨ..

ਬਲੈਕ ਬਾਸਟਰਡ ਕਹਿੰਦਿਆਂ ਦਾੜ੍ਹੀ ਨੂੰ ਵੀ ਹੱਥ ਪਾਇਆ ਸੀ" ਹਰਬੰਸ ਕਿੰਨਾ ਚਿਰ "ਬਚਾਓ ਬਚਾਓ" ਦਾ ਰੌਲਾ ਪਾਈ ਗਿਆ ਸੀ, ਉਹਨੂੰ ਅੰਗਰੇਜ਼ੀ ਵਿਚ "ਹੈਲਪ ਹੈਲਪ.." ਕਹਿਣਾ ਵੀ ਭੁੱਲ ਗਿਆ ਸੀ।

ਪਰ ਅੱਜ ਇਸ ਕਮਰੇ ਦੇ ਅਸਲੀ ਵਾਰਿਸ ਇੱਥੇ ਸਨ, ਮਾਸੂਮ..ਹਸੂੰ ਹਸੂੰ ਕਰਦੇ..ਛਲਾਂਗਾਂ ਮਾਰ ਰਹੇ.. ਸ਼ੋਰ ਮਚਾ ਰਹੇ.. ਉੱਚੀ ਉੱਚੀ ਗੀਤ ਗਾ ਰਹੇ..।

ਉਹਦੇ ਪੀੜ ਨਾਲ ਤਰੇੜੇ ਚਿਹਰੇ ਉੱਤੇ ਮੁਸਕਰਾਹਟ ਦਾ ਗੂੜ੍ਹਾ ਪੋਚਾ ਫਿਰ ਗਿਆ। ਅੱਜ ਸਕਿਊਰਿਟੀ ਗਾਰਡ ਹਰਬੰਸ ਸਿੰਘ ਜਿੱਤ ਗਿਆ ਸੀ। ਉਹਨੂੰ ਇਉਂ ਮਹਿਸੂਸ ਹੋ ਰਿਹਾ ਸੀ ਜਿਵੇਂ ਪੱਕੀ ਫਸਲ ਦੇਖ ਕੇ ਕਿਸਾਨ ਮਹਿਸੂਸ ਕਰਦਾ ਹੈ।

*****

ਨਵੀਂ ਦੁਨੀਆ



# Matrimonial

### ਕੰਨਿਆ ਦੀ ਲੋੜ

Looking smart match for Moga (India) based Jatt Sikh Toor , fair smart boy 23 age , 6' ,18 acre Land, looking for Canadian girl. Call 9814918374, 9914719965 or khalsapreet1699@yahoo.com

----

ਆਪਣਾ ਬਿਜ਼ਨਸ ਕਰਨ ਵਾਲੇ ਯੂ.ਐਸ.ਏ. ਰਹਿੰਦੇ 34 ਸਾਲਾ, ਕੱਦ 5'11' ਕਲੀਨ ਸ਼ੇਵ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਭੈਣ ਕਨੇਡਾ ਵਿਚ ਸੈੱਟ ਹੈ। ਸੰਪਰਕ ਕਰੋ : 780-242-6563 ਜਾਂ ਈਮੇਲ ਕਰੋ : bhantgrewal@yahoo.co.uk

---

USA Citizen Jatt Sikh Sekhon 35yrs 5-10" well settled only son, running his own business. Looking for educated, nice & beautiful girl. Contact: 780-242-6563 or email bhantgrewal@yahoo.co.uk

---

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ

### ਕੰਨਿਆ ਦੀ ਲੋੜ

daman.passion@gmail.com 'ਤੇ ਸੰਪਰਕ ਕਰੋ।

---

Smart match for MBBS Handsome single boy, 6-11-1988, 5'-10'', father-mother Govt. employees, sister married. Contact: hotincoolsingh@yahoo.com, or 94171-88904.

---

In search for a UNMARRIED, SIKH RAJPUT Beautiful Bride for a very Handsome Groom. The Groom is CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6", very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

---

Jatt sikh age 28 hight 5'9" B Tec & post grad in

### ਕੰਨਿਆ ਦੀ ਲੋੜ

wireless network looking suitable girl 5'4"+ born in india send bio& pic @ ssmavi@live.com

---

Seeking a suitable match for 22 years 6' Gupta ( Mahajan ) boy. Pursuing Master of Business Management in India. boy is totally teetotaler and well educated. caste no bar. his sister is well settled in Canada. contact no 780-761-3393.

### ਵਰ ਦੀ ਲੋੜ

We are looking for a suitable sikh match for a Canadian Resident girl, 1988 born, 5.1", good looking, Ramgariya, doing well paid private job. Boy should be educated, doing well paid job and vegetarian. Only Canadian boys respecting family values should contact. Please Contact : (204) 414-8107 or email at sukhminder_ ubhi@hotmail.com

### ਵਰ ਦੀ ਲੋੜ

Suitable match required for Jat-Sikh, Canadian Citizen, Engineer, 31 years, 6ft 2 in, clean shaven, doing well-paid Govt. job. Girl should be Canadian immigrant / citizen respecting family values. Please contact E mail: singhjrm13@gmail.com phone: 780-802-7512

ਕਨੇਡੀਅਨ ਸਿਟੀਜ਼ਨ, ਜੱਟ-ਸਿੱਖ, ਇੰਜਨੀਅਰ, 31 ਸਾਲਾ, 6 ਫੁਟ 2 ਇੰਚ, ਸਰਕਾਰੀ ਜੌਬ ਕਰਦੇ ਲੜਕੇ ਲਈ ਸੁਹਣੀ-ਸੁਨੱਖੀ, ਪੜ੍ਹੀ-ਲਿਖੀ, ਇਮੀਗਰੈਂਟ/ਸਿਟੀਜ਼ਨ ਪਰਿਵਾਰਕ ਸੁਭਾਅ ਵਾਲੀ ਲੜਕੀ ਦੀ ਲੋੜ ਹੈ। ਸੰਪਰਕ ਲਈ ਫੋਨ 780-802-7512 ਜਾਂ ਈ ਮੇਲ : singhjrm13@gmail.com

- - - - -

Dhillon Family 30 years old 5'5 nursing from India smart , intelligent Canadian PR girl looking Canadian boy . only Amritsar area boys can contact. Bio data will be email on kaursurjeet123@gmail.com

# Classified Plus




**City Estates**

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)

011 91 98147 11263 or 011 91 98729 73304


### ਕਾਰਪੇਂਟਰ ਹੈਪਲਰ ਦੀ ਲੋੜ

ਕਿਚਨ ਕੈਬਨਿਟ ਬਣਾਉਣ ਵਾਲੀ ਕੰਪਨੀ ਵੈਸਟਫੋਰਕ ਇੰਟੀਰੀਅਰਜ਼ ਨੂੰ ਕਾਰਪੇਂਟਰ ਹੈਲਪਰ ਦੀ ਜ਼ਰੂਰਤ ਹੈ। ਤਨਖ਼ਾਹ ਤਜ਼ਰਬੇ ਅਨੁਸਾਰ। ਵਧੇਰੇ ਜਾਣਕਾਰੀ ਲਈ ਗੁਰਮੇਲ ਮਠਾੜੂ 780-990-9349 ਜਾਂ ਰਣਜੀਤ ਮਠਾੜੂ 780-907-9889 ਨਾਲ ਸੰਪਰਕ ਕਰੋ। Email info@westforkinteriors.com

### House for Sale

Brand New 2014 build, 2460 sq. ft. double car attached garage 2 Story home with 120 sq. ft. special balcony, 3 full washroom, 5 bedroom for sale in Edmonton. For more information please call Anil Jain 780-245-0351, Email : suman1590@yahoo.com

### NANNY NEEDED

Looking IMMEDIATELY for experience,matured and responsible person to take care of our twin 2 1/2 year old boys at our home. CPR and First Aid Certification preferred.Minimum wages minus room & board and adhere to all regulations.Send bio-data to rooms2go@gmail.com.


# Laddi Padda Realtor

RE/MAX

Medallio Award Winner 2012



ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾ ਯਾਦ ਰੱਖੋ

ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ
ਖ਼ਰੀਦਣ ਜਾਂ ਵੇਚਣ ਲਈ
ਭਰੋਸੇਮੰਦ ਰੀਐਲਟਰ ਲਾਡੀ
ਪੱਡਾ ਨੂੰ ਮਿਲੋ ਜਾਂ ਫ਼ੋਨ ਕਰੋ

For Buying, Selling or Investing
Call Honest Realtor
**Laddi Padda**

ipadda08@gmail.com

MLS MULTIPLE LISTING SERVICE® R REALTOR®

*Cell: 780-667-6767*

**2761 Hewes Way, Edmonton, AB T6L 6N5**

*Phone : 780-462-5000, Fax : 780-463-0188*

'ਮੇਰੀ ਫ਼ਿਲਮੀ ਆਤਮਕਥਾ' ਪੜ੍ਹਦਿਆਂ

# ਅਸਲ ਬਲਰਾਜ ਸਾਹਨੀ ਦੇ ਰੂ-ਬ-ਰੂ

ਮਨਮੋਹਨ
+91-82839-48811



(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

ਇਪਟਾ ਵਿਚ ਕਾਰਜਸ਼ੀਲ ਰਹਿੰਦਿਆਂ ਤੇ ਪ੍ਰਗਤੀਸ਼ੀਲ ਲੇਖਕਾਂ ਸੰਗ ਵਿਚਰਦਿਆਂ ਬਲਰਾਜ ਦਾ ਵਿਚਾਰਧਾਰਕ ਗਿਆਨ ਪ੍ਰੋਢ ਹੁੰਦਾ ਪਰ ਬਲਰਾਜ ਵਿਚਾਰਾਂ ਨੂੰ ਸ਼ਰਧਾਭਾਵੀ ਢੰਗ ਨਾਲ ਅੰਤਿਮ ਰੂਪ ਵਿਚ ਨਹੀਂ ਸਵੀਕਾਰ ਕਰਦਾ ਸਗੋਂ ਸਮੀਖਿਆਈ ਨੀਝ ਸਦਾ ਉਸ ਦੇ ਨਾਲ-ਨਾਲ ਰਹਿੰਦੀ, ਜਿਸ ਨਾਲ ਵਿਚਾਰ ਪੁਣਨ-ਪ੍ਰਕਿਰਿਆ ਵਿਚ ਪੈ ਉਸ ਤਕ ਪਹੁੰਚਦੇ। ਉਸ ਨੇ ਗਾਂਧੀਵਾਦ ਨੂੰ ਲਾਗਿਓਂ ਦੇਖਿਆ ਤੇ ਮਾਰਕਸਵਾਦ ਨੂੰ ਗਹਿਰਾਈ ਨਾਲ ਸਮਝਿਆ, ਜਿਸ ਕਾਰਨ ਉਹ ਇਸ ਨਤੀਜੇ 'ਤੇ ਪਹੁੰਚਦਾ ਹੈ; 'ਵਰਤਮਾਨ ਯੁੱਗ ਦਾ ਕ੍ਰਾਂਤੀਕਾਰੀ ਫ਼ਲਸਫ਼ਾ ਮਾਰਕਸਵਾਦ ਹੈ, ਗਾਂਧੀਵਾਦ ਨਹੀਂ, ਤੇ ਨਾ ਹੀ ਕੋਈ ਹੋਰ ਵਾਦ।' ਮਾਰਕਸ ਦਾ ਸਰਮਾਇਆ ਪੜ੍ਹਦਿਆਂ ਉਸ ਨੇ ਅਦਾਕਾਰੀ ਨੂੰ ਜਿਨਸ ਦੀ ਸਵੈਤਾ ਨਾਲ ਜੋੜ ਕੇ ਸਮਝਿਆ ਕਿ ਅਭਿਨੈ ਵੀ ਹੋਰ ਸਮਾਜਕ ਕੰਮਾਂ ਵਾਂਗ ਕੰਮ ਹੈ। ਇੰਜ ਉਸ ਕਲਾ ਨੂੰ ਰੱਬੀ ਦਾਤ ਸਮਝਣ ਦੀ ਸਨਾਤਨੀ ਸੋਚ ਨੂੰ ਤਿਲਾਂਜਲੀ ਦੇ ਦਿੱਤੀ। ਬਲਰਾਜ ਸੋਚਦਾ ਸੀ ਕਿ ਵਰਤਮਾਨ ਵਿਚ ਮਾਰਕਸਵਾਦ ਦਾ ਅਧਿਐਨ, ਮੇਰੀ ਰਾਏ ਵਿਚ, ਇਕ ਕਲਾਕਾਰ ਲਈ ਵੀ ਉਤਨਾ ਹੀ ਉਪਯੋਗੀ ਹੈ, ਜਿਤਨਾ ਕਿ ਸਮਾਜ-ਸ਼ਾਸਤਰੀ ਲਈ। ਮਾਰਕਸਵਾਦ ਭੁਲੇਖਿਆਂ ਨੂੰ ਦੂਰ ਕਰ ਕੇ ਅਸਲੀਅਤ ਉੱਪਰ ਪ੍ਰਕਾਸ਼ ਪਾਉਂਦਾ। ਮਾਰਕਸਵਾਦੀ ਨੀਝ ਤੋਂ ਹੀ ਉਸ ਨੇ ਕਲਾ, ਕਲਾਕਾਰ ਤੇ ਕਲਾਕਾਰੀ ਬਾਰੇ ਅਪਣੇ ਵਿਚਾਰ ਕਸ਼ੀਦੇ;

- ਕਲਾ ਸਾਹਿਤ ਵਿਚ ਯਥਾਰਥਵਾਦ। ਉਸ ਦੇ ਇਤਿਹਾਸ ਨੂੰ ਘੋਖਦਿਆਂ ਇਹ ਵੱਡਾ ਸਬਕ ਹਾਸਲ ਕੀਤਾ ਕਿ ਯੂਰਪ ਵਿਚ ਯਥਾਰਥਵਾਦ ਤੋਂ ਪਹਿਲਾਂ ਦੇ ਯੁੱਗ ਦੀ ਕਲਾ ਵਿਚ ਲੰਬਾਈ ਚੌੜਾਈ ਤਾਂ ਹੁੰਦੀ ਸੀ, ਜੋ ਕਲਾ ਦੀ ਤੀਜੀ ਮਾਤਰਾ ਹੈ। ਰੈਨੇਸਾਂਸ ਨੇ ਕਲਾ ਵਿਚ ਤੀਜੀ ਮਾਤਰਾ ਲਿਆਂਦੀ। ਯਥਾਰਥਵਾਦ ਦੀ ਖ਼ੂਬੀ ਕਲਾ ਵਿਚ ਤੀਜੀ ਮਾਤਰਾ ਲਿਆਉਣਾ ਹੈ।
- ਅਭਿਨੇ-ਕਲਾ ਕੇਵਲ ਆਰਟ ਨਹੀਂ, ਸਾਇੰਸ ਵੀ ਹੈ। ਵਿਗਿਆਨਕ ਢੰਗ ਨਾਲ ਅਧਿਐਨ ਤੇ ਅਭਿਆਸ ਕਰ ਕੇ ਕੋਈ ਵੀ ਸ਼ਖ਼ਸ ਚੰਗਾ ਅਦਾਕਾਰ ਬਣ ਸਕਦਾ ਹੈ।
- ਚੰਗਾ ਅਦਾਕਾਰ ਤਾਂ ਹਰ ਕੋਈ ਬਣ ਸਕਦਾ ਹੈ ਪਰ ਸਿਖਰੀ ਕਲਾਕਾਰ ਗਿਣੇ ਚੁਣੇ ਵਿਅਕਤੀ ਹੀ ਬਣ ਸਕਦੇ ਹਨ।
- ਦਰਗਾਹੀ ਪ੍ਰਤਿਭਾ ਤੇ ਪ੍ਰੇਰਨਾ ਉੱਪਰ ਭਰੋਸਾ ਕਰਨ ਦੀ ਥਾਂ ਅਪਣੀ ਲਗਨ ਤੇ ਮਿਹਨਤ ਉੱਪਰ ਭਰੋਸਾ ਕਰੋ।
- ਹਰ ਕਲਾਕਾਰ ਜਾਂ ਸਾਹਿਤਕਾਰ ਲਈ ਉਸ ਦੀ ਅਪਣੀ ਮਾਂ-ਬੋਲੀ ਤੇ ਅਪਣਾ ਮਾਤਰੀ ਸਭਿਆਚਾਰ ਹੀ ਸਭ ਤੋਂ ਉਤਮ ਮਾਧਿਅਮ ਹੁੰਦੇ ਹਨ।

ਮਾਰਕਸਵਾਦ ਤੋਂ ਪ੍ਰਭਾਵਤ ਹੋਣ ਤੋਂ ਬਾਅਦ ਅੰਤ ਬਲਰਾਜ ਪਤਨੀ ਸਮੇਤ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਜਾਂਦਾ ਹੈ ਪਰ ਮਾਰਕਸਵਾਦ ਦੀ ਰੂਹ ਨੂੰ ਪਛਾਣਦੇ ਹੋਏ ਉਹ ਮਾਰਕਸਵਾਦੀਆਂ ਦੇ ਵਿਹਾਰ ਦਾ ਕਰੀਟੀਕ ਵੀ ਬਣਾਉਂਦਾ ਹੈ; 'ਮੇਰੀ ਪੀੜ੍ਹੀ ਦੇ ਭਾਰਤੀ ਕਲਾਕਾਰਾਂ ਦੇ ਸੰਸਕਾਰ ਧੁਰੋਂ ਸਨਾਤਨੀ ਤੇ ਜਾਗੀਰਦਾਰੀ ਯੁੱਗ ਦੇ ਹਨ। ਉਨ੍ਹਾਂ ਉੱਪਰ ਮਾਰਕਸਵਾਦੀ ਵਿਚਾਰਧਾਰਾ ਦਾ ਮੁਲੰਮਾ ਉਤਨਾ ਹੀ ਕੁਢੱਬਾ ਹੋ ਜਾਂਦਾ ਹੈ, ਜਿਤਨਾ ਕਿ ਕੁਰੂਪ ਔਰਤ ਦਾ ਪੌਡਰ-ਸੁਰਖੀ ਦੀ ਬਹੁਲਤਾ ਵਰਤ ਕੇ ਅਪਣੇ ਆਪ ਨੂੰ ਸੁਹਣਾ ਬਣਾਉਣ ਦੀ ਕੋਸ਼ਿਸ਼ ਕਰਨਾ। ਸਨਅਤੀ ਪੱਖ ਤੋਂ ਤਰੱਕੀ ਕਰ ਚੁੱਕੇ ਦੇਸ਼ਾਂ ਦੇ ਲੋਕ 'ਵਾਦ' ਵਿਚ ਸ਼ਖ਼ਸੀਅਤ ਨਹੀਂ ਵਾੜਦੇ ਪਰ ਸਾਡੇ ਸੰਸਕਾਰ ਹੋਰ ਹਨ। ਅਸੀਂ ਮਾਰਕਸਵਾਦ ਨੂੰ ਅਪਨਾ ਕੇ ਉਸ ਉੱਪਰ ਵੀ ਉਤਨੇ ਹੀ ਕੱਟੜ ਹੋ ਜਾਂਦੇ ਹਾਂ, ਜਿਤਨੇ ਪਹਿਲਾਂ ਕਿਸੇ ਅਧਿਆਤਮਵਾਦੀ ਮਤ-ਮਤਾਂਤਰ ਜਾਂ ਧਰਮ-ਮਜ਼ਹਬ ਬਾਰੇ ਸਾਂ। ਜ਼ਰਾ ਵੀ ਕਿਸੇ ਨਾਲ ਸਾਡਾ ਮਤਭੇਦ ਹੋਵੇ, ਉਹ ਆਦਮੀ 'ਬੂਰਜ਼ਵਾ, ਪਿਛਾਂਹ-ਖਿੱਚੂ, ਚਿਕਨ-ਹਾਰਟਿਡ' ਤੇ ਖੌਰੇ ਹੋਰ ਕੀ-ਕੀ ਬਣ ਜਾਂਦਾ ਹੈ। ਲੀਡਰਾਂ ਨੂੰ ਅਸੀਂ ਓਵੇਂ ਹੀ ਪੂਜਣ ਲਗ ਜਾਂਦੇ ਹਾਂ, ਜਿਵੇਂ ਪਹਿਲਾਂ ਪੈਗ਼ੰਬਰਾਂ ਨੂੰ ਪੂਜਦੇ ਸਾਂ। ਸੱਚ ਨਾਲੋਂ ਸਾਨੂੰ ਧੜਾ ਜ਼ਿਆਦਾ ਪਿਆਰਾ ਹੋ ਜਾਂਦਾ ਹੈ। ਜੋ ਅਪਣੇ ਧੜੇ ਦਾ ਹੈ, ਉਹ ਦੋਸਤ ਹੈ, ਜੋ ਨਹੀਂ, ਉਹ ਦੁਸ਼ਮਣ। ਮਾਰਕਸਵਾਦ ਸਾਨੂੰ ਹਉਮੈਵਾਦ ਤੋਂ ਮੁਕਤ ਹੋਣ ਲਈ ਪ੍ਰੇਰਦਾ ਹੈ, ਪਰ ਅਸਲ ਵਿਚ ਅਸੀਂ ਦਿਨੋ ਦਿਨ ਹੰਕਾਰੀ ਬਣਦੇ ਜਾਂਦੇ ਹਾਂ।'

ਇਪਟਾ ਦੀ ਫ਼ਿਲਮ 'ਧਰਤੀ ਕੇ ਲਾਲ' ਜੋ ਖ਼ਵਾਜਾ ਅਹਿਮਦ ਅੱਬਾਸ ਦੀ ਬੰਗਾਲ ਦੇ ਕਾਲ 'ਤੇ ਵਿਉਂਤੀ ਸੀ, ਨਾਲ ਬਲਰਾਜ ਜੁੜ ਜਾਂਦਾ ਹੈ। ਇਹ ਫ਼ਿਲਮ ਬਿਜੋਨ ਭੱਟਾਚਾਰੀਆ ਦੇ ਦੋ ਨਾਟਕਾਂ 'ਜ਼ੁਬਾਨਬੰਦੀ' ਤੇ 'ਨਬੱਾਨੋ' ਤੇ ਕ੍ਰਿਸ਼ਨ ਚੰਦਰ ਦੇ ਕਾਵਿਮਈ ਨਾਵਲ 'ਅੰਨ-ਦਾਤਾ' ਦੇ ਨਾਲ-ਨਾਲ ਪਰਲ ਬਕ ਦੇ 'ਗੁੱਡ ਅਰਥ' ਤੇ 'ਸਟਾਈਨਬੈਕ ਦੇ 'ਗਰੈਪਸ ਆਫ਼ ਰਾਥ' 'ਤੇ ਆਧਾਰਤ ਹੈ। ਬਲਰਾਜ, ਸ਼ੰਭੂ ਮਿਤਰਾ ਤੇ ਬਸੰਤ ਗੁਪਤੇ ਦੀ ਤਿੱਕੜੀ ਨੇ ਰਵੀ ਸ਼ੰਕਰ ਦੇ ਸੰਗੀਤ ਨਾਲ ਬੰਗਾਲ ਦੀ ਭੁੱਖ ਦੀ ਤਰਾਸਦੀ ਨੂੰ ਬੜੇ ਉਤਮ ਢੰਗ ਨਾਲ ਪੇਸ਼ ਕੀਤਾ, ਜਿਸ ਨਾਲ ਬਕੌਲ ਬਲਰਾਜ ਵਿਅਕਤੀਵਾਦ ਦੇ ਰੋਗੀ ਫ਼ਿਲਮੀ ਮਾਹੌਲ ਵਿਚ ਆਦਰਸ਼ਕ ਸਮੂਹਵਾਦ ਨੇ ਅਜਬ ਖੇੜਾ ਲਿਆਂਦਾ। ਭਾਵੇਂ ਕਿ ਇਹ ਫ਼ਿਲਮ ਬਾਕਸ ਆਫ਼ਿਸ 'ਤੇ ਪਿੱਟ ਗਈ ਪਰ ਇਸ ਨੇ ਬਲਰਾਜ ਨੂੰ ਵਿਸ਼ੇਸ਼ ਮਸ਼ਹੂਰੀ ਦੇ ਨਾਲ-ਨਾਲ 'ਧਰਤੀ ਕੇ ਲਾਲ' ਦੇ ਨਿਰਮਾਣ ਅਧੀਨ ਹੋਏ ਅਨੁਭਵਾਂ ਨੇ ਬਲਰਾਜ ਦੀ ਰਾਜਨੀਤਕ ਵਿਚਾਰਧਾਰਕ ਸੂਝ ਨੂੰ ਹੋਰ ਪ੍ਰੋਢ ਕੀਤਾ;

- ਨਹਿਰੂ ਸਮੇਤ ਸਾਰੇ ਕਾਂਗਰਸੀ ਲੀਡਰਾਂ ਨੂੰ ਗਾਂਧੀ ਦੇ ਕੰਧਾੜੇ ਚੜ੍ਹਨ ਦੀ ਆਦਤ ਪੈ ਚੁੱਕੀ ਸੀ।
- ਸਾਡੇ ਦੇਸ਼ ਦੀ ਰਾਜਨੀਤਕ ਲੀਡਰਸ਼ਿਪ ਅਮੀਰ ਤਬਕੇ ਦੀ ਪੈਦਾਵਾਰ ਰਹੀ ਹੈ, ਤੇ ਇਨਕਲਾਬ ਨੂੰ ਤੋੜ ਪੁਚਾਉਣ ਦੀ ਤਾਂਘ ਕੇਵਲ ਮਿਹਨਤਕਸ਼ ਤਬਕੇ ਨੂੰ ਹੁੰਦੀ ਹੈ।

ਇਸ ਦੌਰਾਨ 27 ਅਪ੍ਰੈਲ 1947 ਨੂੰ ਬਲਰਾਜ ਦੀ ਵਹੁਟੀ ਦਮਯੰਤੀ ਦੀ ਮੌਤ ਹੋ ਜਾਂਦੀ ਹੈ ਤੇ 15 ਅਗਸਤ ਨੂੰ ਪੰਜਾਬ ਟੁੱਕਿਆ ਜਾਂਦਾ ਹੈ। ਇਨ੍ਹਾਂ ਦੋਹਾਂ ਘਟਨਾਵਾਂ ਦਾ ਬਲਰਾਜ ਦੀ ਜ਼ਿੰਦਗੀ 'ਤੇ ਬੜਾ ਗਹਿਰਾ ਅਸਰ ਹੁੰਦਾ ਹੈ। ਵੰਡ ਤੋਂ ਬਾਅਦ ਬਲਰਾਜ ਬੰਬਈ ਆ ਜਾਂਦਾ ਹੈ ਤੇ ਅਚਾਨਕ ਉਸ ਨੂੰ ਹਿੰਦੀ ਦੇ ਪ੍ਰਸਿੱਧ ਗਲਪਕਾਰ ਅੰਮ੍ਰਿਤ ਲਾਲ ਨਾਗਰ ਦੀ ਕਹਾਣੀ 'ਤੇ ਆਧਾਰਤ ਫ਼ਿਲਮ 'ਗੁੰਜਨ' ਵਿਚ ਮੁੱਖ ਭੂਮਿਕਾ ਦੀ ਪੇਸ਼ਕਸ਼ ਹੁੰਦੀ ਹੈ। ਨਲਿਨੀ ਜੈਵੰਤ ਇਸ ਦੀ ਹੀਰੋਇਨ ਹੈ। ਫ਼ਿਲਮ ਨਿਰਮਾਣ ਦੌਰਾਨ ਹੌਲ਼ੀ-ਹੌਲ਼ੀ ਬਲਰਾਜ ਦਾ ਖੁੱਸਿਆ ਸਵੈ-ਵਿਸ਼ਵਾਸ ਪਰਤਣ ਲਗਦਾ ਹੈ। ਉਸ ਦੀ ਕੈਮਰੇ ਮੂਹਰੇ ਡਾਇਲਾਗ ਭੁੱਲਣ ਦੀ ਕਮਜ਼ੋਰੀ ਨੂੰ ਕਲਾਕਾਰ ਡੇਵਿਡ ਬੜੇ ਪਿਆਰ ਨਾਲ ਸਮਝਾ ਕੇ ਇੰਜ ਹੱਲ ਕਰਦਾ ਹੈ, 'ਵਾਕ ਦੇ ਹਰ ਸ਼ਬਦ ਪਿੱਛੇ ਤਸਵੀਰ ਹੁੰਦੀ ਹੈ। ਦੂਜੇ ਲਫ਼ਜ਼ਾਂ ਵਿਚ, ਜੇ ਇਸ ਵਾਕ ਨੂੰ ਅਪਣੀ ਕਲਪਨਾ ਵਿਚ ਵੇਖੋ, ਤਾਂ



ਉਹ ਤਸਵੀਰ-ਲੜੀ ਬਣ ਜਾਵੇਗੀ। ਜੇ ਬੋਲਣ ਵੇਲੇ ਇਸ ਤਸਵੀਰ-ਲੜੀ ਵੱਲ ਧਿਆਨ ਕਰੋ, ਤਾਂ ਲਫ਼ਜ਼ ਨਹੀਂ ਭੁੱਲਣਗੇ।' ਇਸ ਤੋਂ ਬਾਅਦ ਬਲਰਾਜ ਨੂੰ 'ਬੁਜ਼ਦਿਲ' ਤੇ ਕੇ. ਆਸਿਫ਼ ਦੀ ਫ਼ਿਲਮ 'ਹਲਚਲ' ਵਿਚ ਚੰਗੇ ਲੀਡਿੰਗ ਰੋਲ ਮਿਲੇ। 1949 ਵਿਚ ਉਹ ਅਪਣੇ ਨਾਟਕ ਖੇਤਰ ਦੀ ਸਹਿਕਰਮੀ ਸੰਤੋਸ਼ ਨਾਲ ਵਿਆਹ ਕਰਵਾ ਲੈਂਦਾ ਹੈ। ਇਨ੍ਹਾਂ ਦਿਨਾਂ ਵਿਚ ਉਹ ਬਲਵੰਤ ਗਾਰਗੀ ਦੇ ਨਾਟਕ 'ਸਿਗਨਲ-ਮੈਨ ਦੂਲੀ' ਦੀਆਂ ਰਿਹਰਸਲਾਂ ਕਰ ਰਿਹਾ ਸੀ ਕਿ ਉਸ ਨੂੰ ਖ਼ਬਰ ਮਿਲਦੀ ਹੈ ਕਿ ਪਾਰਟੀ ਜਲੂਸ ਕੱਢ ਰਹੀ ਹੈ। ਬਲਰਾਜ ਰਿਹਰਸਲ ਵਿਚੇ ਛੱਡ ਜਲੂਸ ਵਿਚ ਸ਼ਾਮਲ ਹੋ ਜਾਂਦਾ ਹੈ ਤੇ ਪੁਲੀਸ ਕਾਰਵਾਈ ਦੌਰਾਨ ਗ੍ਰਿਫ਼ਤਾਰ ਹੋ ਕੇ ਜੇਲ੍ਹ ਪੁੱਜ ਜਾਂਦਾ ਹੈ। 'ਹਲਚਲ' ਦੀ ਸ਼ੂਟਿੰਗ ਵੀ ਚੱਲ ਰਹੀ ਹੈ। ਬਲਰਾਜ ਦਾ ਇਸ ਵਿਚ ਰੋਲ ਜੇਲ੍ਹਰ ਦਾ ਹੈ। ਕੇ. ਆਸਿਫ਼ ਕਿਸੇ ਸਿਫ਼ਾਰਸ਼ ਨਾਲ ਬਲਰਾਜ ਲਈ ਜੇਲ੍ਹ 'ਚੋਂ ਰੋਜ਼ ਸ਼ੂਟਿੰਗ 'ਤੇ ਆਉਣ ਦੀ ਇਜਾਜ਼ਤ ਲੈ ਲੈਂਦਾ ਹੈ। ਬਲਰਾਜ ਲਈ ਕੈਦੀ ਹੁੰਦਿਆਂ ਜੇਲ੍ਹਰ ਦੀ ਭੂਮਿਕਾ ਨਿਭਾਉਣਾ ਵੱਡਾ ਸਜੀਵ ਅਨੁਭਵ ਹੋ ਨਿਬੜਦਾ ਹੈ। ਇਸ ਨਾਲ ਬਲਰਾਜ ਦਾ ਇਹ ਵਿਸ਼ਵਾਸ ਹੋਰ ਪੱਕਾ ਹੋ ਜਾਂਦਾ ਹੈ ਕਿ ਐਕਟਰ ਦੇ ਐਕਸ਼ਨ ਉਸ ਦੇ ਅਪਣੇ ਅੰਦਰੋਂ ਨਿਕਲਣੇ ਚਾਹੀਦੇ ਹਨ, ਉਸ ਦੀ ਮਨੋ ਕਲਪਨਾ ਵਿਚੋਂ।' ਇਸ ਤੋਂ ਬਾਅਦ ਬਲਰਾਜ 'ਬਾਜ਼ੀ' 'ਹਮ ਲੋਗ' ਅਤੇ 'ਪਿੰਜਰੇ ਕੇ ਪੰਛੀ' ਨਾਲ ਕਾਮਯਾਬੀ ਦੀ ਬੁਲੰਦੀ 'ਤੇ ਪਹੁੰਚਦਾ ਹੈ ਪਰ ਫ਼ਿਲਮ ਲਾਈਨ ਬਾਰੇ ਉਸ ਦੇ ਵਿਚਾਰ ਕਠੋਰ ਯਥਾਰਥ ਦਾ ਰੂਪ ਲੈਣ ਲਗਦੇ ਹਨ। ਉਹ ਲਿਖਦਾ ਹੈ, 'ਫ਼ਿਲਮ ਲਾਈਨ ਵਿਚ ਸਭ ਇਕ ਦੂਜੇ ਦਾ ਮੰਦਾ ਸੋਚਦੇ ਹਨ। ਉੱਤੋਂ-ਉੱਤੋਂ ਹੱਦ ਦਰਜੇ ਦੀ ਪਿਆਰ-ਮੁਹੱਬਤ ਨਾਲ ਮਿਲਦੇ ਹਨ, ਪਰ ਮਨ ਵਿਚ ਅਗਲੇ ਦੀ ਸੰਪੂਰਨ ਤੇ ਸਦੀਵੀ ਤਬਾਹੀ ਦੀ ਅਰਦਾਸ ਕਰਦੇ ਹਨ। ਜਿਹੜਾ ਬੰਦਾ ਨਜ਼ਰੋਂ ਉਹਲੇ ਹੋ ਜਾਏ, ਉਨ੍ਹਾਂ ਭਾਣੇ ਉਹ ਮਰ-ਖੱਪ ਗਿਆ। ਉਸ ਤੋਂ ਉਨ੍ਹਾਂ ਨੂੰ ਡੂੰਘੀ ਤਸੱਲੀ ਮਿਲਦੀ ਹੈ। ਫ਼ਿਲਮਾਂ ਵਿਚ ਕਾਮਯਾਬ ਹੋਣ ਦੀ ਸ਼ਰਤ ਇਹ ਵੀ ਹੈ ਕਿ ਦੋਸਤਾਂ-ਮਿੱਤਰਾਂ ਨੂੰ ਇਹ ਤ੍ਰਿਪਤੀ ਪ੍ਰਾਪਤ ਨਾ ਹੋਣ ਦਿੱਤੀ ਜਾਵੇ।' ਉਹ ਇਹ ਵੀ ਲਿਖਦਾ ਹੈ, 'ਇਹ ਕਿਹੋ ਜਿਹੀ ਦੁਨੀਆ ਹੈ? ਅਪਣੇ ਕਿਸੇ ਵੀ ਫ਼ੈਸਲੇ ਦੇ ਠੀਕ ਜਾਂ ਗ਼ਲਤ ਹੋਣ ਦਾ ਬੰਦੇ ਨੂੰ ਵਿਸ਼ਵਾਸ ਨਹੀਂ ਹੁੰਦਾ।'

ਇਸੇ ਦੌਰਾਨ ਇਕ ਦਿਨ ਬਿਮਲ ਰਾਏ ਦਾ ਅਸਿਸਟੈਂਟ ਅਸਿਤ ਸੈਨ ਬਲਰਾਜ ਨੂੰ ਉਸ ਦੇ ਘਰੇ ਆ ਕੇ ਕਹਿੰਦਾ ਹੈ ਕਿ ਦਾਦਾ ਮਿਲਣਾ ਚਾਹੁੰਦੇ ਹਨ। ਬਲਰਾਜ ਸੂਟ ਬੂਟ ਪਹਿਨੀਂ ਦਾਦਾ ਮੂਹਰੇ ਜਾ ਖੜ੍ਹਦਾ ਹੈ। ਬਿਮਲ ਰਾਏ ਨੂੰ ਰਵਿੰਦਰ ਨਾਥ ਟੈਗੋਰ ਦੀ ਕਵਿਤਾ 'ਤੇ ਆਧਾਰਤ 'ਦੋ ਬੀਗਾ ਜ਼ਮੀਨ' ਦੇ ਨਾਇਕ ਸ਼ੰਭੂ ਮਹਾਤੋ ਦੀ ਤਲਾਸ਼ ਹੈ। ਬਲਰਾਜ ਨੂੰ ਦੇਖ ਕੇ ਉਹ ਕਹਿੰਦਾ ਹੈ, 'ਅਮਰਾ ਸ਼ਾਥ ਠਾਠਾ ਕੋਰਸ਼ੀ'। ਪਰ ਬਲਰਾਜ ਦੇ ਕਹਿਣ 'ਤੇ ਕਿ ਮੈਂ ਇਹੋ ਜਿਹਾ ਰੋਲ ਪੀਪਲਜ਼ ਥੀਏਟਰ ਦੀ 'ਧਰਤੀ ਕੇ ਲਾਲ' ਵਿਚ ਕੀਤਾ ਹੈ ਜਿਸ 'ਤੇ ਉਸ ਦੀ ਸਿਲੈੱਕਸ਼ਨ ਹੋ ਜਾਂਦੀ ਹੈ। ਬਿਮਲ ਰਾਏ ਨਾਲ ਕੰਮ ਕਰਦਿਆਂ ਬਲਰਾਜ ਨੂੰ ਅਤਿ-ਯਥਾਰਥਵਾਦੀ ਪੱਧਤੀ ਦੇ ਫ਼ਿਲਮਕਾਰੀ ਦੀ ਸਮਝ ਪੈਂਦੀ ਹੈ। ਕਲਕੱਤੇ ਵਿਚ ਉਹ ਰਿਕਸ਼ੇ ਵਾਲੇ ਦਾ ਰੋਲ ਨਿਭਾਉਣ ਲਈ ਰਿਕਸ਼ੇ ਵਾਲਿਆਂ ਦੇ ਜੀਵਨ ਨੂੰ ਲਾਗਿਓਂ ਦੇਖਣ ਲਈ ਓਵੇਂ ਹੀ ਰਹਿੰਦਾ ਹੈ, ਜਿਵੇਂ 'ਧਰਤੀ ਦੇ ਲਾਲ' ਤੇ 'ਕਾਬੁਲੀਵਾਲਾ' ਵਿਚ ਮਜ਼ਦੂਰਾਂ ਤੇ ਪਠਾਣਾਂ ਦੇ ਜੀਵਨ ਨੂੰ ਸਮਝਣ ਲਈ ਉਨ੍ਹਾਂ ਦੇ ਨਾਲ ਵਿਚਰਦਾ ਹੈ। ਇੰਜ ਬਲਰਾਜ ਦਾ ਅਦਾਕਾਰੀ ਬਾਰੇ ਇਹ ਵਿਚਾਰ ਬਣਦਾ ਹੈ, 'ਜਿਸ ਕਿਰਦਾਰ ਨੂੰ ਤੁਸਾਂ ਖੇਡਣਾ ਹੈ, ਜਿਤਨੇ ਉਸ ਨਾਲ ਅਭਿੰਨ ਹੋ ਜਾਓਗੇ, ਉਤਨੇ ਹੀ ਤੁਸੀਂ ਕਾਮਯਾਬ ਹੋ। ਅਰਜਨ ਨੇ ਤੀਰ ਮਾਰਨ ਵੇਲੇ ਸਿਰਫ਼ ਮੱਛੀ ਦੀ ਅੱਖ ਨੂੰ ਵੇਖਿਆ ਸੀ, ਜੋ ਉਹਨੇ ਵਿੰਨ੍ਹਣੀ ਸੀ। ਬੱਸ, ਅਭਿਨੇਤਾ ਲਈ ਇਹੀ ਉਹ ਮੱਛੀ ਦੀ ਅੱਖ ਹੈ।' 'ਦੋ ਬੀਗਾ ਜ਼ਮੀਨ' ਨੇ ਬਲਰਾਜ ਨੂੰ ਕਾਮਯਾਬੀ ਦੇ ਸਿਖਰ 'ਤੇ ਪਹੁੰਚਾ ਦਿੱਤਾ। ਪਰ ਉਹ ਫ਼ਿਲਮਾਂ ਦੇ ਘਟੀਆ ਮਾਹੌਲ ਦੀ ਤਲਖ਼ੀ ਕਾਰਨ ਬੰਬਈ ਤੋਂ ਭੱਜਣ ਨੂੰ ਕਰਦਾ। ਉਹ ਲਿਖਦਾ ਹੈ ਕਿ 'ਇੰਡਸਟਰੀ ਵਿਚ ਆਮ ਮਸ਼ਹੂਰ ਹੈ ਕਿ ਕਿਸੇ ਨਾ ਕਿਸੇ ਦੀਆਂ ਟੰਗਾਂ ਹੇਠੋਂ ਲੰਘੇ ਬਿਨਾਂ ਘੱਟ ਵੱਧ ਹੀ ਕੋਈ ਨਵੀਂ ਕੁੜੀ ਨਾਇਕਾ ਬਣਨ ਦੀ ਆਸ ਕਰ ਸਕਦੀ ਹੈ। ਕਈ ਤਾਂ ਲਾਰਿਆਂ 'ਤੇ ਇਤਬਾਰ ਕਰ ਕੇ ਅਪਣਾ ਆਪ ਬਰਬਾਦ ਕਰ ਬਹਿੰਦੀਆਂ ਹਨ।'

ਬਲਰਾਜ ਇਸ ਮਾਹੌਲ ਤੋਂ ਅਵਾਜ਼ਾਰ ਹੈ। ਉਹ ਅਕਸਰ ਸੋਚਦਾ ਪੰਜਾਬ ਜਾ ਕੇ ਫਿਰ ਵਾਪਸ ਕਿਉਂ ਆ ਗਿਆ ਇਸ ਕੁਲਹਿਣੀ ਨਗਰੀ ਵਿਚ? ਕਿਉਂ ਨਾ ਨੱਠ ਜਾਵਾਂ? ਅਪਣੇ ਲੋਕ, ਅਪਣੀ ਬੋਲੀ, ਅਪਣਾ ਅੰਨ ਪਾਣੀ। ਗ਼ਦਰੀ ਬਾਬਾ ਗੁਰਮੁਖ ਸਿੰਘ ਦੀ ਕਹੀ ਗੱਲ 'ਓਏ ਬਲਰਾਜ, ਤੂੰ ਪੰਜਾਬੀ! ਪੰਜਾਬ ਕਿਉਂ ਨਹੀ ਜਾਂਦਾ?', ਨੂੰ ਯਾਦ ਕਰਦਾ ਪਰ ਫਿਰ ਸੋਚਦਾ ਉੱਥੇ ਜਾ ਕੇ ਕੀ ਕਰਾਂਗਾ? ਮੇਰਾ ਭਰਾ ਭੀਸ਼ਮ ਥਾਂ ਥਾਂ ਧੱਕੇ ਖਾ ਰਿਹਾ ਹੈ। ਰਾਜਬੰਸ, ਰਾਜਿੰਦਰ ਬੇਦੀ, ਸਾਹਿਰ ਤੇ ਕਿਤਨੇ ਹੋਰ ਸਾਥੀ ਰੁਜ਼ਗਾਰ ਦੀ ਭਾਲ ਵਿਚ ਬੰਬਈ ਨੱਠੇ ਨੱਠੇ ਆਉਂਦੇ ਹਨ। ਮੇਰਾ ਤਾਂ ਫਿਰ ਵੀ ਕਿਸੇ ਨਾ ਕਿਸੇ ਮਾਤਰਾ ਵਿਚ ਨਹੁੰ ਅੜਿਆ ਹੋਇਆ ਹੈ। ਮਾਰਦੀ ਰਹੇ ਦੁਨੀਆ ਟੋਕਾਂ। ਪਰ ਫਿਰ ਬਲਰਾਜ ਅਪਣੇ ਵਿਚਾਰਧਾਰਾਈ ਜ਼ਾਵੀਏ ਫਰੋਲਦਿਆਂ ਸੋਚਦਾ, 'ਪਹਿਲਾ ਕੰਮ ਆਰਥਕ ਤੌਰ 'ਤੇ ਸੁਤੰਤਰ ਹੋਣਾ ਹੈ। ਉਸ ਬਿਨਾਂ ਚਾਰਾ ਨਹੀਂ। ਤੇ ਉਸ ਲਈ ਅਪਣੇ ਕੰਮ ਵਿਚ ਮੁਹਾਰਤ ਹਾਸਲ ਕਰਨੀ ਪਏਗੀ। ਹੋਰ ਮਿਹਨਤ ਕਰਨੀ ਪਏਗੀ। ਫ਼ਿਲਮਾਂ ਵਿਚ ਜੀਅ ਲਗਦਾ ਭਾਵੇਂ ਨਹੀਂ, ਮਾਹੌਲ ਭਾਵੇਂ ਕਿਹੋ ਜਿਹਾ ਹੈ, ਮੈਂ ਕਾਮਯਾਬ ਹੋ ਕੇ ਦਿਖਾਉਣਾ ਹੈ। ਪੰਜਾਬ ਨੂੰ ਯਾਦ ਕਰਨਾ ਭਜਾਕਲਪੁਣੇ ਤੋਂ ਛੁੱਟ ਹੋਰ ਕੁਝ ਨਹੀਂ।' ਪਰ ਫਿਰ ਉਹ ਚਾਰਲੀ ਚੈਪਲਿਨ ਦੀ ਜੀਵਨੀ ਤੇ ਅਦਾਕਾਰੀ ਤੋਂ ਪ੍ਰਭਾਵਤ ਹੁੰਦਿਆਂ ਇਸ ਦੁਵੱਲਤਾ ਦਾ ਵਿਵੇਚਨ ਇਸ ਸਮਝੌਤਾਵਾਦੀ ਪੈਂਤੜੇ 'ਤੇ ਕਰਦਾ ਹੈ, 'ਕਲਾਕਾਰ ਦੀ ਜ਼ਿੰਦਗੀ ਵਿਪਰੀਤੀਆਂ ਤੇ ਵਿਖਮਤਾਵਾਂ ਨਾਲ ਠਸਾ ਠਸ ਭਰੀ ਹੁੰਦੀ ਹੈ। ਉਸ ਦੇ ਕਿਰਦਾਰ ਦੀਆਂ ਸੀਮਾਵਾਂ ਤੇ ਕਮਜ਼ੋਰੀਆਂ ਵੀ ਕਈ ਵਾਰ ਉਸ ਦੇ ਕਲਾਤਮਕ ਵਿਕਾਸ ਦਾ ਸਰਚਸ਼ਮਾ ਬਣ ਜਾਂਦੀਆਂ ਹਨ।'

ਇੰਜ ਬਲਰਾਜ ਸਾਹਨੀ ਦੀ 'ਮੇਰੀ ਫ਼ਿਲਮੀ ਆਤਮਕਥਾ' ਪੜ੍ਹਦਿਆਂ ਜਿਸ ਬਲਰਾਜ ਸਾਹਨੀ ਦੇ ਦਰਸ਼ਨ ਹੁੰਦੇ ਹਨ ਉਹ ਬਲਰਾਜ ਸੱਚਾ ਤੇ ਸੁੱਚਾ ਬੰਦਾ ਹੈ। ਸੰਵੇਦਨਸ਼ੀਲ, ਹਸਾਸ ਤੇ ਚੇਤਨ। ਮਾਨਵੀ ਕਦਰਾਂ-ਕੀਮਤਾਂ ਨੂੰ ਸਮਰਪਤ। ਉਸ ਦੀ ਸੋਚ ਤੇ ਸ਼ਖ਼ਸੀਅਤ ਸਮਸੁਰ ਹੈ। ਸੋਚ ਤੇ ਅਮਲ ਵਿਚ ਕੋਈ ਖ਼ਲੀਜ ਨਹੀਂ। ਪ੍ਰਾਪਤ ਮਾਹੌਲ ਦੀਆਂ ਕਰੂਰਤਾਵਾਂ ਤੇ ਕੁਰੱਖ਼ਤਗੀਆਂ ਤੋਂ ਅਵਾਜ਼ਾਰ ਰਹਿੰਦਾ। ਬਰਾਬਰੀ, ਇਨਸਾਫ਼ ਤੇ ਸਾਵਾਂਪਨ ਉਸ ਦੇ ਆਦਰਸ਼ ਹਨ। ਪਰ ਮਾਹੌਲ ਉਸ ਨੂੰ ਸਦਾ ਇਸ ਤੋਂ ਉਲਟ ਦਿੰਦਾ। ਇਸੇ ਕਰ ਕੇ ਉਸ ਦਾ ਅੰਦਰਲਾ ਬਲਰਾਜ ਕਿਸੇ ਹੋਰ ਜਗਤ ਦੀ ਤਲਾਸ਼ ਵਿਚ ਹੈ। ਵੱਡੀ ਗੱਲ ਇਹ ਹੈ ਕਿ ਸਮਝੌਤੇ ਵੀ ਉਸ ਦੀ ਵੱਡੀ ਸ਼ਖ਼ਸੀਅਤ ਦੇ ਵਜੂਦ ਮੂਹਰੇ ਨਿੱਕੇ ਲਗਦੇ ਹਨ। ਇੰਜ ਲਗਾਤਾਰ ਪਰਿਵਰਤਨ ਉਸ ਦੀ ਜੀਵਨ ਜੁਗਤ ਹੈ। ਉਹ ਇਸ ਜੁਗਤ ਅਨੁਸਾਰ ਨਵੇਂ ਦੀ ਭਾਲ਼ ਵਿਚ ਰਹਿੰਦਾ। ਇਸ ਨਵੇਂਪਨ 'ਚੋਂ ਉਸ ਨੂੰ ਫਿਰ ਪੁਰਾਣੇਪਨ ਦੀ ਹਮਕ ਆਉਣ ਲਗਦੀ। ਫਿਰ ਉਹ ਕਿਸੇ ਨਵੇਂਪਨ ਦੀ ਤਲਾਸ਼ ਕਰਦਾ। ਇਸ ਦਵੰਦ 'ਚੋਂ ਉਸ ਨੇ ਅਪਣੇ ਜੀਵਨ ਦਾ ਫ਼ਲਸਫ਼ਾ ਅਪਣੇ ਅਨੁਭਵਾਂ ਤੇ ਪ੍ਰਾਪਤ ਦਵੰਦਵਾਦੀ ਵਿਆਖਿਆਵਾਂ 'ਚੋਂ ਲੱਭਿਆ। ਪਰ ਉਹ ਕਿਸੇ ਵਾਦ 'ਤੇ ਜੜ੍ਹ ਹੋ ਨਾ ਖੜ੍ਹਿਆ। ਉਸ ਦਾ ਜੀਵਨ ਅਨੁਭਵ ਹੀ ਉਸ ਦੇ ਵਿਚਾਰਾਂ ਦੀ ਨਿਰਮਾਣਸ਼ਾਲਾ ਹੈ। ਲਗਾਤਾਰ ਚਿੰਤਨ, ਚੇਤਨਤਾ ਤੇ ਜਾਗਰੂਕਤਾ ਉਸ ਦੀ ਜੀਵਨ ਜਾਚ ਹੈ। ਉਹ ਸਿਰਫ਼ ਅਭਿਨੇਤਾ, ਕਲਾਕਾਰ, ਨਿਰਦੇਸ਼ਕ, ਥੀਏਟਰ ਦਾ ਬੰਦਾ, ਲੇਖਕ ਜਾਂ ਪਾਰਟੀ ਕਾਰਕੁਨ ਨਹੀਂ। ਡੂੰਘੀ ਨੀਝ ਤੇ ਕਰੀਟੀਕਲ ਹੋਣਾ ਉਸ ਦੇ ਸੁਭਾਅ ਵਿਚ ਸ਼ਾਮਲ ਹੈ। ਅਜਿਹਾ ਬੰਦਾ ਸਦਾ ਅਪਣੇ ਵਰਤਮਾਨ ਤੋਂ ਅਸੰਤੁਸ਼ਟ ਰਹਿੰਦਾ ਹੈ ਤੇ ਅਸੰਤੁਸ਼ਟੀ ਹੀ ਸਹੀ ਸਿਰਜਕ ਤੇ ਅਸਲ ਬੰਦੇ ਦੀ ਚੂਲ ਹੁੰਦੀ ਹੈ। ਅਜਿਹਾ ਬਲਰਾਜ ਆਉਣ ਵਾਲੀਆਂ ਪੀੜ੍ਹੀਆਂ ਲਈ ਵੱਡਾ ਪੱਥ ਪਰਦਰਸ਼ਕ ਰਹੇਗਾ ਅਤੇ ਇਸ ਨਾਲ ਹੀ ਮੈਂ ਉਸ ਮਹਾਨ ਆਤਮਾ ਨੂੰ ਸਲਾਮ ਕਰਦਾ ਹਾਂ!

ਸਮਾਪਤ



# ਗੁਲਾਬੀ ਗੈਂਗ ਤੇ ਵਿਅਕਤੀ ਦੀ ਨਿਜਤਾ

'ਗੁਲਾਬੀ ਗੈਂਗ' 2014 ਵਿਚ ਬਣੀ ਦਸਤਾਵੇਜ਼ ਫ਼ਿਲਮ ਹੈ, ਜਿਸ ਨੂੰ ਨਿਸ਼ਠਾ ਜੈਨ ਨੇ ਡਾਇਰੈਕਟ ਕੀਤਾ ਹੈ। ਇਹ ਭਾਰਤ ਦੀਆਂ ਉਨ੍ਹਾਂ ਬਹੁਤ ਘੱਟ ਦਸਤਾਵੇਜ਼ੀ ਫ਼ਿਲਮਾਂ ਵਿਚੋਂ ਹੈ, ਜਿਸ ਨੂੰ ਸਿਨੇਮਾ ਘਰਾਂ ਨੇ ਰਿਲੀਜ਼ ਕੀਤਾ ਅਤੇ ਲੋਕਾਂ ਨੇ ਜਾ ਕੇ ਦੇਖਿਆ। ਭਾਰਤ ਵਿਚ ਅਜਿਹੀ ਦਸਤਾਵੇਜ਼ੀ ਫ਼ਿਲਮਾਂ ਬਹੁਤ ਘੱਟ ਬਣਦੀਆਂ ਹਨ ਜਿਨ੍ਹਾਂ 'ਤੇ ਨਿਰਮਾਤਾ ਅਤੇ ਡੀਲਰ ਪੈਸਾ ਲਗਾਉਣ ਲਈ ਤਿਆਰ ਹੋਣ ਅਤੇ ਜਿਨ੍ਹਾਂ ਨੂੰ ਸਿਨੇਮਾਘਰਾਂ ਵਿਚ ਵਪਾਰਕ ਫ਼ਿਲਮਾਂ ਨਾਲ ਰਿਲੀਜ਼ ਕੀਤਾ ਜਾਵੇ। ਟਿਕਟਾਂ ਦੀ ਖਿੜਕੀ 'ਤੇ 'ਗੁਲਾਬੀ ਗੈਂਗ' ਨੇ ਜ਼ਿਆਦਾ ਪੈਸਾ ਨਹੀਂ ਕਮਾਇਆ ਪਰ ਇਸ ਨੇ ਲੋਕਾਂ ਦੀ ਚੇਤਨਾ ਨੂੰ ਝੰਜੋੜਿਆ।

'ਗੁਲਾਬੀ ਗੈਂਗ' ਬੁੰਦੇਲਖੰਡ ਦੀਆਂ ਉਨ੍ਹਾਂ ਔਰਤਾਂ 'ਤੇ ਹੈ, ਜੋ ਗੁਲਾਬੀ ਸਾੜੀਆਂ ਪਾਉਂਦੀਆਂ ਹਨ ਤੇ ਸਥਾਨਕ ਪੱਧਰ 'ਤੇ ਭ੍ਰਿਸ਼ਟਾਚਾਰ ਅਤੇ ਸਮਾਜਕ ਬੁਰਾਈਆਂ ਖ਼ਿਲਾਫ਼ ਸੰਘਰਸ਼ ਕਰ ਰਹੀਆਂ ਹਨ। ਗੁਲਾਬੀ ਸਾੜੀ ਦੇ ਨਾਲ-ਨਾਲ ਉਨ੍ਹਾਂ ਦੀ ਇਕ ਹੋਰ ਪਛਾਣ ਹੱਥ ਵਿਚ ਡੰਡਾ ਵੀ ਹੈ। ਇਸੇ ਕਾਰਨ ਉਨ੍ਹਾਂ ਦਾ ਨਾਂ ਗੁਲਾਬੀ ਗੈਂਗ ਪਿਆ। ਗੁਲਾਬੀ ਗੈਂਗ ਦਾ ਇਤਿਹਾਸ ਲਗਭਗ ਅੱਠ ਸਾਲ ਪੁਰਾਣਾ ਹੈ। ਇਸ ਦੀ ਨੀਂਹ ਪਈ 2006 ਵਿਚ। ਇਸ ਦੀ ਨੇਤਾ ਹੈ ਸੰਪਤ ਪਾਲ ਦੇਵੀ, ਜਿਨ੍ਹਾਂ ਨੂੰ ਪੂਰਾ ਦੇਸ਼ ਜਾਣਦਾ ਹੈ। ਸੰਪਤ 2012 ਵਿਚ ਕਲਰਜ਼ ਟੀ.ਵੀ. ਦੇ ਰਿਆਲਟੀ ਸ਼ੋਅ 'ਬਿਗ ਬਾਸ' ਵਿਚ ਵੀ ਹਿੱਸਾ ਲੈ ਚੁੱਕੀ ਹੈ। ਸੰਪਤ (ਜਨਮ 1958 ਜਾਂ 1960, ਉਂਜ ਕਿਹਾ ਨਹੀਂ ਜਾ ਸਕਦਾ ਕਿ ਉਨ੍ਹਾਂ ਦਾ ਜਨਮ ਸਹੀ-ਸਹੀ ਕਿਸ ਸਾਲ ਹੋਇਆ) ਹੁਣ ਇਕ ਦੰਤਕਥਾ ਬਣ ਚੁੱਕੀ ਹੈ। ਉਨ੍ਹਾਂ ਦੇ ਜੀਵਨ ਅਤੇ ਸੰਘਰਸ਼ ਨੂੰ ਲੈ ਕੇ ਕਈ ਕਿਤਾਬਾਂ ਆ ਚੁੱਕੀਆਂ ਹਨ, ਜਿਨ੍ਹਾਂ ਵਿਚ 'ਬਾਂਦਾ ਸਿਸਟਰਜ਼' (ਕਿਰਾ ਕੋਚਰਾਨੇ) ਅਤੇ ਸੰਪਤ ਪਾਲ, ਵਾਰੀਅਰ ਇਨ ਏ ਪਿੰਕ ਸਾਰੀ, ਦ ਇਨਸਾਈਡ ਸਟੋਰੀ ਆਫ਼ ਦੀ ਗੁਲਾਬੀ ਗੈਂਗ ਐਜ਼ ਟੋਲਡ ਟੂ ਐਨ ਬਥੋਰਡ' ਪ੍ਰਮੁੱਖ ਹਨ। ਨਿਸ਼ਠਾ ਜੈਨ ਦੀ ਫ਼ਿਲਮ ਵਿਚ ਬੁੰਦੇਲਖੰਡ ਦੀਆਂ ਔਰਤਾਂ ਦਾ ਸੋਸ਼ਣ, ਦਰਦ ਅਤੇ ਪ੍ਰਤੀਰੋਧ ਉਭਰਦਾ ਹੈ। ਸ਼ੁਰੂਆਤੀ ਦ੍ਰਿਸ਼ਾਂ ਵਿਚ ਹੀ ਦਿਖਾਇਆ ਗਿਆ ਹੈ ਕਿ ਸੰਪਤ ਪਾਲ ਪਿੰਡ ਵਿਚ ਇਕ ਰਸਤੇ 'ਤੇ ਜਾ ਰਹੀ ਹੈ। ਕੁਝ ਸਮੇਂ ਬਾਅਦ ਹੀ ਉਹ ਇਕ ਘਰ ਸਾਹਮਣੇ ਰੁਕਦੀ ਹੈ। ਪਤਾ ਚਲਦਾ ਹੈ ਕਿ ਘਰ ਵਿਚ ਇਕ ਔਰਤ ਸੜੀ ਹੋਈ ਹੈ। ਘਰਵਾਲਿਆਂ ਦਾ ਕਹਿਣਾ ਹੈ ਕਿ ਚੁਲ੍ਹੇ ਤੋਂ ਅੱਗ ਲਗਣ ਕਾਰਨ ਔਰਤ ਜਲ ਕੇ ਮਰ ਗਈ। ਸੰਪਤ ਪਾਲ ਆਪਣੀ ਤਰਫ਼ੋਂ ਜਾਂਚ ਪੜਤਾਲ ਕਰਦੀ ਹੈ। ਗੱਲਬਾਤ ਵਿਚ ਕਈ ਸਵਾਲ ਉਠਦੇ ਹਨ। ਆਖ਼ਰ ਜਿਸ ਕਮਰੇ ਵਿਚ ਉਹ ਔਰਤ ਜਲੀ ਮਿਲੀ, ਉਸ ਵਿਚ ਬਾਕੀ ਸਾਮਾਨ ਕਿਵੇਂ ਬਚ ਗਿਆ? ਉਹ ਅੱਗ ਵਿਚ ਕਿਉਂ ਨਹੀਂ ਸੜੇ? ਕੀ ਉਸ ਨੂੰ ਘਰ ਤੋਂ ਬਾਹਰ ਮਾਰਿਆ ਗਿਆ ਤੇ ਕਮਰੇ ਵਿਚ ਲਿਆ ਕੇ ਅੱਗ ਲਗਾ ਦਿੱਤੀ ਗਈ? ਹੌਲੀ-ਹੌਲੀ ਇਹ ਵੀ ਖੁਲਾਸਾ ਹੁੰਦਾ ਹੈ ਕਿ ਮ੍ਰਿਤ ਔਰਤ ਦਾ ਪਤੀ ਵੀ ਜੋ ਗੱਲਾਂ ਕਹਿ ਰਿਹਾ ਹੈ, ਉਸ ਵਿਚ ਅੰਤਰ ਵਿਰੋਧ ਹੈ। ਇਹੀ ਨਹੀਂ ਮਾਇਕੇ ਵਾਲੇ ਵੀ ਇਸ ਮਾਮਲੇ ਦੀ ਜਾਂਚ-ਪੜਤਾਲ ਦੇ ਪੱਖ ਵਿਚ ਨਹੀਂ ਹੈ ਤੇ ਪੁਲੀਸ ਵੀ ਮਾਮਲੇ ਵਿਚ ਤਹਿਕੀਕਾਤ ਲਈ ਉਤਸਕ ਨਹੀਂ ਹੈ। ਪੁਲੀਸ ਦਾ ਕਹਿਣਾ ਹੈ ਕਿ ਕੋਈ ਧਿਰ ਇਹ ਮੰਨਦੀ ਨਹੀਂ ਕਿ ਮੌਤ ਸ਼ੱਕੀ ਹੈ ਤਾਂ ਫਿਰ ਕਿਸ ਗੱਲ ਦੀ ਪੜਤਾਲ।

ਇਹ ਸਿਰਫ਼ ਇਕ ਵਾਕਯ ਨਹੀਂ ਹੈ। ਫ਼ਿਲਮ ਤੋਂ ਇਹ ਪਤਾ ਚਲਦਾ ਹੈ ਕਿ ਅਜਿਹੀਆਂ ਘਟਨਾਵਾਂ ਉਸ ਬੁੰਦੇਲਖੰਡ ਦੇ ਪਿੰਡਾਂ ਵਿਚ ਆਮ ਹਨ, ਜਿੱਥੇ ਗੁਲਾਬੀ ਗੈਂਗ ਜਨਜਾਗਰਨ ਲਈ ਮੁਹਿੰਮ ਚਲਾ ਰਿਹਾ ਹੈ। ਬੁੰਦੇਲਖੰਡ ਵਿਚ, ਭਾਰਤ ਦੇ ਕਈ ਹਿੱਸਿਆਂ ਦੀ ਤਰ੍ਹਾਂ ਲੜਕੀਆਂ ਦਾ ਵਿਆਹ ਬਹੁਤ ਘੱਟ ਉਮਰ ਵਿਚ ਕਰ ਦਿੱਤਾ ਜਾਂਦਾ ਹੈ, ਸਮਾਜਕ ਪੱਧਰ 'ਤੇ ਔਰਤਾਂ ਨਾਲ ਭੇਦਭਾਵ ਹੁੰਦਾਹੈ, ਪੁਰਸ਼ ਘਰ ਦੀਆਂ ਔਰਤਾਂ 'ਤੇ ਕਈ ਤਰ੍ਹਾਂ ਦੇ ਜ਼ੁਲਮ ਕਰਦੇ ਹਨ, ਇਲਾਕੇ ਦੇ ਬਾਹੁਬਲੀ ਗ਼ਰੀਬ ਲੋਕਾਂ ਨੂੰ ਨਾ ਸਿਰਫ਼ ਸਤਾਉਂਦੇ ਹਨ, ਬਲਕਿ ਉਨ੍ਹਾਂ ਦੀ ਹੱਤਿਆ ਵੀ ਕਰ ਦਿੰਦੇ ਹਨ। ਸਰਕਾਰ ਦੇ ਕਲਿਆਣ ਪ੍ਰੋਗਰਾਮਾਂ ਵਿਚ ਲੁੱਟ ਹੁੰਦੀ ਹੈ। ਗ਼ਰੀਬੀ ਰੇਖਾ ਵਿਚ ਕਿਸ ਨੂੰ ਸ਼ਾਮਲ



ਕੀਤਾ ਜਾਵੇ ਤੇ ਕਿਸ ਨੂੰ ਨਹੀਂ ਅਤੇ ਬੀ.ਡੀ.ਓ. (ਬਲਾਕ ਵਿਕਾਸ ਅਫ਼ਸਰ) ਇਸ ਬਾਰੇ ਕਿਸ ਤਰ੍ਹਾਂ ਭ੍ਰਿਸ਼ਟਾਚਾਰ ਵਿਚ ਸ਼ਾਮਲ ਹੈ। ਇਸ ਨੂੰ ਲੈ ਕੇ ਚੱਲੇ ਧਰਨੇ ਅਤੇ ਪ੍ਰਦਰਸ਼ਨ ਦੇ ਵੀ ਕਈ ਦ੍ਰਿਸ਼ ਇਸ ਵਿਚ ਹਨ। ਇਹ ਵੀ ਦਿਖਾਇਆ ਗਿਆ ਹੈ ਕਿ ਗੁਲਾਬੀ ਗੈਂਗ ਵਿਚ ਔਰਤਾਂ ਦੀ ਭਰਤੀ ਕਿਸ ਤਰ੍ਹਾਂ ਹੋ ਰਹੀ ਹੈ ਤੇ ਸੰਪਤ ਪਾਲ ਗੁਲਾਬੀ ਸਾੜੀ ਵਿਚ ਲਿਪਟੀਆਂ ਔਰਤਾਂ ਨੂੰ ਕਿਵੇਂ ਲਾਠੀ ਚਲਾਉਣਾ ਸਿਖਾ ਰਹੀ ਹੈ ਤਾਂ ਉਹ ਆਤਮ ਰੱਖਿਆ ਕਰ ਸਕਣ।

'ਗੁਲਾਬੀ ਗੈਂਗ' ਫ਼ਿਲਮ ਦੇਖਦੇ ਹੋਏ ਇਕ ਅਹਿਮ ਸੁਰ ਵਾਰ ਵਾਰ ਵਜਦਾ ਹੈ ਅਤੇ ਉਹ ਹੈ- ਭਾਰਤ ਵਿਚ ਵਿਅਕਤੀ ਦੀ ਪਛਾਣ ਵਿਚ ਇਕ ਬੁਨਿਆਦੀ ਸਮੱਸਿਆ ਹੈ। ਅਕਸਰ ਸਾਡੇ ਇਥੇ, ਖ਼ਾਸ ਕਰ ਕੇ ਪਿੰਡਾਂ ਅਤੇ ਕਸਬਿਆਂ ਵਿਚ ਵਿਅਕਤੀ ਨੂੰ, ਭਾਵੇਂ ਉਹ ਪੁਰਸ਼ ਹੋਵੇ ਜਾਂ ਇਸਤਰੀ, ਮੁੱਖ ਤੌਰ 'ਤੇ ਇਸ ਗੱਲ ਤੋਂ ਪਛਾਣਿਆ ਜਾਂਦਾ ਹੈ ਕਿ ਉਹ ਕਿਸ ਜਾਤੀ ਦਾ ਹੈ, ਕਿਸ ਫਿਰਕੇ ਜਾਂ ਧਰਮ ਦਾ ਹੈ, ਜਾਂ ਕਿਸ ਪਰਿਵਾਰ ਦਾ ਹੈ। ਵਿਅਕਤੀ ਦੀ ਕੋਈ ਨਿਜਤਾ ਨਹੀਂ ਹੈ। ਹੈਰਾਨੀ ਕਰਨ ਵਾਲੀ ਨਹੀਂ ਹੈ ਕਿ ਕਾਨੂੰਨ ਦੀ ਰੱਖਿਆ ਕਰਨ ਵਾਲੀਆਂ ਏਜੰਸੀਆਂ ਵੀ ਇਸੇ ਸੋਚ ਨਾਲ ਪ੍ਰਭਾਵਤ ਹੁੰਦੀਆਂ ਹਨ। ਫ਼ਿਲਮ ਵਿਚ ਜੋ ਔਰਤ ਸੜ ਕੇ ਮਰਦੀ ਹੈ ( ਜਾਂ ਜਲਾ ਕੇ ਮਾਰ ਦਿੱਤੀ ਜਾਂਦੀਹੈ) ਉਸ ਬਾਰੇ ਪੁਲਸ ਇਸ ਲਈ ਜਾਂਚ ਬੰਦ ਕਰ ਦਿੰਦੀ ਹੈ ਕਿ ਨਾ ਤਾਂ ਉਸ ਦੇ ਮਾਇਕੇ ਵਾਲੇ ਇਸ ਬਾਰੇ ਕੁਝ ਬੋਲਣ ਲਈ ਤਿਆਰ ਹਨ ਅਤੇ ਨਾ ਹੀ ਪਿੰਡ ਵਾਲੇ। ਇਹ ਤੱਥ ਵੀ ਸਾਹਮਣੇ ਆਉਂਦਾ ਹੈ ਕਿ ਮਾਇਕੇ ਵਾਲੇ ਤੇ ਸਹੁਰਾ ਪਰਿਵਾਰ-ਦੋਹੇਂ ਧਿਰਾਂ ਵਿਚਾਲੇ ਸਮਝੌਤਾ ਹੋ ਗਿਆ ਹੈ, ਇਸ ਲਈ ਜਾਂਚ ਨਹੀਂ ਹੋਵੇਗੀ। ਇਹ ਕਿਹੋ ਜਿਹਾ ਨਿਆਂ ਹੈ, ਜਿਸ ਵਿਚ ਵਿਅਕਤੀ ਦੀ ਕੋਈ ਨਿੱਜੀ ਸੱਤਾ ਨਹੀਂ ਹੈ ਤੇ ਉਸ ਦੇ ਮਰ ਜਾਣ (ਜਾਂ ਮਾਰ ਦਿੱਤੇ ਜਾਣ ਤੋਂ ਬਾਅਦ) ਵੀ ਨਿਆਂ ਦੀ ਪ੍ਰਕਿਰਿਆ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਉਸ ਦੇ ਪਰਿਵਾਰ ਵਾਲੇ ਕੀ ਫ਼ੈਸਲਾ ਕਰਦੇ ਹਨ? ਕੀ ਇਹੀ ਇਨਸਾਫ਼ ਹੈ? ਉੱਤਰ ਇਹੀ ਹੈ ਕਿ ਭਾਰਤ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਇਨਸਾਫ਼ ਦੀ ਪ੍ਰਕਿਰਿਆ ਇਸੇ ਤਰ੍ਹਾਂ ਹੀ ਚਲਦੀ ਹੈ।

ਇਕ ਹੋਰ ਔਰਤ ਹੁਸਨਾ ਦਾ ਮਾਮਲਾ ਤਾਂ ਹੋਰ ਵੀ ਗੁੰਝਲਦਾਰ ਹੈ। ਹੁਸਨਾ ਗੁਲਾਬੀ ਗੈਂਗ ਵਿਚ ਸਰਗਰਮ ਔਰਤ ਹੈ। ਉਹ ਮੁਸਲਮਾਨ ਹੈ। ਹੁਸਨਾ ਦੀ ਇਕ ਭੈਣ ਸੀ ਜੋ ਅਦਾਲਤ ਵਿਚ ਆਪਣੇ ਮਜ਼੍ਹਬ ਦੇ ਪੁਰਸ਼ ਨਾਲ ਵਿਆਹ ਕਰ ਲੈਂਦੀ ਹੈ। ਇਸ 'ਤੇ ਭਰਾ ਨਾਰਾਜ਼ ਹੋ ਜਾਂਦਾ ਹੈ ਤੇ ਆਪਣੀ ਭੈਣ ਦਾ ਕਤਲ ਕਰ ਦਿੰਦਾ ਹੈ। ਜਦੋਂ ਸੰਪਤ ਪਾਲ ਅਤੇ ਗੁਲਾਬੀ ਗੈਂਗ ਦੀ ਮਹੋਬਾ ਦੀ ਕਮਾਂਡਰ ਸੁਮਨ ਸਿੰਘ ਹੁਸਨਾ ਨੂੰ ਮਿਲਣ ਅਤੇ ਬਾਰੇ ਗੱਲ ਕਰਨ ਜਾਂਦੀ ਹੈ ਤਾਂ ਉਹ (ਹੁਸਨਾ) ਆਪਣੇ ਭਰਾ ਦੇ ਕੀਤੇ ਨੂੰ ਜਾਇਜ਼ ਠਹਿਰਾਉਂਦੀ ਹੈ। ਉਹ ਜੋ ਕਹਿੰਦੀ ਹੈ, ਉਸ ਦਾ ਸਾਰ ਇਹ ਹੈ ਕਿ ਜੇਕਰ ਪਰਿਵਾਰ ਦੀ ਇੱਜ਼ਤ ਲਈ ਅਜਿਹਾ ਕੀਤਾ ਗਿਆ ਤਾਂ ਇਸ ਵਿਚ ਕੁਝ ਗ਼ਲਤ ਨਹੀਂ ਹੈ। ਦੂਸਰੇ ਸ਼ਬਦਾਂ ਵਿਚ ਉਹ ਆਪਣੀ ਭੈਣ ਦੀ ਹੱਤਿਆ ਨੂੰ ਸਹੀ ਠਹਿਰਾਉਂਦੀ ਹੈ। ਹੁਸਨਾ ਦਾ ਜੋ ਰੂਪ ਫ਼ਿਲਮ ਵਿਚ ਦਿਖਾਇਆ ਗਿਆ ਹੈ, ਉਸ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਸਾਡੇ ਸਮਾਜ ਵਿਚ ਔਰਤਾਂ ਵੀ ਪੁਰਸ਼ਵਾਦੀ ਸੋਚ ਰਖਦੀਆਂ ਹਨ। ਜਾਂ ਇਹ ਕਹੋ ਕਿ ਉਨ੍ਹਾਂ ਨੇ ਵੀ ਪੁਰਸ਼ਵਾਦੀ ਸੋਚ ਨੂੰ ਇਸ ਕਦਰ ਅਪਣਾ ਲਿਆ ਹੈ ਕਿ 'ਆਨ ਕਿਲਿੰਗ' (ਇੱਜ਼ਤ ਦੇ ਨਾਂ 'ਤੇ ਕਤਲ) ਵਿਚ ਉਨ੍ਹਾਂ ਨੂੰ ਕੁਝ ਬੁਰਾ ਨਹੀਂ ਲਗਦਾ। ਅਜਿਹੇ ਕਈ ਹੋਰ ਪਹਿਲੂ ਹਨ ਜੋ 'ਗੁਲਾਬੀ ਗੈਂਗ' ਨੂੰ ਦੇਖਣ ਤੋਂ ਬਾਅਦ ਖੁੱਲ੍ਹਦੇ ਹਨ। 'ਗੁਲਾਬੀ ਗੈਂਗ' 'ਤੇ ਇਕ ਦਸਤਾਵੇਜ਼ੀ ਫ਼ਿਲਮ 'ਪਿੰਕ ਸਾਰੀਜ' (2010) ਨਾਂ ਹੇਠ ਪਹਿਲਾਂ ਵੀ ਬਣ ਚੁੱਕੀ ਹੈ ਜਿਸ ਨੂੰ ਡਾਇਰੈਕਟ ਕੀਤਾ ਹੈ ਬਰਤਾਨਵੀ ਮੂਲ ਦੀ ਦਸਤਾਵੇਜ਼ੀ ਫ਼ਿਲਮ ਡਾਇਰੈਕਟਰ ਕਿਮ ਲੌਂਜਿਨੋਤੀ ਨੇ। ਸੌਮਿਕ ਸੇਨ ਦੇ ਨਿਰਦੇਸ਼ਨ ਵਿਚ ਬਣੀ ਅਤੇ 2014 ਵਿਚ ਰਿਲੀਜ਼ ਹੋਈ ਵਪਾਰਕ ਫ਼ਿਲਮ 'ਗੁਲਾਬੀ ਗੈਂਗ' (ਜਿਸ ਵਿਚ ਮਾਧੁਰੀ ਦੀਕਸ਼ਤਅਤੇ ਜੂਹੀ ਚਾਵਲਾ ਮੁੱਖ ਭੂਮਿਕਾਵਾਂ ਵਿਚ ਹਨ।) ਵੀ ਸੰਪਤ ਪਾਲ ਅਤੇ ਗੁਲਾਬੀ ਗੈਂਗ 'ਤੇ ਹੀ ਕੇਂਦਰਤ ਸਨ ਪਰ ਨਿਰਮਾਤਾ ਦਾ ਕਹਿਣਾ ਸੀ ਕਿ ਅਜਿਹਾ ਨਹੀਂ ਹੈ। ਇਸ ਫ਼ਿਲਮ ਨੂੰ ਲੈ ਕੇ ਸੰਪਤ ਪਾਲ ਅਤੇ ਨਿਰਮਾਤਾ ਵਿਚਾਲੇ ਅਦਾਲਤੀ ਮੁਕੱਦਮਾ ਵੀ ਚਲ ਰਿਹਾ ਹੈ।

ਬਹਰਹਾਲ, ਇਕ ਰੋਚਕ ਤੱਥ ਇਹ ਵੀ ਹੈ, ਜੋ ਫ਼ਿਲਮ ਬਣਨ ਮਗਰੋਂ ਸਾਹਮਣੇ ਆਈ ਹੈ, ਕਿ ਸੰਪਤ ਪਾਲ ਨੂੰ ਗੁਲਾਬੀ ਗੈਂਗ 'ਚੋਂ ਖਾਰਜ ਕਰ ਦਿੱਤਾ ਗਿਆ। ਇਸ ਸੰਸਥਾ ਦੇ ਸੰਯੋਜਕ ਜੈ ਪ੍ਰਕਾਸ਼ ਸ਼ਿਵਹਰੇ ਦਾ ਅਖ਼ਬਾਰਾਂ ਵਿਚ ਬਿਆਨ ਆਇਆ ਕਿ ਕਿਉਂਕਿ ਲੋਕ ਸਭਾ ਚੋਣਾਂ ਵਿਚ ਸੰਪਤ ਪਾਲ ਨੇ ਕਾਂਗਰਸ ਨੂੰ ਸਮਰਥਨ ਦਿੱਤਾ ਤੇ ਨਾਲ ਹੀ ਉਨ੍ਹਾਂ ਨੇ (ਪਾਲ ਨੇ) ਸੰਸਥਾ ਵਿਚ ਆਏ ਪੈਸੇ ਦਾ ਹਿਸਾਬ ਨਹੀਂ ਦਿੱਤਾ ਹੈ, ਇਸ ਲਈ ਉਨ੍ਹਾਂ ਨੂੰ ਗੁਲਾਬੀ ਗੈਂਗ 'ਚੋਂ ਕੱਢਿਆ ਜਾਂਦਾ ਹੈ। ਪਾਲ ਨੇ ਇਸ ਨੂੰ ਆਪਣੇ ਖ਼ਿਲਾਫ਼ ਸਿਆਸੀ ਚਾਲ ਦੱਸਿਆ। ਪਤਾ ਨਹੀਂ ਅਸਲੀਅਤ ਕੀ ਹੈ, ਪਰ ਇਸ 'ਤੇ ਦਸਤਾਵੇਜ਼ੀ ਫ਼ਿਲਮ ਬਣ ਸਕਦੀ ਹੈ ਜਾਂ ਨਵੀਂ ਕਿਤਾਬ ਲਿਖੀ ਜਾ ਸਕਦੀ ਹੈ ਕਿ ਜਦੋਂ ਇਕ ਸੰਗਠਨ (ਇੱਥੇ ਭਾਵ ਗੁਲਾਬੀ ਗੈਂਗ ਤੋਂ ਹੈ) ਜਾਂ ਉਸ ਨਾਲ ਜੁੜਿਆ ਵਿਅਕਤੀ ਸ਼ੌਹਰਤ ਹਾਸਲ ਕਰ ਲੈਂਦਾ ਹੈ (ਜਿਵੇਂ ਸੰਪਤ ਪਾਲ) ਤਾਂ ਉਸ ਨੂੰ ਲੈ ਕੇ ਉਸ ਦੇ ਸਮਰਥਕਾਂ ਅਤੇ ਸਮਾਜ ਵਿਚ ਨਵੀਂ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ ਤੇ ਨਵੇਂ ਪੇਚ ਪੈਦਾ ਹੋਣ ਲਗਦੇ ਹਨ। ਕੀ ਗੁਲਾਬੀ ਗੈਂਗ ਹੁਣ ਪਹਿਲਾ ਵਰਗਾ ਨਹੀਂ ਰਹਿ ਸਕੇਗਾ? ਜਾਂ ਉਸ ਵਿਚ ਨਵੀਂ ਸਰਗਰਮੀ ਆਏਗੀ? ਇਹ ਅਗਲੀ ਦਸਤਾਵੇਜ਼ੀ ਫ਼ਿਲਮ ਦਾ ਵਿਸ਼ਾ ਹੋ ਸਕਦਾ ਹੈ?

PUNJABI MARKET
ਪੰਜਾਬੀ ਮਾਰਕੀਟ ਗਰੋਸਰੀ ਸਟੋਰ GROCERY STORE



ਇਥੋਂ ਇੰਡੀਅਨ ਪਾਕਿਸਤਾਨੀ ਗਰੋਸਰੀ, ਮਸਾਲੇ, ਤਾਜ਼ੀਆਂ ਸਬਜ਼ੀਆਂ ਅਤੇ ਫਲ-ਫਰੂਟ ਮਿਲਦੇ ਹਨ।

A Large Selection of Indian, Pakistani, Fijian Groeries, Spices, Fresh Vegetables & Much Much More....



For More Info : 403-277-7736

#527 4774 Westwinds Dr. N.E. Calgary
(Behind Green Plaza)

# Royal Executive Homes

Royal Executive Homes

## New Project by Royal Executive Homes in Beaumont

## Walkout Lots for Sale




**4501 50 AVE BEAUMONT**

- Excellent Location
- Close To all Amenities
- Transit Access
- Close to 50th Street
- Affordable Prices

**SALES CONTACT :**

# 780-965-7390

SOHAIL QUADRI, MLA FOR EDMONTON - MILL WOODS
LEGISLATIVE SECRETARY TO THE PREMIER

SEASON'S GREETINGS

Wishes you and your family Happy Holidays and a New Year filled with health, prosperity and success!













Sohail Quadri, MLA
Legislative Secretary to the Premier
Edmonton – Mill Woods Constituency Office
# 101, 9807 - 34 Ave Edmonton, AB, T6E 5X9
Ph: 780-414-1000 Edmonton.millwoods@assembly.ab.ca

BRIDGEPORT HOMES LTD.

BEST PRICES IN TOWN
WE ASSURE BEATING MARKET PRICE

Now New Homes in wildwood crs (South Edmonton)
loaded with Upgrades & Ready to Move

Special Offer $350000.00 only



2 Car Detached Garage
Homes only in $350000.00

ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ ਅੱਜ ਹੀ
ਬ੍ਰਿਜਪੋਰਟ ਹੋਮ
ਨਾਲ
780-466-6644
'ਤੇ ਗੱਲ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: 780-466-6644

9841 41 Ave NW
Edmonton